

ਤ੍ਰੈਲੋਚਨ ਲੋਚੀ ਦੀਆਂ ਗ਼ਜ਼ਲਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ


*ਕਣਕਾਂ ਦੇ ਸਿੱਟਿਆਂ ਤੋਂ ਪਰ੍ਹਾਂ*
*ਜਨਰਲ ਡਾਇਰ ਦਾ ਮੱਕਾਰ ਚਿਹਰਾ ਹੱਸਦਾ ਹੈ*
*ਪੰਜਾਂ ਪਿਆਰਿਆਂ ਦੇ ਗੱਦੀ ਨਸ਼ੀਨਾਂ ਨੇ*
*ਔਰੰਗਜ਼ੇਬੀ ਟੋਪੀ ਪਾਈ ਹੈ।*
*ਵਿਸਾਖੀ ਦਾ ਮੇਲਾ ਦੇਖੇਗਾ ਕੌਣ।*

**- ਪਾਸ਼**

Regd. No : Pb/JL-123/2021-2023, (R.N.I.)-00668/57 ਜਲੰਧਰ : ਐਤਵਾਰ, 16 ਅਪ੍ਰੈਲ 2023 www.nawanzamana.in ਕੀਮਤ 5.00 ਰੁਪਏ

## ਅਜੋਕੇ ਸਰੋਕਾਰ

# ਫਾਸ਼ੀਵਾਦ ਅਤੇ ਫਾਸ਼ੀਵਾਦ ਵਿਰੋਧੀ ਮੋਰਚਾ-4

### ਕਾਮਰੇਡ ਜਗਰੂਪ

(ਲੜੀ-6)

ਫਾਸ਼ੀਵਾਦ ਵਿਰੁੱਧ ਮੋਰਚੇ ਦੀ ਉਸਾਰੀ ਦੇ ਨੇਮ ਵਿਚ ਸਮਾਜਿਕ ਵਿਗਿਆਨ ਅਨੁਸਾਰ, ਜਮਾਤੀ ਤਰਤੀਬ ਵਿਚ ਕੋਈ ਅੰਤਰ ਨਹੀਂ ਹੈ, ਜਦੋਂ ਕਿ ਵਿੱਤੀ-ਪੂੰਜੀ ਦੇ ਆਕਾਰ ਅਤੇ ਸੁਭਾਅ ਵਿਚਲੇ ਅੰਤਰ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਵਿੱਤੀ-ਪੂੰਜੀ ਜਿਸ ਨੇ ਕਰੀਬ ਇਕ ਸਦੀ ਪਹਿਲਾਂ ਸਮਾਜ ਵਿਚ ਉਤਪਾਦਕ-ਪੂੰਜੀ ਦਾਬਾ (Domination) ਦੀ ਥਾਂ, ਆਪਣਾ ਦਾਬਾ ਹਾਸਲ ਕਰ ਲਈ ਸੀ, ਉਹ ਹੁਣ ਮਾਤਰਾ ਦੇ ਵਾਧੇ (quantitative changes) ਨਾਲ, ਸਿਫਤੀ ਫਰਕ, ਧੌਂਸ (Threat) ਦੇਣ ਵਾਲੀ ਪੁਜ਼ੀਸ਼ਨ ਵਿਚ ਪੁੱਜ ਚੁੱਕੀ ਹੈ। ਇਸ ਦਾ ਜ਼ਿਕਰ ਪਹਿਲਾਂ ਵੀ ਆ ਚੁੱਕਾ ਹੈ।

ਸਮਾਜਿਕ ਵਿਗਿਆਨ ਦੱਸਦਾ ਹੈ ਕਿ ਸਮਾਜਿਕ ਵਿਕਾਸ ਜਮਾਤੀ ਘੋਲ ਨਾਲ ਜੁੜਿਆ ਹੈ।

ਜਮਾਤੀ ਘੋਲ ਵਿਚਲੀ ਇਹ ਟੱਕਰ ਸਮਾਜ ਨੂੰ ਜਿਵੇਂ ਦਾ ਹੈ, ਉਵੇਂ ਦਾ ਬਣਾਈ ਰੱਖਣ ਵਾਲੀਆਂ ਸ਼ਕਤੀਆਂ ਅਤੇ ਅੱਗੇ ਵਧਣ ਦੀਆਂ ਤਾਕਤਾਂ; ਪੈਦਾਵਾਰੀ ਸ਼ਕਤੀਆਂ ਦੇ ਵਾਧੇ ਅਨੁਸਾਰ ਨਵੇਂ ਪੈਦਾਵਾਰੀ ਸੰਬੰਧ ਬਣਾਉਣ, ਸਥਾਪਤ ਕਰਨ ਦੀਆਂ ਸ਼ਕਤੀਆਂ ਵਿਚਕਾਰ ਹੁੰਦੀ ਹੈ।

'ਜੇ ਅੱਗੇਵਧੂ ਸ਼ਕਤੀਆਂ ਜਿੱਤ ਜਾਣ ਤਾਂ ਸਮਾਜਿਕ ਵਿਕਾਸ ਹੁੰਦਾ ਹੈ, ਜੇ ਉਹ (ਆਰਜ਼ੀ ਤੌਰ 'ਤੇ) ਹਾਰ ਜਾਣ ਤਾਂ ਸਾਂਝੀ, ਸਮਾਜਿਕ ਬਰਬਾਦੀ ਹੁੰਦੀ ਹੈ', ਸਮਾਜ ਪੱਛੜਦਾ ਹੈ।

ਵਿੱਤੀ-ਪੂੰਜੀ ਦਾ ਵਿਹਾਰ, ਸ਼ੁਰੂ ਤੋਂ ਹੀ, "ਪਰਜੀਵੀ" (parasitic) ਖਾਸੇ ਦਾ ਹੈ। ਇਹ ਅੰਬਰਵੇਲ ਵਾਂਗ ਦੂਜਿਆਂ ਨੂੰ ਸੁਕਾ ਕੇ, ਆਪ ਟਹਿਕਦੀ ਹੈ। ਇਹ ਪਰਾਇਆਂ ਦੇ ਸਿਰ 'ਤੇ ਵਧਦੀ ਹੈ। ਇਸ ਸੂਰਤ ਵਿਚ ਕਰਜ਼ਾਈ- ਕਾਰੋਬਾਰ, 'ਪੈਦਾਵਾਰੀ ਸਰਮਾਇਆ' ਵੀ ਇਸ ਤੋਂ ਸਤਿਆ ਹੁੰਦਾ ਹੈ, ਕਿਉਂਕਿ ਉਸ ਨੇ ਪਹਿਲਾਂ ਕਰਜ਼-ਕਿਸ਼ਤ ਅਦਾਇਗੀ ਕਰਨੀ ਹੁੰਦੀ ਹੈ। ਹਰ ਕੋਈ ਕਰਜ਼ਾ-ਮੁਕਤੀ ਲਈ ਉਤਾਵਲਾ ਹੁੰਦਾ ਹੈ। ਇਕ ਤਰ੍ਹਾਂ ਨਾਲ ਲੱਗਭੱਗ ਪੂਰਾ ਸਮਾਜ, (9/10 ਭਾਗ) ਇਸ (ਵਿੱਤੀ ਪੂੰਜੀ) ਤੋਂ ਦੁਖੀ ਹੁੰਦਾ ਹੈ ਅਤੇ ਉਹ ਮੁਕਤੀ ਦੇ ਭਰੋਸੇਮੰਦ ਮਾਰਗ ਦੀ ਤਲਾਸ਼ ਵਿਚ ਹੁੰਦਾ ਹੈ, ਪਰ ਵਿੱਤੀ-ਪੂੰਜੀ ਤੋਂ ਇਸ (ਸਮਾਜ) ਦੀ ਰੱਖਿਆ ਦਾ ਸਿਧਾਂਤਕ ਨਾਹਰਾ, ਕੋਈ ਨੀਮ-ਬੁਰਜੂਆ ਪਾਰਟੀ ਜਾਂ ਸੋਸ਼ਲ-ਡੈਮੋਕਰੇਟ ਵਿਚਾਰਧਾਰਾ ਦੀ ਪਾਰਟੀ ਨਹੀਂ ਚੁੱਕ ਸਕਦੀ, ਉਸ ਦੀਆਂ ਵਿਚਾਰਧਾਰਕ ਬੰਦਸ਼ਾਂ, ਉਸ ਦੇ ਅਮਲ ਦੀਆਂ ਸੀਮਾਵਾਂ ਹੁੰਦੀਆਂ ਹਨ, ਕਿਉਂਕਿ ਉਹ ਪਰੋਲਤਾਰੀਆ ਦੇ ਹੱਕ ਵਿਚ ਨਹੀਂ ਹੁੰਦੀ, ਜਿਨ੍ਹਾਂ ਬਗੈਰ ਇਹ ਮਿਸ਼ਨ ਕਾਮਯਾਬ ਨਹੀਂ ਹੋ ਸਕਦਾ। ਦੂਜੇ ਹੱਥ ਪਰੋਲਤਾਰੀਆ ਹੀ ਇਕੋ-ਇਕ ਨਵੀਨ-ਕਿਰਤੀ ਜਮਾਤ ਹੈ, ਜਿਸ ਦੀ ਆਪਣੀ ਮੁਕਤੀ ਦਾ ਮਾਰਗ, ਦੂਜਿਆਂ ਦੀ ਮੁਕਤੀ ਦਾ ਸਬੱਬ ਬਣਦਾ ਹੈ। ਮੁਕਤੀ ਦੀ ਅਗਵਾਈ ਕੇਵਲ ਪਰੋਲਤਾਰੀਆ ਹੀ ਕਰ ਸਕਦਾ ਹੈ।

ਆਓ ਰਿਪੋਰਟ ਦੀ ਸੇਧ ਵੱਲ ਮੁੜੀਏ ;

"ਮੌਜੂਦਾ ਪੜਾਅ ਉੱਤੇ ਸਾਂਝੇ ਮੋਰਚੇ ਦਾ ਬੁਨਿਆਦੀ ਤੱਤ ਕੀ ਹੈ ਅਤੇ ਕੀ ਹੋਣਾ ਚਾਹੀਦਾ ਹੈ? ਰਿਪੋਰਟ ਇਸ ਸਵਾਲ ਦਾ ਜਵਾਬ ਦਰਜ ਕਰਦੀ ਹੈ :

"ਮਜ਼ਦੂਰ ਜਮਾਤ ਦੇ ਫੌਰੀ ਆਰਥਿਕ ਤੇ ਰਾਜਨੀਤਕ ਹਿੱਤਾਂ ਦੀ ਰੱਖਿਆ, ਫਾਸਿਜ਼ਮ ਵਿਰੁੱਧ ਮਜ਼ਦੂਰ ਜਮਾਤ ਦੀ ਰੱਖਿਆ ਨੂੰ ਸਾਰੇ ਪੂੰਜੀਵਾਦੀ ਦੇਸ਼ਾਂ ਵਿਚ ਸਾਂਝੇ ਮੋਰਚੇ ਦਾ ਅਰੰਭਕ ਨੁਕਤਾ ਅਤੇ ਮੁੱਖ ਤੱਤ ਬਣਾਉਣਾ ਚਾਹੀਦਾ ਹੈ।

"ਸਾਨੂੰ ...ਸੰਘਰਸ਼ ਦੇ ਉਨ੍ਹਾਂ ਨਾਹਰਿਆਂ ਅਤੇ ਰੂਪਾਂ ਨੂੰ ਭਾਲਣਾ ਅਤੇ ਅੱਗੇ ਲਿਆਉਣਾ ਚਾਹੀਦਾ ਹੈ, ਜਿਹੜੇ ਜਨ-ਸਮੂਹਾਂ ਦੀਆਂ ਅਤਿ ਜ਼ਰੂਰੀ ਲੋੜਾਂ ਤੋਂ ਉਤਪੰਨ ਹੁੰਦੇ ਹਨ ਅਤੇ ਵਿਕਾਸ ਦੇ ਨਿਸ਼ਚਿਤ ਪੜਾਅ 'ਤੇ ਉਨ੍ਹਾਂ ਦੀ ਲੜਾਕੂ ਸਮਰੱਥਾ ਨਾਲ ਮੇਲ ਖਾਂਦੇ ਹਨ।" ਦਮਿਤਰੋਵ ਪੜਾਅਵਾਰ;

"ਫਾਸਿਜ਼ਮ ਵਿਰੁੱਧ ਮਜ਼ਦੂਰ ਜਮਾਤ ਦਾ ਸਾਂਝਾ ਮੋਰਚਾ", ਤੋਂ "ਸਾਂਝਾ ਮੋਰਚਾ" ਅਤੇ "ਫਾਸਿਜ਼ਮ-ਵਿਰੋਧੀ ਲੋਕ-ਮੋਰਚਾ" ਦਾ ਵਰਨਣ ਕਰਦੇ ਹਨ।

ਕੁਝ "ਜੋਸ਼ੀਲੇ" ਪ੍ਰਚਾਰਕ ਦਮਿਤਰੋਵ ਰਿਪੋਰਟ ਨੂੰ ਕਾਹਲੀ ਵਿੱਚ ਉਲਟੇ ਅਰਥ ਦਿੰਦੇ ਹਨ ਜਾਂ ਅਜਿਹੀ ਰੁਚੀ ਰੱਖਦੇ ਹਨ, ਜਿਸ ਵਿਚ ਆਧਾਰ ਤੋਂ ਬਗੈਰ ਹੀ ਉਸਾਰ ਦਾ ਸੁਪਨਾ ਸਿਰਜਦੇ ਹਨ। ਉਹ ਆਧਾਰ-ਉਸਾਰ ਵਿਚ "ਗਿਣਤੀ ਅਤੇ ਗੁਣ" ਦਾ ਨੇਮ ਉਲੰਘਣ ਲਗਦੇ ਹਨ। ਉਹ ਸਿੱਧਾ "ਲੋਕ-ਮੋਰਚਾ" ਉਸਾਰਨਾ-ਪ੍ਰਚਾਰਦੇ ਹਨ।

ਪਰ ਦਮਿਤਰੋਵ ਰਿਪੋਰਟ ਕੀ ਕਹਿੰਦੀ ਹੈ?

"ਫਾਸਿਜ਼ਮ ਵਿਰੁੱਧ ਸੰਘਰਸ਼ ਲਈ ਮਿਹਨਤਕਸ਼ ਜਨ-ਸਮੂਹਾਂ ਦੀ ਲਾਮਬੰਦੀ ਵਿਚ, ਪਰੋਲਤਾਰੀ ਸਾਂਝੇ ਮੋਰਚੇ ਦੇ ਆਧਾਰ 'ਤੇ ਵਿਸ਼ਾਲ ਲੋਕਾਂ ਦੇ ਫਾਸਿਸ਼ਟ ਵਿਰੋਧੀ ਮੋਰਚੇ ਦੀ ਸਥਾਪਨਾ ਖਾਸ ਤੌਰ 'ਤੇ ਮਹੱਤਵਪੂਰਨ ਕੰਮ ਹੈ। ਪਰੋਲਤਾਰੀ ਦੇ ਸਮੁੱਚੇ ਸੰਘਰਸ਼ ਦੀ ਸਫਲਤਾ ਇਕ ਪਾਸੇ ਪਰੋਲਤਾਰੀ ਵਿਚਕਾਰ ਅਤੇ ਦੂਜੇ ਪਾਸੇ ਮਿਹਨਤਕਸ਼ ਕਿਸਾਨੀ ਅਤੇ ਨਿੱਕ-ਬੁਰਜਵਾਜੀ ਜੋ ਸਨਅਤੀ ਤੌਰ 'ਤੇ ਵਿਕਸਤ ਦੇਸ਼ਾਂ ਦੀ ਜਨਸੰਖਿਆ 'ਚ ਵੀ ਬਹੁ-ਗਿਣਤੀ ਬਣਦੀ ਹੈ, ਦੇ ਬੁਨਿਆਦੀ ਜਨ-ਸਮੂਹਾਂ ਵਿਚਕਾਰ ਲੜਾਕੂ ਇਤਿਹਾਦ ਦੀ ਸਥਾਪਨਾ ਨਾਲ ਨੇੜਲੇ ਤੌਰ 'ਤੇ ਜੁੜੀ ਹੋਈ ਹੈ।"

## ਨੀਮ ਹਕੀਮ ਖਤਰਾ ਏ ਜਾਨ

'ਤੱਤ ਅਤੇ ਰੂਪ' ਸੰਬੰਧੀ ਰਿਪੋਰਟ ਕਹਿੰਦੀ ਹੈ :

"ਮਜ਼ਦੂਰ ਜਮਾਤ ਦੇ ਫੌਰੀ ਆਰਥਿਕ ਤੇ ਰਾਜਨੀਤਕ ਹਿੱਤਾਂ ਦੀ ਰੱਖਿਆ, ਫਾਸਿਜ਼ਮ ਵਿਰੁੱਧ ਮਜ਼ਦੂਰ ਜਮਾਤ ਦੀ ਰੱਖਿਆ ਨੂੰ ਸਾਰੇ ਪੂੰਜੀਵਾਦੀ ਦੇਸ਼ਾਂ ਵਿਚ ਸਾਂਝੇ ਮੋਰਚੇ ਦਾ ਅਰੰਭਕ ਨੁਕਤਾ ਅਤੇ ਮੁੱਖ ਤੱਤ ਬਣਾਉਣਾ ਚਾਹੀਦਾ ਹੈ।"

"ਸੰਕਟ ਦੇ ਸਿੱਟਿਆਂ ਦਾ ਬੋਝ ਵਾਸਤਵ ਰੂਪ ਵਿਚ 'ਹੁਕਮਰਾਨ ਜਮਾਤਾਂ' ਦੇ ਮੋਢਿਆਂ ਉੱਤੇ ਪੂੰਜੀਪਤੀਆਂ ਅਤੇ ਜਗੀਰਦਾਰਾਂ ਦੇ ਮੋਢਿਆਂ ਉੱਤੇ ਸੁੱਟਣ ਲਈ ਸਾਂਝਾ ਸੰਘਰਸ਼"।

"ਫਾਸਿਸ਼ਟ ਹਮਲੇ ਦੇ ਸਾਰੇ ਰੂਪਾਂ ਵਿਰੁੱਧ, ਮਿਹਨਤਕਸ਼ਾਂ ਦੀਆਂ ਪ੍ਰਾਪਤੀਆਂ ਅਤੇ ਅਧਿਕਾਰਾਂ ਦੀ ਰਾਖੀ 'ਚ, ਬੁਰਜੂਆ-ਜਮਹੂਰੀ ਆਜ਼ਾਦੀਆਂ ਦੇ ਖਾਤਮੇ ਵਿਰੁੱਧ ਸਾਂਝਾ ਸੰਘਰਸ਼"।.....

"ਕਮਿਊਨਿਸਟ, ਨਿਰਸੰਦੇਹ, ਜਨ-ਸਮੂਹਾਂ ਦੇ ਕਮਿਊਨਿਸਟ ਵਿੱਦਿਆ, ਜਥੇਬੰਦੀ ਅਤੇ ਲਾਮਬੰਦੀ ਦੇ ਅਜ਼ਾਦਾਨਾ ਕੰਮ ਨੂੰ ਇਕ ਬਿੰਦ ਲਈ ਵੀ ਨਹੀਂ ਛੱਡ ਸਕਦੇ ਅਤੇ ਨਾ ਹੀ ਛੱਡਣਾ ਚਾਹੀਦਾ ਹੈ। ਤਾਂ ਵੀ, ਇਸ ਮੰਤਵ ਨੂੰ ਯਕੀਨੀ ਬਣਾਉਣ ਲਈ ਕਿ ਮਜ਼ਦੂਰ ਐਕਸ਼ਨ ਦੀ ਏਕਤਾ ਦੀ ਰਾਹ 'ਤੇ ਅਪੜਣ, ਨਾਲ ਦੀ ਨਾਲ ਪਰੋਲਤਾਰੀ ਦੇ ਜਮਾਤੀ ਦੁਸ਼ਮਣਾਂ ਵਿਰੁੱਧ ਸੋਸ਼ਲ-ਡੈਮੋਕਰੇਟਿਕ ਪਾਰਟੀਆਂ, ਸੁਧਾਰਵਾਦੀ ਟਰੇਡ ਯੂਨੀਅਨਾਂ ਅਤੇ ਮਿਹਨਤਕਸ਼ਾਂ ਦੀਆਂ ਦੂਸਰੀਆਂ ਜਥੇਬੰਦੀਆਂ ਨਾਲ ਸਾਂਝੇ ਐਕਸ਼ਨ ਲਈ ਵਿਵਸਥਾ ਕਰਦੇ ਥੋੜ-ਚਿਰੇ ਤੇ ਲੰਮੇ-ਚਿਰੇ ਸਮਝੌਤਿਆਂ ਲਈ ਯਤਨ ਕਰਨਾ ਜ਼ਰੂਰੀ ਹੈ।"

ਸਾਂਝੇ ਮੋਰਚੇ ਦਾ ਤੱਤ-ਸਾਰ ਸਾਨੂੰ ਸਿੱਖਿਆ ਦਿੰਦਾ ਹੈ ਕਿ ਫਾਸਿਜ਼ਮ ਵਿਰੁੱਧ ਸਾਂਝਾ ਮੋਰਚਾ, ਸਾਂਝੇ ਦੁਸ਼ਮਣ ਵਿਰੁੱਧ, ਸਾਂਝੇ ਹਿੱਤਾਂ ਦਾ ਮੋਰਚਾ ਹੈ, ਜਿਸ ਦੇ ਭਾਈਵਾਲ ਆਪਣੇ-ਆਪਣੇ ਹਿੱਤ ਬਿਲਕੁਲ ਨਹੀਂ ਤਿਆਗਦੇ ਹਨ। ਉਹ ਸਾਂਝੇ ਮੋਰਚੇ ਵਿਚ, ਸਾਂਝੇ ਦੁਸ਼ਮਣ ਦੇ ਖਤਰੇ ਕਰਕੇ ਹਨ, ਜੋ ਖਤਰਾ ਨਹੀਂ ਸਮਝਦਾ, ਉਹ ਮੋਰਚੇ ਦਾ ਭਾਈਵਾਲ ਬਣਨਾ ਸਵੀਕਾਰ ਨਹੀਂ ਕਰਦਾ। ਹਰ ਭਾਈਵਾਲ ਆਪਣੇ ਹਿੱਤਾਂ ਕਰਕੇ ਸ਼ਾਮਲ ਹੁੰਦਾ ਹੈ। ਕਿਸੇ ਨੂੰ ਰਿਆਇਤ ਦੇ ਕੇ ਮੋਰਚੇ ਦਾ "ਡਾਵਾਂਡੋਲ"-ਭਾਈਵਾਲ ਬਣਾਉਣਾ ਭਵਿੱਖ ਲਈ ਖਤਰਨਾਕ ਸਾਬਤ ਵੀ ਹੁੰਦਾ/ਹੋ ਸਕਦਾ ਹੈ। ਇਹ ਰਿਪੋਰਟ, ਬਹਿਸ ਅਤੇ ਜਵਾਬ ਦੀ ਅੱਠ ਦਿਨ ਚੱਲੀ ਕਾਰਵਾਈ ਦਾ, ਪ੍ਰਵਾਨਤ ਮਤੇ ਦਾ ਕਿਤਾਬੀ ਰੂਪ "ਫਾਸਿਜ਼ਮ ਵਿਰੁੱਧ ਲੋਕ ਮੋਰਚਾ" ਸਿਰਲੇਖ ਨੂੰ ਇੰਜ ਬਿਆਨਦਾ ਹੈ:

" ਫਾਸਿਜ਼ਮ ਵਿਰੁੱਧ ਸੰਘਰਸ਼ ਲਈ ਮਿਹਨਤਕਸ਼ ਜਨ-ਸਮੂਹਾਂ ਦੀ ਲਾਮਬੰਦੀ ਵਿਚ, ਪਰੋਲਤਾਰੀ ਸਾਂਝੇ ਮੋਰਚੇ ਦੇ ਆਧਾਰ 'ਤੇ ਵਿਸ਼ਾਲ ਲੋਕਾਂ ਦੇ ਫਾਸਿਸ਼ਟ ਵਿਰੋਧੀ ਮੋਰਚੇ ਦੀ ਸਥਾਪਨਾ ਖਾਸ ਤੌਰ 'ਤੇ ਮਹੱਤਵਪੂਰਨ ਕੰਮ ਹੈ। ਪਰੋਲਤਾਰੀ ਦੇ ਸਮੁੱਚੇ ਸੰਘਰਸ਼ ਦੀ ਸਫਲਤਾ ਇਕ ਪਾਸੇ ਪਰੋਲਤਾਰੀ ਵਿਚਕਾਰ ਅਤੇ ਦੂਜੇ ਪਾਸੇ ਮਿਹਨਤਕਸ਼ ਕਿਸਾਨੀ ਅਤੇ ਸ਼ਹਿਰੀ ਨਿੱਕ-ਬੁਰਜਵਾਜੀ ਜੋ ਸਨਅਤੀ ਤੌਰ 'ਤੇ ਵਿਕਸਤ ਦੇਸ਼ਾਂ ਦੀ ਜਨਸੰਖਿਆ 'ਚ ਬਹੁ-ਗਿਣਤੀ ਬਣਦੀ ਹੈ, ਦੇ ਬੁਨਿਆਦੀ ਜਨ-ਸਮੂਹਾਂ ਵਿਚਕਾਰ ਲੜਾਕੂ ਇਤਿਹਾਦ ਦੀ ਸਥਾਪਨਾ ਨਾਲ ਨੇੜਲੇ ਤੌਰ 'ਤੇ ਜੁੜੀ ਹੋਈ ਹੈ।"

ਉਪਰੋਕਤ ਹਵਾਲਾ ਸਾਡੀ ਅਗਵਾਈ ਕਰਦਾ ਹੈ ਕਿ ਫਾਸਿਜ਼ਮ ਨੂੰ ਹਰਾਉਣ ਲਈ ਜਨ-ਸਮੂਹਾਂ ਦੀ ਬਹੁ-ਗਿਣਤੀ ਦਾ ਆਧਾਰ ਮਹੱਤਵਪੂਰਨ ਹੈ।

ਜੇ ਅਸੀਂ ਸਮਾਜਿਕ ਬਹੁ-ਗਿਣਤੀ ਨੂੰ ਸੰਬੋਧਨ ਨਹੀਂ ਹੋ ਰਹੇ ਤਾਂ ਫਾਸ਼ੀਵਾਦ ਵਿਰੁੱਧ ਘੋਲ ਨਿਹਫਲ ਰਹਿਣ ਦਾ ਮੁੱਢ ਬੰਨ੍ਹਿਆ ਗਿਆ ਹੈ। ਰਿਪੋਰਟ ਦੀ ਸਿਧਾਂਤਕ ਸੇਧ, ਅੱਜ ਦੇ ਫਾਸਿਸ਼ਟ ਖਤਰੇ ਵਿਰੁੱਧ, 'ਸਾਂਝੇ ਮੋਰਚੇ' ਦੇ ਕਰਤਿਆਂ ਲਈ ਸੋਚਣ ਦੀ ਘੜੀ ਹੈ। 'ਨੀਮ ਹਕੀਮ ਖਤਰਾ ਏ ਜਾਨ', ਕਿਉਂਕਿ ਇਸ ਦੇ ਸਿਧਾਂਤਕ ਕੱਚ-ਘਰੜ ਲੇਖਕ, ਬੁਲਾਰੇ, ਬਹੁ-ਗਿਣਤੀ ਜਨਸੰਖਿਆ ਦੇ ਸਿਧਾਂਤ ਪੱਖ ਨੂੰ ਜਾਂ ਤਾਂ ਜਾਣਦੇ ਨਹੀਂ ਜਾਂ ਫਿਰ ਲਾਪਰਵਾਹ ਅਤੇ ਅੰਨ੍ਹੇ-ਨਿਸ਼ਾਨਚੀ ਹਨ।

ਭਾਰਤ ਵਿਚ ਦੋ ਮੁੱਖ ਵਿਰੋਧੀ ਵਿਚਾਰਧਾਰਾਵਾਂ ਵਿਚਕਾਰ ਟੱਕਰ ਹੈ।

ਇਕ "ਫਿਰਕੂ ਵਿਚਾਰਧਾਰਾ" ਹੈ ਅਤੇ ਦੂਜੀ "ਸੈਕੂਲਰ-ਡੈਮੋਕਰੇਟਕ ਵਿਚਾਰਧਾਰਾ" ਹੈ।

ਇਹ ਦੋਵੇਂ ਦੋ ਦਾਰਸ਼ਨਾਂ (ਕਰਮਵਾਰ ਰੂੜੀਵਾਦੀ-ਵਿਚਾਰਵਾਦ ਅਤੇ ਪਦਾਰਥਵਾਦ) ਦੇ ਆਧਾਰਾਂ ਦਾ ਉਸਾਰ ਹਨ।

ਫਿਰਕੂ ਵਿਚਾਰਧਾਰਾ ਵੱਡੇ ਫਿਰਕੇ (ਜਿਸ ਕੋਲ ਸਮਾਜਿਕ ਬਹੁਗਿਣਤੀ ਵੀ ਹੈ) ਨੂੰ ਆਧਾਰ ਬਣਾ ਕੇ, ਫਿਰਕੂ ਵੰਡ ਰਾਹੀਂ ਸੱਤਾ ਉਤੇ ਆਈ ਹੈ ਅਤੇ ਬਣੇ ਰਹਿਣ ਲਈ ਤਿੱਖੀ ਫਿਰਕੂ ਵੰਡ ਨੂੰ ਅਮਲ ਵਿਚ ਲਿਆ ਰਹੀ ਹੈ।

ਦੂਜੀ ਵਿਚਾਰਧਾਰਾ : "ਸੈਕੂਲਰ-ਡੈਮੋਕਰੇਟਿਕ" ਹੈ, ਜਿਸ ਦੀ ਬਹੁਗਿਣਤੀ ਦਾ ਸਮਾਜਿਕ ਆਧਾਰ ਆਰਥਿਕ ਹੈ। ਇਹ ਮਨੁੱਖੀ-ਆਜ਼ਾਦੀ, ਆਰਥਿਕ-ਰਾਜਸੀ ਬਰਾਬਰੀ ਅਤੇ ਸਮਾਜੀ-ਭਰੱਪਾ ਦਾ ਅਦਰਸ਼ਕ ਸੱਭਿਆਚਾਰ ਹੈ।

ਜਦੋਂ ਇਹ ਧਾਰਾ ਆਰਥਿਕ ਏਜੰਡੇ 'ਤੇ ਸਰਗਰਮ ਹੁੰਦੀ ਹੈ ਤਾਂ ਬਹੁਗਿਣਤੀ ਦੇ ਬਲ ਉਤੇ ਹਕੂਮਤ ਨੂੰ ਖਤਰਾ ਖੜ੍ਹਾ ਕਰਦੀ ਹੈ, ਕਾਮਯਾਬੀ ਵੱਲ ਵਧਣਾ ਯਕੀਨੀ ਬਣਦਾ ਹੈ। ਕਿਸਾਨ-ਘੋਲ (2020/21-ਦਿੱਲੀ ਮੋਰਚਾ) ਇਸ ਦਾ ਪ੍ਰਤੱਖ ਸਬੂਤ ਹੈ, ਜਿਸ ਨੇ ਵੱਡੇ-ਫਿਰਕੇ ਦੀ (ਸਮਾਜਿਕ ਬਹੁਗਿਣਤੀ ਦੀ) ਰੂੜੀਵਾਦੀ ਵਿਚਾਰਧਾਰਾ ਸਮੇਤ ਹਕੂਮਤ ਦੀਆਂ ਸਭ ਫਿਰਕੂ ਚਾਲਾਂ ਨਾਕਾਮ ਕੀਤੀਆਂ। ਸਰਕਾਰ ਨੂੰ ਪਿੱਛੇ ਹਟਣ ਲਈ ਮਜਬੂਰ ਹੋਣਾ ਪਿਆ।

ਅਫਸੋਸ! ਸਾਂਝੇ ਮੋਰਚੇ ਦੇ ਸਿਧਾਂਤਕ-ਗਿਆਨ ਦੀ ਕਮਜ਼ੋਰੀ ਵਾਲੇ, ਪਰ ਜੋਸ਼ੀਲੇ-ਧਾਰਨੀ, ਫਿਰਕੂ ਵਿਚਾਰਧਾਰਾ ਦੇ ਸਿੱਧੜ ਵਿਰੋਧ ਨੂੰ "ਵਿਚਾਰਧਾਰਕ ਘੋਲ" ਸਮਝ ਕੇ ਚਲਦੇ ਹਨ।

ਜੋ ਅਸਿੱਧੇ ਤੌਰ 'ਤੇ ਸਮਾਜਿਕ ਬਹੁਗਿਣਤੀ ਦਾ ਵਿਰੋਧ ਬਣ ਜਾਂਦਾ ਹੈ, ਜੋ ਫਿਰਕੂ ਵਿਚਾਰਧਾਰਾ ਨੂੰ ਬਲ ਬਖਸ਼ਦਾ ਹੈ, ਜੋ ਉਹਨਾਂ ਦੇ ਫਿਰਕੂ ਧਰੁਵੀਕਰਨ ਦੇ ਮਿਸ਼ਨ ਨੂੰ ਸਹਿਲ ਬਣਾਉਂਦਾ ਹੈ।

ਫਾਸਿਜ਼ਮ ਲੁਕਵੇਂ ਰੂਪ ਵਿਚ ਜਨਤਾ 'ਤੇ ਹਮਲਾ ਕਰਦਾ ਹੈ। ਉਹ ਆਪਣੇ ਮਿਸ਼ਨ ਦੀ ਪੂਰਤੀ ਲਈ ਫਰੇਬੀ, ਮਕਾਰੀ, ਕਮੀਨੇਪਣ ਦੀਆਂ ਨੀਤੀਆਂ ਦਾ ਸਹਾਰਾ ਲੈਂਦਾ ਹੈ। ਰਿਪੋਰਟ ਦਰਜ ਕਰਦੀ ਹੈ :

"ਫਾਸਿਜ਼ਮ, ਪਰਉਪਕਾਰੀ ਦਾ ਬੁਰਕਾ ਪਾ ਕੇ, ਭੁੱਖ ਨਾਲ ਮਰ ਰਹੇ ਪਰਵਾਰਾਂ ਦੇ ਮੂਹਰੇ ਕੁਝ ਇਕ ਭੀਖ-ਨੁਮਾ ਟੁਕੜੇ ਸੁੱਟਦਾ ਹੈ, ਇਸ ਢੰਗ ਨਾਲ ਉਹ ਉਸ ਰੋਹ ਨੂੰ ਮੱਠਾ ਪਾਉਣ ਦੀ ਕੋਸ਼ਿਸ਼ ਕਰਦਾ ਹੈ, ਖਾਸ ਤੌਰ 'ਤੇ ਮਿਹਨਤਕਸ਼ ਇਸਤਰੀਆਂ ਦੇ ਰੋਹ ਨੂੰ ਜਿਹੜਾ ਕਿ ਫਾਸਿਜ਼ਮ ਵੱਲੋਂ ਲਿਆਂਦੀ ਬੇਮਿਸਾਲ ਗੁਲਾਮੀ ਨਾਲ ਪੈਦਾ ਹੁੰਦਾ ਹੈ।"

(ਚਲਦਾ)

# ਤੁਸੀਂ; ਇਤਿਹਾਸ 'ਤੇ ਪੋਚਾ ਨਹੀਂ ਮਾਰ ਸਕਦੇ

## (ਇਤਿਹਾਸ ਨੂੰ ਘੋਖੋ, ਰੱਦ ਨਾ ਕਰੋ)

ਸਾਡਾ ਮੁਲਕ ਬਹੁਪਰਤੀ ਫੁਲਵਾੜੀ ਹੈ। ਸਿਰਫ਼ ਭੂਗੋਲਿਕ ਸਥਿਤੀ, ਅਰਥਾਤ ਮਿੱਟੀ, ਪਹਾੜਾਂ, ਜੰਗਲਾਂ, ਨਦੀਆਂ ਅਤੇ ਖਣਿਜਾਂ ਵਿੱਚ ਹੀ ਨਹੀਂ, ਸਗੋਂ ਰੁੱਤਾਂ, ਬਹੁ-ਵੰਨਗੀ ਜੀਵ-ਜੰਤੂਆਂ, ਬਹੁ-ਪਰਤੀ ਬਨਸਪਤੀ ਅਤੇ ਇਸ ਤੋਂ ਵੀ ਵਧ ਕੇ :

ਕੌਮਾਂ, ਕੌਮੀਅਤਾਂ, ਭਾਸ਼ਾਵਾਂ, ਬੋਲੀਆਂ, ਬਹੁ-ਧਰਮੀ, ਅਨੇਕਾਂ ਰਸਮਾਂ-ਰਿਵਾਜਾਂ ਅਤੇ ਸੱਭਿਆਚਾਰਾਂ ਤੇ ਬਹੁ-ਵੰਨਗੀ ਖਾਣਿਆਂ ਵਾਲਾ

ਭਾਵ ਬਹੁ-ਰੰਗਾ ਹੈ ਸਾਡਾ ਦੇਸ਼

ਇਹੀ ਉਹ ਗੱਲ ਹੈ, ਜਿਹੜੀ ਕੱਟੜਪੰਥੀਆਂ, ਫਾਸ਼ੀਵਾਦੀਆਂ ਅਤੇ ਸਾਮਰਾਜਵਾਦੀਆਂ ਦੀਆਂ ਪਿੱਠੂ ਹਾਕਮ ਜਮਾਤਾਂ ਨੂੰ ਹਜ਼ਮ ਨਹੀਂ ਹੁੰਦੀ।

ਉਹ ਅਨੇਕਤਾ ਵਿੱਚ ਏਕਤਾ ਦੀ ਬਜਾਏ, ਆਪਣੇ ਸੌੜੇ ਮੁਫ਼ਾਦਾਂ ਖਾਤਰ ਇੱਕੋ ਰੱਸੇ ਨੂੜਨਾ ਚਾਹੁੰਦੇ ਹਨ ਸਾਨੂੰ।

ਤਾ-ਕਿਸਮ ਦੇ ਫਿਰਕਾਪ੍ਰਸਤਾਂ ਤੋਂ ਭਲੀ ਦੀ ਆਸ ਤਾਂ ਪਹਿਲਾਂ ਹੀ ਨਹੀਂ ਸੀ, ਮੌਜੂਦਾ ਹਾਕਮਾਂ ਵੇਲੇ ਇਤਿਹਾਸ ਦੀ ਤੋੜ-ਮਰੋੜ ਦਾ ਖ਼ਤਰਾ ਹੋਰ ਵੀ ਵਧ ਗਿਆ ਹੈ। ਉਹ ਨਾ ਸਿਰਫ ਤਾਰੀਖ ਨਾਲ ਹੀ ਅਨਿਆਂ ਕਰ ਰਹੇ ਹਨ, ਸਗੋਂ ਦੇਸ਼ ਦੀ ਆਜ਼ਾਦੀ ਅਤੇ ਤਰੱਕੀ ਵਿੱਚ ਹਿੱਸਾ ਪਾਉਣ ਅਤੇ ਮੁਲਕ ਦਾ ਦਰਦ ਵੰਡਾਉਣ ਵਾਲੇ ਬਹੁ-ਤਰ੍ਹਾਂ ਦੇ ਸਮੂਹਾਂ-ਨਸਲਾਂ ਅਤੇ ਸਾਂਝੇ-ਮੀਂਝੇ ਦੇਸ਼ ਭਗਤਾਂ ਤੇ ਉਹਨਾਂ ਦੇ ਅਕੀਦਿਆਂ ਨਾਲ ਵੀ ਕਰ ਰਹੇ ਹਨ।

ਤੁਸੀਂ ਮੈਨੂੰ ਪਹਿਲੇ ਸਵਤੰਤਰਤਾ ਯੁੱਧ (1857-62), ਜਿਹੜਾ ਹਿੰਦੂ-ਸਿੱਖਾਂ ਅਤੇ ਮੁਸਲਿਮ ਏਕਤਾ ਦੀਆਂ ਪ੍ਰਤੱਖ ਸਚਾਈਆਂ ਸਮੋਈ ਬੈਠਾ ਹੈ, ਦੀਆਂ ਹਕੀਕੀ ਇਤਿਹਾਸਕ ਸਚਾਈਆਂ ਦੀਆਂ ਕੁੱਝ ਉਦਾਹਰਣਾਂ ਨਾਲ ਆਪਣੀ ਗੱਲ ਹੋਰ ਸਪੱਸ਼ਟ ਕਰਨ ਦੀ ਅਗਿਆ ਦਿਓ:

"ਸੁਤੰਤਰਤਾ ਸੰਗਰਾਮ ਦੇ ਇਸ ਹੈਰਤ-ਅੰਗੇਜ਼ ਯੁੱਧ ਵਿੱਚ ਹਿੰਦੂ ਜੰਗਜੂ ਯੋਧਿਆਂ ਨੇ ਆਪਣਾ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੂੰ ਚੁਣਿਆ ਸੀ। ਦਿੱਲੀ ਸੈਨਾ ਦੀ ਕਮਾਂਡ ਗਿਰਧਾਰੀ ਲਾਲ, ਹੀਰਾ ਸਿੰਘ ਅਤੇ ਬਖ਼ਤ ਖਾਂ ਦੇ ਹੱਥ ਸੀ। ਰਾਣੀ ਝਾਂਸੀ ਦੇ ਤੋਪਖਾਨੇ ਦਾ ਕਮਾਂਡਰ ਗੌਂਸਖਾਨ ਸੀ ਅਤੇ ਪੈਦਲ ਸੈਨਾ ਦਾ ਖੁਦਾ ਬਖ਼ਸ਼। ਉਸ ਦੀ ਨਿੱਜੀ ਸੁਰੱਖਿਆ ਅਧਿਕਾਰੀ ਇੱਕ ਮੁਸਲਿਮ ਮੁਟਿਆਰ ਮਹਿੰਦ ਮੁੰਜ਼ਰ ਸੀ। ਮੱਧ ਪ੍ਰਾਂਤ 'ਚ ਤਾਂਤੀਆ ਟੋਪੇ, ਰਾਵ ਸਾਹਿਬ, ਫਿਰੋਜ਼ ਸ਼ਾਹ ਅਤੇ ਮੌਲਵੀ ਫਜ਼ਲ ਹੱਕ 'ਕੱਠੇ ਸਰਗਰਮ ਸਨ। ਕੋਟਾ (ਰਾਜਸਥਾਨ) ਵਿੱਚ ਅੰਗਰੇਜ਼ਾਂ ਦੇ ਪਿੱਠੂ ਮਹਾਰਾਵ ਵਿਰੁੱਧ ਮੁੱਖ ਦਰਬਾਰੀ ਜਯਦਿਆਲ ਭਟਨਾਗਰ ਅਤੇ ਮਹਾਂ ਯੋਧੇ ਮੀਆਂ ਮੇਹਰਬਾਨ ਨੇ ਇਕੱਠਿਆਂ ਹੀ ਬਗਾਵਤ ਕੀਤੀ ਸੀ। ਹਾਂਸੀ (ਹਰਿਆਣਾ) ਦੇ ਹੁਕਮ ਚੰਦ ਅਤੇ ਮੁਨੀਰ ਬੇਗ ਸਾਂਝੇ ਤੌਰ 'ਤੇ ਗੋਰਿਆਂ ਵਿਰੁੱਧ ਜੂਝ-ਮਰੇ ਸਨ। ਰੁਹੇਲਖੰਡ ਦਾ ਖਾਨ ਬਹਾਦੁਰ ਆਪਣੇ ਕ੍ਰਾਂਤੀਕਾਰੀ ਮਿੱਤਰ ਖੁਸ਼ੀ ਰਾਮ ਸਮੇਤ ਲੜਿਆ ਸੀ।

ਉਹ ਕੁਝ ਵੀ ਕਹੀ ਜਾਣ, ਅਸੀਂ 1857 ਦੀਆਂ ਹਿੰਦੂ-ਮੁਸਲਿਮ ਵੀਰਾਂਗਣਾਂ ਅਸਗਰੀ ਦੇਵੀ, ਬੀਬੀ ਉਮਦਾ, ਹਬੀਬਾ, ਆਸਾ ਦੇਵੀ, ਭਗਵਤੀ, ਮਾਮ ਕੌਰ ਅਤੇ ਰਾਜ ਕੌਰ ਦੀ ਸੰਯੁਕਤ ਕੁਰਬਾਨੀ ਨੂੰ ਨਹੀਂ ਭੁੱਲ ਸਕਦੇ, ਜਿਹੜੀਆਂ ਆਪਣੇ ਵਤਨ ਖਾਤਿਰ ਰਣ ਖੇਤਰ ਵਿੱਚ ਜੂਝ ਮਰੀਆਂ ਸਨ।

ਵੱਡੀ ਗੱਲ; ਜਦ ਹਨੂੰਮਾਨ ਗੜ੍ਹੀ ਅਯੁੱਧਿਆ ਦੇ ਮੁੱਖ ਪੁਜਾਰੀ ਰਾਮ ਚਰਨ ਦਾਸ ਨੇ ਅੰਗਰੇਜ਼ਾਂ ਵਿਰੁੱਧ ਹਥਿਆਰ ਚੁੱਕੇ ਸਨ ਤਾਂ ਬਿਨਾਂ ਦੇਰੀ ਅਯੁੱਧਿਆ ਸਥਿਤ ਮੁਸਲਮਾਨਾਂ ਦਾ ਧਰਮ ਗੁਰੂ ਮੌਲਾਨਾ ਅਮੀਰ ਅਲੀ ਉਸ ਨਾਲ ਆ ਮਿਲਿਆ ਸੀ। ਫੜੇ ਜਾਣ ਉਪਰੰਤ ਦੋਵਾਂ ਨੂੰ ਸਰੇਆਮ ਉਸੇ ਸ਼ਹਿਰ ਦੇ ਕੁਬੇਰ ਟਿੱਲੇ 'ਤੇ ਧੜਵੈਲ ਦਰੱਖਤ ਨਾਲ ਇਕੱਠਿਆਂ ਹੀ ਫਾਹੇ ਟੰਗ ਦਿੱਤਾ ਸੀ। ਅਵਧ ਖੇਤਰ ਦੇ ਦੋ ਹੋਰ ਦਾਨਿਸ਼ਵਰਾਂ ਅੱਛਰਖਾਨ ਤੇ ਸੰਭੂ ਪ੍ਰਸਾਦ ਦੀ ਗੋਰਿਆਂ ਵਿਰੁੱਧ ਲਹੂ-ਵੀਟਵੀਂ ਲੜਾਈ ਨੂੰ ਵੀ ਅਸੀਂ ਤਾਂ ਨਹੀਂ ਭੁੱਲ ਸਕਦੇ, ਨਾ ਹੀ ਮੌਲਾਨਾ ਲਿਆਕਤ ਅਲੀ ਅਤੇ ਜ਼ਫ਼ਰ ਅਲੀ ਥਨੇਸਰੀ ਨੂੰ।

ਮੌਜੂਦਾ ਹਾਲਤਾਂ ਦੇ ਸੰਦਰਭ 'ਚ ਮੈਂ ਤੁਹਾਨੂੰ ਇੱਕ ਜੱਗ ਬੀਤੀ ਸੁਣਾਉਣੋਂ ਨਹੀਂ ਰਹਿ ਸਕਦਾ। ਹੋਇਆ ਇਉਂ :

"1971 ਦੀ ਪਾਕਿਸਤਾਨ-ਬੰਗਲਾਦੇਸ਼ ਜੰਗ ਦੌਰਾਨ ਅਹਿਮਦ ਨਦੀਮ ਕਾਸਮੀ ਨੇ ਇੱਕ ਨਜ਼ਮ ਲਿਖੀ, ਸਿੱਟੇ ਵਜੋਂ ਉਸ ਨੂੰ ਜੇਲ੍ਹ ਹੋ ਗਈ।

ਕਾਸਮੀ ਦੇ ਭਾਣਜੇ ਨੇ ਆਪਣੀ ਮਾਂ ਨੂੰ ਪੁੱਛਿਆ, "ਮਾਮੂ ਨੂੰ ਜੇਹਲ ਕਿਉਂ ਹੋ ਗਈ?"

ਭੈਣ ਬੋਲੀ, "ਤੇਰੇ ਮਾਮੂ ਨੇ ਯਹੀਆ ਖਾਂ ਵਿਰੁੱਧ ਕਵਿਤਾ ਯੂੰ ਲਿਖ ਦਿੱਤੀ, ਤਾਂ ਕਰਕੇ।"

ਬੱਚਾ ਹੈਰਾਨ ਹੋ ਕੇ ਬੋਲਿਆ, "ਇਹ ਕੀ ਗੱਲ ਹੋਈ, ਯਹੀਆ ਖਾਂ ਵੀ ਮਾਮੂ ਖਿਲਾਫ ਕਵਿਤਾ ਲਿਖ ਦੇਵੇਂ।"

"ਇਹੀ ਤਾਂ ਦਿੱਕਤ ਹੈ।" ਮਾਂ ਨੇ ਗੱਲ ਜਾਰੀ ਰੱਖੀ, "ਯਹੀਆ ਖਾਂ ਕੋਲ ਕਵਿਤਾ (ਕੋਮਲ ਭਾਵ) ਨਹੀਂ, ਜੇਲ੍ਹ ਹੈ। ਉਹ ਕਵਿਤਾ ਲਿਖ ਹੀ ਨਹੀਂ ਸਕਦਾ।"

ਕੀ ਸਾਡੇ ਵਾਲਾ ਕਵਿਤਾ ਲਿਖ ਸਕਦਾ ਹੈ?

"ਨਹੀਂ"

ਹਾਂ, 'ਉਹ', ਕਿਤਾਬਾਂ ਤਾਂ ਬਦਲ ਸਕਦੇ ਹਨ, ਪਰ ਇਤਿਹਾਸ ਨਹੀਂ।

ਦਰ-ਹਕੀਕਤ, ਕੁੱਝ ਲੋਕਾਂ ਦੀ ਖਰੂਦੀ, ਬਰੂਦੀ, ਮਹਿਦੂਦੀ (ਕੱਟੜਪੰਥੀ) ਤੇ ਅਚੇਤ-ਸੁਚੇਤ ਇੱਕ-ਪਾਸੜ ਪਹੁੰਚ ਅਤੇ ਹਾਕਮ-ਜਮਾਤਾਂ ਦੇ ਹੋਛੇਪਨ ਕਾਰਨ ਹੀ ਸਮੁੱਚੇ ਸਮਾਜ ਵਿੱਚ ਅਸਹਿਜਤਾ ਅਤੇ ਅਫਰਾਤਫਰੀ ਫੈਲੀ ਹੋਈ ਹੈ। ਇਹੀ ਨਹੀਂ, ਬਹੁ-ਗਿਣਤੀ ਲੋਕਾਂ ਦੀ ਮੀਸਣੀ ਚੁੱਪ ਅਤੇ 'ਸਿਆਸਤਦਾਨਾਂ' ਦੀ ਉਂਗਲ-ਲਾਊ ਦੂਰ-ਬਿਰਤੀ ਨੇ ਵੀ ਅਸਹਿਣਸ਼ੀਲ, ਹਿੰਸਕ, ਹਜੂਮੀ ਅਤੇ ਫਿਰਕੂ ਲੋਕਾਂ ਦਾ ਹੌਸਲਾ ਵਧਾਇਆ ਹੈ, ਕਿਸੇ ਦਾ ਥੋੜ੍ਹਾ ਅਤੇ ਕਿਸੇ ਦਾ ਬਹੁਤਾ।

ਇਸੇ ਖਰੂਦ ਦੀ ਬਦੌਲਤ ਹੀ ਅੱਜ ਭਾਈ ਲਾਲੋ, ਭਾਈ ਘਨ੍ਹਈਆ ਵਰਗੇ ਸਿੱਖ ਅਗਵਾਈ ਕਰਦੀ ਕਤਾਰ, ਸੰਸਥਾਗਤ ਪ੍ਰਬੰਧ ਅਤੇ ਮੋਹਰੀ ਅਹੁਦਿਆਂ ਵਿੱਚੋਂ ਗੈਰਹਾਜ਼ਰ ਹਨ। ਇਹੀ ਹਾਲ ਬਾਕੀ ਧਿਰਾਂ ਦਾ ਹੈ।

ਅੱਜ 'ਗੰਗੂ' ਦੀ ਆੜ ਵਿੱਚ ਭਾਈ ਮਤੀ ਦਾਸ-ਸਤੀ ਦਾਸ ਅਤੇ ਭਾਈ ਦਿਆਲਾ ਤੇ ਭਾਈ ਪਰਾਗਾ ਜੀ ਵਿਸਾਰ ਦਿੱਤੇ ਜਾਂਦੇ ਹਨ। ਅਸੀਂ ਸੂਬਾ ਸਰਹੰਦ ਅਤੇ ਔਰੰਗਾ-ਔਰੰਗਾ ਐਨਾ ਕੂਕਦੇ ਹਾਂ ਕਿ ਇਸ ਕਾਵਾਂ-ਰੌਲੀ ਵਿੱਚ ਨਬੀ ਖਾਂ-ਗਨੀ ਖਾਂ ਅਤੇ ਪੀਰ ਬੁੱਧੂਸ਼ਾਹ ਤੇ ਸ਼ੇਰ ਖਾਨ (ਨਵਾਬ ਮਾਲੇਰਕੋਟਲਾ) ਵਰਗੇ ਮਨਫ਼ੀ ਹੋ ਜਾਂਦੇ ਹਨ।

ਅਸੀਂ ਭੁੱਲ ਜਾਂਦੇ ਹਾਂ ਕਿ ਪੰਜੇ ਉਂਗਲਾਂ ਬਰੋ-ਬਰਾਬਰ ਨਹੀਂ ਹੁੰਦੀਆਂ, ਨਾ ਖੱਬੇ ਦੀਆਂ, ਨਾ ਸੱਜੇ ਦੀਆਂ। ਖਰੇ-ਖੋਟੇ ਸਭ ਫਿਰਕਿਆਂ-ਕੌਮਾਂ ਵਿੱਚ ਹੁੰਦੇ ਸਨ/ਹਨ। ਤੁਸੀਂ ਮੈਨੂੰ ਸ਼ਾਹ ਮੁਹੰਮਦ ਦੇ ਜੰਗਨਾਮੇ ਵਿੱਚੋਂ ਇੱਕ ਬੈਂਤ ਸੁਣਾਉਣ ਦੀ ਵੀ ਆਗਿਆ ਦਿਓ :

"ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ,
ਸਿੰਘਾਂ ਨਾਲ ਸੀ ਓਸ ਦੀ ਗ਼ੈਰ ਸਾਲੀ।
ਉਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ,
ਗੱਲ ਜਾਇ ਦੱਸੀਂ ਸਾਰੀ ਭੇਤ ਵਾਲੀ..."

ਪਰ ਕੀ ਕੁੱਝ-ਇੱਕ ਦੇ ਮਾੜੇ ਕਰਮ ਨਾਲ ਉਸ ਨਾਲ ਸੰਬੰਧਤ ਸਾਰੀ ਧਿਰ, ਫਿਰਕਾ ਜਾਂ ਕੌਮ ਮਾੜੀ ਹੋ ਗਈ?

"ਹਰਗਿਜ਼ ਨਹੀਂ"

ਇਹ ਵੀ ਉਹ ਗੱਲ ਹੈ, ਜਿਹੜੀ ਸੰਕੀਰਨਵਾਦੀਆਂ ਖਾਸ ਕਰਕੇ ਹਾਕਮ ਜਮਾਤਾਂ ਦੇ ਖੋਪੜ 'ਚ ਨਹੀਂ ਵੜਦੀ।

ਪਹਿਲਾਂ ਹੀ ਬਹੁਤਿਆਂ, ਅਚੇਤ-ਸੁਚੇਤ, ਸਿਰਫ ਆਪਣਿਆਂ ਨੂੰ ਹੀ ਵਡਿਆਇਆ ਹੈ, ਵਡਿਆਣਾ ਵੀ ਚਾਹੀਦਾ, ਪਰ ਜੇ ਬਣਦਾ ਜ਼ਿਕਰ ਅਤੇ ਬੱਲੇ-ਬੱਲੇ ਦੂਜੀਆਂ ਧਿਰਾਂ ਦੀ ਵੀ ਕਰ ਲਈਏ ਤਾਂ ਸਿੱਟੇ ਬੜੇ ਹਾਂਦਰੂ ਅਤੇ ਦੂਰ-ਰਸ ਨਿਕਲਣਗੇ। ਇਸੇ ਗੱਲ ਵਿੱਚ ਹੀ ਸਾਡਾ ਸਭ ਦਾ ਭਲਾ ਲੁਕਿਆ ਹੋਇਆ ਹੈ।

ਮੁੱਕਦੀ ਗੱਲ, ਇਤਿਹਾਸ ਨਿਰੰਤਰ ਵਹਿੰਦਾ ਦਰਿਆ ਹੈ। ਇਸ ਦਾ ਅਤੀਤ, ਵਰਤਮਾਨ ਅਤੇ ਭਵਿੱਖ ਆਪਣੇ-ਆਪ 'ਚ ਆਜ਼ਾਦ ਨਹੀਂ, ਸਗੋਂ ਅੰਤਰ-ਸੰਬੰਧਤ ਵਰਤਾਰੇ ਹਨ। ਇਤਿਹਾਸ ਮੇਸਿਆ ਨਹੀਂ ਜਾ ਸਕਦਾ, ਨਾ ਹੀ ਇਸ ਨੂੰ ਖਿੱਚ ਕੇ ਆਪਣੇ ਮੇਚ ਦਾ ਕੀਤਾ ਜਾ ਸਕਦਾ ਹੈ। ਸੱਚ ਅਤੇ ਇਤਿਹਾਸ ਸੌ ਪਰਦੇ ਪਾੜ ਕੇ ਸਾਹਵੇਂ ਆ ਖੜੋਂਦਾ ਹੈ। ਇਤਿਹਾਸ 'ਤੇ ਪੋਚਾ ਮਾਰਨਾ ਫਾਸ਼ੀਵਾਦ ਦਾ ਹੀ ਇਜ਼ਹਾਰ ਹੈ।

ਅੰਤ ਵਿੱਚ ਮੈਂ ਚਿੰਤਕ ਪ੍ਰਸ਼ੋਤਮ ਅੱਗਰਵਾਲ ਦੇ ਕਥਨ ਨਾਲ ਆਪਣੀ ਗੱਲ ਮੁਕਾਵਾਂਗਾ, "ਸੱਤਾ ਦੇ ਨਸ਼ੇ ਵਿੱਚ ਡੁੱਬੇ ਲੋਕ ਕਿਤਾਬਾਂ ਬਦਲ ਸਕਦੇ ਹਨ, ਇਤਿਹਾਸ ਨਹੀਂ।" ਇਹੀ ਉਹ ਗੱਲ ਹੈ, ਜਿਹੜੀ ਕਈਆਂ ਦੇ ਪੱਲੇ ਨਹੀਂ ਪੈਂਦੀ।

*ਸੰਪਰਕ : 94634-39075*

# ਯਾਦਗਾਰੀ ਫਿਲਮ : ਨਯਾ ਦੌਰ-15 ਅਗਸਤ 1957

### ਤਰਸੇਮ ਬਸਰ

ਲਗਭਗ 65 ਸਾਲ ਪਹਿਲਾਂ ਬੀ ਆਰ ਚੋਪੜਾ ਨੇ ਆਪਣੀ ਫਿਲਮ 'ਨਯਾ ਦੌਰ' ਦੁਆਰਾ ਨਹਿਰੂ ਦੀਆਂ ਮਸ਼ੀਨੀਕਰਨ ਵਾਲੀਆਂ ਨੀਤੀਆਂ 'ਤੇ ਸਵਾਲ ਚੁੱਕਿਆ ਸੀ। ਕਿਹਾ ਜਾਂਦਾ ਸੀ ਕਿ ਨਹਿਰੂ ਇਸ ਸਵਾਲ 'ਤੇ ਨਾਰਾਜ਼ ਵੀ ਹੋਏ ਸਨ, ਉਹ ਅਧੁਨਿਕੀਕਰਨ ਦੇ ਹਾਮੀ ਸਨ ਤੇ ਫ਼ਿਲਮਕਾਰ ਦੇ ਤੌਰ 'ਤੇ ਬੀ ਆਰ ਚੋਪੜਾ ਨੇ ਆਧੁਨਿਕੀਕਰਨ ਵਿੱਚ ਮਸ਼ੀਨੀ ਯੁੱਗ ਦੇ ਕਾਰਨ ਆਉਣ ਵਾਲੀਆਂ ਮੁਸ਼ਕਲਾਂ ਨੂੰ ਹਕੂਮਤ ਸਮੇਤ ਦੁਨੀਆ ਅੱਗੇ ਰੱਖ ਦਿੱਤਾ ਸੀ। ਨਯਾ ਦੌਰ ਦਰਅਸਲ ਆਉਣ ਵਾਲੇ ਭਵਿੱਖ ਦੀ ਚਿਤਾਵਨੀ ਸੀ, ਇਕ ਡਰ ਦਾ ਬਿਆਨ, ਜਦੋਂ ਇਕ ਮਸ਼ੀਨ ਸੈਂਕੜੇ ਬੰਦਿਆਂ ਦਾ ਰੁਜ਼ਗਾਰ ਖਾ ਜਾਵੇਗੀ।

ਇਸ ਫਿਲਮ ਦੇ ਨਿਰਮਾਣ ਤੱਕ ਕੰਪਿਊਟਰ ਦਾ ਚਲਨ ਨਹੀਂ ਸੀ ਆਇਆ। ਇਸ ਵਿਚ ਉਦਯੋਗਿਕ ਮਸ਼ੀਨੀਕਰਨ ਦਾ ਮੁੱਦਾ ਹੀ ਕੇਂਦਰਤ ਸੀ, ਪਰ ਕੰਪਿਊਟਰ ਆਉਣ ਤੋਂ ਬਾਅਦ ਜਿਸ ਤਰ੍ਹਾਂ ਰੁਜ਼ਗਾਰ ਦੇ ਮੌਕੇ ਘਟੇ ਹਨ ਤਾਂ ਚੋਪੜਾ ਸਾਹਿਬ ਦੀ ਉਹ ਚਿਤਾਵਨੀ ਯਾਦ ਆਉਂਦੀ ਹੈ, ਜੋ ਫਿਲਮ ਵਿੱਚ ਇੱਕ ਸੰਵਾਦ ਦੇ ਰੂਪ ਵਿੱਚ ਜੀਵਨ ਦੁਆਰਾ ਬੋਲੀ ਗਈ ਸੀ,

'ਮਸ਼ੀਨਾਂ ਦਾ ਇੱਕ ਅਜਿਹਾ ਦੌਰ ਆਵੇਗਾ, ਜੋ ਤੁਹਾਡੇ ਭਵਿੱਖ ਨੂੰ ਖਾ ਜਾਵੇਗਾ... ਮਸ਼ੀਨਾਂ ਮਨੁੱਖ ਨਾਲੋਂ ਕਿਤੇ ਵੱਧ ਕੰਮ ਕਰਨਗੀਆਂ। ਜੇ ਬਚਣਾ ਹੈ ਤਾਂ ਨਵੇਂ ਦੌਰ ਦੇ ਕਾਬਲ ਬਣੋ'

'ਨਯਾ ਦੌਰ' ਵਪਾਰਕ ਤੌਰ 'ਤੇ ਵੀ ਇਕ ਸਫ਼ਲ ਫ਼ਿਲਮ ਸੀ, ਜਿੱਥੇ ਫਿਲਮ ਮਸ਼ੀਨੀਕਰਨ ਦੀ ਅੰਧਾਧੁੰਦ ਦੌੜ 'ਤੇ ਸਵਾਲ ਚੁੱਕਦੀ ਹੈ, ਉੱਥੇ ਹੀ ਇੱਕ ਸਮਾਜਕ ਸੁਨੇਹਾ ਵੀ ਦਿੰਦੀ ਹੈ। ਜਦੋਂ ਸਮਾਜ ਮੁਸ਼ਕਲ 'ਚ ਹੋਵੇ ਤੇ ਇਕੱਠਾ ਹੋ ਜਾਵੇ, ਇਹ ਅਸੰਭਵ ਨੂੰ ਵੀ ਸੰਭਵ ਕਰ ਲੈਂਦਾ ਹੈ। ਫਿਲਮ ਵਿੱਚ ਪਿੰਡ ਵਾਲੇ ਇਕੱਠੇ ਹੋ ਕੇ ਮਸ਼ੀਨ ਨੂੰ ਜਿੱਤ ਲੈਂਦੇ ਹਨ।

ਅਖਤਰ ਮਿਰਜ਼ਾ ਨੇ ਫਿਲਮ ਲਈ ਅਜਿਹੇ ਪਿੰਡ ਦੀ ਕਲਪਨਾ ਕੀਤੀ, ਜੋ ਹਾਲੇ ਮਸ਼ੀਨ ਯੁੱਗ ਤੋਂ ਦੂਰ ਹੈ। ਇਸ ਬਸਤੀ ਦੇ ਲੋਕ ਰੋਜ਼ੀ-ਰੋਟੀ ਲਈ ਤਾਂਗਾ ਚਲਾਉਂਦੇ ਹਨ ਜਾਂ ਜ਼ਿਮੀਂਦਾਰ ਦੇ ਜੰਗਲਾਂ ਵਿਚ ਲੱਕੜਾਂ ਦੀ ਕਟਾਈ ਕਰਕੇ ਬੱਚਿਆਂ ਦਾ ਪੇਟ ਪਾਲਦੇ ਹਨ। ਜ਼ਿਮੀਂਦਾਰ (ਜ਼ਾਕਰ ਹੁਸੈਨ) ਇਕ ਭਲੇ ਇਨਸਾਨ ਹਨ, ਪਿੰਡ ਵਾਲਿਆਂ ਦੀ ਖੁਸ਼ੀ ਵਿੱਚ ਖੁਸ਼।

ਫਿਲਮ ਦਾ ਨਾਇਕ ਸ਼ੰਕਰ (ਦਲੀਪ ਕੁਮਾਰ) ਵੀ ਟਾਂਗਾ ਚਲਾਉਂਦਾ ਹੈ ਅਤੇ ਉਸ ਦਾ ਦੋਸਤ ਕ੍ਰਿਸ਼ਨਾ (ਅਜੀਤ ) ਲੱਕੜਹਾਰਾ ਹੈ। ਪਿੰਡ ਵਾਲਿਆਂ ਦੀ ਜ਼ਿੰਦਗੀ ਵਧੀਆ ਚੱਲ ਰਹੀ ਹੈ ਤੇ ਇਹ ਦੋਵੇਂ ਦੋਸਤ ਵੀ ਗੂੜ੍ਹੇ ਦੋਸਤ ਹਨ...ਜਿਗਰੀ ਯਾਰ।

ਫਿਰ ਇੱਕ ਦਿਨ ਪਿੰਡ ਦੇ ਇਸ ਛੋਟੇ ਜਿਹੇ ਰੇਲਵੇ ਸਟੇਸ਼ਨ 'ਤੇ ਰਜਨੀ (ਵੈਜੰਤੀ ਮਾਲਾ) ਅਤੇ ਉਸ ਦੀ ਮਾਂ ਅਤੇ ਇੱਕ ਛੋਟਾ ਬੱਚਾ ਉਤਰਦੇ ਹਨ। ਉਹ ਘਰੇਲੂ ਹਾਲਾਤ ਖਰਾਬ ਹੋਣ ਕਾਰਨ ਸ਼ੰਕਰ ਦੇ ਘਰ ਹੀ ਰਹਿਣ ਆਏ ਹਨ। ਸ਼ੰਕਰ ਨੂੰ ਪਹਿਲੀ ਨਜ਼ਰ ਵਿੱਚ ਹੀ ਰਜਨੀ ਨਾਲ ਇਸ਼ਕ ਹੋ ਜਾਂਦਾ ਹੈ ਤੇ ਉਹ ਖੁਸ਼ ਹੈ ਕਿ ਹੁਣ ਉਹ ਉਨ੍ਹਾਂ ਦੇ ਘਰ ਹੀ ਰਹਿਣਗੇ।

ਇਸੇ ਗੱਡੀ ਵਿੱਚ ਪਿੰਡ ਦੇ ਜ਼ਿਮੀਂਦਾਰ ਦਾ ਲੜਕਾ ਕੁੰਦਨ (ਜੀਵਨ) ਵੀ ਪਿੰਡ ਆਇਆ ਹੈ। ਕੁੰਦਨ ਤਰੱਕੀਪਸੰਦ ਹੈ ਅਤੇ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਸੋਚਣ ਵਾਲਾ ਵਪਾਰੀ ਦਿਮਾਗ ਦਾ ਇਨਸਾਨ ਹੈ। ਅਸਲ ਵਿੱਚ ਪਿੰਡ ਵਾਲਿਆਂ ਵਾਸਤੇ ਖ਼ਤਰੇ ਦੀ ਘੰਟੀ। ਉਹ ਮਸ਼ੀਨੀਕਰਨ ਦਾ ਮੁੱਦਈ ਹੈ, ਤਾਂ ਕਿ ਵੱਧ ਤੋਂ ਵੱਧ ਨਫ਼ਾ ਕਮਾਇਆ ਜਾ ਸਕੇ।

ਅੱਧ ਤੱਕ ਫਿਲਮ ਇੱਕ ਪ੍ਰੇਮ ਕਹਾਣੀ ਦੇ ਰੂਪ ਵਿੱਚ ਅੱਗੇ ਵਧਦੀ ਹੈ, ਜਿਸ ਵਿੱਚ ਤੁਸੀਂ ਇੱਕ ਪੁਰਾਤਨ ਪਿੰਡ ਅਤੇ ਪਿੰਡਾਂ ਵਾਲਿਆਂ ਦਾ ਪੁਰਾਣਾ ਸੱਭਿਆਚਾਰ ਵੀ ਤਕਦੇ ਹੋ ਅਤੇ ਤੁਹਾਨੂੰ ਚੰਗਾ ਲੱਗਦਾ ਹੈ। ਫਿਲਮ ਦੀ ਸ਼ੂਟਿੰਗ ਅਸਲ ਵਿਚ ਮੱਧ ਭਾਰਤ ਦੇ ਇੱਕ ਪਿੰਡ ਵਿੱਚ ਕੀਤੀ ਗਈ ਸੀ, ਤਾਂ ਲੱਗਦਾ ਹੈ ਕਿ ਤੁਸੀਂ ਪਿੰਡ ਨੂੰ ਸਾਖਸ਼ਾਤ ਤੱਕ ਰਹੇ ਹੋ। ਉਹ ਦ੍ਰਿਸ਼ ਹੁਣ ਧਰਾਤਲ 'ਤੇ ਨਜ਼ਰ ਨਹੀਂ ਆਉਂਦੇ।

ਸ਼ੰਕਰ ਰਜਨੀ ਨਾਲ ਇਸ਼ਕ ਕਰਦਾ ਹੈ ਤਾਂ ਸ਼ੰਕਰ ਦਾ ਦੋਸਤ ਕ੍ਰਿਸ਼ਨਾ ਵੀ ਹੌਲੀ-ਹੌਲੀ ਰਜਨੀ ਨੂੰ ਚਾਹੁਣ ਲੱਗ ਪੈਂਦਾ ਹੈ। ਦੋਵੇਂ ਗੂੜ੍ਹੇ ਦੋਸਤ ਹਨ। ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਇਲਮ ਹੁੰਦਾ ਹੈ ਕਿ ਦੋਵੇਂ ਇਕ ਮਹਿਬੂਬਾ ਨੂੰ ਚਾਹੁੰਦੇ ਹਨ ਤਾਂ ਉਹ ਫ਼ੈਸਲਾ ਕਰਦੇ ਹਨ ਕਿ ਇਸ ਦਾ ਫੈਸਲਾ ਕਿਸਮਤ ਉੱਤੇ ਛੱਡ ਦਿੱਤਾ ਜਾਵੇ।

ਫੈਸਲਾ ਹੁੰਦਾ ਹੈ ਕਿ ਮੰਦਰ ਵਿੱਚ ਪੂਜਾ ਵੇਲੇ ਜੇਕਰ ਰਜਨੀ ਪੀਲੇ ਫੁੱਲ ਚੜ੍ਹਾਏ ਤਾਂ ਰਜਨੀ ਕ੍ਰਿਸ਼ਨਾ ਦੀ ਹੋਵੇਗੀ ਅਤੇ ਜੇਕਰ ਚਿੱਟੇ ਫੁੱਲ ਚੜ੍ਹਾਏ ਤਾਂ ਰਜਨੀ 'ਤੇ ਸ਼ੰਕਰ ਦਾ ਹੱਕ ਹੋਵੇਗਾ, ਪਰ ਸ਼ੰਕਰ ਦੀ ਭੈਣ ਵੀ ਕ੍ਰਿਸ਼ਨਾ ਨੂੰ ਚਾਹੁੰਦੀ ਹੈ, ਉਹ ਕ੍ਰਿਸ਼ਨਾ ਨਾਲ ਇੱਕਤਰਫਾ ਮੁਹੱਬਤ ਕਰ ਰਹੀ ਹੈ। ਉਹ ਚੜ੍ਹਾਏ ਜਾਣ ਵਾਲੇ ਫੁੱਲਾਂ ਨੂੰ ਬਦਲ ਦਿੰਦੀ ਹੈ ਤੇ ਫੈਸਲੇ ਮੁਤਾਬਕ ਰਜਨੀ 'ਤੇ ਸ਼ੰਕਰ ਤਾਂਗੇ ਵਾਲੇ ਦਾ ਹੱਕ ਹੋ ਜਾਂਦਾ ਹੈ, ਪਰ ਫੁੱਲ ਬਦਲਣ ਦੀ ਘਟਨਾ ਪਤਾ ਲੱਗਣ ਕਾਰਨ ਕ੍ਰਿਸ਼ਨਾ ਸ਼ੰਕਰ ਨਾਲ ਨਾਰਾਜ਼ ਹੋ ਜਾਂਦਾ ਹੈ ਤੇ ਬਾਅਦ ਵਿਚ ਇਹ ਨਾਰਾਜ਼ਗੀ ਦੁਸ਼ਮਣੀ ਵਿੱਚ ਵੀ ਬਦਲ ਜਾਂਦੀ ਹੈ। ਕ੍ਰਿਸ਼ਨਾ ਸਮਝਦਾ ਹੈ ਕਿ ਸ਼ੰਕਰ ਨੇ ਆਪਣੀ ਭੈਣ ਨਾਲ ਰਲ ਕੇ ਉਸ ਨਾਲ ਧੋਖਾ ਕੀਤਾ ਹੈ।

ਦੁਸ਼ਮਣੀ ਦਾ ਫ਼ਾਇਦਾ ਜ਼ਿਮੀਂਦਾਰ ਦਾ ਬੇਟਾ ਕੁੰਦਨ ਉਠਾਉਂਦਾ ਹੈ, ਉਹ ਪਿੰਡ ਵਿਚ ਆਰੇ ਲਈ ਮਸ਼ੀਨਾਂ ਲਿਆਉਣਾ ਚਾਹੁੰਦਾ ਹੈ, ਜਿਸ ਦਾ ਪਿੰਡ ਵਾਲੇ ਵਿਰੋਧ ਕਰਦੇ ਹਨ। ਉਹ ਸ਼ੰਕਰ ਦੇ ਦੋਸਤ ਕ੍ਰਿਸ਼ਨਾ ਨਾਲ ਆਪਣੀ ਨੇੜਤਾ ਵਧਾ ਲੈਂਦਾ ਹੈ।



ਸ਼ੰਕਰ ਨਾਲ ਦੁਸ਼ਮਣੀ ਕਾਰਨ ਕ੍ਰਿਸ਼ਨਾ ਹੁਣ ਕੁੰਦਨ ਨਾਲ ਰਲ ਚੁੱਕਿਆ ਹੈ ਅਤੇ ਕੁੰਦਨ ਚਾਹੁੰਦਾ ਹੈ ਕਿ ਪਿੰਡ ਵਿਚ ਮਸ਼ੀਨਾਂ ਲੈ ਆਂਦੀਆਂ ਜਾਣ। ਅਖੀਰ ਪਿੰਡ ਵਿੱਚ ਆਰੇ ਵਾਲੀ ਮਸ਼ੀਨ ਆ ਵੀ ਜਾਂਦੀ ਹੈ। ਪਿੰਡ ਵਾਲੇ ਆਉਣ ਵਾਲੇ ਖਤਰੇ ਤੋਂ ਅਣਭਿੱਜ ਹਨ, ਪਰ ਜਲਦੀ ਹੀ ਉਨ੍ਹਾਂ ਨੂੰ ਕੰਮ ਤੋਂ ਹਟਾਉਣ ਦੀ ਗੱਲ ਕਹਿ ਦਿੱਤੀ ਜਾਂਦੀ ਹੈ, ਕਿਉਂਕਿ ਮਸ਼ੀਨ ਆਉਣ ਤੋਂ ਬਾਅਦ ਹੁਣ ਉੱਥੇ ਬਹੁਤੇ ਕਾਮਿਆਂ ਦੀ ਲੋੜ ਨਹੀਂ।

ਪਿੰਡ ਵਾਲੇ ਚਿੰਤਾ ਵਿੱਚ ਹਨ, ਉਹ ਮਸ਼ੀਨ ਦੀ ਸ਼ਕਤੀ ਤੋਂ ਡਰੇ ਹੋਏ ਹਨ। ਫਿਲਮ ਵਿਚ ਤੁਸੀਂ ਜੀਵਨ ਨੂੰ ਵਪਾਰਕ ਪ੍ਰਤੀਨਿਧ ਦੇ ਤੌਰ 'ਤੇ ਦੇਖ ਰਹੇ ਹੁੰਦੇ ਹੋ, ਜੋ ਹਰ ਹਾਲਤ ਵਿੱਚ ਮੁਨਾਫ਼ਾ ਚਾਹੁੰਦਾ ਹੈ। ਜੀਵਨ ਦੀ ਇਹ ਸਭ ਤੋਂ ਵਧੀਆ ਅਦਾਕਾਰੀ ਵਾਲੀ ਫਿਲਮ ਹੈ। ਫਿਲਮ ਦਾ ਇਹ ਹਿੱਸਾ ਸਭ ਤੋਂ ਦਿਲਚਸਪ ਹਿੱਸਾ ਹੈ, ਜਦੋਂ ਕੁੰਦਨ ਪਿੰਡ ਵਿਚ ਲਾਰੀ ਲਿਆਉਣ ਦਾ ਫੈਸਲਾ ਕਰ ਲੈਂਦਾ ਹੈ। ਇਕ ਬੱਸ, ਜੋ ਤਾਂਗੇ ਵਾਲਿਆਂ ਤੋਂ ਵੀ ਸਸਤੀ ਹੋਵੇਗੀ, ਜਿਸ ਦੀ ਰਫਤਾਰ ਤਾਂਗੇ ਵਾਲਿਆਂ ਤੋਂ ਕਈ ਗੁਣਾਂ ਵੱਧ ਹੁੰਦੀ ਹੈ।

ਉਧਰ ਕ੍ਰਿਸ਼ਨਾ ਕੁੰਦਨ ਨਾਲ ਰਲ ਗਿਆ ਹੈ ਤਾਂ ਸੇਠ ਕੁੰਦਨ ਹੁਣ ਲਾਰੀ ਲਿਆ ਕੇ ਤਾਂਗੇ ਵਾਲਿਆਂ ਦੀ ਰੋਟੀ 'ਤੇ ਵੀ ਲੱਤ ਮਾਰ ਚੁੱਕਿਆ ਹੈ। ਪਿੰਡ ਵਾਲੇ ਲਾਰੀ ਦਾ ਵਿਰੋਧ ਕਰਦੇ ਹਨ। ਲਾਰੀ ਆਉਣ ਤੋਂ ਬਾਅਦ ਉਨ੍ਹਾਂ ਦੀ ਰੋਜ਼ੀ-ਰੋਟੀ ਕਿਸ ਤਰ੍ਹਾਂ ਚੱਲੇਗੀ।

ਫਿਲਮ ਇਕ ਦਿਲਚਸਪ ਮੋੜ 'ਤੇ ਪਹੁੰਚ ਜਾਂਦੀ ਹੈ। ਆਸ਼ੂਤੋਸ਼ ਗੋਵਾਰੀਕਰ ਦੀ ਫਿਲਮ 'ਲਗਾਨ' ਵੀ ਇਸੇ ਸ਼ਰਤ ਤੋਂ ਪ੍ਰੇਰਤ ਸੀ। ਅਸਲ ਵਿੱਚ ਫਿਲਮ ਦੇ ਇਸ ਹਿੱਸੇ ਤੋਂ ਪ੍ਰੇਰਿਤ ਕੁੰਦਨ ਦਾ ਮੰਨਣਾ ਹੈ ਕਿ ਮਸ਼ੀਨ ਇਨਸਾਨ ਤੋਂ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਹੈ ਤੇ ਉਹ ਪਿੰਡ ਵਾਲਿਆਂ ਨਾਲ ਸ਼ਰਤ ਲਾ ਲੈਂਦਾ ਹੈ ਕਿ ਉਹ ਆਪਣੇ ਤਾਂਗੇ ਨੂੰ ਇਕ ਨਿਰਧਾਰਤ ਥਾਂ 'ਤੇ ਲਾਰੀ ਤੋਂ ਪਹਿਲਾਂ ਪਹੁੰਚਾ ਦੇਣ ਤਾਂ ਉਹ ਹਾਰ ਮੰਨ ਲਵੇਗਾ।

ਸ਼ੰਕਰ ਦੀ ਅਗਵਾਈ ਵਿਚ ਪਿੰਡ ਵਾਲੇ ਇਸ ਸ਼ਰਤ ਨੂੰ ਮੰਨ ਲੈਂਦੇ ਹਨ। ਇਹ ਇਕ ਅਸੰਭਵ ਕੰਮ ਹੈ, ਪਰ ਪਿੰਡ ਵਾਲਿਆਂ ਦੀ ਹੋਂਦ ਦਾ ਸਵਾਲ ਹੈ ਤਾਂ ਉਹ ਉਸ ਅਸੰਭਵ ਕੰਮ ਨੂੰ ਸੰਭਵ ਕਰਨ ਲਈ ਜੁੜ ਜਾਂਦੇ ਹਨ। ਉਹ ਇਕੱਠੇ ਹੋ ਕੇ ਇਕ ਅਜਿਹੇ ਰਾਹ ਦਾ ਨਿਰਮਾਣ ਕਰਨਾ ਚਾਹੁੰਦੇ ਹਨ, ਜੋ ਲਾਰੀ ਰਸਤੇ ਤੋਂ ਛੋਟਾ ਹੈ। ਆਪਣੇ ਅਤੇ ਆਪਣੇ ਪਰਵਾਰਾਂ ਦੀ ਹੋਂਦ ਦਾ ਡਰ ਉਨ੍ਹਾਂ ਨੂੰ ਇਕੱਠੇ ਕਰ ਦਿੰਦਾ ਹੈ, ਉਹ ਸੜਕ ਬਣਾਉਣ ਵਿੱਚ ਜੁਟ ਜਾਂਦੇ ਹਨ।

ਫਿਲਮ ਦੇ ਇਸ ਹਿੱਸੇ ਵਿੱਚ ਜਾਨੀ ਵਾਕਰ ਦੀ ਐਂਟਰੀ ਹੁੰਦੀ ਹੈ, ਉਹ ਪੱਤਰਕਾਰ ਹੈ ਤੇ ਪਿੰਡ ਵਿਚ ਇਸ ਘਟਨਾ ਨੂੰ ਦੇਖਣ ਆਇਆ ਹੈ। ਕੁੰਦਨ ਇਸ ਸੜਕ ਨੂੰ ਕਾਮਯਾਬ ਹੋਣ ਨਹੀਂ ਦੇਣਾ ਚਾਹੁੰਦਾ। ਬੜੀ ਮਿਹਨਤ ਨਾਲ ਬਣਾਏ ਪੁਲ ਨੂੰ ਉਹ ਬਾਰੂਦ ਨਾਲ ਉਡਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਕਾਮਯਾਬ ਨਹੀਂ ਹੁੰਦਾ।

ਕੁੰਦਨ ਦਾ ਜ਼ਿਮੀਂਦਾਰ ਪਿਤਾ ਕੁੰਦਨ ਨੂੰ ਇਹ ਦੌੜ ਨਾ ਦੌੜਨ ਲਈ ਕਹਿੰਦਾ ਹੈ, ਪਰ ਉਹ ਨਹੀਂ ਮੰਨਦਾ। ਬਦਲਵੇਂ ਹਾਲਾਤ ਵਿੱਚ ਸ਼ੰਕਰ ਦਾ ਦੋਸਤ ਕ੍ਰਿਸ਼ਨਾ ਫਿਰ ਤੋਂ ਸ਼ੰਕਰ ਨਾਲ ਆ ਜਾਂਦਾ ਹੈ। ਸ਼ੰਕਰ ਦੀ ਭੈਣ ਦੇ ਦੱਸਣ ਤੋਂ ਬਾਅਦ ਉਸ ਦੀ ਗਲਤਫਹਿਮੀ ਦੂਰ ਹੋ ਚੁੱਕੀ ਹੈ। ਹੁਣ ਉਹ ਸ਼ੰਕਰ ਦੀ ਮਦਦ ਕਰਦਾ ਹੈ। ਅਖੀਰ ਦੌੜ ਹੁੰਦੀ ਹੈ ਅਤੇ ਪਿੰਡ ਦੇ ਲੋਕਾਂ ਵੱਲੋਂ ਬਣਾਈ ਗਈ ਸੜਕ 'ਤੇ ਦੌੜਦਿਆਂ ਕੁੰਦਨ ਦਾ ਤਾਂਗਾ ਲਾਰੀ (ਬੱਸ) ਤੋਂ ਉਹ ਦੌੜ ਜਿੱਤ ਲੈਂਦਾ ਹੈ।

ਫਿਲਮ ਦੇ ਅੰਤ ਵਿੱਚ ਵੀ ਸ਼ਾਹੂਕਾਰ ਕੁੰਦਨ ਦਾ ਮੰਨਣਾ ਹੈ ਕਿ ਮਸ਼ੀਨਾਂ ਦਾ ਆਉਣਾ ਰੋਕਿਆ ਨਹੀਂ ਜਾ ਸਕਦਾ, ਤੁਹਾਡੀ ਜਿੱਤ ਵਕਤੀ ਜਿੱਤ ਹੈ, ਤੁਸੀਂ ਮਸ਼ੀਨਾਂ ਤੋਂ ਹਾਰ ਜਾਓਗੇ, ਪਰ ਸ਼ੰਕਰ ਉਸ ਨੂੰ ਕਹਿੰਦਾ ਹੈ, 'ਅਸੀਂ ਮਸ਼ੀਨਾਂ ਨੂੰ ਨਹੀਂ ਜਿੱਤਣਾ, ਪਰ ਕੁੰਦਨ ਬਾਬੂ ਕੋਈ ਅਜਿਹਾ ਰਸਤਾ ਦੇਖੋ ਕਿ ਮਸ਼ੀਨਾਂ ਵੀ ਰਹਿਣ ਅਤੇ ਅਸੀਂ ਵੀ ਰਹਿ ਜਾਈਏ।'

ਦਰਅਸਲ ਬੀ ਆਰ ਚੋਪੜਾ ਵੱਲੋਂ ਸ਼ੰਕਰ ਦੇ ਮੂੰਹੋਂ ਬੁਲਵਾਇਆ ਗਿਆ ਇਹ ਸੰਵਾਦ ਕਿ ਮਸ਼ੀਨਾਂ ਵੀ ਰਹਿ ਜਾਣ, ਅਸੀਂ ਵੀ ਰਹਿ ਜਾਈਏ, ਅਜਿਹਾ ਰਸਤਾ ਲੱਭੋ, ਹਕੂਮਤ ਵਾਸਤੇ ਇਕ ਸੁਨੇਹਾ ਸੀ, ਆਉਣ ਵਾਲੇ ਸਮੇਂ ਦੀ ਚਿਤਾਵਨੀ।

ਉਸ ਸਮੇਂ ਤੱਕ ਸਿਨੇਮਾ ਪ੍ਰਯੋਗਵਾਦੀ ਦੌਰ ਵਿਚ ਨਵਾਂ-ਨਵਾਂ ਉਤਰ ਰਿਹਾ ਸੀ (1957), ਜਦੋਂ ਇਸ ?ਫਿਲਮ ਦਾ ਨਿਰਮਾਣ ਕੀਤਾ ਗਿਆ ਸੀ। ਕਿਸੇ ਸਮਾਜਕ ਪ੍ਰਸੰਗ ਨੂੰ ਆਧਾਰ ਬਣਾ ਕੇ ਫ਼ਿਲਮ ਬਣਾਉਣਾ, ਕਿਸੇ ਵੱਡੇ ਜੋਖ਼ਮ ਤੋਂ ਘੱਟ ਨਹੀਂ ਸੀ, ਪਰ ਬੀ ਆਰ ਚੋਪੜਾ ਨੇ ਇਸ ਜੋਖਮ ਲਿਆ ਅਤੇ ਦੋਵੇਂ ਤਰ੍ਹਾਂ ਨਾਲ ਸਫਲ ਰਹੇ, ਆਪਣੀ ਗੱਲ ਵੀ ਰੱਖ ਦਿੱਤੀ ਅਤੇ ਫਿਲਮ ਵਪਾਰਕ ਤੌਰ 'ਤੇ ਵੀ ਸਫਲ ਰਹੀ।

ਫਿਲਮ ਵਿੱਚ ਸਾਰੇ ਕਲਾਕਾਰਾਂ ਨੇ ਆਪਣੇ ਫਨ ਦਾ ਖੂਬ ਮੁਜ਼ਾਹਰਾ ਕੀਤਾ ਹੈ। ਫਿਲਮ ਦੀ ਸ਼ੂਟਿੰਗ ਅਸਲ ਵਿਚ ਮੱਧ ਪ੍ਰਦੇਸ਼ ਦੇ ਬੁਧਨੀ ਲਾਗੇ ਇਕ ਪਿੰਡ ਵਿਚ ਹੋਈ ਸੀ, ਜਿੱਥੇ ਕਈ ਮਹੀਨਿਆਂ ਤੱਕ ਪੂਰੇ ਕਲਾਕਾਰ ਅਤੇ ਟੀਮ ਠਹਿਰੀ ਸੀ। ਬੀ ਆਰ ਚੋਪੜਾ ਇਸ ਫਿਲਮ ਨੂੰ ਵਾਸਤਵਿਕ ਰੂਪ ਦੇਣ ਲਈ ਹਰ ਕੀਮਤ ਤਾਰਨ ਵਾਸਤੇ ਤਿਆਰ ਸਨ, ਮਹੀਨਿਆਂ ਤੱਕ ਪੂਰੀ ਟੀਮ ਨਾਲ ਦੂਰ-ਦੁਰਾਡੇ ਇਕ ਪਿੰਡ ਵਿਚ ਰਹਿਣ ਲਈ ਵੀ।

ਓ ਪੀ ਨਈਅਰ ਦਾ ਸੰਗੀਤ ਪੰਜਾਬੀ ਪ੍ਰਭਾਵ ਕਾਰਨ ਆਪਣੀ ਅਮਿੱਟ ਛਾਪ ਛੱਡ ਗਿਆ ਸੀ। ਸਾਹਿਰ ਲੁਧਿਆਣਵੀ ਦੇ ਗੀਤ ਕੁਝ ਨਵਾਂ ਕਰਨ ਵਾਸਤੇ ਪ੍ਰੇਰਿਤ ਕਰਦੇ ਹਨ, ਪਰ ਫਿਲਮ ਦਾ ਕੇਂਦਰ ਬਿੰਦੂ ਮੱਧ ਭਾਰਤ ਦਾ ਇੱਕ ਪਿੰਡ ਹੋਣ ਦੇ ਬਾਵਜੂਦ ਓ ਪੀ ਨਈਅਰ ਵੱਲੋਂ ਆਪਣੇ ਗੀਤਾਂ ਦੀਆਂ ਤਰਜ਼ਾਂ ਪੰਜਾਬੀ ਸੰਗੀਤ 'ਤੇ ਆਧਾਰਤ ਬਣਾ ਦਿੱਤੀਆਂ ਗਈਆਂ ਸਨ, ਪਰ ਫਿਲਮ ਹੀ ਏਨੀ ਬਿਹਤਰੀਨ ਬਣੀ ਸੀ ਕਿ ਇਸ ਮੁੱਦੇ ਵੱਲ ਕਿਸੇ ਆਲੋਚਕ ਨੇ ਧਿਆਨ ਨਹੀਂ ਸੀ ਦਿੱਤਾ।

ਇਸ ਸਦਾਬਹਾਰ ਫਿਲਮ ਨੂੰ ਉਸ ਸਾਲ ਪਹਿਲਾਂ ਤਕਨੀਕੀ ਤੌਰ 'ਤੇ ਰੰਗੀਨ ਬਣਾ ਕੇ ਵੀ ਪੇਸ਼ ਕੀਤਾ ਗਿਆ ਸੀ।

ਬਹਰਹਾਲ, ਸਮੇਂ ਦੇ ਮੁਤਾਬਕ ਬੀ ਆਰ ਚੋਪੜਾ ਆਪਣੇ ਪ੍ਰਯੋਜਨ ਵਿਚ ਸਫਲ ਰਹੇ ਸਨ ਤੇ ਉਨ੍ਹਾ ਦੀ ਇਹ ਫਿਲਮ ਉਸ ਮਿਥ 'ਤੇ ਵੀ ਵੱਡਾ ਸਵਾਲ ਖੜ੍ਹਾ ਕਰਦੀ ਹੈ, ਜਿਸ ਅਨੁਸਾਰ ਗੰਭੀਰ ਮੁੱਦੇ ਸਮਾਂਤਰ ਫਿਲਮਾਂ ਵਿੱਚ ਹੀ ਉਠਾਏ ਜਾਂਦੇ ਹਨ। ਸਮਾਂਤਰ ਸਿਨਮਾ ਹੀ ਗੰਭੀਰ ਮੁੱਦਿਆਂ ਨਾਲ ਇਨਸਾਫ ਕਰ ਪਾਉਂਦਾ ਹੈ।

*ਸੰਪਰਕ—98141-63071*

# ਨਰਸਿਮਹਾ ਰਾਓ ਵਰਗੇ ਲੀਡਰਾਂ ਨੂੰ ਵੀ ਭੁਗਤਣਾ ਪੈ ਚੁੱਕੈ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਜਾਂਚ ਦਾ ਸਿਲਸਿਲਾ

ਪਾਠਕਾਂ ਲਈ ਇਹ ਲਿਖਤ ਲਿਖਣ ਵੇਲੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਿਜੀਲੈਂਸ ਜਾਂਚ ਦੇ ਸੰਬੰਧ ਵਿੱਚ ਕਈ ਘੰਟਿਆਂ ਦੀ ਇੱਕ ਪੇਸ਼ੀ ਭੁਗਤ ਚੁੱਕੇ ਹਨ। ਅੱਗੋਂ ਹੋਰ ਪੇਸ਼ੀਆਂ ਦੀ ਭੁਗਤਣ ਦੀ ਨੌਬਤ ਆ ਸਕਦੀ ਹੈ, ਸਗੋਂ ਇਹ ਕਹਿਣਾ ਵੱਧ ਠੀਕ ਹੋਵੇਗਾ ਕਿ ਆਉਣੀ ਹੀ ਆਉਣੀ ਹੈ। ਜਦੋਂ ਚਰਨਜੀਤ ਸਿੰਘ ਚੰਨੀ ਵਿਜੀਲੈਂਸ ਬਿਊਰੋ ਦੇ ਦਫਤਰ ਵਿੱਚ ਸਵਾਲਾਂ ਦਾ ਸਾਹਮਣਾ ਕਰਦਾ ਪਿਆ ਸੀ, ਐਨ ਓਸੇ ਵੇਲੇ ਇਹ ਖਬਰ ਵੀ ਆ ਗਈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇੱਕ ਕੇਂਦਰੀ ਏਜੰਸੀ ਨੇ ਦਿੱਲੀ ਦੀ ਐਕਸਾਈਜ਼ ਨੀਤੀ ਦੇ ਕੇਸ ਵਿੱਚ ਜਾਂਚ ਕਰਨ ਦੇ ਲਈ ਸੰਮਨ ਭੇਜ ਦਿੱਤਾ ਹੈ। ਦੋਵਾਂ ਕੇਸਾਂ ਵਿੱਚ ਦੋਵਾਂ ਧਿਰਾਂ ਦਾ ਪ੍ਰਤੀਕਰਮ ਮਿਲਦਾ-ਜੁਲਦਾ ਹੈ। ਪੰਜਾਬ ਵਿੱਚ ਚਰਨਜੀਤ ਸਿੰਘ ਚੰਨੀ ਤੇ ਉਸ ਦੀ ਪਾਰਟੀ ਨੇ ਆਖਿਆ ਹੈ ਕਿ ਚੰਨੀ ਦੇ ਭਾਸ਼ਣ ਅਤੇ ਪ੍ਰੈੱਸ ਕਾਨਫਰੰਸ ਕਰਨ ਤੋਂ ਘਬਰਾ ਕੇ ਪੰਜਾਬ ਸਰਕਾਰ ਨੇ ਹੁਕਮ ਦੇ ਕੇ ਵਿਜੀਲੈਂਸ ਤੋਂ ਚੰਨੀ ਦੀ ਪੇਸ਼ੀ ਕਰਵਾਈ ਹੈ। ਦਿੱਲੀ ਦੇ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਕਹਿੰਦੇ ਹਨ ਕਿ ਪਿਛਲੇ ਦਿਨੀਂ ਦਿੱਲੀ ਅਸੈਂਬਲੀ ਵਿੱਚ ਅਰਵਿੰਦ ਕੇਜਰੀਵਾਲ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਕੀਤੇ ਭਾਸ਼ਣ ਤੋਂ ਘਬਰਾ ਕੇ ਕੇਂਦਰ ਸਰਕਾਰ ਨੇ ਜਾਂਚ ਏਜੰਸੀ ਤੋਂ ਉਸ ਨੂੰ ਸੰਮਨ ਭਿਜਵਾਇਆ ਹੈ। ਦੋਵਾਂ ਦੇ ਪ੍ਰਤੀਕਰਮ ਦੇ ਇਲਾਵਾ ਇੱਕ ਵੱਖਰੀ ਗੱਲ ਚਰਨਜੀਤ ਸਿੰਘ ਚੰਨੀ ਨੇ ਇਹ ਕਹੀ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਦਲਿਤ ਵਿਰੋਧੀ ਹੋਣ ਕਾਰਨ ਰਾਜ ਦੇ ਪਹਿਲੇ ਦਲਿਤ ਮੁੱਖ ਮੰਤਰੀ ਚੰਨੀ ਨੂੰ ਪਰੇਸ਼ਾਨ ਕਰ ਰਹੀ ਹੈ। ਉਹ ਇਹ ਗੱਲ ਭੁੱਲ ਗਏ ਕਿ ਓਸੇ ਕਾਂਗਰਸ ਪਾਰਟੀ ਦੇ ਆਗੂ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਦੀ ਵੀ ਪੁੱਛਗਿੱਛ ਕੀਤੀ ਗਈ ਹੈ, ਭਾਰਤ ਭੂਸ਼ਣ ਆਸ਼ੂ ਤੇ ਸੁੰਦਰ ਸ਼ਾਮ ਅਰੋੜਾ ਦੋਵਾਂ ਸਾਬਕਾ ਮੰਤਰੀ ਨੂੰ ਜੇਲ੍ਹ ਭੇਜਿਆ ਗਿਆ ਸੀ, ਉਨ੍ਹਾਂ ਤਿੰਨਾਂ ਵਿੱਚੋਂ ਕੋਈ ਦਲਿਤ ਨਹੀਂ ਸੀ, ਫਿਰ ਚੰਨੀ ਦੀ ਵਾਰੀ ਦਲਿਤ ਵਾਲੀ ਗੱਲ ਕਿੱਦਾਂ ਠੀਕ ਹੋ ਗਈ? ਏਦਾਂ ਦੀ ਬਿਆਨਬਾਜ਼ੀ ਕਰਨ ਦਾ ਕਿਸੇ ਨੂੰ ਵੀ ਹੱਕ ਹੋ ਸਕਦਾ ਹੈ, ਪਰ ਹਕੀਕਤਾਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਹਕੀਕਤ ਇਹ ਹੈ ਕਿ ਇਸ ਜਾਂਚ ਲਈ ਸੱਦੇ ਗਏ ਚਰਨਜੀਤ ਸਿੰਘ ਚੰਨੀ ਜਾਂ ਫਿਰ ਅਰਵਿੰਦ ਕੇਜਰੀਵਾਲ ਪਹਿਲੇ ਮੌਜੂਦਾ ਜਾਂ ਸਾਬਕਾ ਮੁੱਖ ਮੰਤਰੀ ਨਹੀਂ ਹਨ ਅਤੇ ਇਹ ਦੋਵੇਂ ਆਖਰੀ ਵੀ ਨਹੀਂ ਹੋਣੇ, ਕਈ ਹੋਰ ਆਗੂਆਂ ਦੇ ਗਲ਼ ਰੱਸਾ ਵੀ ਪੈ ਸਕਦਾ ਹੈ। ਭਾਰਤ ਵਿੱਚ ਇਹ ਖੇਡ ਬੜੇ ਚਿਰਾਂ ਤੋਂ ਚੱਲ ਰਹੀ ਹੈ। ਕਦੀ ਤਾਮਿਲ ਨਾਡੂ ਵਿੱਚ ਸਾਬਕਾ ਮੁੱਖ ਮੰਤਰੀ ਜੈਲਲਿਤਾ ਨੂੰ ਜਾਂਚ ਦਾ ਸਾਹਮਣਾ ਕਰਨਾ ਪਿਆ ਤੇ ਜਦੋਂ ਸਰਕਾਰ ਬਦਲੀ ਤੇ ਉਹ ਮੁੱਖ ਮੰਤਰੀ ਬਣੀ ਤਾਂ ਰਾਜ ਸੁਖ ਮਾਣ ਚੁੱਕੇ ਉਸ ਦੇ ਵਿਰੋਧੀ ਆਗੂ ਕੇ. ਕਰੁਣਾਨਿਧੀ ਨੂੰ ਏਸੇ ਤਰ੍ਹਾਂ ਦੀ ਜਾਂਚ ਵਿੱਚੋਂ ਲੰਘਣਾ ਪਿਆ ਸੀ। ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਰਹਿ ਚੁੱਕੀ ਬਹੁਜਨ ਸਮਾਜ ਪਾਰਟੀ ਦੀ ਆਗੂ ਬੀਬੀ ਮਾਇਆਵਤੀ ਉੱਤੇ ਵੀ ਕੇਸ ਬਣੇ ਸਨ ਅਤੇ ਹਰਿਆਣੇ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਉੱਤੇ ਸਿਰਫ ਕੇਸ ਨਹੀਂ ਸਨ ਬਣੇ, ਉਸ ਨੂੰ ਸਜ਼ਾ ਹੋਈ ਅਤੇ ਦਸ ਸਾਲ ਜੇਲ੍ਹ ਵਿੱਚ ਕੱਟਣੇ ਪਏ ਸਨ। ਫਿਰ ਓਸੇ ਹਰਿਆਣੇ ਵਿੱਚ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਖਿਲਾਫ ਜਾਂਚ ਕਰਨ ਦਾ ਚੱਕਰ ਚੱਲਿਆ ਸੀ। ਜੰਮੂ-ਕਸ਼ਮੀਰ ਵਿੱਚ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਤੇ ਬਾਅਦ ਵਿੱਚ ਉਸ ਦਾ ਪੁੱਤਰ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਵੀ ਇਸੇ ਪ੍ਰਕਿਰਿਆ ਵਿੱਚੋਂ ਲੰਘੇ ਸਨ ਤੇ ਉਨ੍ਹਾਂ ਦੀ ਵਿਰੋਧੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨਾਲ ਵੀ ਏਦਾਂ ਹੀ ਹੋਇਆ ਹੈ। ਬਿਹਾਰ ਦਾ ਮੁੱਖ ਮੰਤਰੀ ਹੁੰਦੇ ਹੋਏ ਲਾਲੂ ਪ੍ਰਸਾਦ ਯਾਦਵ ਤੇ ਹਿਮਾਚਲ ਪ੍ਰਦੇਸ਼ ਵਿੱਚ ਮੁੱਖ ਮੰਤਰੀ ਹੁੰਦੇ ਹੋਏ ਵੀਰਭੱਦਰ ਸਿੰਘ ਨੂੰ ਏਹੋ ਜਿਹੀ ਜਾਂਚ ਲਈ ਪੇਸ਼ ਹੋਣਾ ਪਿਆ ਸੀ ਤੇ ਲਾਲੂ ਪ੍ਰਸਾਦ ਨੂੰ ਬਾਅਦ ਵਿੱਚ ਓਮ ਪ੍ਰਕਾਸ਼ ਚੌਟਾਲੇ ਅਤੇ ਜੈਲਲਿਤਾ ਵਾਂਗ ਸਜ਼ਾ ਕੱਟਣੀ ਪਈ ਸੀ। ਦੱਖਣ ਭਾਰਤ ਵਿੱਚ ਭਾਜਪਾ ਦੀਆਂ ਜੜ੍ਹਾਂ ਲਾਉਣ ਵਾਲੇ ਯੇਦੀਯੁਰੱਪਾ ਖਿਲਾਫ ਉਸ ਦੇ ਆਪਣੇ ਨਿਯੁਕਤ ਕੀਤੇ ਲੋਕਾਯੁਕਤ ਜਸਟਿਸ ਸੰਤੋਸ਼ ਹੇਗੜੇ ਨੇ ਜਾਂਚ ਕਰਵਾਈ ਤੇ ਫਿਰ ਯੇਦੀਯੁਰੱਪਾ ਨੂੰ ਜੇਲ੍ਹ ਵੀ ਜਾਣਾ ਪਿਆ ਸੀ। ਇਹੋ ਜਿਹੀ ਜਾਂਚ ਕਈ ਹੋਰ ਮੌਜੂਦਾ ਅਤੇ ਸਾਬਕਾ ਮੁੱਖ ਮੰਤਰੀਆਂ ਨੂੰ ਵੀ ਭੁਗਤਣੀ ਪੈ ਚੁੱਕੀ ਹੈ, ਜਿਨ੍ਹਾਂ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਾਂ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਵੀ ਸ਼ਾਮਲ ਹਨ।

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਇਹ ਭਾਰਤੀ ਰਾਜਨੀਤੀ ਵਿੱਚ ਅੱਜ ਆਮ ਵਰਤਾਰਾ ਬਣ ਚੁੱਕਾ ਹੈ, ਦਲਿਤ ਜਾਂ ਗੈਰ-ਦਲਿਤ ਦਾ ਮੁੱਦਾ ਕੋਈ ਨਹੀਂ ਰਹਿ ਗਿਆ।

ਦੂਸਰੇ ਪਾਸੇ ਅਲੋਕਾਰ ਗੱਲ ਇਹ ਹੈ ਕਿ ਭਾਰਤ ਦਾ ਪ੍ਰਧਾਨ ਮੰਤਰੀ ਰਹਿ ਚੁੱਕੇ ਪੀ ਵੀ ਨਰਸਿਮਹਾ ਰਾਓ ਨੂੰ ਨਾ ਸਿਰਫ ਜਾਂਚ ਲਈ ਪੇਸ਼ ਹੋਣਾ ਪਿਆ, ਸਗੋਂ ਬਾਅਦ ਵਿੱਚ ਉਸ ਨੂੰ ਜੇਲ੍ਹ ਵੀ ਜਾਣਾ ਪਿਆ ਸੀ। ਉਹ ਵੀ ਕਾਂਗਰਸ ਆਗੂ ਸੀ, ਓਸੇ ਕਾਂਗਰਸ ਦਾ ਆਗੂ, ਜਿਸ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਵਾਲਾ ਮਾਣ ਬਖਸ਼ਿਆ ਸੀ। ਨਰਸਿਮਹਾ ਰਾਓ ਉੱਤੇ ਵੀ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਣ ਦਾ ਦੋਸ਼ ਲੱਗਾ ਸੀ ਅਤੇ ਉਹ ਕੇਸ ਅੱਜ ਵਾਲੇ ਸਾਰੇ ਕੇਸਾਂ ਤੋਂ ਵਿਲੱਖਣ ਸੀ। ਮੁੱਢਲਾ ਕੇਸ ਨਰਸਿਮਹਾ ਰਾਓ ਦੇ ਖਿਲਾਫ ਨਹੀਂ, ਉਸ ਨਾਲ ਨੇੜ ਵਾਲੇ ਚਰਚਿਤ ਸਾਧ ਚੰਦਰਾ ਸਵਾਮੀ ਦੇ ਖਿਲਾਫ ਸੀ ਕਿ ਉਸ ਨੇ ਇੱਕ ਪ੍ਰਵਾਸੀ ਭਾਰਤੀ ਲੱਖੂਭਾਈ ਪਾਠਕ ਤੋਂ ਕੋਈ ਵੱਡਾ ਪ੍ਰਾਜੈਕਟ ਪਾਸ ਕਰਾਉਣ ਦੀ ਇੱਕ ਲੱਖ ਡਾਲਰ ਰਿਸ਼ਵਤ ਲਈ ਸੀ। ਬਹਿਸ ਵਿੱਚ ਅਦਾਲਤ ਵਿੱਚ ਲੱਖੂਭਾਈ ਨੇ ਕਿਹਾ ਕਿ ਉਸ ਨੂੰ ਚੰਦਰਾ ਸਵਾਮੀ ਨੇ ਇਸ ਕੰਮ ਵਾਸਤੇ ਅਮਰੀਕਾ ਦੇ ਇੱਕ ਹੋਟਲ ਵਿੱਚ ਬੁਲਾਇਆ ਅਤੇ ਚਾਰ-ਪੰਜ ਲੱਖ ਡਾਲਰ ਦੇਣ ਦੀ ਗੱਲ ਕਹੀ ਸੀ, ਪਰ ਉਹ ਮਸਾਂ ਇੱਕ ਲੱਖ ਦੇਣਾ ਮੰਨਦਾ ਸੀ। ਅਗਲੇ ਦਿਨ ਫਿਰ ਸੱਦਿਆ ਤਾਂ ਚੰਦਰਾ ਸਵਾਮੀ ਦੇ ਕਮਰੇ ਵਿੱਚੋਂ ਇੱਕ ਵਿਅਕਤੀ ਨਿਕਲਿਆ ਤੇ ਸਵਾਮੀ ਨੇ ਦੱਸਿਆ ਕਿ ਇਹ ਇੰਦਰਾ ਗਾਂਧੀ ਦੀ ਭਾਰਤ ਸਰਕਾਰ ਦਾ ਮੰਤਰੀ ਹੈ ਅਤੇ ਇਸ ਦਾ ਨਾਂਅ ਪੀ ਵੀ ਨਰਸਿਮਹਾ ਰਾਓ ਹੈ। ਓਦੋਂ ਨਰਸਿਮਹਾ ਰਾਓ ਨੇ ਕਿਹਾ ਸੀ ਕਿ ਉਸ ਨੂੰ ਚੰਦਰਾ ਸਵਾਮੀ ਨੇ ਸਾਰੀ ਗੱਲ ਦੱਸ ਦਿੱਤੀ ਹੈ ਤੇ ਸਾਰਾ ਕੰਮ ਹੋ ਜਾਵੇਗਾ। ਬਦਲੇ ਵਿੱਚ ਉਸ ਨੇ ਚੰਦਰਾ ਸਵਾਮੀ ਨੂੰ ਦੋ ਕਿਸ਼ਤਾਂ ਵਿੱਚ ਇੱਕ ਲੱਖ ਤੀਹ ਹਜ਼ਾਰ ਡਾਲਰ ਦਿੱਤੇ ਸਨ। ਜਦੋਂ ਇਹ ਗੱਲ ਕਹੀ ਗਈ ਤਾਂ ਇੱਕ ਵਕੀਲ ਨੇ ਲੱਖੂਭਾਈ ਨੂੰ ਪੁੱਛਿਆ ਕਿ ਉਹ ਜੀਵਨ ਵਿੱਚ ਪਹਿਲਾਂ ਕਿਸੇ ਮੰਤਰੀ ਨੂੰ ਮਿਲਿਆ ਸੀ? ਅੱਗੋਂ ਲੱਖੂਭਾਈ ਨੇ ਕਿਹਾ ਕਿ ਉਹ ਤਾਂ ਕਈ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਤੇ ਰਾਸ਼ਟਰਪਤੀਆਂ ਜਾਂ ਰਾਜਿਆਂ ਤੱਕ ਨੂੰ ਮਿਲ ਚੁੱਕਾ ਸੀ। ਉਸ ਨੂੰ ਪੁੱਛਿਆ ਗਿਆ ਕਿ ਫਿਰ ਉਸ ਨੇ ਇਸ ਸਵਾਮੀ ਨੂੰ ਏਨੇ ਪੈਸੇ ਕਿਉਂ ਦਿੱਤੇ ਤਾਂ ਉਸ ਨੇ ਕਿਹਾ ਕਿ ਉਸ ਨੂੰ ਭਾਰਤ ਦੇ ਕੇਂਦਰੀ ਮੰਤਰੀ ਨਰਸਿਮਹਾ ਰਾਓ ਨੇ ਦੇਣ ਨੂੰ ਕਿਹਾ ਸੀ। ਜੱਜ ਨੇ ਕਿਹਾ ਕਿ ਸਾਰਾ ਕੇਸ ਏਥੇ ਸਿਰੇ ਲੱਗ ਗਿਆ ਸਮਝਣਾ ਚਾਹੀਦਾ ਹੈ। ਇੱਕ ਵਕੀਲ ਨੇ ਉੱਠ ਕੇ ਕਿਹਾ ਕਿ ਕੇਸ ਸਿਰੇ ਨਹੀਂ ਲੱਗਦਾ, ਸਗੋਂ ਏਥੋਂ ਇੱਕ ਕੇਸ ਹੋਰ ਸਿਰ ਚੁੱਕ ਖੜੋਤਾ ਹੈ। ਇਸ ਬੰਦੇ ਨੇ ਕਿਹਾ ਹੈ ਕਿ ਉਸ ਨੇ ਨਰਸਿਮਹਾ ਰਾਓ ਦੇ ਆਖੇ ਲੱਗ ਕੇ ਪੈਸੇ ਦਿੱਤੇ ਸਨ ਅਤੇ ਇਸ ਨਾਲ ਦੇਸ਼ ਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਉੱਤੇ ਦਲਾਲੀ ਦਾ ਦੋਸ਼ ਬਣਦਾ ਹੈ। ਅਦਾਲਤ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਖਿਲਾਫ ਕੇਸ ਦਰਜ ਕਰਨ ਅਤੇ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦਾ ਹੁਕਮ ਦੇਣਾ ਪੈ ਗਿਆ ਸੀ। ਉਸ ਕੇਸ ਨੂੰ ਰੱਦ ਕਰਾਉਣ ਲਈ ਨਰਸਿਮਹਾ ਰਾਓ ਨੇ ਹਾਈ ਕੋਰਟ ਵਿੱਚ ਅਪੀਲ ਕੀਤੀ ਤੇ ਕਪਿਲ ਸਿੱਬਲ ਵਰਗੇ ਪ੍ਰਸਿੱਧ ਵਕੀਲ ਪੈਰਵੀ ਕਰਨ ਪਹੁੰਚੇ, ਪਰ ਕੇਸ ਰੱਦ ਨਹੀਂ ਸੀ ਹੋਇਆ। ਸੁਪਰੀਮ ਕੋਰਟ ਵਿੱਚ ਵੀ ਇਹ ਕੇਸ ਰੱਦ ਨਹੀਂ ਸੀ ਹੋਇਆ ਤੇ ਬਾਅਦ ਵਿੱਚ ਦੇਸ਼ ਦਾ ਪ੍ਰਧਾਨ ਮੰਤਰੀ ਰਹਿ ਚੁੱਕੇ ਨਰਸਿਮਹਾ ਰਾਓ ਨੂੰ ਜੇਲ੍ਹ ਜਾਣਾ ਪੈ ਗਿਆ ਸੀ। ਇਸ ਕੌੜੇ ਤਜਰਬੇ ਵੇਲੇ ਚਰਨਜੀਤ ਸਿੰਘ ਚੰਨੀ ਹਾਲੇ ਤੱਕ ਖਰੜ ਦੀ ਨਗਰ ਪਾਲਿਕਾ ਦਾ ਮੈਂਬਰ ਹੁੰਦਾ ਸੀ।

ਜਿਸ ਦੇਸ਼ ਵਿੱਚ ਇੱਕ ਪ੍ਰਧਾਨ ਮੰਤਰੀ ਰਹਿ ਚੁੱਕੇ ਸੀਨੀਅਰ ਆਗੂ ਨੂੰ ਭ੍ਰਿਸ਼ਟਾਚਾਰ ਦੇ ਕੇਸ ਦੀ ਦਲਾਲੀ ਦੇ ਦੋਸ਼ ਵਿੱਚ ਜੇਲ੍ਹ ਜਾਣਾ ਪਿਆ ਹੋਵੇ, ਤਿੰਨ ਆਗੂਆਂ ਨੂੰ ਮੁੱਖ ਮੰਤਰੀ ਹੁੰਦਿਆਂ ਜਾਂਚ ਦਾ ਸਾਹਮਣਾ ਹੋ ਚੁੱਕਾ ਹੋਵੇ ਤੇ ਕਈ ਹੋਰ ਸਾਬਕਾ ਮੁੱਖ ਮੰਤਰੀ ਏਦਾਂ ਦੀ ਜਾਂਚ ਲਈ ਪੇਸ਼ ਹੁੰਦੇ ਰਹੇ ਹੋਣ, ਓਥੇ ਇਹ ਆਮ ਗੱਲ ਹੈ। ਉਰਦੂ ਦਾ ਸ਼ੇਅਰ ਹੈ: 'ਤਪੋਂ ਰਾਜ ਲਿਆ ਜਿਸ ਨੇ, ਰਾਜੋਂ ਨਰਕ ਮਿਲੇ ਉਸ ਨੂੰ, ਜਿਸ ਵੇਲੇ ਅੰਦਾਜ਼ ਉਸ ਦਾ ਸ਼ਾਹਾਨਾ ਹੋ ਜਾਂਦਾ ਹੈ, ਅਤੇ ਇਹ ਸ਼ੇਅਰ ਅੱਜ ਦੀ ਰਾਜਨੀਤੀ ਅਤੇ ਰਾਜਸੀ ਲੀਡਰਾਂ ਉੱਤੇ ਵੀ ਫਿੱਟ ਬੈਠ ਸਕਦਾ ਹੈ। ਜਿਹੜੇ ਮੌਜੂਦਾ ਅਤੇ ਸਾਬਕਾ ਮੁੱਖ ਮੰਤਰੀਆਂ ਜਾਂ ਕੇਂਦਰੀ ਮੰਤਰੀਆਂ ਨੂੰ ਅੱਜ ਏਦਾਂ ਦੀ ਕਿਸੇ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਸਾਰੇ ਬੇਈਮਾਨ ਨਹੀਂ ਕਹੇ ਜਾ ਸਕਦੇ, ਪਰ ਸੋਨਾ ਅਸਲੀ ਹੈ ਜਾਂ ਉਸ ਦੇ ਅੰਦਰ ਕੁਝ ਖੋਟ ਹੈ, ਇਸ ਦੀ ਪਰਖ ਦੇ ਲਈ ਘਸਵੱਟੀ ਉੱਤੇ ਚਾੜ੍ਹਨਾ ਪੈ ਜਾਂਦਾ ਹੈ। ਇਨ੍ਹਾਂ ਸਭਨਾਂ ਨੂੰ ਅਸੀਂ ਦੋਸ਼ੀ ਨਹੀਂ ਕਹਿ ਸਕਦੇ, ਪਰ ਦੇਸ਼ ਦੇ ਲੋਕਾਂ ਦੀ ਨਜਰ ਵਿੱਚ ਵੱਡਾ ਮੁੱਦਾ ਇਹ ਹੈ ਕਿ ਜੇ ਆਮ ਆਦਮੀ ਦੇ ਖਿਲਾਫ ਕੇਸ ਬਣੇ ਤਾਂ ਜਿਸ ਪੰਧ ਤੋਂ ਉਸ ਆਮ ਆਦਮੀ ਨੂੰ ਗੁਜ਼ਰਨਾ ਪੈਂਦਾ ਹੈ, ਲੋਕਾਂ ਦੀਆਂ ਵੋਟਾਂ ਨਾਲ 'ਵੱਡੇ' ਬਣਨ ਵਾਲੇ ਆਗੂਆਂ ਨੂੰ ਵੀ ਉਸ ਤੋਂ ਛੋਟ ਨਹੀਂ ਹੋਣੀ ਚਾਹੀਦੀ। ਦੇਸ਼ ਦਾ ਸੰਵਿਧਾਨ ਜਦੋਂ ਇਹ ਕਹਿੰਦਾ ਹੈ ਕਿ ਉਸ ਦੀ ਨਜ਼ਰ ਵਿੱਚ ਹਰ ਨਾਗਰਿਕ ਬਰਾਬਰ ਦਾ ਵਿਅਕਤੀ ਹੈ ਤਾਂ ਦੇਸ਼ ਦੇ ਲੀਡਰ ਹੋਰ ਕੁਝ ਬਾਅਦ ਵਿੱਚ, ਪਹਿਲਾਂ ਇਸ ਭਾਰਤ ਦੇਸ਼ ਦੇ 'ਨਾਗਰਿਕ' ਹਨ ਤੇ ਹਰ ਨਾਗਰਿਕ ਨੂੰ ਬਰਾਬਰ ਹੀ ਮੰਨਣਾ ਚਾਹੀਦਾ ਹੈ। ਇਹ ਚੇਤਾ ਸਿਰਫ ਸਾਬਕਾ ਆਗੂਆਂ ਨੂੰ ਰੱਖਣ ਦੀ ਲੋੜ ਨਹੀਂ, ਜਿਹੜੇ ਲੋਕ ਅੱਜ ਰਾਜ-ਸੁਖ ਮਾਣ ਰਹੇ ਹਨ ਤੇ ਰਾਜ ਬਖਸ਼ਣ ਵਾਲੇ ਲੋਕਾਂ ਦਾ ਚੇਤਾ ਭੁਲਾਈ ਫਿਰਦੇ ਹਨ, ਉਨ੍ਹਾਂ ਸਾਰਿਆਂ ਨੂੰ ਵੀ ਇਸ ਵਕਤ ਫਸੇ ਫਿਰਦੇ ਆਗੂਆਂ ਦੇ ਹਸ਼ਰ ਤੋਂ ਸਿੱਖਣਾ ਚਾਹੀਦਾ ਹੈ।

# ਕਿਸਾਨੀ ਲਹਿਰ 'ਚ ਭਗਤ ਸਿੰਘ ਦੀ ਵਿਚਾਰਧਾਰਕ ਤਾਕਤ

**ਪੰਜਵੀਂ ਅਤੇ ਆਖਰੀ ਕਿਸ਼ਤ**

ਉਹ ਸੋਸ਼ਲ ਡੈਮੋਕਰੇਟਿਕ ਤਬਦੀਲੀਆਂ ਕੁੱਝ ਹੱਦ ਤੱਕ ਹੋਈਆਂ ਹਨ, ਜਿਵੇਂ ਸ਼ਾਵੇਜ਼ ਨੇ ਵੈਣਜ਼ੁਏਲਾ ਵਿਚ ਕੀਤੀਆਂ ਨੇ ਜਾਂ ਕੁਝ ਹੱਦ ਤੱਕ ਕੁਝ ਹੋਰ ਲਾਤੀਨੀ ਅਮਰੀਕੀ ਦੇਸਾਂ ਵਿਚ ਵੀ ਹੋਇਆ, ਲੇਕਿਨ ਅਲੰਡੇ ਨੇ ਪਾਰਲੀਮੈਂਟਰੀ ਤਰੀਕੇ ਨਾਲ ਹੀ 1973 ਵਿਚ ਸੋਸ਼ਲਿਸਟ ਇਨਕਲਾਬ ਚਿੱਲੀ ਵਿਚ ਕੀਤਾ ਸੀ, ਉਹਦਾ ਹਸ਼ਰ ਕੀ ਹੋਇਆ, ਤੁਹਾਨੂੰ ਪਤਾ ਹੈ, ਅਲੰਡੇ ਨੂੰ ਕਤਲ ਕੀਤਾ ਗਿਆ। ਉਸ ਤੋਂ ਬਾਅਦ ਪਾਬਲੋ ਨੇਰੂਦਾ ਨੂੰ ਵੀ ਲਗਭਗ ਕਤਲ ਹੀ ਕੀਤਾ, ਉਹ ਅਲੰਡੇ ਦਾ ਮਿੱਤਰ ਸੀ। ਉਹ ਦੁਨੀਆਂ ਦਾ ਬਹੁਤ ਵੱਡਾ ਸ਼ਾਇਰ ਸੀ, ਚੋਟੀ ਦਾ ਸ਼ਾਇਰ ਇਨਕਲਾਬੀ। ਉਹ ਵੀ ਇਕ ਤਰੀਕੇ ਨਾਲ ਕਤਲ ਤੇ ਵਿਕਟਰ ਜ਼ਾਰਾ ਬਹੁਤ ਵੱਡਾ ਸਿੰਗਰ ਸੀ ਚਿੱਲੀ ਦਾ, ਉਹਨੂੰ ਵੀ ਕਤਲ ਕੀਤਾ ਗਿਆ ਸੀ। ਹੁਣੇ ਪੇਰੂ ਦੇ ਵਿਚ ਇਕ ਸਕੂਲ ਟੀਚਰ ਪੈਡ੍ਰਲੋਰ ਪਾਰਲੀਮੈਂਟਰੀ ਤਰੀਕੇ ਨਾਲ ਸਤਾ ਵਿਚ ਆਇਆ। ਉਥੋਂ ਦੇ ਕਾਰਪੋਰੇਟ ਨੇ ਉਹਨੂੰ ਉਲਟ ਕੇ ਜੇਲ੍ਹ ਬੰਦ ਕੀਤਾ ਹੋਇਐ। ਇਸ ਵੇਲੇ ਤਿੰਨ ਮਹੀਨੇ ਵੀ ਇਨਕਲਾਬ ਚਲਣ ਨਹੀਂ ਦਿਤਾ।

ਜਦੋਂਕਿ ਇਹ ਪਾਰਲੀਮੈਂਟਰੀ ਤਰੀਕੇ ਨਾਲ ਕਾਰਪੋਰੇਟ ਦੇ ਹੱਥ ਜਿਸ ਕੋਲ ਬਹੁਤ ਵੱਡੀ ਤਾਕਤ ਹੈ ਤੇ ਉਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਪੂੰਜੀ ਦਾ ਹੱਕ ਹੋਰ ਆਮ ਲੋਕਾਂ ਕੋਲ ਪਹੁੰਚ ਜਾਏ ਪਰ ਫਿਰ ਵੀ ਇਸ ਸਿਸਟਮ ਦੇ ਵਿਚ ਰਹਿੰਦੇ ਹੋਏ ਕੁਝ ਚੀਜ਼ਾਂ ਲੋਕਾਂ ਨੂੰ ਰਲੀਫ ਵਜੋਂ ਮਿਲੀਆਂ। ਪੱਛਮੀ ਬੰਗਾਲ ਸਰਕਾਰ ਨੇ ਆਪਣੇ ਪਹਿਲੇ ਦੌਰ ਵਿਚ ਜ਼ਮੀਨੀ ਸੁਧਾਰ ਕੀਤੇ, ਕੇਰਲ ਦੀ ਸਰਕਾਰ ਨੇ ਜ਼ਮੀਨੀ ਸੁਧਾਰ ਕੀਤੇ। ਇਸ ਸਿਸਟਮ ਵਿਚ ਰਹਿ ਕੇ ਵੀ ਘਟੋ-ਘਟ ਕੁਝ ਸਮਾਜਿਕ ਤਬਦੀਲੀਆਂ, ਪ੍ਰਗਤੀਸ਼ੀਲ ਜਿਹਨਾਂ ਨੂੰ ਕਿਹਾ ਜਾ ਸਕਦਾ, ਕੀਤੀਆਂ ਜਾ ਸਕਦੀਆਂ ਹਨ। ਪਰ ਇਹ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਜਦੋਂ ਉਹ ਸਰਕਾਰਾਂ ਸਿਸਟਮ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕਰਨਗੀਆਂ, ਤਾਂ ਉਸ ਵੇਲੇ ਤੁਹਾਨੂੰ ਵੀ ਪਤਾ ਹੈ ਕਿ ਮੁੱਖ ਮੰਤਰੀ ਨੰਬੂਦਰੀਪਾਦ ਦੀ ਸਰਕਾਰ 1959 ਵਿਚ ਕਿਸ ਤਰ੍ਹਾਂ ਉਲਟਾਈ ਸੀ, ਕਿੰਨਾ ਜਮਹੂਰੀਅਤ ਪਸੰਦ ਕਹਾਉਂਦੇ ਨਹਿਰੂ ਨੇ ਤੇ ਉਹਦੀ ਧੀ ਨੇ, ਇੰਦਰਾ ਗਾਂਧੀ ਨੇ।

ਅੱਜ ਅਸੀਂ ਅੱਪਹੋਲਡ ਕਰਦੇ ਹਾਂ ਨਹਿਰੂ ਦਾ ਕਈ ਗੱਲਾਂ ਵਿਚ। ਪਰ ਆਜ਼ਾਦੀ ਤੋਂ ਪਹਿਲਾਂ ਦਾ ਨਹਿਰੂ ਵੱਖਰਾ ਸੀ। ਆਜ਼ਾਦੀ ਤੋਂ ਬਾਅਦ ਦਾ ਸੱਤਾ ਵਾਲਾ ਨਹਿਰੂ ਵੱਖਰਾ ਸੀ। ਤਿਲੰਗਾਨਾ ਲਹਿਰ ਨੂੰ ਕੁਚਲਿਆ, ਨਹਿਰੂ ਨੇ ਕੁਚਲਿਆ। ਇਸ ਕਰਕੇ ਸਾਨੂੰ ਬਹੁਤੇ ਭਰਮ ਨਹੀਂ ਪਾਲਣੇ ਚਾਹੀਦੇ। ਲੇਕਿਨ ਹਾਂ, ਜਿਸਨੂੰ ਕਹਿਣਾ ਚਾਹੀਦਾ ਕਿ ਤੱਤਕਾਲੀ ਲੋੜਾਂ ਮੁਤਾਬਕ ਅਸੀਂ ਅੱਜ ਮਹਾਤਮਾ ਗਾਂਧੀ ਨੂੰ ਵੀ ਅਪਹੋਲਡ ਕਰਦੇ ਹਾਂ, ਉਸਦੇ ਧਾਰਮਿਕ ਹੋਣ ਦੇ ਬਾਵਜੂਦ ਪਰ ਗੈਰ-ਫਿਰਕੂ ਵਿਚਾਰਾਂ ਕਰਕੇ ਅਤੇ ਸਾਰੇ ਸਰਬ-ਸ਼ਮੂਲੀ ਵਿਚਾਰਾਂ ਕਰਕੇ, ਸਾਰੇ ਧਰਮਾਂ ਦੇ ਵਿਚ ਆਪਸੀ ਸਹਿਚਾਰ ਭਾਈਚਾਰਾ ਹੋਣਾ, ਕਿਸੇ ਧਰਮ ਨੂੰ ਵੱਡਾ ਛੋਟਾ ਨਹੀਂ ਮੰਨਣਾ ਚਾਹੀਦਾ। ਨਹਿਰੂ ਨੂੰ ਵੀ ਅਪਹੋਲਡ ਕਰਦੇ ਹਾਂ ਏਧਰ ਰਾਹੁਲ ਗਾਂਧੀ ਏਨਾ ਤੁਰਿਆ ਫਿਰਦੈ ਪੰਜਾਬ ਵਿਚ, ਇਸਨੂੰ ਆਪਣੇ ਪੜਨਾਨੇ ਤੋਂ ਅਕਲ ਨਹੀਂ ਆਉਂਦੀ ਕਿ ਤੂੰ ਅੰਮ੍ਰਿਤਸਰ ਗੋਲਡਨ ਟੈਂਪਲ ਤਾਂ ਜਾਨੈਂ ਪਰ ਜਲ੍ਹਿਆਂਵਾਲਾ ਬਾਗ ਵਿਚ ਨਹੀਂ ਜਾਂਦਾ, ਜਿਹੜਾ ਦੋ ਕਦਮ ਤੇ ਹੈ। ਤੂੰ ਲੋਕਾਂ ਦੇ ਦਿਲਾਂ ਵਿਚ ਕਿਥੋਂ ਆਪਣੀ ਰਾਹ ਬਣਾਏਂਗਾ। ਜੇ ਤੂੰ ਨਹਿਰੂ ਨੂੰ ਪੜ੍ਹਿਆ ਹੁੰਦਾ, ਨਹਿਰੂ ਤਾਂ 17 ਸਾਲ ਆਪਣੀ ਉਮਰ ਦੇ ਪ੍ਰਧਾਨ ਮੰਤਰੀ ਕਾਲ ਵਿਚ ਇਕ ਵਾਰੀ ਕਿਸੇ ਧਾਰਮਿਕ ਜਗ੍ਹਾ ਵਿਚ ਨਹੀਂ ਗਿਆ। ਕੋਈ ਸਾਬਤ ਕਰ ਦੇਵੇ ਕਿ ਉਹ ਧਾਰਮਿਕ ਜਗ੍ਹਾ ਗਿਆ। ਇਥੋਂ ਤੱਕ ਕਿ ਗਾਂਧੀ ਵੀ ਕਿਸੇ ਧਾਰਮਿਕ ਜਗ੍ਹਾ ਨਹੀਂ ਗਿਆ। ਗਾਂਧੀ ਦਲਿਤਾਂ ਦੀ ਬਸਤੀ ਵਿਚ ਰਹਿੰਦਾ ਸੀ, ਗਾਂਧੀ ਉਥੇ ਬਿਰਲੇ ਦੇ ਘਰ ਵਿਚ ਰਹਿੰਦਾ ਸੀ। ਪਰ ਬਿਰਲਾ ਮੰਦਰ ਵਿਚ ਕਦੇ ਨਹੀਂ ਗਿਆ ਗਾਂਧੀ। ਗਾਂਧੀ ਵਾਸਤੇ ਧਰਮ ਉਹਦੀ ਆਤਮਾ ਦੀ ਚੀਜ਼ ਸੀ, ਉਹਦੇ ਅੰਦਰ ਸੀ, ਵਿਖਾਵੇ ਦੀ ਚੀਜ਼ ਨਹੀਂ ਸੀ ਜਿਵੇਂ ਅੱਜ ਦੇ ਹਿੰਦੂਤਵਵਾਦੀ ਇਸਲਾਮੀ ਖਾਲਿਸਤਾਨੀ ਇਹ ਸਾਰੇ ਵਿਖਾਵਾ ਬਣਾ ਕੇ ਪੰਜਾਬ ਦੇ ਅਮਨ ਨੂੰ ਫੇਰ, ਖਤਰਾ ਖੜ੍ਹਾ ਕੀਤਾ ਹੋਇਐ।

ਬੜੇ ਬੜੇ ਖਾਲਿਸਤਾਨੀ ਤੇ ਆਰਐਸਐਸ ਵਾਲੇ ਕਹਿੰਦੇ ਨੇ ਕਿ "ਮੈਂ ਨਾਸਤਿਕ ਕਿਉਂ ਹਾਂ", ਜਿਹੜਾ ਲੇਖ ਹੈ ਇਹ ਤਾਂ ਭਗਤ ਸਿੰਘ ਨੇ ਲਿਖਿਆ ਹੀ ਨਹੀਂ। ਇਹ ਤਾਂ ਕਮਿਊਨਿਸਟਾਂ ਨੇ ਵਿਚੋਂ ਬਦਲਿਆ ਅਤੇ ਆਪ ਹੀ ਲੈਕਚਰ ਪਾ ਦਿਤਾ। ਤੇ ਉਹਨਾਂ ਦਾ ਮੂੰਹ ਤੋੜ ਜਵਾਬ ਦੇਣ ਵਾਸਤੇ ਮੈਂ 27 ਸਤੰਬਰ ਨੂੰ ਛਪੇ 'ਦਾ ਪੀਪਲ' ਦੇ ਅਖਬਾਰ ਦੀ ਸਕੈਨ ਕੀਤੀ ਕਾਪੀ ਕੱਢ ਕੇ ਰੱਖੀ ਕਿ ਇਹ ਪ੍ਰਮਾਣਿਤ ਹੈ, ਇਹਨੂੰ ਕਰੋ ਚੈਲਿੰਜ। ਇਹ ਅਖਬਾਰ 27 ਸਤੰਬਰ 1931 ਦਾ ਛਪਿਆ ਹੈ। ਜੇ ਕਮਿਊਨਿਸਟਾਂ ਦੇ ਕਹੇ ਪਾਇਆ ਹੈ ਤਾਂ ਫਿਰ 1934 ਵਿਚ ਪੇਰਿਆਰ ਨੇ ਉਹਨੂੰ ਕਿਉਂ ਤਾਮਿਲ ਵਿਚ ਅਨੁਵਾਦ ਕਰਾ ਦਿਤਾ ਸੀ। ਇਸ ਕਰਕੇ ਭਗਤ ਸਿੰਘ ਦੀਆਂ ਲਿਖਤਾਂ ਨੂੰ ਵੀ ਜਾਅਲੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਉਹਦੀਆਂ ਫੋਟੋਆਂ ਨੂੰ ਜਾਅਲੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਉਹਦੇ ਵਿਚਾਰਾਂ ਨੂੰ ਵੀ ਜਾਅਲੀ ਬਣਾਉਣ ਦੀ ਕੋਸ਼ਿਸ਼ ਕਰਦੇ ਨੇ ਤੇ ਮਾਇਥਾਲੋਜੀ ਵਿਚ ਰੰਗਣ ਦੀ ਕੋਸ਼ਿਸ਼ ਕਰਦੇ ਨੇ।

ਇਸ ਵੇਲੇ ਜਮਹੂਰੀ ਸ਼ਕਤੀਆਂ ਦਾ ਜਾਂ ਭਗਤ ਸਿੰਘ ਦੇ ਪ੍ਰਸ਼ੰਸਕਾਂ ਦਾ ਜਾਂ ਜਮਹੂਰੀ ਇਨਕਲਾਬ, ਲੋਕ ਜਮਹੂਰੀ ਇਨਕਲਾਬ, ਸਮਾਜਵਾਦੀ ਇਨਕਲਾਬ, ਮਜ਼ਦੂਰ ਕਿਸਾਨ ਪਖੀ ਇਨਕਲਾਬ ਦੇ ਸਾਰੇ ਹਮਾਇਤੀਆਂ ਦਾ ਇਕ ਫਰਜ਼ ਬਣਦਾ ਹੈ, ਦੋਹਰੀ ਲੜਾਈ ਲੜਨੀ ਹੈ। ਇਕ ਤਾਂ ਇਕੱਲੀ ਉਹਦੀ ਬਾਹਰਲੀ ਦਿੱਖ ਦੀ ਲੜਾਈ ਹੈ, ਉਹਦੀਆਂ ਤਸਵੀਰਾਂ ਕਿਹੋ ਜਿਹੀਆਂ ਨੇ, ਉਹਦੇ ਚਿੱਤਰ ਕਿਹੋ ਜਿਹੇ ਨੇ, ਪਰ ਉਸ ਨਾਲੋਂ ਵੀ ਵੱਡੀ ਲੜਾਈ ਹੈ, ਉਹਦੇ ਵਿਚਾਰਾਂ ਨੂੰ ਅਪਣਾਉਣ ਦੀ ਅਤੇ ਸਮਾਜ ਦੇ ਵਿਚ ਫੈਲਾਉਣ ਦੀ ਜਿਸਦਾ ਸਭ ਤੋਂ ਵਧੀਆ ਯਤਨ ਜੋ ਕੀਤਾ ਉਹ ਸਾਡੀ ਕਿਸਾਨੀ ਲਹਿਰ ਨੇ ਕੀਤਾ। ਪਿਛਲੇ ਡੇਢ ਸਾਲ ਦੀ ਕਿਸਾਨੀ ਲਹਿਰ ਜਿਹੜੀ ਸੀ ਇਹਦੀ ਆਪਣੀ ਜਥੇਬੰਦਕ ਤਾਕਤ ਸੀ ਜ਼ਰੂਰ, ਪਰ ਇਸ ਜਥੇਬੰਦਕ ਤਾਕਤ ਤੋਂ ਇਲਾਵਾ, ਉਹਨਾਂ ਕੋਲ ਭਗਤ ਸਿੰਘ ਦੀ ਵਿਚਾਰਧਾਰਾ ਦੀ ਵਿਚਾਰਧਾਰਕ ਤਾਕਤ ਵੀ ਸੀ। ਜਿਹੜੀ ਬੇਕਿਰਕ ਲੜਾਈ ਲੜਨ ਦੀ ਤਾਕਤ, ਕੁਰਬਾਨੀਆਂ ਦੇਣ ਦੀ ਤਾਕਤ ਸੀ, ਉਹ ਉਹਨਾਂ ਨੇ ਭਗਤ ਸਿੰਘ ਤੋਂ ਸਿਖੀ ਅਤੇ ਲਈ ਸੀ। ਇਸ ਲਈ ਉਥੋਂ ਦੀਆਂ ਤਸਵੀਰਾਂ ਵਿਚ ਨਜ਼ਰ ਆਉਂਦੈ ਕਿ ਕਿਵੇਂ ਕਿਸਾਨ ਉਥੇ ਮੋਰਚੇ ਤੇ ਬੈਠੇ ਭਗਤ ਸਿੰਘ ਦੀਆਂ ਕਿਤਾਬਾਂ ਪੜ੍ਹ ਰਹੇ ਨੇ ਭਗਤ ਸਿੰਘ

**ਪ੍ਰੋ. ਚਮਨ ਲਾਲ**

**ਪੇਸ਼ਕਸ਼ : ਗੁਰਨਾਮ ਕੰਵਰ**

ਦੀਆਂ ਤਸਵੀਰਾਂ ਤੇ ਫੁੱਲਮਾਲਾ ਨਹੀਂ ਚੜ੍ਹਾ ਰਹੇ ਉਥੇ। ਕਿਸਾਨੀ ਮੋਰਚੇ ਵਿਚ ਭਗਤ ਸਿੰਘ ਦੀਆਂ ਤਸਵੀਰਾਂ ਤੇ ਫੁੱਲ ਨਹੀਂ ਚੜ੍ਹਾਏ ਗਏ ਕਦੇ, ਮਾਲਾ ਨਹੀਂ ਚੜ੍ਹਾਈਆਂ, ਬੁੱਤ ਲਾਕੇ ਨਹੀਂ ਰਖਿਆ ਸਟੇਜ ਤੇ। ਕਿਤਾਬਾਂ ਪੜ੍ਹੀਆਂ ਕਿਸਾਨਾਂ ਨੇ ਕਿਤਾਬਾਂ ਪੜ੍ਹੀਆਂ। ਇਹ ਸਾਬਤ ਕਰਦਾ ਹੈ ਕਿ ਭਗਤ ਸਿੰਘ ਦੇ ਵਿਚਾਰਾਂ ਵਿਚ ਅੱਜ ਵੀ ਤਾਕਤ ਹੈ। ਅੱਜ ਵੀ ਜਿਹੜੀ ਕਿਸਾਨੀ ਲਹਿਰ ਖਿੰਡੀ ਪਈ ਹੈ, ਉਸਨੇ ਆਪਣੀ ਏਨੀ ਵਡੀ ਤਾਕਤ ਖੜ੍ਹੀ ਕਰਕੇ ਫਾਸ਼ੀਵਾਦ ਨੂੰ ਸਭ ਤੋਂ ਵਡੀ ਚੁਣੌਤੀ ਦਿਤੀ ਸੀ। ਜਿਸ ਤੋਂ ਇਕ ਆਸ ਦੀ ਕਿਰਨ ਬੱਝੀ ਸੀ। ਜੇ ਕਲ੍ਹ ਨੂੰ ਇਹ ਲੜਾਈ ਫਾਸ਼ੀਵਾਦ ਦੇ ਖਿਲਾਫ ਲੜੀ ਜਾ ਸਕਦੀ ਹੈ ਤਾਂ ਇਹ ਕਿਸਾਨੀ ਦੀ ਜਥੇਬੰਦਕ ਤਾਕਤ ਹੀ ਸਭ ਤੋਂ ਵਡੀ ਮੁੱਖ ਤਾਕਤ ਹੋਵੇਗੀ। ਅੱਜ ਉਹ ਮੁੱਖ ਤਾਕਤ ਖਿੰਡਾਅ ਦੇ ਖਤਰੇ ਵਿਚ ਹੈ। ਅਸੀਂ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਬਿਨਾਂ ਕਿਸੇ ਖਾਸ ਦਾ ਨਾਂਅ ਲਿਆਂ ਅਪੀਲ ਹੀ ਕਰ ਸਕਦੇ ਹਾਂ ਕਿ ਉਹ ਜਥੇਬੰਦਕ ਤਾਕਤ ਫੇਰ ਬਣਾਓ, ਆਪਣੇ ਵਿਚਾਰਧਾਰਕ ਮਤਭੇਦਾਂ ਦੇ ਬਾਵਜੂਦ। ਤੁਹਾਡੀਆਂ 32 ਕਿਸਾਨ ਜਥੇਬੰਦੀਆਂ ਸੀ, ਤੁਹਾਡੇ ਬਥੇਰੇ ਮਤਭੇਦ ਸਨ ਪਰ ਤੁਸੀਂ ਸਾਂਝੀ ਲੜਾਈ ਲੜੀ ਅਤੇ ਸੱਤ ਸਾਲਾਂ ਵਿਚ ਪਹਿਲੀ ਜਿੱਤ ਹਾਸਲ ਕੀਤੀ। ਪਹਿਲੀ ਜਿੱਤ ਜੇ ਕਿਸੇ ਨੇ ਸੱਤ ਸਾਲਾਂ ਵਿਚ ਫਾਸ਼ੀਵਾਦ ਦੇ ਖਿਲਾਫ ਹਾਸਲ ਕੀਤੀ ਹੈ, ਤਾਂ ਕਿਸੇ ਰਾਜਨੀਤਕ ਪਾਰਟੀ ਨੇ ਨਹੀਂ ਕੀਤੀ ਸੀ। ਕੋਈ ਚੋਣ ਭਾਵੇਂ ਕਿਤੇ ਨਾ ਕਿਤੇ ਜਿੱਤ ਜਾਂਦੇ ਹੋਣ, ਪਰ ਜੇ ਕਿਸੇ ਨੇ ਜਿੱਤ ਹਾਸਲ ਕੀਤੀ ਹੈ, ਤਾਂ ਇਹ ਸਾਂਝੀ ਕਿਸਾਨ ਲਹਿਰ ਨੇ ਕੀਤੀ ਹੈ। ਅੱਜ ਉਸ ਕਿਸਾਨ ਲਹਿਰ ਦੀ ਨੈਤਿਕ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਸਿਰਫ ਕਿਸਾਨੀ ਦਾ ਹੀ ਨਹੀਂ, ਉਹਨਾਂ ਨੂੰ ਹਿੰਦੁਸਤਾਨ ਦਾ ਵੀ ਧਿਆਨ ਰਖਣਾ ਚਾਹੀਦੈ। ਉਹਦੇ ਪਿੱਛੇ ਵੀ ਅੱਜ ਫੇਰ ਉਸ ਕਿਸਾਨੀ ਲਹਿਰ ਨੂੰ ਇਕਜੁੱਟ ਕਰਨ ਦੀ ਵਡੀ ਲੋੜ ਹੈ। ਤਾਂ ਹੀ ਜਾਕੇ ਭਗਤ ਸਿੰਘ ਦੇ ਵਿਚਾਰਾਂ ਦੀ ਵੀ ਸਾਰਥਿਕਤਾ ਬਣਨੀ ਹੈ, ਤਾਂ ਹੀ ਜਾਕੇ ਹਿੰਦੁਸਤਾਨ ਨੇ ਫਾਸ਼ੀਵਾਦ ਤੋਂ ਮੁਕਤੀ ਹਾਸਲ ਕਰਨੀ ਹੈ। ਇਹ ਬਹੁਤ ਲੰਮੀ ਲੜਾਈ ਹੈ। ਇਹ ਨਾ ਸਮਝੋ ਕਿ ਇਹ ਛੋਟੀ ਲੜਾਈ ਹੈ। ਬਹੁਤ ਲੰਮੀ ਤੇ ਬਹੁਤ ਔਖੀ ਲੜਾਈ ਹੈ।ਕਿੰਨੀ ਔਖੀ ਲੜਾਈ ਕਿਸਾਨੀ ਨੇ ਲੜੀ ਹੈ, ਤੁਸੀਂ ਸਾਰੇ ਜਾਣਦੇ ਹੋ ਗਰਮੀ, ਸਰਦੀ, ਬਰਸਾਤ, ਕੜਕਦੀ ਠੰਡ, ਬੇਹੱਦ ਗਰਮੀ, ਭੁੱਖ ਹੜਤਾਲਾਂ, ਸੱਤ ਸੌ ਤੋਂ ਵੱਧ ਕਿਸਾਨ ਸ਼ਹੀਦ ਹੋਏ। ਇਹ ਏਨੀਆਂ ਸ਼ਹਾਦਤਾਂ ਦੇ ਬਾਅਦ, ਏਨੀਆਂ ਤਕਲੀਫਾਂ ਦੇ ਬਾਅਦ। ਏਨੇ ਜ਼ੁਲਮ ਤਾਂ ਮੈਨੂੰ ਲਗਦੈ ਕਿ ਅੰਗ੍ਰੇਜ਼ ਸਰਕਾਰ ਨੇ ਵੀ ਆਪਣੇ ਡੇਢ੍ਹ-ਦੋ ਸੌ ਸਾਲ ਵਿਚ ਨਹੀਂ ਕੀਤੇ ਹੋਣੇ, ਇਸ ਮੁਲਕ ਦੀ ਲੋਕਾਈ ਉਤੇ, ਜਿੰਨੇ ਆਹ ਡੇਢ੍ਹ ਸਾਲ ਵਿਚ ਕਿਸਾਨੀ ਲਹਿਰ ਉਤੇ ਦੇਸੀ ਫਾਸ਼ੀ ਸਰਕਾਰ ਨੇ ਕੀਤੇ। ਇਸ ਕਰਕੇ ਇਹ ਦੇਸੀ ਫਾਸ਼ੀ ਸਰਕਾਰ ਅੰਗ੍ਰੇਜ਼ ਸਰਕਾਰ ਤੋਂ ਵੀ ਵੱਧ ਖਤਰਨਾਕ ਹੈ ਕਿਉਂਕਿ ਇਥੇ ਇਹ ਦੇਸੀ ਨਾਂਅ ਉਤੇ ਆਪਦੀ ਹਮਾਇਤ ਹਾਸਲ ਕਰਦੀ ਰਹੀ ਹੈ। ਲੋਕਾਂ ਚੋਂ ਉਹਨਾਂ ਦੀ ਹਮਾਇਤ ਦਾ ਘੇਰਾ ਖਤਮ ਕਰਨ ਅਤੇ ਆਪਣੇ ਨਾਲ ਲੋਕਾਂ ਨੂੰ ਜੋੜਨ ਵਾਸਤੇ ਭਗਤ ਸਿੰਘ ਦੇ ਇਹ ਵਿਚਾਰ ਬਹੁਤ ਜ਼ਰੂਰੀ ਹਨ।ਇਹ ਜਥੇਬੰਦੀਆਂ ਲਈ ਬਹੁਤ ਜ਼ਰੂਰੀ ਹਨ। ਸਭ ਤੋਂ ਵੱਧ ਕਿਸਾਨ ਜਥੇਬੰਦੀਆਂ ਲਈ ਜ਼ਰੂਰੀ ਹਨ। ਮਜ਼ਦੂਰ ਜਮਾਤ ਤਾਂ ਵੈਸੇ ਹੀ ਖਿੰਡਾਅ ਵਿਚ ਹੈ, ਲੇਕਿਨ ਮਜ਼ਦੂਰ ਜਥੇਬੰਦੀਆਂ ਵੀ ਓਨੀਆਂ ਹੀ ਜ਼ਰੂਰੀ ਹਨ। ਜੇ ਕਿਸਾਨ ਤਾਕਤਵਰ ਹੋਣਗੇ ਤਾਂ ਮਜ਼ਦੂਰ ਜਥੇਬੰਦੀਆਂ ਵੀ ਹੌਲੀ ਹੌਲੀ ਤਾਕਤਵਰ ਹੋਣਗੀਆਂ। ਵਿਦਿਆਰਥੀ, ਨੌਜਵਾਨ, ਮੁਲਾਜ਼ਮ ਤੇ ਹੋਰ ਜਥੇਬੰਦੀਆਂ ਜਿਹੜੀਆਂ ਹਨ, ਇਹਨਾਂ ਦੀ ਤਾਕਤ ਦਾ ਮੁੱਖ ਆਧਾਰ ਕਿਸਾਨ ਜਥੇਬੰਦੀਆਂ ਦੀ ਏਕਤਾ ਅਤੇ ਤਾਕਤ ਹੋਵੇਗਾ। ਜੇ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਤਾਕਤਵਰ ਹੋਣਗੀਆਂ ਤਾਂ ਮੁਲਾਜ਼ਮ ਜਥੇਬੰਦੀਆਂ ਵੀ ਤਾਕਤਵਰ ਹੋਣੀਆਂ, ਵਿਦਿਆਰਥੀ ਜਥੇਬੰਦੀਆਂ ਵੀ ਤਾਕਤਵਰ ਹੋਣਗੀਆਂ। ਇਸ ਕਰਕੇ ਇਹ ਸਾਰੀਆਂ ਜਥੇਬੰਦੀਆਂ ਨੂੰ ਇਕ ਟੀਚਾ ਬਣਾਉਣਾ ਚਾਹੀਦਾ, ਇਕੱਲੇ ਸੈਮੀਨਾਰਾਂ ਨਾਲ, ਜਾਂ ਇਕੱਲੇ ਗੱਲਾਂ ਬਾਤਾਂ ਨਾਲ ਕੰਮ ਨਹੀਂ ਸਰਨਾ।

ਮੈਂ ਅਖੀਰ ਵਿਚ ਤੁਹਾਨੂੰ ਬਸ ਦੋ ਗੱਲਾਂ ਕਰਕੇ ਆਪਣੀ ਗੱਲ ਖਤਮ ਕਰਦਾਂ। ਹੋ ਸਕਦੈ, ਮੈਂ ਟਾਈਮ ਕੁਝ ਜ਼ਿਆਦਾ ਵੀ ਲੈ ਲਿਆ ਹੋਵੇ। ਇਕ ਤਾਂ ਇਹ ਕਿ ਪੰਜਾਬੀ ਦੇ ਵਿਚ "ਭਗਤ ਸਿੰਘ ਦੇ ਸਿਆਸੀ ਦਸਤਾਵੇਜ਼" (ਸਰੋਤਿਆਂ ਨੂੰ ਦਿਖਾਉਂਦੇ ਹਨ) ਇਹ ਕਿਤਾਬ ਨੈਸ਼ਨਲ ਬੁੱਕ ਟਰੱਸਟ ਨੇ ਛਾਪੀ ਹੈ। ਮੈਂ ਸਿਰਫ ਪੰਜਾਬੀ ਦੀਆਂ ਕਿਤਾਬਾਂ ਲਿਆਇਆਂ। ਮੇਰੇ ਨਾਂਅ ਤੇ 25 ਕਿਤਾਬਾਂ ਛਪੀਆਂ ਹੋਈਆਂ ਨੇ, ਹਿੰਦੁਸਤਾਨ ਦੀਆਂ ਵੱਖ ਜ਼ਬਾਨਾਂ ਵਿਚ, ਮਰਾਠੀ, ਉਰਦੂ, ਕੱਨੜ, ਹਿੰਦੀ ਵਿਚ ਵੀ। ਮੈਂ ਸਿਰਫ ਪੰਜਾਬੀ ਤੇ ਅੰਗ੍ਰੇਜ਼ੀ ਵਾਲੀਆਂ ਲੈ ਕੇ ਆਇਆਂ। ਤੇ ਇਸ ਵਿਚ ਭਗਤ ਸਿੰਘ ਦੇ ਜਿਹੜੇ ਲੇਖ 'ਕਿਰਤੀ' ਅਖਬਾਰ ਵਿਚ ਛਪੇ ਸੀ, ਮੈਂ ਉਹਨਾਂ ਦਾ ਕੰਨਾ ਬਿਹਾਰੀ ਵੀ ਨਹੀਂ ਬਦਲੀ। ਪ੍ਰੋ. ਜਗਮੋਹਨ ਸਿੰਘ ਦੀ ਕਿਤਾਬ ਵਿਚ ਜਿਹੜੇ ਲੇਖ ਛਪੇ ਹਨ, ਉਹ ਥੋੜ੍ਹੇ ਜਿਹੇ ਬਦਲ ਬਦਲ ਕੇ ਕਿਸੇ ਨੇ ਕੀਤੇ ਨੇ, ਜਿਵੇਂ ਮੁੱਖ ਰੂਪ ਵਿਚ ਉਰਦੂ ਵਿਚ ਛਪਿਆ ਸੀ "ਧਰਮਵਾਰ ਫਸਾਦ ਔਰ ਉਨਕਾ ਇਲਾਜ" ਪਰ ਉਹਨਾਂ ਨੇ "ਧਰਮ ਅਤੇ ਸੰਪਰਦਾਇਕ ਦੰਗੇ" ਕੁਝ ਅਜਿਹਾ ਕੀਤਾ ਹੈ। ਮੈਂ ਉਹ ਬਿਲਕੁਲ ਨਹੀਂ ਬਦਲੇ, ਜਿਵੇਂ ਕਿਰਤੀ ਵਿਚ ਹਨ, ਉਹ ਮੂਲ ਰੂਪ ਵਿਚ ਰਖੇ ਹਨ।

ਦੂਜੀ ਗੱਲ, ਇਹ ਕਿਤਾਬਚਾ ਹੈ, ਇਹ ਦਿੱਲੀ ਵਿਚ ਭਗਤ ਸਿੰਘ ਆਰਕਾਈਵਜ਼ ਵਿਚ ਦਿੱਲੀ ਸਰਕਾਰ ਦੇ ਦਿੱਲੀ ਭਗਤ ਸਿੰਘ ਆਰਕਾਈਵਜ਼ ਵਿਚ ਮੈਂ ਸ਼ਾਮਲ ਕੀਤੇ। ਅਸੀਂ 23 ਮਾਰਚ 2018 ਨੂੰ ਉਹਦਾ ਉਦਘਾਟਨ ਕੀਤਾ। ਇਕ ਬਰੋਸ਼ਰ ਤਿਆਰ ਕੀਤਾ ਜਿਸ ਵਿਚ ਚਾਰ ਲੇਖ ਭਗਤ ਸਿੰਘ ਦੇ ਸਨ: ਉਰਦੂ, ਪੰਜਾਬੀ, ਹਿੰਦੀ ਅਤੇ ਅੰਗ੍ਰੇਜ਼ੀ ਚਾਰ ਜ਼ਬਾਨਾਂ ਵਿਚ। ਇਹ ਕਿਤਾਬ ਅਸੀਂ ਉਥੇ ਆਰਕਾਈਵਜ਼ ਆਉਣ ਵਾਲਿਆਂ ਨੂੰ ਮੁਫਤ ਵੰਡਦੇ ਰਹੇ। ਦਿਲੀ ਸਰਕਾਰ ਦੇ ਜਦੋਂ ਉਥੇ ਫੰਕਸ਼ਨ ਹੁੰਦੇ ਸਨ, ਘਟੋਘਟ ਜਦੋਂ ਮੈਂ ਉਥੇ ਹੁੰਦਾ ਸਾਂ ਤਾਂ ਇਹ ਕਾਪੀਆਂ ਹਜ਼ਾਰਾਂ ਦੀ ਗਿਣਤੀ ਵਿਚ ਮੁਫਤ ਵੰਡ ਦਿੰਦੇ। ਇਸ ਦੇ ਵਿਚ ਅਸੀਂ ਹੋਰ ਲੇਖ ਵੀ ਸ਼ਾਮਲ ਕੀਤੇ ਹਨ, ਜਿਵੇਂ ਵਿਦਿਆਰਥੀਆਂ ਦੇ ਨਾਂਅ ਚਿੱਠੀ, ਆਦਿ।ਇਹ ਚੀਜ਼ਾਂ ਸਾਡੇ ਲਈ ਸਭ ਤੋਂ ਵੱਧ ਜ਼ਰੂਰੀ ਹਨ ਕਰਨੀਆਂ। ਇਹ ਠੀਕ ਹੈ ਕਿ ਮੈਂ ਸਰਕਾਰੀ ਅਦਾਰੇ ਦਾ ਹੀ ਇਸਤੇਮਾਲ ਕਰ ਰਿਹਾਂ। ਲੇਕਿਨ ਇਸ ਸਰਕਾਰੀ ਅਦਾਰੇ ਦੇ ਅੰਦਰ ਰਹਿਕੇ ਜਿੰਨਾ ਭਗਤ ਸਿੰਘ ਦੇ ਵਿਚਾਰਾਂ ਦਾ ਪ੍ਰਚਾਰ ਕੀਤਾ ਜਾ ਸਕਦੈ, ਅਸੀਂ ਕਰਦੇ ਹਾਂ।ਅੱਜ ਵੀ ਭਗਤ ਸਿੰਘ ਆਰਕਾਈਵਜ਼ ਵਿਚ ਭਗਤ ਸਿੰਘ ਦੀ ਕੋਈ ਜਾਅਲੀ ਫੋਟੋ ਨਹੀਂ। ਉਥੇ ਸਾਰੀਆਂ ਅਸਲ ਤਸਵੀਰਾਂ ਹੀ ਲਗੀਆਂ ਨੇ, ਉਥੇ ਅਸਲ ਤਸਵੀਰਾਂ ਦੇ ਪੈਨਲ ਬਣਾਏ ਗਏ ਹਨ। ਇਸ ਤੋਂ ਇਲਾਵਾ ਜਿਹੜਾ ਮੇਰਾ ਕਿਤਾਬਾਂ ਦਾ ਨਿਜੀ ਸੰਗ੍ਰਿਹ ਸੀ, ਆਜ਼ਾਦੀ ਦੇ ਘੋਲ ਤੇ, ਜਿਹਨਾਂ ਚੋਂ ਕਰੀਬ ਢਾਈ ਸੌ ਕਿਤਾਬਾਂ ਇਕੱਲੇ ਭਗਤ ਸਿੰਘ ਤੇ ਸਨ, ਉਹ ਸਾਰੀਆਂ ਕਿਤਾਬਾਂ ਮੈਂ ਆਰਕਾਈਵਜ਼ ਨੂੰ ਭੇਟ ਕਰ ਦਿਤੀਆਂ ਹਨ। ਇਸ ਕਰਕੇ, ਸ਼ਰਤਾਂ ਨਾਲ, ਤਾ ਕਿ ਮੇਰਾ ਉਥੇ ਦਖਲ ਰਹੇ। ਉਥੇ ਮੈਂ ਜਾਂਦਾ ਵੀ ਹਾਂ ਤੇ ਥੋੜ੍ਹੀ ਦੇਰ ਉਥੇ ਬਹਿੰਦਾ ਵੀ ਹਾਂ, ਹਫਤੇ ਵਿਚ ਦੋ-ਤਿੰਨ ਦਿਨ। ਦਿੱਲੀ ਸਰਕਾਰ ਨੇ ਇਕ ਪੈਸਾ ਮੁੜਕੇ ਇਸ ਆਰਕਾਈਵਜ਼ ਤੇ ਨਹੀਂ ਖਰਚ ਕੀਤਾ। ਦਸ ਕਰੋੜ ਦਾ ਬਜਟ ਉਹਨਾਂ ਰਖਿਆ ਭਗਤ ਸਿੰਘ ਦੇ ਨਾਂਅ ਤੇ, ਅੰਬੇਦਕਰ ਦੇ ਨਾਂਅ ਤੇ ਵੀ ਦਸ ਕਰੋੜ ਰਖਿਆ। ਮੈਂ ਉਹਨਾਂ ਨੂੰ ਕਿਹਾ ਕਿ ਭਗਤ ਸਿੰਘ ਆਰਕਾਈਵਜ਼ ਨੂੰ ਕੁਝ ਹੋਰ ਕਿਤਾਬਾਂ ਵੀ ਮੰਗਵਾ ਦਿਓ, ਮੇਰੀਆਂ ਦਿਤੀਆਂ ਤੋਂ ਇਲਾਵਾ ਉਹਨਾਂ ਕੋਲ ਕੋਈ ਕਿਤਾਬ ਨਹੀਂ ਆ ਰਹੀ। ਜੋ ਮੈਨੂੰ ਗਿਫਟ ਆਉਂਦੀਆਂ ਜਾਂ ਜੋ ਮੈਂ ਖਰੀਦਦਾ ਰਹਿੰਦਾਂ, ਉਹ ਸਾਰੀਆਂ ਕਿਤਾਬਾਂ ਮੈਂ ਆਪ ਹੀ ਉਹਨਾਂ ਨੂੰ ਜਮਾਂ ਕਰਵਾਉਂਦਾ ਰਹਿੰਦਾ। ਮੈਂ ਸਮਝਦਾਂ ਕਿ ਇਹ ਮੇਰਾ ਨੈਤਿਕ ਫਰਜ਼ ਹੈ, ਉਹ ਮੈਂ ਆਪਣਾ ਨਿਭਾ ਰਿਹਾਂ ਹਾਂ।

# ਔਰਤਾਂ ਵਿਚ ਸਿਆਸੀ ਹੁਨਰ ਕੁਦਰਤ ਨੇ ਪਾਇਆ ਹੈ

ਮੇਰੀ ਧਾਰਨਾ ਜਦੋਂ ਤੋਂ ਸਿਆਸਤ ਪ੍ਰਤੀ ਵਿਕਸਿਤ ਹੋਈ ਹੈ, ਮੈਨੂੰ ਉਹ ਮਹਿਬੂਬਾ ਵਰਗੀ ਪਿਆਰੀ ਲੱਗੀ ਹੈ, ਮੇਰੇ ਦਿਲ ਦੇ ਕਰੀਬ। ਕਿਸੇ ਦੀ ਪਰਵਾਹ ਕਰਨ ਵਾਲੀ। ਸੁਕਰਾਤ ਨੇ ਵੀ ਇਹੀ ਕਿਹਾ ਹੈ ਕਿ ਸਿਆਸਤ ਦਾ ਨਿਸ਼ਾਨਾ ਨਾਗਰਿਕਾਂ ਨੂੰ ਸਦਗੁਣੀ ਬਣਾਉਣਾ ਹੈ ਤਾਂ ਜੋ ਉਹ ਇਕ ਵਧੀਆ ਜੀਵਨ ਜੀਉਂ ਸਕਣ। ਭਾਵੇਂ ਕਿ ਇਸ ਦਾ ਰੂਪ ਬਦਲਦੇ-ਬਦਲਦੇ ਏਨਾ ਬਦਗੁਣੀ ਹੋ ਗਿਆ ਹੈ ਕਿ "ਤੂੰ ਇਕ ਹਮੀਨ ਸੀ ਗਾਲੀ ਸੇ ਬੇਹਤਰੀਨ ਨਹੀਂ" ਵਾਲੀ ਗੱਲ ਹੈ।

ਜਿਨ੍ਹਾਂ ਦਾ ਮੇਰੇ ਨਾਲ ਸਿੱਧਾ-ਅਸਿੱਧਾ ਵਾਹ-ਵਾਸਤਾ ਹੈ, ਉਹ ਜਾਣਦੇ ਨੇ ਕਿ ਮੈਨੂੰ ਡਾਇਬਟੀਜ਼ ਹੈ, ਸ਼ੂਗਰ ਰੋਗ। ਦੋ ਕੁ ਸਾਲਾਂ ਨੂੰ ਪੰਜਾਹ ਸਾਲ ਹੋ ਜਾਣਗੇ। ਵਿਦਿਆਰਥੀ ਸੀ, ਤਕਰੀਬਨ ਇੱਕੀ ਸਾਲ ਦਾ। ਜੇ ਮੈਂ ਪੰਜਾਹ ਸਾਲ ਠੀਕ-ਠਾਕ ਤੁਰਿਆ ਫਿਰਦਾ ਹਾਂ ਤੇ ਇਸ ਦੇ ਕਾਰਨਾਂ ਦੀ ਸੂਚੀ ਬਣਾਉਣੀ ਹੋਵੇ ਤਾਂ ਸਭ ਤੋਂ ਪਹਿਲਾਂ ਨੰਬਰ ਮੇਰੀ ਪਤਨੀ ਦਾ ਹੋਵੇਗਾ, ਮੇਰੀ ਜਾਚੇ, ਜਿਸ ਕੋਲ ਸਿਆਸੀ ਸੂਝ, ਪਰਵਾਹ ਕਰਨ ਦਾ ਗੁਣ ਹੈ। ਮਤਲਬ ਜਿਹਨੂੰ ਸਾਂਭ-ਸੰਭਾਲ ਦੀ ਜਾਚ ਹੈ। ਰਿਸ਼ਤਿਆਂ ਨੂੰ ਬਣਾਉਣ-ਨਿਭਾਉਣ ਦਾ ਹੁਨਰ ਹੈ। ਸਰੀਰਕ ਸਿਹਤ ਪ੍ਰਤੀ ਅਸੀਂ ਸੁਚੇਤ ਸੀ, ਮਾਨਸਿਕ ਸਿਹਤ ਪ੍ਰਤੀ ਹੋਏ ਹਾਂ, ਪਰ ਸਮਾਜਿਕ ਸਿਹਤ, ਰਿਸ਼ਤਿਆਂ ਦੀ ਸਿਹਤ ਪ੍ਰਤੀ ਅਜੇ ਵੀ ਕਾਫ਼ੀ ਦੂਰ ਹਾਂ ਜਾਂ ਕਹੀਏ ਸਗੋਂ ਪਹਿਲੇ ਨਾਲੋਂ ਵੀ ਵੱਧ ਅਵੇਸਲੇ ਹੋਏ ਹਾਂ, ਇੰਜ ਕਹਿ ਲਵੋ ਕਿ ਸਾਨੂੰ ਬਹੁਤਾ ਪਤਾ ਵੀ ਨਹੀਂ। ਮੁਕੰਮਲ ਸਿਹਤ ਸਰੀਰਕ, ਮਾਨਸਿਕ ਅਤੇ ਸਮਾਜਿਕ ਸਿਹਤ ਦਾ ਚੰਗਾ ਹੋਣਾ ਮੰਨਿਆ ਜਾਂਦਾ ਹੈ।

ਸਮਾਜਿਕ ਸਿਹਤ, ਰਿਸ਼ਤਿਆਂ ਦੀ ਸਿਹਤ ਦਾ ਦਾਇਰਾ ਹੈ ਵੀ ਵਸੀਹ। ਪਰਵਾਰ ਤੋਂ ਅੱਗੇ, ਇਹ ਰਾਜਨੀਤੀ ਤੱਕ ਜਾਂਦਾ ਹੈ ਤੇ ਗੱਲ ਸੱਤਾ ਵਿਚ ਬੈਠੇ ਲੋਕਾਂ ਨਾਲ ਜੁੜਦੀ ਹੈ, ਇੱਥੋਂ ਤੱਕ ਕਿ ਅੰਤਰਰਾਸ਼ਟਰੀ ਪੱਧਰ 'ਤੇ ਵੀ ਇਸ ਦੇ ਤਾਰ ਜੁੜਦੇ ਨੇ, ਜਦੋਂ ਅਜੋਕੇ ਸਰਮਾਏਦਾਰੀ-ਕਾਰਪੋਰੇਟੀ ਨਿਜ਼ਾਮ ਦਾ ਚਿਹਰਾ ਸਾਹਮਣੇ ਆਉਂਦਾ ਹੈ। ਸਮਾਜਿਕ ਸਿਹਤ ਦਾ ਚਿਹਰਾ ਕਰੂਪ ਕਰਨ ਵਿਚ।

ਮੇਰੀ ਪਤਨੀ ਜਿਸ ਦਾ ਨਾਂਅ ਉਂਜ ਊਸ਼ਾ ਹੈ, ਪਰ ਮੈਂ ਕਦੇ ਉਸ ਨੂੰ ਇਸ ਨਾਂਅ ਨਾਲ ਨਹੀਂ ਬੁਲਾਇਆ। ਅਜੀਬ ਲੱਗਦਾ ਹੈ ਨਾ, ਪਤਨੀਆਂ ਤਾਂ ਪਤੀ ਦਾ ਨਾਂਅ ਨਹੀਂ ਲੈਂਦੀਆਂ, ਜੋ ਸਾਡੀ ਪਰੰਪਰਿਕ ਸਿਖਲਾਈ ਹੈ। ਇਹ ਆਦਤ ਸ਼ਾਇਦ ਮੈਨੂੰ ਮੇਰੇ ਪਿਤਾ ਜੀ ਤੋਂ ਮਿਲੀ ਹੈ, ਉਨ੍ਹਾਂ ਨੂੰ ਮੈਂ ਕਦੇ, ਮੇਰੀ ਮਾਤਾ ਦਾ ਨਾਂਅ ਲੈਂਦੇ ਨਹੀਂ ਸੁਣਿਆ। ਉਹ ਹਮੇਸ਼ਾ ਆਪਣੀ ਵੱਡੀ ਧੀ, ਮੇਰੀ ਵੱਡੀ ਭੈਣ ਕੱਲੋ (ਕਲਾਵਤੀ) ਦੇ ਨਾਂਅ ਨਾਲ ਜੋੜ ਕੇ, 'ਕੱਲੋ ਦੀ ਭਾਬੀ' ਕਹਿ ਕੇ ਬੁਲਾਉਂਦੇ। ਮਾਂ ਨੂੰ ਅਸੀਂ 'ਭਾਬੀ' ਕਹਿੰਦੇ ਤੇ ਪਿਤਾ ਜੀ ਨੂੰ 'ਲਾਲਾ'। ਇਹ ਭਾਵ ਕਿਤੇ ਅਚੇਤ ਮਨ ਵਿਚ ਪਿਆ ਸੀ ਤੇ ਫਿਰ ਕਈ ਸਾਲਾਂ ਮਗਰੋਂ ਮੈਂ ਆਪਣੀ ਪਤਨੀ ਦਾ ਨਾਂਅ 'ਸੋਨਮੋਮ' ਰੱਖਿਆ ਤੇ ਕਦੇ-ਕਦੇ ਬੁਲਾਉਂਦਾ ਵੀ ਹਾਂ, ਸੋਨਮੋਮ ਬਣਿਆ ਸੰਨੀ ਦੀ ਮੰਮੀ ਤੋਂ। ਸੰਨੀ ਮੇਰੇ ਬੇਟੇ ਦਾ ਘਰੇਲੂ ਨਾਂਅ ਹੈ, ਵੈਸੇ ਪਰਿਆਸ ਹੈ।

ਊਸ਼ਾ ਨੂੰ ਸਿਆਸੀ ਸੂਝ ਹੈ, ਕਿਸੇ ਦੂਸਰੇ ਨੂੰ ਆਪਣਾ ਬਣਾਉਣ ਦੀ ਜਾਚ। ਇਸ ਗੱਲ ਨੂੰ ਸਮਝ ਸਕਦੇ ਹੋ ਕਿ ਉਸ ਨੇ ਮੈਨੂੰ ਚਾਲੀ ਸਾਲ ਪਹਿਲਾਂ ਕਬੂਲ ਕੀਤਾ, ਪਤਾ ਹੋਣ ਦੇ ਬਾਵਜੂਦ ਕਿ ਮੈਨੂੰ ਸ਼ੂਗਰ ਰੋਗ ਹੈ। ਮੈਂ ਹਰ ਖਾਣੇ ਤੋਂ ਪਹਿਲਾਂ ਇੰਸੁਲਿਨ ਦਾ ਟੀਕਾ ਲਗਾਉਂਦਾ ਹਾਂ। ਕੀ ਭਾਵ ਸੀ, ਕਿਹੜੀ ਖਿੱਚ ਸੀ, ਇਸ਼ਕ-ਹਕੀਕੀ ਦਾ ਉਹ ਕਿਹੜਾ ਵਰਕਾ ਸੀ, ਵਰਕੇ 'ਤੇ ਲਿਖੇ ਹੋਏ ਕਿਹੜੇ ਸ਼ਬਦ ਸੀ, ਜਿਸ ਨੂੰ ਪੁਗਾ ਰਹੇ ਸੀ। ਮੁਹੱਬਤ ਦਾ ਅਮਲ ਵੀ ਇਹੀ ਹੈ। 'ਜਉ ਤਉ ਪ੍ਰੇਮ ਖੇਲਣ ਕਾ ਚਾਉ॥'...

ਮੈਂ ਇਹ ਵੀ ਮੰਨਦਾ ਕਿ ਕਿਰਦਾਰ-ਵਿਵਹਾਰ ਵਿਚ ਇਕਸਾਰਤਾ ਹੁੰਦੀ ਹੈ। ਜੇ ਕੋਈ ਘਰੇ ਹੋਰ ਹੈ ਤੇ ਦਫ਼ਤਰ ਹੋਰ, ਆਪਣੇ ਬੱਚਿਆਂ ਨਾਲ ਹੋਰ ਤੇ ਗੁਆਂਢੀਆਂ ਦੇ ਬੱਚਿਆਂ ਨਾਲ ਵੱਖਰਾ ਤਾਂ ਇਹ 'ਫਾਇਦਾ ਦੇਖ ਕੇ' ਵਿਵਹਾਰ ਬਦਲਣ ਦੀ ਪੂੰਜੀਵਾਦੀ ਪ੍ਰਵਿਰਤੀ ਹੈ। ਕੁਦਰਤੀ ਪ੍ਰਵਿਰਤੀ ਇਹ ਇਜਾਜ਼ਤ ਨਹੀਂ ਦਿੰਦੀ। ਉਸ ਦਾ ਸੁਭਾਅ ਵੀ ਵੱਖਰਾ ਹੈ।

ਊਸ਼ਾ ਨੇ ਮੈਡੀਕਲ ਕਾਲਜ ਅਤੇ ਉਨ੍ਹਾਂ ਨਾਲ ਲੱਗਦੇ ਹਸਪਤਾਲਾਂ ਵਿਚ ਬਤੌਰ ਜੂਨੀਅਰ, ਸੀਨੀਅਰ ਅਸਿਸਟੈਂਟ ਕਾਰਜ ਕਰਦਿਆਂ ਸੇਵਾ ਤੋਂ ਮੁਕਤੀ ਲਈ ਹੈ। ਜ਼ਿਆਦਾ ਸਮਾਂ ਗੁਰੂ ਨਾਨਕ ਹਸਪਤਾਲ ਦੇ ਸਰਜਰੀ ਵਿਭਾਗ ਵਿਚ ਕਾਰਜ ਕੀਤਾ ਹੈ। ਉਸ ਦਾ ਕਮਰਾ ਵਾਰਡ ਦੇ ਦਰਵਾਜ਼ੇ ਦੇ ਸੱਜੇ ਪਾਸੇ, ਵਾਰਡ ਦੇ ਮੁਖੀ ਦੇ ਨਾਲ ਪਹਿਲਾ ਕਮਰਾ ਹੁੰਦਾ। ਜੋ ਵੀ ਮਰੀਜ਼ ਰਿਸ਼ਤੇਦਾਰ ਅੰਦਰ ਵੜਦਾ ਤਾਂ ਪਹਿਲਾਂ ਅੱਗੋਂ ਬੈਠੀ ਇਹ ਮਿਲਦੀ। ਇੰਜ ਕਹਿ ਲਵੋ, ਇਹ 'ਪੁੱਛ-ਗਿੱਛ ਕੇਂਦਰ' ਦਾ ਕਾਰਜ ਵੱਧ ਕਰਦੀ। ਫਲਾਂ ਵਾਰਡ ਕਿੱਥੇ ਹੈ? ਫਲਾਂ ਡਾਕਟਰ ਕਿੱਥੇ ਬੈਠਦੇ ਨੇ, ਅਪਰੇਸ਼ਨ ਥੀਏਟਰ, ਐਕਸ-ਰੇ ਦਾ ਕਮਰਾ ਆਦਿ। ਕਾਫ਼ੀ ਪਰੇਸ਼ਾਨ ਹੁੰਦੀ। ਇਸ ਲਈ ਨਹੀਂ ਕਿ ਸਾਰਾ ਦਿਨ ਲੋਕ ਪਰੇਸ਼ਾਨ ਕਰਦੇ ਨੇ, ਇਸ ਲਈ ਕਿ ਮਰੀਜ਼ਾਂ ਨੂੰ ਭਟਕਣਾ ਪੈਂਦਾ ਹੈ। ਕਈ ਵਾਰ ਦੱਸਣ-ਸਮਝਾਉਣ 'ਤੇ ਵੀ ਉਨ੍ਹਾਂ ਨੂੰ ਕੁਝ ਨਾ ਲੱਭਦਾ। ਕਮਰੇ ਵਿੱਚੋਂ ਬਾਹਰ ਆ ਕੇ ਸਮਝਾਉਂਦੀ ਜਾਂ ਸਮਾਂ ਹੁੰਦਾ ਤਾਂ ਛੱਡ ਵੀ ਆਉਂਦੀ।

ਰਿਟਾਇਰਮੈਂਟ ਦਾ ਸਮਾਂ ਆਇਆ ਤਾਂ ਉਸ ਨੇ ਇੱਛਾ ਜ਼ਾਹਿਰ ਕੀਤੀ ਕਿ ਉਹ ਰਿਟਾਇਰਮੈਂਟ ਤੋਂ ਬਾਅਦ, ਰੋਜ਼ ਹਸਪਤਾਲ ਦੋ ਘੰਟੇ ਲਾਇਆ ਕਰੇਗੀ ਤੇ ਹਸਪਤਾਲ ਦੇ ਮੁੱਖ ਦਰਵਾਜ਼ੇ 'ਤੇ ਕੁਰਸੀ ਢਾਹ ਕੇ ਬੈਠੇਗੀ ਤੇ ਮਰੀਜ਼ਾਂ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ, ਜਿਸ ਨੂੰ ਵੀ ਜਿੱਥੇ ਜਾਣ ਦੀ ਲੋੜ ਹੋਵੇਗੀ, ਉਹ ਛੱਡ ਕੇ ਆਇਆ ਕਰੇਗੀ। ਘਰੋਂ ਕੀ ਦਿੱਕਤ ਹੋਣੀ ਸੀ, ਮੈਂ ਤਾਂ ਆਪ ਰਿਟਾਇਰਮੈਂਟ ਤੋਂ ਬਾਅਦ ਇਸ ਤਰ੍ਹਾਂ ਦਾ ਕੋਈ ਨਾ ਕੋਈ ਕਾਰਜ ਕਰਨ ਬਾਰੇ ਸੋਚ ਰਿਹਾ ਸੀ।

ਉਸ ਦੀ ਇਹ ਭਾਵਨਾ ਕੋਰੋਨਾ ਨੇ ਰੋਕੀ, ਜਦੋਂ ਲੋਕਾਂ ਨੂੰ ਜ਼ਬਰਦਸਤੀ ਘਰੋਂ ਬਾਹਰ ਆਉਣ ਤੋਂ ਰੋਕਿਆ ਗਿਆ। ਕੋਰੋਨਾ ਵਾਇਰਸ ਨਾਲ ਹੋਣ ਵਾਲੀ ਬਿਮਾਰੀ ਲਈ ਪੁਲਸ ਲਗਾਈ ਗਈ। ਖੈਰ ਉਹ ਵੱਖਰਾ ਮੁੱਦਾ ਹੈ, ਗੱਲ ਸੀ ਲੋਕਾਂ ਦੇ ਕਿਰਦਾਰ ਜਾਂ ਵਿਵਹਾਰ ਦੀ ਇਕਸਾਰਤਾ ਦੀ। ਊਸ਼ਾ ਮੇਰੀ ਪਤਨੀ ਹੈ, ਇਹ ਸ਼ਬਦ ਉਸ ਦੀ ਖੁਸ਼ਾਮਦੀ ਲਈ ਲੱਗ ਸਕਦੇ ਹਨ, ਪਰ ਮੈਂ ਇਸ ਦੇ ਕਿਰਦਾਰ ਨੂੰ ਵਿਆਪਕ, ਵੱਡੇ ਪੱਧਰ 'ਤੇ ਨਾਰੀ ਜਾਤ ਨਾਲ

**ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ**

**ਡਾ. ਸ਼ਿਆਮ ਸੁੰਦਰ ਦੀਪਤੀ**

ਜੋੜ ਕੇ ਦੇਖਦਾ ਹਾਂ।

ਮੈਨੂੰ ਮੇਰੀ ਮਾਂ ਚੇਤੇ ਆਉਂਦੀ ਹੈ। ਇਕ ਨਹੀਂ, ਕਈ ਮਾਵਾਂ। ਮੇਰੇ ਜਮਾਤੀਆਂ ਦੀਆਂ ਜਦੋਂ ਮੈਂ ਪਟਿਆਲੇ ਮੈਡੀਕਲ ਕਾਲਜ ਵਿਚ ਪੜ੍ਹਦਾ ਸੀ ਤੇ ਛੁੱਟੀ ਵਾਲੇ ਦਿਨ ਉਨ੍ਹਾਂ ਦੇ ਘਰੇ ਜਾਣ ਦਾ ਮੌਕਾ ਮਿਲਦਾ। ਪ੍ਰੇਮ ਖੋਸਲਾ ਤਾਂ ਸੀ ਹੀ ਪਟਿਆਲੇ ਤੋਂ, ਵਿਜੇ ਜਿੰਦਲ ਬਸੀ ਪਠਾਨਾਂ ਤੋਂ ਸੀ, ਪਟਿਆਲੇ ਤੋਂ ਨੇੜੇ ਹੀ। ਵਿਮਲ ਸੀਕਰੀ ਦੇ ਪਿਤਾ ਖੰਨਾ ਸ਼ਹਿਰ ਦੇ ਬੈਂਕ ਮੈਨੇਜਰ। ਕੋਈ ਘੰਟੇ ਕੁ ਦਾ ਰਾਹ। ਹੋਰ ਵੀ, ਬਾਅਦ ਵਿਚ ਦੋਸਤਾਂ-ਮਿੱਤਰਾਂ ਦੀਆਂ ਪਤਨੀਆਂ ਦੇ ਵਿਵਹਾਰ। ਸਾਡੇ ਕੋਲ ਰਿਵਾਇਤੀ ਕਿੱਸੇ-ਕਹਾਣੀਆਂ ਵੀ ਹਨ, ਜਿੱਥੇ ਮਾਵਾਂ ਦਾ, ਔਰਤਾਂ ਦਾ ਨਿੱਘ ਅਤੇ ਮਨ ਵਾਲੇ ਰਿਸ਼ਤੇ ਦਾ ਜ਼ਿਕਰ ਹੈ। ਮੇਰੀ ਮਾਂ ਕੁੱਤਿਆਂ, ਕਾਵਾਂ, ਗਾਵਾਂ ਲਈ ਵੀ ਰੋਟੀ ਬਣਾਉਂਦੀ।

ਮੇਰੇ ਕੋਲ ਸਰੀਰ ਅਤੇ ਸਮਾਜ ਵਿਗਿਆਨ ਦੀ ਵਿਧੀਵਤ ਪੜ੍ਹਾਈ ਦੇ ਉਲੇਖ ਹਨ। ਮਾਂ ਦਾ ਬੱਚੇ ਨੂੰ ਦੁੱਧ ਪਿਲਾਉਣਾ ਤੇ ਛਾਤੀ ਨਾਲ ਲਾ ਕੇ ਰੱਖਣਾ, ਇਕਮਿਕਤਾ ਦਾ ਅਹਿਸਾਸ ਹੈ। ਉਸ ਤੋਂ ਪਹਿਲਾਂ ਇਕ ਲੰਮੇ ਸਮੇਂ, ਨੌਂ ਮਹੀਨੇ ਤੱਕ ਆਪਣੀ ਕੁੱਖ ਵਿਚ ਰੱਖਣਾ ਤੇ ਉਸ ਦੀ ਹਿਲਜੁਲ ਦਾ ਅਹਿਸਾਸ। ਉਹ ਅਸਲ ਵਿਚ ਦੋ ਸ਼ਖ਼ਸ ਇਕ ਜਾਨ ਹੁੰਦੇ ਹਨ। ਜਣੇਪਾ-ਪੀੜਾ ਅਤੇ ਸਿਰਜਣਾ, ਇਕ ਅਲੱਗ ਹੀ ਅਹਿਸਾਸ ਹੈ, ਜਿਸ ਦੀ ਪੁਰਸ਼ ਕਲਪਨਾ ਤਾਂ ਕਰ ਸਕਦਾ ਹੈ, ਪਰ ਉਸ ਨੂੰ ਔਰਤ ਜੀਉਂਦੀ ਹੈ। ਇਹ ਸਾਰੇ ਆਖਰ ਜਾ ਕੇ ਜੁੜਦੇ ਹਨ, ਸਾਂਭ-ਸੰਭਾਲ ਨਾਲ। ਕਿਵੇਂ ਕਿਸੇ ਨੂੰ ਆਪਣੀ ਕਿਰਤ, ਆਪਣੀ ਸਿਰਜਣਾ ਨਾਲ ਲਗਾਵ ਹੁੰਦਾ ਹੈ? ਕਿਵੇਂ ਕੋਈ ਆਪਣੀ, ਕ੍ਰਿਤੀ ਨੂੰ ਸਾਂਭ-ਸੰਭਾਲ ਕੇ ਰੱਖਦਾ ਹੈ।

ਕੀ ਅਸੀਂ ਸਿਆਸਤ ਤੋਂ ਇਹ ਆਸ ਨਹੀਂ ਕਰਦੇ? ਸਾਡੀ ਹਮੇਸ਼ਾ ਮੰਸ਼ਾ ਰਹਿੰਦੀ ਹੈ ਕਿ ਸੱਤਾ, ਮਾਂ ਦੀ ਤਰ੍ਹਾਂ ਬਿਨਾਂ ਬੋਲੇ ਹੀ ਸਮਝ ਜਾਵੇ ਕਿ ਬੱਚੇ ਨੂੰ ਕੀ ਲੋੜ ਹੈ? ਮਾਂ ਬੱਚੇ ਦੀ ਤਕਲੀਫ਼ ਉਸ ਦੀ ਚੁੱਪ ਤੋਂ ਸਮਝ ਜਾਂਦੀ ਹੈ। ਉਸ ਦੀ ਕੋਸ਼ਿਸ਼ ਰਹਿੰਦੀ ਹੈ ਕਿ ਬੱਚੇ ਦੇ ਰੋਣ ਤੋਂ ਪਹਿਲਾਂ ਹੀ ਬੱਚੇ ਦੀ ਤਕਲੀਫ਼ ਨੂੰ ਸਮਝਿਆ ਜਾਵੇ ਤੇ ਉਸ 'ਤੇ ਵਿਚਾਰ ਕੀਤਾ ਜਾਵੇ। ਹੱਲ ਵੱਲ ਵਧਿਆ ਜਾਵੇ।

ਮੈਂ ਕਿਹਾ ਨਾ ਕਿਰਦਾਰ, ਸੁਭਾਅ ਮੌਕਾ ਦੇਖ ਕੇ ਬਦਲਣ ਵਾਲੇ ਹੋਰ ਹੁੰਦੇ ਹਨ। ਔਰਤਾਂ ਤੋਂ ਇਹ ਕੰਮ ਘੱਟ ਹੀ ਹੁੰਦਾ ਤੇ ਜਾਂ ਉਚੇਚੇ ਸਿੱਖਣਾ-ਸਿਖਾਉਣਾ ਪੈਂਦਾ ਹੈ। ਸਾਡੇ ਘਰ ਵਿਚ ਮੇਡ-ਸਰਵੈਂਟ ਤਾਂ ਰੋਜ਼ ਆਉਂਦੀ ਹੈ। ਉਹ ਵੀ ਇਕ ਪਰਵਾਰ, ਤਿੰਨ ਪੀੜ੍ਹੀਆਂ ਤੋਂ। ਇਸ ਤੋਂ ਇਲਾਵਾ ਬਿਜਲੀ ਦਾ ਕੰਮ ਕਰਨ ਵਾਲਾ ਪ੍ਰਿੰਸ, ਸੈਨੇਟਰੀ ਵਾਲਾ ਰਾਮੂ, ਕੱਪੜੇ ਪ੍ਰੈੱਸ ਕਰਨ ਵਾਲਾ ਸੈਮਸ਼ੀ, ਕੱਪੜੇ ਸਿਉਣ ਅਤੇ ਮੁਰੰਮਤ ਕਰਨ ਵਾਲਾ ਸ਼ਿਵ, ਕਾਰਪੇਂਟਰ ਜੱਗਾ, ਮਾਲੀ ਸੁਖਪਾਲ, ਰੰਗ ਰੋਗਨ ਵਾਲਾ ਸ਼ਾਬੀ, ਤਕਰੀਬਨ ਵੀਹ ਸਾਲ ਤੋਂ ਉਹੀ ਨੇ। ਉਨ੍ਹਾਂ ਨਾਲ ਉਸ ਦਾ ਰਿਸ਼ਤਾ ਉਮਰ ਮੁਤਾਬਕ ਹੈ। ਊਸ਼ਾ ਨੂੰ ਸਭ ਦੇ ਬੱਚਿਆਂ ਦੇ ਨਾਂਅ ਤੱਕ ਪਤਾ ਨੇ। ਅਕਸਰ ਹਾਲ-ਚਾਲ ਪੁੱਛਦੀ ਹੈ ਤਾਂ ਨਾਂਅ ਲੈ ਕੇ ਸੰਬੋਧਨ ਕਰਦੀ ਹੈ।

ਪਾਣੀ ਟਿਪਟਿਪ ਕਰ ਰਿਹਾ ਹੈ, ਬਿਜਲੀ ਦਾ ਸਵਿੱਚ ਢਿੱਲਾ ਹੋ ਗਿਆ ਹੈ। ਊਸ਼ਾ ਫੌਰੀ ਫੋਨ ਕਰੇਗੀ ਤੇ ਬੰਦਾ ਹਾਜ਼ਰ। ਮੈਂ ਕਈ ਵਾਰ ਸੋਚਦਾ ਹਾਂ ਕਿ ਇੰਨੇ ਨਿੱਕੇ ਜਿਹੇ ਕੰਮ ਵਾਸਤੇ, ਉਹ ਮਿੰਟ ਵੀ ਨਹੀਂ ਲਗਾਉਂਦੀ। ਮੈਂ ਕਈ ਵਾਰ ਸੋਚਦਾ ਹਾਂ ਕਿ ਬੁਲਾਇਆ ਜਾਵੇ, ਜਦੋਂ ਇਕ ਦੋ ਕੰਮ ਇਕੱਠੇ ਹੋ ਜਾਣ, ਪਰ ਦੂਸਰੇ ਪਾਸਿਓਂ ਵੀ ਕੋਈ ਨਾਂਹ-ਨੁੱਕਰ ਨਹੀਂ। ਇਹ ਰਿਸ਼ਤਿਆਂ ਦਾ ਨਿੱਘ ਹੈ, ਅਪਣਾਪਨ ਹੈ।

ਸਾਡੀ ਗਲੀ ਦੀ ਸਫਾਈ ਸੇਵਿਕਾ, ਸਵੇਰੇ-ਸਵੇਰੇ ਝਾੜੂ ਮਾਰਦੀ, ਅਕਸਰ ਚਾਹ ਦੇ ਕੱਪ ਲਈ ਸਾਡੇ ਘਰ ਦਾ ਬੂਹਾ ਖੜਕਾਉਂਦੀ ਹੈ। ਜਦੋਂ ਡਿਊਟੀ 'ਤੇ ਜਾਣਾ ਹੁੰਦਾ ਸੀ ਤਾਂ ਊਸ਼ਾ ਖਿਝਦੀ। ਕਿਉਂ ਜੋ ਤਿਆਰ ਹੋਣਾ, ਨਾਸ਼ਤਾ ਬਣਾਉਣਾ ਬੱਚਿਆਂ ਦੇ ਟਿਫਨ ਆਦਿ। ਪਰ ਚਾਹ ਪਿਲਾਉਣ ਤੋਂ ਕਦੇ ਮਨ੍ਹਾਂ ਨਹੀਂ ਕੀਤਾ। ਉਸ ਦੀ ਖਿਝ ਨੂੰ ਘੱਟ ਕਰਨ ਲਈ ਮੈਂ ਕਹਿ ਦਿੰਦਾ, ਦੇਖ ਮੁਹੱਲੇ ਵਿਚ ਕਿੰਨੇ ਹੀ ਘਰ ਨੇ, ਤੂੰ ਸੁਭਾਗ ਸਮਝ ਕਿ ਉਹ ਤੇਰੇ ਕੋਲ ਆਉਂਦੀ ਹੈ। ਤੇਰੇ ਵਿਚ ਜੋ ਖਾਸੀਅਤ ਹੈ, ਉਹ ਹੋਰਨਾਂ ਵਿਚ ਨਹੀਂ ਹੈ। ਇਹ ਗੱਲ ਇਸ ਨੂੰ ਸਿਆਸੀ ਹੋਣਾ ਮਤਲਬ ਪਰਵਾਹ ਕਰਨੀ, ਉਸ ਹੁਨਰ ਦੀ ਲਿਖਾਇਕ ਹੈ, ਪਰ ਸਿਆਸਤ ਦੀ ਸਮਝ ਅਤੇ ਵਿਆਖਿਆ ਵਿੱਚੋਂ ਅਰਸਤੂ ਅਤੇ ਪਲੈਟੂ ਤੋਂ ਲੈ ਕੇ ਕਾਰਲ ਮਾਰਕਸ ਤੱਕ, ਚਾਣਕਿਆ ਤੋਂ ਲੈ ਕੇ ਬਾਬਾ ਨਾਨਕ ਤੱਕ, ਰਾਜਾ ਜਾਂ ਸੱਤਾ ਵਿਚ ਬੈਠੇ ਲੋਕਾਂ ਤੋਂ ਜਿਸ ਤਰ੍ਹਾਂ ਦੀ ਤਵੱਕੋ ਕੀਤੀ ਜਾਂਦੀ ਹੈ, ਉਹ ਇਹੀ ਹੈ। ਜੇਕਰ ਮਹਾਰਾਜਾ ਅਸ਼ੋਕ ਨੂੰ ਇਤਿਹਾਸ ਵਿਚ ਯਾਦ ਰੱਖਿਆ ਜਾਂਦਾ ਹੈ ਤਾਂ ਉਸ ਪਿੱਛੇ ਉਸ ਦੀ ਬਦਲੀ ਹੋਈ, ਲੋਕਾਂ ਦੀ ਪਰਵਾਹ ਕਰਨ ਵਾਲੀ ਤਸਵੀਰ ਸੀ। ਜੇਕਰ ਕਾਰਲ ਮਾਰਕਸ ਵੀਹਵੀਂ ਸਦੀ ਦਾ ਪ੍ਰਭਾਵਸ਼ਾਲੀ ਵਿਅਕਤੀ ਮੰਨਿਆ ਗਿਆ ਹੈ, ਜਿਸ ਦਾ ਕਾਰਨ ਇਹ ਵੀ ਹੈ ਕਿ ਉਸ ਨੇ ਕਾਮਿਆਂ, ਮਜ਼ਦੂਰਾਂ ਲਈ ਪਰਵਾਹ ਕੀਤੀ। ਉਸ ਨੇ ਉਚਿੱਤ ਦਿਹਾੜੀ ਤੋਂ ਅੱਗੇ, ਉਨ੍ਹਾਂ ਦੇ ਦਰਦ ਨੂੰ ਸਮਝਿਆ ਤੇ ਉਸ ਦੇ ਹੱਲ ਵੱਲ ਰਾਹ ਦਿਖਾਇਆ।

ਵੈਸੇ ਸਾਡੀ ਧਾਰਨਾ ਅਤੇ ਸਮਝ, ਔਰਤਾਂ ਨੂੰ ਵਧੀਆ ਮੈਨੇਜਰ ਹੋਣ ਦਾ ਮਾਣ ਨਹੀਂ ਦਿੰਦੀ, ਜਦੋਂ ਕਿ ਹੁਣ ਔਰਤਾਂ ਨੂੰ 'ਹਾਊਸ ਵਾਈਫ' ਦੀ ਥਾਂ 'ਹੋਮ ਮੇਕਰ' ਕਿਹਾ ਜਾਣ ਦੀ ਰਿਵਾਇਤ ਬਣੀ ਹੈ। ਆਪਾਂ ਜਾਣਦੇ ਹਾਂ ਕਿ ਨੌਕਰੀ ਵਿਚ ਜਦੋਂ ਕਿਸੇ ਦੀ ਤਰੱਕੀ ਮੁਖੀ ਦੇ ਤੌਰ 'ਤੇ ਹੋਣ ਲੱਗਦੀ ਹੈ ਤਾਂ ਅੜਿੱਕੇ ਲਗਾਏ ਜਾਂਦੇ ਹਨ ਤੇ ਕਈ ਸੰਸਥਾਵਾਂ ਦੇ ਨੇਮ ਵੀ ਪ੍ਰਵਾਨਗੀ ਨਹੀਂ ਦਿੰਦੇ। ਇਸ ਦਾ ਇਕ ਹੋਰ ਪੱਖ ਹੈ ਕਿ ਔਰਤ ਨੂੰ ਗਰਭ ਅਤੇ ਜਣੇਪੇ ਦੇ ਸੰਦਰਭ ਵਿਚ ਸਾਡਾ ਮੁਲਕ ਛੇ ਮਹੀਨੇ ਦੀ ਛੁੱਟੀ ਦਿੰਦਾ ਹੈ। ਦੂਸਰੇ ਪਾਸੇ ਜਰਮਨੀ ਵਿਚ ਇਹ ਸਹੂਲਤ ਤਿੰਨ ਸਾਲ ਦੀ ਹੈ। ਉਨ੍ਹਾਂ ਦਾ ਇਕ ਸਰਵੇਖਣ ਇਸ ਨਤੀਜੇ 'ਤੇ ਪਹੁੰਚਿਆ ਕਿ ਔਰਤਾਂ, ਆਦਮੀ ਦੀ ਔਸਤਨ 35 ਸਾਲ ਦੀ ਸੇਵਾ ਦੇ ਮੁਕਾਬਲੇ 29 ਸਾਲ ਕੰਮ ਕਰਦੀਆਂ ਹਨ, ਪਰ ਜੇਕਰ 35 ਅਤੇ 29 ਸਾਲਾਂ ਦੀ ਕਾਰਗੁਜ਼ਾਰੀ ਦੀ ਤੁਲਨਾ ਕਰੋ ਤਾਂ ਇਸ ਪੱਖੋਂ ਔਰਤਾਂ ਅੱਗੇ ਹੁੰਦੀਆਂ ਹਨ।

ਊਸ਼ਾ ਜਾਂ ਸੋਨਮੋਮ ਜਿਸ ਨੇ ਮੈਨੂੰ ਕਬੂਲ ਕੀਤਾ, ਬੱਚਿਆਂ ਨੂੰ ਸਾਂਭਿਆ ਤੇ ਮੈਨੂੰ ਸਾਹਿਤ ਦੇ ਲੜ ਲੱਗੇ ਰਹਿਣ ਲਈ ਖੁੱਲ੍ਹਾ ਛੱਡਿਆ। ਅੱਜ ਬੱਚੇ ਆਪਣੇ-ਆਪਣੇ ਕੰਮਾਂ ਵਿਚ ਰੁੱਝੇ ਹਨ ਤਾਂ ਜੋ ਸਮਾਂ ਮੈਂ ਇਕੱਲੇ ਸਾਹਿਤਕ ਸਮਾਜ ਵਿਚ ਬਿਤਾਇਆ ਹੈ, ਹੁਣ ਪੂਰੀ ਤਨਦੇਹੀ ਨਾਲ, ਉਹ ਮੇਰੇ ਨਾਲ ਹੁੰਦੀ ਹੈ। ਪੂਰਾ ਸਮਾਂ ਬੈਠਦੀ ਹੈ ਤੇ ਕਦੇ-ਕਦੇ ਸਰਗਰਮ ਹਿੱਸਾ ਵੀ ਲੈਂਦੀ ਹੈ। ਕਹਿ ਸਕਦਾ ਹਾਂ ਕਿ ਹੁਣ ਲੋਕਾਂ ਨੂੰ ਵੀ ਮੇਰਾ ਇਕੱਲੇ ਜਾਣਾ ਕਬੂਲ ਨਹੀਂ ਹੁੰਦਾ, ਉਹ ਵੀ ਊਸ਼ਾ ਦੀ ਹਾਜ਼ਰੀ ਦੀ ਮੰਗ ਕਰਦੇ ਹਨ।

ਮੈਨੂੰ ਵੀ ਹੁਣ ਆਦਤ ਪੈ ਗਈ ਹੈ। ਗੱਡੀ ਵਿਚ ਨਾਲ ਦੀ ਸੀਟ ਖਾਲੀ ਹੋਵੇ, ਅਜੀਬ ਲੱਗਦਾ ਹੈ। ਵੈਸੇ ਵੀ ਊਸ਼ਾ ਦਾ ਸਾਥ, ਚੜ੍ਹਦੇ ਸੂਰਜ ਦੀ ਲਾਲੀ, ਪਹਿਲੀ ਕਿਰਨ ਵਰਗਾ ਹਮਸਫ਼ਰ। ਉਸ ਤੋਂ ਬਾਅਦ ਹੀ ਜੀਵ ਤੁਰਦੇ-ਉਡਦੇ ਨੇ ਕੁਦਰਤ ਵਿਚ। ਦੇਸ਼ ਦੀ ਫਿਜ਼ਾ ਵੀ ਅਜਿਹੀ ਸੁਹਾਵਣੀ ਹੋਵੇ, ਲੋਕਾਂ ਦਾ ਰਹਿਣ ਨੂੰ ਜੀਅ ਕਰੇ, ਜੀਉਣ ਦਾ ਚਾਅ ਹੋਵੇ ਲੋਕਾਂ ਵਿਚ। ਇਹ ਮਸਲਾ ਕੋਈ ਅਜੂਬਾ ਨਹੀਂ ਹੈ, ਸਿਆਸੀ ਜ਼ਰੂਰ ਹੋ ਗਿਆ ਹੈ।

*ਮੋਬਾ. 98158-08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

CMYK

16-April-Sunday.qxd 4/15/2023 9:20 PM Page 4



## ਸਪਤ-ਸਿੰਧੂ ਪੰਜਾਬ

**ਹਰੀਸ਼ ਜੈਨ**
**ਸੰਪਾਦਕ : ਸੁਰਿੰਦਰ ਕੁਮਾਰ ਦਵੇਸ਼ਵਰ**
**ਪੰਨੇ-766, ਮੁੱਲ-895 ਰੁਪਏ**
**ਯੂਨੀਸਟਾਰ ਬੁੱਕਸ, ਚੰਡੀਗੜ੍ਹ**

# ਪੰਜਾਬ ਅਤੇ ਪੰਜਾਬੀਅਤ ਦਾ ਇਤਿਹਾਸਕ ਦਸਤਾਵੇਜ਼

ਕਿਤਾਬ ਦੀ ਪਰਖ ਪੜਚੋਲ

**ਡਾ. ਧਰਮਿੰਦਰ ਸਿੰਘ**





ਸਪਤ ਸਿੰਧੂ ਪੰਜਾਬ ਇਸ ਵੇਲੇ ਦੀ ਬਹੁਤ ਹੀ ਚਰਚਿਤ ਪੁਸਤਕ ਹੈ। ਇਹ ਇਕੋ-ਇਕ ਪੁਸਤਕ ਹੈ, ਜਿਹੜੀ ਸਪਤ ਸਿੰਧੂ ਦੀ ਧਰਤੀ ਦੇ 6000 ਸਾਲ ਪੁਰਾਣੇ ਇਤਿਹਾਸ ਤੋਂ ਲੈ ਕੇ ਸਮਕਾਲੀ ਦੌਰ ਤੱਕ ਦੇ ਪੰਜਾਬ ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ। ਇਹ ਪੁਸਤਕ ਪੁਰਾਣੇ ਮਹਾਂ ਪੰਜਾਬ ਦੀ ਗਿਆਨ ਸ਼ਾਸਤਰੀ ਪਰੰਪਰਾ, ਭੂਗੋਲਿਤਾ, ਲੋਕਧਾਰਾ, ਸੱਭਿਆਚਾਰ, ਰਾਜਨੀਤਕ ਇਤਿਹਾਸ ਅਤੇ ਸਾਹਿਤ ਤੇ ਕਲਾ ਸੰਬੰਧੀ ਸਮੱਗਰ, ਯਥਾਰਥਕ ਅਤੇ ਇਤਿਹਾਸਕ ਚੇਤਨਾ ਵਾਲੀ ਸੁਜੱਗ ਜਾਣਕਾਰੀ ਦੇਣ ਦੇ ਸਰੋਕਾਰਾਂ ਤੱਕ ਫੈਲਦੀ ਹੈ। 800 ਪੇਜਾਂ ਵਿਚ ਫੈਲੀ ਇਸ ਵੱਡ-ਅਕਾਰੀ ਪੁਸਤਕ ਦੇ ਸੰਪਾਦਕ ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਅਤੇ ਹਰੀਸ਼ ਜੈਨ ਹਨ। ਇਸ ਤੋਂ ਪਹਿਲਾਂ ਵੀ ਕੁਝ ਵਿਕੋਲਿਤਰੇ ਯਤਨ ਹੋਏ ਹਨ, ਜਿਹਨਾਂ ਜ਼ਰੀਏ ਪੰਜਾਬ ਬਾਰੇ ਬਹੁਪੱਖੀ ਜਾਣਕਾਰੀ ਦੇਣ ਦੇ ਯਤਨ ਹੋਏ ਹਨ, ਜਿਨ੍ਹਾਂ ਵਿਚ ਭਾਸ਼ਾ ਵਿਭਾਗ ਪੰਜਾਬ ਦੁਆਰਾ ਪ੍ਰਕਾਸ਼ਿਤ ਪੁਸਤਕ ਪੰਜਾਬ (ਸੰਪਾ. ਗਿ: ਲਾਲ ਸਿੰਘ ਅਤੇ ਡਾ. ਸੀਤਲ) ਅਤੇ ਮਹਿੰਦਰ ਸਿੰਘ ਰੰਧਾਵਾ ਦੁਆਰਾ 'ਪੰਜਾਬ' ਨਾਂਅ ਦੀ ਪੁਸਤਕ ਛਾਪੀ ਗਈ ਹੈ, ਪਰ ਇਨ੍ਹਾਂ ਪੁਸਤਕਾਂ ਦਾ ਕਲੇਵਰ ਏਨਾ ਵੱਡਾ ਨਹੀਂ ਹੈ। ਹਥਲੀ ਪੁਸਤਕ ਦੇ ਸੰਪਾਦਕਾਂ ਨੇ ਆਪਣੀ ਗਿਆਨ ਸ਼ਾਸਤਰੀ ਸੂਝ ਅਤੇ ਇਸ ਦੇ ਵਿਸ਼ਿਆਂ ਦੀ ਮਹੱਤਤਾ ਅਨੁਸਾਰ ਇਸ ਨੂੰ ਕੁੱਲ ਛੇ ਭਾਗਾਂ ਵਿਚ ਵਿਭਾਜਤ ਕੀਤਾ ਹੈ। ਜੇਕਰ ਅਸੀਂ ਸੱਚਮੁੱਚ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਬੰਦੇ ਦੇ ਸੁਭਾਵਕ ਖਾਸੇ ਨੂੰ ਗਹਿਰਾਈ ਤੋਂ ਸਮਝਣਾ ਚਾਹੁੰਦੇ ਹਾਂ ਤਾਂ ਇਹ ਪੁਸਤਕ ਇਕ ਇਤਿਹਾਸਕ ਦਸਤਾਵੇਜ਼ ਹੈ।

ਇਸ ਪੁਸਤਕ ਦਾ ਵਿਸ਼ਾ ਖੇਤਰ ਪੰਜਾਬ, ਪੰਜਾਬੀਅਤ ਅਤੇ ਪੰਜਾਬੀਅਤ ਨੂੰ ਨਿਰਮਤ ਕਰਨ ਵਾਲੇ ਜੁੱਜ਼ਾਂ ਦੇ ਨਾਲ਼-ਨਾਲ਼ ਇਸ ਜ਼ਰਖੇਜ਼ ਧਰਤੀ ਦੀ ਕੁੱਖ ਵਿੱਚੋਂ ਪਿਛਲੇ 5 ਹਜ਼ਾਰ ਸਾਲ ਵਿਚ ਪੈਦਾ ਹੋਈਆਂ ਸੱਭਿਆਤਾਵਾਂ ਦੀ ਆਰਕੀਆਲੋਜੀ (ਕਾਲਕਰਮਤਾ) ਤੱਕ ਪਹੁੰਚਦਾ ਹੈ। ਸਪਤ ਸਿੰਧੂ ਪੰਜਾਬ ਦਾ ਪੁਰਾਤਨ ਸਮਿਆਂ (ਵੈਦਿਕ ਕਾਲ਼) ਵਿਚ ਪ੍ਰਚਲਿਤ ਨਾਂਅ ਹੈ। ਸਪਤ ਤੋਂ ਭਾਵ ਸੱਤ ਦਰਿਆ ਹੈ, ਜਿਹੜੇ ਉਸ ਸਮੇਂ ਸਮੁੱਚੇ ਪੰਜਾਬ ਦੀ ਭੂਮੀ ਨੂੰ ਜ਼ਰਖੇਜ਼ ਕਰਦੇ ਹੋਏ ਸਿੰਧੂ ਘਾਟੀ ਦੀ ਸੱਭਿਅਤਾ ਨੂੰ ਵਿਕਸਤ ਹੋਣ ਲਈ ਊਰਜਾ ਪ੍ਰਦਾਨ ਕਰਦੇ ਹਨ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦੁਆਰਾ ਮੁਢਲੇ ਸ਼ਬਦ ਦੇ ਰੂਪ ਵਿਚ ਲਿਖਿਆ ਗਿਆ ਵਿਸਤ੍ਰਿਤ ਨਿਬੰਧ "ਪੰਜਾਬ ਤੇ ਪੰਜਾਬੀਅਤ" ਇਸ ਪੁਸਤਕ ਦਾ ਥੀਮਗਤ ਨਿਬੰਧ ਹੈ। ਇਹ ਇਕੋ ਨਿਬੰਧ ਇਸ ਪੁਸਤਕ ਵਿਚ ਸ਼ਾਮਲ ਵਿਸ਼ੇਸ਼ਗਾਂ ਦੁਆਰਾ ਵੱਖ-ਵੱਖ ਵਿਸ਼ਿਆਂ ਅਤੇ ਖੇਤਰਾਂ ਬਾਰੇ ਲਿਖੇ ਨਿਬੰਧਾਂ ਨੂੰ ਤੱਤਸਾਰ ਦੇ ਰੂਪ ਵਿਚ ਤਾਂ ਪੇਸ਼ ਕਰਦਾ ਹੀ ਹੈ, ਸਗੋਂ ਪੰਜਾਬ ਅਤੇ ਪੰਜਾਬੀਅਤ ਬਾਰੇ ਪੰਜ ਹਜ਼ਾਰ ਸਾਲਾਂ ਵਿਚ ਨਿਰਮਤ ਹੋਈ ਪੰਜਾਬੀ ਕੌਮੀਅਤ ਦੇ ਨਿਰਮਾਣਕਾਰੀ ਪ੍ਰੇਰਕਾਂ ਦੀ ਇਤਿਹਾਸਕ ਮਹੱਤਤਾ ਦੀ ਸ਼ਨਾਖਤ ਵੀ ਕਰਦਾ ਹੈ। ਇਹ ਨਿਬੰਧ ਸੱਤ ਦਰਿਆਵਾਂ ਦੀ ਧਰਤੀ ਦੇ ਮਿਲਾਪੜੇ, ਸਿਦਕਵਾਨ, ਸਿਰੜੀ, ਸਹਿਣਸ਼ੀਲ, ਕੁਦਰਤ ਦੇ ਭਾਣੇ ਵਿਚ ਰਹਿਣ ਵਾਲੇ ਪਰ ਚੜ੍ਹ ਕੇ ਆਏ ਦੁਸ਼ਮਣਾਂ ਨੂੰ ਮੂੰਹ ਤੋੜ ਜਵਾਬ ਦੇਣ ਵਾਲੇ ਸੰਘਰਸ਼ੀ ਯੋਧਿਆਂ ਦੇ ਗੌਰਵ ਅਤੇ ਸੋਭਾ ਨੂੰ ਇਤਿਹਾਸਕ ਤੌਰ 'ਤੇ ਅੰਕਿਤ ਕਰਦਾ ਹੈ।

ਇਸ ਇਤਿਹਾਸਕ ਮਹੱਤਵ ਵਾਲੀ ਪੁਸਤਕ ਦੇ ਸੂਝਵਾਨ ਸੰਪਾਦਕਾਂ ਨੇ ਸਾਹਿਤਕ ਅਤੇ ਵਿਸ਼ੇਗਤ ਚੇਤਨਾ ਅਨੁਸਾਰ ਇਸ ਪੁਸਤਕ ਨੂੰ ਛੇ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਚਾਰ ਵਿਸ਼ਾ ਮਾਹਰਾਂ ਦੇ ਨਿਬੰਧ ਸ਼ਾਮਲ ਕੀਤੇ ਗਏ ਹਨ। ਇਹ ਚਾਰੇ ਹੀ ਵਿਦਵਾਨ ਲੇਖਕ ਆਪਣੇ-ਆਪਣੇ ਖੇਤਰ ਦੇ ਵਿਸ਼ੇਸ਼ਗ ਹਨ। ਪੰਜਾਬ ਦਾ ਇਤਿਹਾਸਕ ਭੂਗੋਲ (ਜੇ ਐੱਸ ਗਰੇਵਾਲ), ਪੰਜਾਬ ਦੇ ਪਰਬਤ ਤੇ ਦਰਿਆ (ਡਾ. ਸੁਰਿੰਦਰ ਕੁਮਾਰ ਦਵੇਸ਼ਵਰ), ਪੰਜਾਬ ਦੇ ਪਾਣੀਆਂ ਦਾ ਜੁਗੋ-ਜੁਗ ਵਹਿਣ (ਹਰੀਸ਼ ਜੈਨ), ਪੰਜਾਬ ਸਪਤ ਸਿੰਧੂ ਤੋਂ ਪੰਜਾਬੀ ਸੂਬੇ ਤੱਕ (ਹਰਵਿੰਦਰ ਸਿੰਘ ਭੱਟੀ) ਇਹ ਸਾਰੇ ਹੀ ਨਿਬੰਧ ਮਹੱਤਵਪੂਰਨ ਹਨ। ਇਹਨਾਂ ਨਿਬੰਧਾਂ ਵਿਚ ਪਿਛਲੇ ਪੰਜ ਹਜ਼ਾਰ ਸਾਲਾਂ ਤੋਂ ਵੱਖ-ਵੱਖ ਨਾਵਾਂ ਨਾਲ ਵਿਗਸਦੇ ਆ ਰਹੇ ਪੁਰਾਤਨ ਮਹਾਂਪੰਜਾਬ ਦੀ ਖੋਜ ਭਰਪੂਰ ਕਹਾਣੀ ਅੰਕਿਤ ਕੀਤੀ ਗਈ ਹੈ। ਸਪਤ ਸਿੰਧੂ ਦੀ ਭੂਮੀ ਦੇ ਵਰਤਮਾਨ ਨੂੰ ਜੇਕਰ ਅਸੀਂ ਗਹਿਰਾਈ ਤੋਂ ਸਮਝਣਾ ਚਾਹੁੰਦੇ ਹਾਂ ਤਾਂ ਸਾਨੂੰ ਪੰਜਾਬ ਦੇ ਭੂਤਕਾਲੀ ਯਥਾਰਥਕ ਮਹੌਲ, ਇਸ ਦੀ ਭੂਗੋਲਿਕ ਇਤਿਹਾਸਕਤਾ ਅਤੇ ਸੱਭਿਆਚਾਰਕ ਵਿਰਾਸਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਕਾਰਜ ਦੀ ਸਿੱਧੀ ਲਈ ਇਹ ਪੁਸਤਕ ਸਹਾਈ ਹੋ ਸਕਦੀ ਹੈ। ਪੁਸਤਕ ਦੇ ਪਹਿਲੇ ਭਾਗ ਵਿਚ ਹਰੀਸ਼ ਜੈਨ ਦੀ ਸਥਾਪਨਾ ਹੈ ਕਿ ਸਪਤ ਸਿੰਧੂ ਵੇਲੇ ਦੇ ਪੰਜਾਬ ਦੀ ਭੂਗੋਲਿਕ ਵੰਨ-ਸੁਵੰਨਤਾ, ਮੌਸਮਾਂ ਦੀ ਵਿਵਿਧਤਾ ਅਤੇ ਹਿਮਾਲਿਆ ਪਰਬਤ ਤੋਂ ਵਹਿਣ ਵਾਲੇ ਕਲਕਲ ਕਰਦੇ ਦਰਿਆਵਾਂ ਦੇ ਸੀਤਲ ਪਾਣੀਆਂ ਨੇ ਜਿੱਥੇ ਪੁਰਾਤਨ ਪੰਜਾਬ ਦੀ ਧਰਤੀ ਨੂੰ ਜ਼ਰਖ਼ੇਜ਼ ਕੀਤਾ, ਉੱਥੇ ਪੰਜਾਬੀ ਲੁਕਾਈ ਦੀ ਰੂਹ ਨੂੰ ਵੀ ਸ਼ਰਸਾਰ ਕੀਤਾ ਹੈ। 'ਇਓਂ ਪੰਜਾਬ ਦੇ ਕਲਕਲ ਵਹਿੰਦੇ ਦਰਿਆਵਾਂ ਦੇ ਕੰਢਿਆਂ ਦੇ ਸ਼ਾਂਤ ਮਹੌਲ ਰਾਹੀਂ ਹੀ ਵੈਦਿਕ ਦੌਰ ਵਿਚ ਪੰਜਾਬ ਦੀ ਗਿਆਨ ਸ਼ਾਸਤਰੀ ਪਰੰਪਰਾ ਉਸਰਨੀ ਸ਼ੁਰੂ ਹੁੰਦੀ ਹੈ। ਭਾਰਤੀ ਸੰਸਕ੍ਰਿਤੀ ਵਿਚ ਪ੍ਰਮੁੱਖ ਸਥਾਨ ਰੱਖਣ ਵਾਲੇ ਚਾਰੋਂ ਵੇਦ (ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵ ਵੇਦ) ਪੁਰਾਣ, ਰਮਾਇਣ, ਮਹਾਂਭਾਰਤ ਅਤੇ ਗੀਤਾ ਗਿਆਨ ਦੇ ਰੂਪ ਵਿਚ ਮਿਲਣ ਵਾਲੀ ਬੌਧਿਕ, ਦਾਰਸ਼ਨਿਕ ਅਤੇ ਧਾਰਮਿਕ ਗਿਆਨ ਸ਼ਾਸਤਰੀ ਪਰੰਪਰਾ ਨੂੰ ਪੰਜਾਬ ਦੀ ਧਰਤੀ ਦੀ ਸਭ ਤੋਂ ਵੱਡੀ ਦੇਣ ਹੈ। ਇਹ ਪੁਸਤਕ ਸਾਨੂੰ ਇਸ ਇਤਿਹਾਸਕ ਤੱਥ ਤੋਂ ਅਵਗਤ ਕਰਵਾਉਂਦੀ ਹੈ ਕਿ ਪੰਜਾਬੀਆਂ ਦੇ ਖੁੱਲ੍ਹ ਖੁਲਾਸੇ ਸੁਭਾਅ ਅਤੇ ਦੂਸਰਿਆਂ ਨੂੰ ਸਵੀਕਾਰ ਕਰਨ ਵਾਲੀ ਮਨੋਸੰਰਚਨਾ ਨੂੰ ਘੜਨ ਵਿਚ ਪੰਜਾਬ ਦੇ ਉਦਾਰ ਵਾਤਾਵਰਨ ਅਤੇ ਜਲਵਾਯੂ ਵਿਭਿੰਨਤਾ ਦਾ ਵੀ ਬਹੁਤ ਵੱਡਾ ਯੋਗਦਾਨ ਹੈ।

ਇਹ ਪੁਸਤਕ ਇਸ ਇਤਿਹਾਸਕ ਤੱਥ ਨੂੰ ਵੀ ਉਜਾਗਰ ਕਰਦੀ ਹੈ ਕਿ ਪੱਛਮ ਵਿਚ ਸਿੰਧ, ਪੂਰਬ ਵੱਲ ਯਮਨਾ ਅਤੇ ਇਨ੍ਹਾਂ ਦੋਹਾਂ ਦੇ ਵਿਚਕਾਰ ਪੰਜ ਹੋਰ ਦਰਿਆ ਜਿਹਲਮ, ਝਨਾਂ, ਰਾਵੀ, ਬਿਆਸ ਅਤੇ ਸਤਲੁਜ ਦੁਆਰਾ ਸਿਰਜਤ ਅਤੇ ਸਿੰਚਤ ਭੂਮੀ ਨੂੰ ਹੀ ਰਿਗਵੇਦ ਵਿਚ ਸਪਤਸਿੰਧੂ ਕਿਹਾ ਗਿਆ ਹੈ। ਇਹ ਵੀ ਇਤਿਹਾਸਕ ਪ੍ਰਮਾਣ ਹੈ ਕਿ ਇਸ ਖੇਤਰ ਵਿਚ ਬੋਲੀਆਂ ਜਾਣ ਵਾਲੀਆਂ ਬੋਲੀਆਂ ਦੀ ਧੁਨੀ ਵਿਉਂਤ ਸਮੇਂ ਦੇ ਵਹਾਅ ਨਾਲ ਪਰਿਵਰਤਨਸ਼ੀਲ ਰਹੀ ਹੈ। ਸਿੰਧ ਦਰਿਆ ਦੇ ਨਾਂਅ 'ਤੇ ਇਸ ਖੇਤਰ ਦਾ ਨਾਂਅ ਸਿੰਧੂ ਪਿਆ ਤੇ ਇਸ ਖੇਤਰ ਦੀ ਸੱਭਿਅਤਾ ਨੂੰ ਸਿੰਧੂ ਘਾਟੀ ਦੀ ਸਭਿਅਤਾ ਕਿਹਾ ਗਿਆ। ਹੜੱਪਾ, ਮਹਿੰਜੋਦੜੋ ਅਤੇ ਤਕਸ਼ਿਲਾ ਇਸ ਸੱਭਿਅਤਾ ਦੇ ਵਿਸ਼ੇਸ਼ ਸਥਾਨ ਰਹੇ ਹਨ। ਸਮੇਂ ਦੇ ਬਦਲਣ ਅਤੇ ਇਰਾਨੀ ਕੌਮਾਂ ਦੇ ਇੱਥੇ ਆ ਵਸਣ ਨਾਲ /ਸ/ ਧੁਨੀ /ਹ/ ਵਿਚ ਪਰਿਵਰਤਿਤ ਹੋਈ ਅਤੇ ਇਸ ਖੇਤਰ ਨੂੰ ਸਿੰਧੂ ਦੀ ਥਾਂ ਹਪਤ ਹਿੰਦੂ ਕਿਹਾ ਜਾਣ ਲੱਗਿਆ। ਇਸ ਤੋਂ ਪਿੱਛੋਂ /ਹ/ ਧੁਨੀ /ਅ/ ਵਿਚ ਪਰਿਵਰਤਿਤ ਹੋਈ ਤਾਂ ਇਸ ਖੇਤਰ ਨੂੰ ਸਿਵਲਾਈਜੇਸ਼ਨ ਆਫ ਇੰਡੂ ਵੈਲੀ ਦੀ ਸੰਗਿਆ ਦਿੱਤੀ ਗਈ। ਇਨ੍ਹਾਂ ਇਤਿਹਾਸਕ ਤੱਥਾਂ ਤੋਂ ਇਹ ਸਮਝ ਬਣਦੀ ਹੈ ਕਿ ਸਿੰਧੂ (ਸ਼ਬਤ) ਤੋਂ ਤਬਦੀਲ ਹੋ ਕੇ ਹਿੰਦੂ ਸ਼ਬਦ ਬਣਿਆ, ਜਿਸ ਤੋਂ ਬਾਅਦ ਵਿਚ ਹਿੰਦੁਸਤਾਨ ਬਣਿਆ ਤੇ ਇੰਦੂ ਤੋਂ ਇੰਡੀਆ ਬਣਿਆ, ਜਿਸ ਨੂੰ ਪੁਰਾਣੇ ਸਮੇਂ ਵਿਚ ਭਾਰਤ ਵਰਸ਼ ਕਿਹਾ ਜਾਂਦਾ ਰਿਹਾ ਹੈ।

ਇਸ ਪੁਸਤਕ ਦਾ ਦੂਸਰਾ ਭਾਗ ਸਪਤ ਸਿੰਧੂ ਪੰਜਾਬ ਦੀ ਸੱਭਿਆਚਾਰਕ ਵਿਰਾਸਤ, ਪੰਜਾਬੀ ਸੱਭਿਆਚਾਰ ਦੇ ਨਿੱਖੜਵੇਂ ਲੱਛਣਾਂ ਅਤੇ ਪੰਜਾਬ ਦੀ ਸਮੁੱਚੇ ਭਾਰਤੀ ਸੱਭਿਆਚਾਰ ਨੂੰ ਦਿੱਤੀ ਗਈ ਮਹਾਨ ਦੇਣ ਦੇ ਵਡੇਰੇ ਅਤੇ ਇਤਿਹਾਸਕ ਮਹੱਤਵ ਵਾਲੇ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ। ਇਸ ਭਾਗ ਵਿਚ ਤਿੰਨ ਵਿਦਵਾਨ ਲੇਖਕਾਂ ਦੇ ਵਿਸਤ੍ਰਿਤ ਨਿਬੰਧ ਸ਼ਾਮਲ ਹਨ। ਇਹ ਤਿੰਨੋਂ ਹੀ ਖੋਜੀ ਸੱਭਿਆਚਾਰਕ ਅਧਿਐਨ ਖੇਤਰ ਦੇ ਵਿਸ਼ੇਸ਼ਗ ਵਿਦਵਾਨ ਹਨ। ਇਹਨਾਂ ਵਿਦਵਾਨ ਆਲੋਚਕਾਂ ਦੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਟੂਣੇਹਾਰੀ ਰੁੱਤ ਦਾ ਜਾਦੂ

**ਪੰਨੇ-104, ਮੁੱਲ 250 ਰੁਪਏ**
**ਜ਼ੋਹਰਾ ਪਬਲੀਕੇਸ਼ਨ, ਪਟਿਆਲਾ**

# ਨਵ-ਨਿਰਮਾਣ ਦੀ ਸ਼ਾਇਰੀ

**ਡਾ. ਲਕਸ਼ਮੀ ਨਰਾਇਣ ਭੀਖੀ**

'ਟੂਣੇਹਾਰੀ ਰੁੱਤ ਦਾ ਜਾਦੂ' ਅੰਮ੍ਰਿਤਪਾਲ ਸਿੰਘ ਸ਼ੈਦਾ ਦਾ ਦੂਜਾ ਗ਼ਜ਼ਲ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ 'ਫ਼ਸਲ ਧੁੱਪਾਂ ਦੀ' ਗ਼ਜ਼ਲ-ਸੰਗ੍ਰਹਿ ਨਾਲ ਉਸ ਦੀ ਕਾਫ਼ੀ ਚਰਚਾ ਹੋ ਚੁੱਕੀ ਹੈ। ਇਸ ਸੰਗ੍ਰਹਿ ਵਿਚ ਸ਼ੈਦਾ ਵਰਤਮਾਨ ਸਮਾਜ ਦਾ ਬਹੁ-ਪੱਖੀ ਚਿੱਤਰ ਪੇਸ਼ ਕਰਦਾ ਹੈ, ਨਾਲ ਹੀ ਅਜੋਕੇ ਮਨੁੱਖ ਦਾ ਢਹਿ-ਢੇਰੀ ਹੋ ਰਿਹਾ ਚਰਿੱਤਰ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਮਨੁੱਖ ਦੇ ਚਰਿੱਤਰ ਨੂੰ ਕੌਣ ਲੋਕ ਵਿਗਾੜ ਰਹੇ ਹਨ, ਇਸ ਬਾਰੇ ਕਵੀ ਨੂੰ ਚੰਗੀ ਤਰ੍ਹਾਂ ਪਤਾ ਹੈ। ਕਵੀ ਦੀ ਕੋਸ਼ਿਸ਼ ਹੈ ਕਿ ਮਨੁੱਖ ਨੂੰ ਸਹੀ ਦਿਸ਼ਾ ਵਿਚ ਦਕਿਆਨੂਸੀ ਸੋਚ ਦੀ ਕੁੰਜ ਉਤਾਰਨੀ ਪਵੇਗੀ। ਹਰੇ ਜੰਗਲ਼ਾਂ 'ਚ ਉੱਗ ਰਹੇ ਕਾਲ਼ੇ ਜੰਗਲ਼ਾਂ ਨੂੰ ਖ਼ਤਮ ਕਰਨਾ ਹੋਵੇਗਾ। ਕਵੀ ਨੂੰ ਇਸ ਗੱਲ ਦਾ ਵੀ ਇਲਮ ਹੈ ਕਿ ਅਜੋਕਾ ਮਨੁੱਖ ਸੰਵੇਦਨਹੀਣ ਹੋ ਗਿਆ ਹੈ। ਗ਼ਰਜ਼ਾਂ ਨੇ ਮਨੁੱਖ ਨੂੰ ਅੰਦਰੋਂ-ਬਾਹਰੋਂ ਖਿੜਕਾ ਦਿੱਤਾ ਹੈ। ਕਵੀ ਦੀ ਸ਼ਾਇਰੀ ਸਮਤੋਲ ਬਣਾਉਣ ਦੀ ਨਸੀਹਤ ਦਿੰਦੀ ਹੈ :

> ਜ਼ਿਹਨ ਵਿਚ ਭਾਵੇਂ ਕੋਈ ਅਕਲ ਦਾ ਅੰਬਰ ਰੱਖਣਾ
> ਪੈਰ ਧਰਤੀ 'ਤੇ ਟਿਕਾ ਕੇ ਐ ਸੁਖ਼ਨਵਰ ! ਰੱਖਣਾ
> (ਪੰਨਾ-23)

ਵਿਸ਼ਵੀਕਰਨ ਦੇ ਭਰਮ ਜਾਲ 'ਚ ਮਨੁੱਖ ਦੀ ਸਮਾਜ ਵਿੱਚੋਂ ਪਛਾਣ ਖ਼ਤਮ ਹੋ ਰਹੀ ਹੈ, ਬਲਕਿ ਘਰ ਵਿੱਚੋਂ ਵੀ ਮਨੁੱਖ ਦੇ ਰਿਸ਼ਤੇ ਖ਼ਤਮ ਹੋ ਰਹੇ। ਮਨੁੱਖ ਦੇ ਰਿਸ਼ਤੇ, ਨਾਤੇ, ਸਾਕ-ਸਕੀਰੀਆਂ ਦਾ ਵਜੂਦ ਨਾਮਾਤਰ ਹੀ ਬਚਿਆ ਹੈ। ਵਰਤਮਾਨ ਦੌਰ ਦਾ ਮਨੁੱਖ ਸੁੰਗੜਦਾ-ਸੁੰਗੜਦਾ ਆਪਣੇ ਤੱਕ ਸੀਮਤ ਹੁੰਦਾ ਜਾ ਰਿਹਾ ਹੈ। ਮਨੁੱਖ, ਮਨੁੱਖਤਾ ਤੋਂ ਡਿੱਗ ਕੇ ਪਸ਼ੂ ਬਿਰਤੀ ਵੱਲ ਹੇਠਾਂ ਵੱਲ ਸਰਕ ਰਿਹਾ ਹੈ। ਉਸ ਅੰਦਰ ਮਨੋ-ਵਿਕਾਰ ਦਿਨ-ਬ-ਦਿਨ ਵਧਦੇ ਹੀ ਜਾ ਰਹੇ ਨੇ। ਇਹਨਾਂ ਵਿਕਾਰਾਂ ਕਾਰਨ ਮਨੁੱਖ ਦੇ ਆਪਣੇ ਪਰਵਾਰ ਦੇ ਨਾਲ-ਨਾਲ ਬਾਹਰੀ ਸੰਸਾਰ ਨਾਲ ਵੀ ਤਣਾਅ ਵਧ ਰਹੇ ਨੇ। ਮਨੁੱਖ ਘਰ ਦੇ ਅੰਦਰ ਹੀ ਘੁਟਣ ਮਹਿਸੂਸ ਕਰ ਰਿਹਾ ਹੈ। ਮਨ ਅੰਦਰ ਹਨੇਰਾ ਮਹਿਸੂਸ ਕਰਦਾ ਹੈ। ਅਜਿਹੀ ਮਨੋ-ਸਥਿਤੀ ਵਿਚ ਮਨੁੱਖ ਨੂੰ ਸਹੀ ਮਾਰਗ ਨਹੀਂ ਮਿਲ ਰਿਹਾ। ਉਸ ਨੂੰ ਕੋਈ ਅਜਿਹਾ ਵਿਅਕਤੀ ਨਹੀਂ ਮਿਲਦਾ, ਜੋ ਉਸ ਨੂੰ ਅੱਗੇ ਵਧਣ ਲਈ ਉਤਸ਼ਾਹਤ ਕਰਦਾ ਹੋਵੇ। ਅਜਿਹੇ ਚੱਕਰਵਿਊ 'ਚ ਫਸਿਆ ਮਨੁੱਖ ਆਪਣਾ ਮੂਲ ਭੁੱਲਦਾ ਜਾ ਰਿਹਾ ਹੈ। ਉਹ ਨਿਰਮੋਹੇ ਰਿਸ਼ਤਿਆਂ ਨੂੰ ਹੰਢਾ ਰਿਹਾ ਹੈ। ਉਸ ਦੀ ਚੇਤਨਾ 'ਚ ਸੂਰਤ ਸੁਚੱਜੀ ਲਗਦੀ ਹੈ, ਪਰ ਸੀਰਤ ਕੁਚੱਜੀ ਹੈ, ਭਾਵ ਕਿ ਛਲਣੀ-ਛਲਣੀ ਹੋਈ ਪਈ ਹੈ। ਕਵੀ ਮਨੁੱਖ ਦੀ ਦੋ-ਫਾੜ ਤੇ ਖਿੱਲਰੀ ਹੋਂਦ ਨੂੰ ਬਾਖ਼ੂਬੀ ਪੇਸ਼ ਕਰਦਾ ਹੈ :

> ਅੱਖੀਆਂ 'ਚ ਮਾਇਆ ਦੀ ਹਵਸ, ਸੀਨੇ 'ਚ ਹਉਮੈ ਦੀ ਅਗਨ
> ਮਸਤਿਕ 'ਚ ਅਰਥੀ ਸੋਚ ਦੀ, ਉੱਪਰ ਹੈ ਸ਼ੁਹਰਤ ਦਾ ਕਫ਼ਨ
> (ਪੰਨਾ-63)

ਘਰਾਂ, ਪਰਵਾਰਾਂ 'ਚ ਹਾਸੇ ਦੀ ਬਜਾਇ ਬੇਚੈਨੀ ਹੈ। ਮਨੁੱਖ ਸਿਰਫ਼ ਦੂਜਿਆਂ ਤੋਂ ਹੀ ਦੂਰ ਨਹੀਂ, ਆਪਣੇ ਆਪੇ ਤੋਂ ਵੀ ਦੂਰ ਹੁੰਦਾ ਜਾ ਰਿਹਾ ਹੈ। ਅਸੱਭਿਅਕ ਹੋ ਰਿਹਾ ਹੈ। ਅਜਿਹੇ ਸਮੇਂ 'ਚ ਕਵੀ ਬੁੱਧੀਜੀਵੀ ਵਰਗ ਨੂੰ ਹੋਕਾ ਦਿੰਦਾ ਜਾਪਦਾ ਹੈ ਕਿ ਉਹ ਸ਼ਬਦਾਂ ਨੂੰ ਸ਼ਸਤਰ ਬਣਾਵੇ। ਸਾਰਿਆਂ ਦੇ ਭਲੇ ਲਈ ਚਿੰਤਨ ਦੀ ਜ਼ਰਖ਼ੇਜ਼ੀ ਦੀ ਲਹਿਰ ਚਲਾਵੇ, ਤਾਂ ਕਿ ਬੁੱਧ-ਬਿਬੇਕ ਨਾਲ ਮਨੁੱਖ ਨੂੰ ਸਹੀ ਮਾਰਗ ਮਿਲ ਸਕੇ। ਇਸ ਲਈ ਕਵੀ ਇਕ ਗਹਿਰ ਗੰਭੀਰ ਸੰਵਾਦ ਦੀ ਜ਼ਰੂਰਤ ਮਹਿਸੂਸ ਕਰਦਾ ਹੈ। ਇਸ ਲਈ ਉਹ ਤਿਆਗ ਦੇ ਨਾਲ-ਨਾਲ ਨਿਮਰਤਾ ਦੀ ਵੀ ਮੰਗ ਕਰਦਾ ਹੈ।

ਉਹ ਲੇਖਕਾਂ, ਕਵੀਆਂ ਨੂੰ ਵੰਗਾਰਦਾ ਹੈ ਕਿ ਕੇਵਲ ਮਨੋਰੰਜਨ ਕਰਨਾ ਹੀ ਸਾਹਿਤ ਦਾ ਕਾਰਜ ਨਹੀਂ ਹੈ, ਬਲਕਿ ਸੁਹਜ, ਆਦਰਸ਼ ਤੇ ਸਭਿਅਤਾ ਸਾਹਿਤ ਦਾ ਉਦੇਸ਼ ਹੈ। ਇਸੇ ਲਈ ਕਵੀ ਲੋਕਾਂ 'ਚ ਪ੍ਰਕਾਸ਼ ਵੰਡਣ ਲਈ ਤਾਕੀਦ ਕਰਦਾ ਹੈ। ਕਲਮ ਨੂੰ ਕਟਾਰ ਤੇ ਹਥਿਆਰ ਬਣਾਉਣ ਲਈ ਕਹਿੰਦਾ ਹੈ। ਕਵੀ ਲੇਖਕਾਂ ਦੀ ਬੌਧਿਕ ਚੁੱਪੀ 'ਤੇ ਵਿਅੰਗ ਕਰਦਾ ਹੈ। ਵਿਕਾਊ ਕਲਮਾਂ ਨੂੰ ਲਲਕਾਰਦਾ ਹੋਇਆ ਸਾਹਿਤ ਦੀ ਸਮਾਜਕ ਭੂਮਿਕਾ ਦਰਸਾਉਂਦਾ ਹੈ :

> ਕਲਮਕਾਰੀ ਇਬਾਦਤ ਹੈ, ਤਿਜਾਰਤ ਨਾ ਸਮਝ 'ਸ਼ੈਦਾ'
> ਕਿਸੇ ਨੂੰ ਕੋਈ ਸਮਝਾਵਣ 'ਚ ਉਤਸ਼ਾਹਿਤ ਨਹੀਂ ਕਰਦਾ
> (ਪੰਨਾ-46)

ਹੱਥਲਾ ਗ਼ਜ਼ਲ ਸੰਗ੍ਰਹਿ ਸਹਿਜ ਗਤੀ ਜੀਵਨ ਜਿਊਣ ਦੀ ਪ੍ਰੌੜ੍ਹਤਾ ਕਰਦਾ ਹੈ। ਅਮਨ-ਅਮਾਨ ਨਾਲ ਕੋਈ ਜਿਉਣ ਨਾ ਦੇਵੇ ਤਾਂ ਕਵੀ ਜੰਗ ਲੜਣ, ਸੰਘਰਸ਼ ਕਰਨ ਦਾ ਹਾਮੀ ਹੈ। ਐਪਰ, ਉਹ ਤਾਕਤ ਦੀ ਨਜਾਇਜ਼ ਵਰਤੋਂ ਵੀ ਨਹੀਂ ਕਰਨਾ ਚਾਹੁੰਦਾ। ਕਵੀ ਜੰਗ ਨੂੰ ਤਰਕ, ਦਲੀਲ ਅਤੇ ਸੱਚ 'ਤੇ ਅਧਾਰਤ ਲੜਨਾ ਚਾਹੁੰਦਾ ਹੈ। ਜੰਗ ਲਈ ਉਹ ਬਲੀਦਾਨ ਦੇਣ ਨੂੰ ਵੀ ਤਿਆਰ ਹੈ ਅਤੇ ਸਹੀ ਮੁੱਦਿਆਂ 'ਤੇ ਅਮਨਪਸੰਦ ਸਮਝੌਤਾ ਕਰਨਾ ਵੀ ਉਸ ਦੇ ਏਜੰਡੇ 'ਚ ਹੈ। ਇਸ ਲਈ ਉਹ ਘਰ-ਘਰ 'ਚ ਗਿਆਨ ਦਾ ਪੈਗਾਮ ਵੰਡਣ 'ਚ ਵਿਸ਼ਵਾਸ ਰੱਖਦਾ ਹੈ। ਇਸ ਲਈ ਉਹ ਦੋਫਾੜ ਮਾਨਸਿਕਤਾ ਨੂੰ ਤਿਆਗਣ ਲਈ ਕਹਿੰਦਾ ਹੈ। ਦੁਵੱਲੇ ਰਿਸ਼ਤਿਆਂ ਨੂੰ ਫੇਰ ਤੋਂ ਮਜ਼ਬੂਤ ਕਰਨ ਦਾ ਹਾਮੀ ਹੈ। ਇਕ-ਦੂਜੇ ਦੇ ਨੇੜੇ ਲੱਗਣ ਤੇ ਲਾਉਣ 'ਚ ਭਰੋਸਾ ਰੱਖਦਾ ਹੈ। ਇੱਥੇ ਉਹ ਘਰ-ਪਰਵਾਰ ਤੱਕ ਹੀ ਸੀਮਤ ਨਹੀਂ ਰਹਿੰਦਾ, ਬਲਕਿ ਸੰਸਾਰ ਤੱਕ ਫੈਲਿਆ ਨਜ਼ਰੀਂ ਆਉਂਦਾ ਹੈ :

> ਝੁਲਾਣਾ ਹੈ ਜੇ ਪਰਚਮ ਅਮਨ ਦਾ, ਸਾਰੇ ਜਗਤ 'ਤੇ ਹੀ ਝੁਲਾਓ
> ਤਰੱਕੀ ਦੇ ਨਾ ਕੇਵਲ ਗਾਓ ਸੋਹਲੇ ਅਪਣੇ ਅਪਣੇ ਹੀ ਵਤਨ ਦੇ
> (ਪੰਨਾ-77)

ਅਜੋਕਾ ਮਨੁੱਖ ਆਰਥਕਵਾਦ ਅਤੇ ਪਦਾਰਥਵਾਦ 'ਚ ਗ਼ਲਤਾਨ ਹੈ। ਉਹ ਆਤਮਕ ਵਿਕਾਸ ਤੇ ਅਧਿਆਤਮਕ ਵਿਆਪਕਤਾ ਨੂੰ ਭੁੱਲ ਗਿਆ ਹੈ। ਮਨੁੱਖੀ ਸੱਭਿਆਚਾਰ ਗੰਧਲਾ ਹੋ ਰਿਹਾ ਹੈ। ਜਮ੍ਹੂਰੀ ਰਾਜ ਦੀ ਥਾਂ ਜੰਗਲ ਦਾ ਰਾਜ ਹੈ; ਮੋਹ ਦੀ ਥਾਂ ਮਾਇਆ ਦੀ ਦਲਦਲ ਹੈ। ਹਰ ਮਨੁੱਖ ਅੰਦਰ ਮੁਨਾਫ਼ੇ ਦੀ ਦੌੜ ਹੈ। ਰਿਸ਼ਤਿਆਂ ਦੀ ਪਾਕੀਜ਼ਗੀ ਦੀ ਥਾਂ ਬਜ਼ਾਰੀਕਰਨ ਤੇ ਵਪਾਰੀਕਰਨ ਭਾਰੂ ਹੈ। ਇਸੇ ਕਰ ਕੇ ਸਮਾਜ ਵਿਚ ਅਮੀਰੀ-ਗ਼ਰੀਬੀ ਦਾ ਪਾੜਾ ਤੇਜ਼ੀ ਨਾਲ ਵਧ ਰਿਹਾ ਹੈ, ਜਿਸ ਨੇ ਮਨੁੱਖੀ ਵਿਤਕਰੇ ਨੂੰ ਹੋਰ ਵੀ ਵਧਾਇਆ ਹੈ। ਸਮਾਜਕ ਕਦਰਾਂ-ਕੀਮਤਾਂ 'ਚ ਗਿਰਾਵਟ ਆ ਗਈ ਹੈ। ਕਵੀ ਅਨੁਸਾਰ ਅਜਿਹੀ ਗਿਰਾਵਟ ਤੇ ਨਿਘਾਰ ਮਨੁੱਖ ਨੂੰ ਰਸਾਤਲ ਵੱਲ ਧੱਕ ਰਿਹਾ ਹੈ :

> ਨਿਗਲਦਾ ਜਾ ਰਿਹੈ ਸਾਡਾ, ਇਹ ਸੱਭਿਆਚਾਰ ਤੇ ਵਿਰਸਾ
> ਭਿਅੰਕਰ ਕਿਸਮ ਦਾ ਅਜਗਰ; ਸਮਾਂ ਨਿਰਲੱਜ ਹੈ ਕਿੰਨਾ
> (ਪੰਨਾ-55)

ਸਮਾਜ ਵਿਚ ਅਜਿਹੀ ਤ੍ਰਾਸਦੀ ਇਸ ਲਈ ਵਾਪਰੀ ਹੈ ਕਿ ਸਮਾਜ ਕੋਲ ਯੋਗ ਲੀਡਰਸ਼ਿਪ ਦੀ ਘਾਟ ਹੈ। ਕੋਈ ਸਹੀ ਦਿਸ਼ਾ ਪ੍ਰਦਾਨ ਕਰਨ ਵਾਲਾ ਆਗੂ ਨਜ਼ਰੀਂ ਨਹੀਂ ਪੈਂਦਾ। ਆਗੂ ਲੋਕ ਆਪਣੇ ਮੁਫ਼ਾਦ ਲਈ ਸਾਜ਼ਿਸ਼ਾਂ ਕਰਦੇ ਨੇ, ਸ਼ਾਤਿਰ ਕਿਸਮ ਦੀਆਂ ਨੀਤੀਆਂ ਬਣਾਉਂਦੇ ਨੇ, ਲੋਕਾਂ ਨੂੰ ਗੁੰਮਰਾਹ ਕਰਨਾ ਉਹਨਾਂ ਦਾ ਕੰਮ ਹੈ। ਅਜਿਹੇ ਘਾਗ ਤੇ ਨਾਗ ਲੋਕ ਸੱਤਾ ਨਾਲ, ਅਫ਼ਸਰਸ਼ਾਹੀ ਨਾਲ, ਧਰਮ ਨਾਲ ਮਿਲ ਕੇ ਮਨੁੱਖ ਦਾ ਸੋਸ਼ਣ ਕਰਦੇ ਨੇ। ਸੱਚ ਦੀ ਆਵਾਜ਼ ਨੂੰ ਬਲ਼ ਤੇ ਛਲ਼ ਨਾਲ ਦਬਾਉਂਦੇ ਤੇ ਕੁਚਲਦੇ ਨੇ। ਅਜਿਹੇ ਲੋਕਾਂ ਨੂੰ ਕਵੀ ਬਘਿਆੜ, ਲੂੰਬੜ, ਕਾਂ, ਸੱਪ, ਗਿਰਝਾਂ ਆਦਿ ਨਾਲ ਉਪਮਾ ਦਿੰਦਾ ਹੈ :

> ਕੇਵਲ ਤਖ਼ਤਾਂ ਤਾਜਾਂ ਖ਼ਾਤਿਰ, ਹਮਦਰਦੀ ਦਾ ਢੌਂਗ ਰਚਾ ਕੇ
> ਭੁੱਖਿਆਂ ਅੱਗੇ ਟੁਕੜੇ ਸੁੱਟ ਕੇ, ਲੋਕਾਂ ਨੂੰ ਬਹਿਲਾਂਦੀਆਂ ਗਿਰਝਾਂ
> (ਪੰਨਾ-57)

ਕਵੀ ਸਮਕਾਲ ਦੀਆਂ ਪ੍ਰਸਥਿਤੀਆਂ ਨੂੰ ਟੂਣੇਹਾਰੀ ਰੁੱਤ ਦਾ ਚਿਹਨ ਵਰਤਦਾ ਹੋਇਆ ਇਵੇਂ ਕਹਿੰਦਾ ਹੈ :

> ਟੂਣੇਹਾਰੀ ਰੁੱਤ ਦਾ ਜਾਦੂ ਕੱਦ ਟੁੱਟੇਗਾ, ਸੋਚ ਰਿਹਾਂ
> ਜਾਦੂਗਰ ਦੀ ਉਮਰ ਦਾ ਸੂਰਜ ਕੱਦ ਡੁੱਬੇਗਾ, ਸੋਚ ਰਿਹਾਂ
> (ਪੰਨਾ-28)

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕਿਤਾਬਾਂ ਦੇ ਅੰਗ-ਸੰਗ

**ਹਰਜਿੰਦਰ ਸਿੰਘ ਅਟਵਾਲ (ਡਾ.) ਸੰਪਰਕ : 98721-73475**

## ਤੋਹਫਾ

**(ਕਹਾਣੀ ਸੰਗ੍ਰਹਿ)**
**ਸੁਰਿੰਦਰ ਗੀਤ**
**ਪੰਨੇ : 174, ਮੁੱਲ : 200 ਰੁਪਏ**
**ਕੈਲੀਬਰ ਪਬਲੀਕੇਸ਼ਨ ਪਟਿਆਲਾ**

ਪੰਜਾਬੀ ਪਾਠਕਾਂ ਦੇ ਚੇਤਿਆਂ ਦਾ ਅਟੁੱਟ ਹਿੱਸਾ ਬਣੇ ਕਵੀਆਂ ਵਿੱਚ ਸੁਰਿੰਦਰ ਗੀਤ ਦਾ ਨਾਂਅ ਵੀ ਸ਼ੁਮਾਰ ਹੈ। ਉਹ ਪਿਛਲੇ ਪੰਝੀ ਵਰ੍ਹਿਆਂ ਵਿੱਚ ਨੌਂ ਕਾਵਿ ਸੰਗ੍ਰਹਿ ਸਮੇਤ ਇੱਕ ਗਜ਼ਲ ਸੰਗ੍ਰਹਿ ਦੇ ਪੰਜਾਬੀ ਪਾਠਕਾਂ ਲਈ ਲੈ ਕੇ ਹਾਜ਼ਰ ਹੋ ਰਹੀ ਹੈ। ਇੱਕ ਵਾਰਤਕ ਪੁਸਤਕ 'ਧੀ ਦਾ ਕਰਜ਼' ਵੀ ਉਸ ਦੇ ਹਿੱਸੇ ਆਉਂਦੀ ਹੈ। 'ਧੀ ਦਾ ਕਰਜ਼' ਇਸ ਕਹਾਣੀ ਸੰਗ੍ਰਹਿ ਵਿੱਚ ਇੱਕ ਕਹਾਣੀ ਵੀ ਦਰਜ ਹੈ। ਇਸ ਸੰਗ੍ਰਹਿ ਵਿੱਚ ਉਸ ਦੀਆਂ ਸਤਾਰਾਂ ਕਹਾਣੀਆਂ ਸ਼ਾਮਲ ਹੁੰਦੀਆਂ ਹਨ। ਭੂਮਿਕਾ ਇਸ ਤੋਂ ਵੱਖਰੀ ਹੈ। ਸੁਰਿੰਦਰ ਗੀਤ ਲੰਮੇ ਸਮੇਂ ਤੋਂ ਕੈਨੇਡਾ ਰਹਿ ਰਹੀ ਹੈ। ਇਸ ਕਰਕੇ ਕੈਨੇਡਾ ਦਾ ਭੂਗੋਲਿਕ, ਸਮਾਜਿਕ, ਸੱਭਿਆਚਾਰਕ ਅਤੇ ਪੰਜਾਬੀਅਤ ਦਾ ਲੋਕੇਲ ਉਸ ਦੀਆਂ ਕਹਾਣੀਆਂ ਦਾ ਵੀ ਅਟੁੱਟ ਅੰਗ ਬਣਦਾ ਹੈ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਤਾਏ ਕੇ : ਚੋਰ ਉਚੱਕੇ ਨਹੀਂ' ਵਿੱਚ ਉਹ ਬਹੁਤ ਹੀ ਕਲਾਮਈ ਢੰਗ ਨਾਲ ਪੰਜਾਬ ਦੀ ਇੱਕ ਕਥਾ ਨੂੰ ਕੈਨੇਡਾ ਵਿਚਲੇ ਨੇਟਿਵਜ਼ ਨਾਲ ਜੋੜ ਕੇ ਉਸਾਰਦੀ ਹੈ। ਕੈਨੇਡਾ ਵਿੱਚ ਭਾਵੇਂ ਅਜੋਕੇ ਦੌਰ ਵਿੱਚ ਰੰਗ ਅਤੇ ਨਸਲ ਭੇਦ ਦੂਜੇ ਯੂਰਪੀ ਅਤੇ ਅਮਰੀਕਾ ਆਦਿ ਦੇ ਮੁਕਾਬਲੇ ਘੱਟ ਹੈ, ਪਰ ਉਸ ਦੇ ਨੇਟਿਵਜ਼ ਨਾਲ ਉੱਚ ਵਰਗ ਦੇ ਲੋਕਾਂ ਵੱਲੋਂ ਉਹਨਾ ਦੀ ਨਸਲ ਸੁਧਾਰ ਦੇ ਨਾਂਅ ਹੇਠ ਜੋ ਜ਼ੁਲਮ ਕੀਤੇ ਗਏ, ਉਸ ਦੀ ਦਾਸਤਾਂ ਬਹੁਤ ਹੀ ਦਿਲ ਕੰਬਾਊ ਹੈ, ਪਿਛਲੇ ਸਮੇਂ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਕੁਝ ਸ਼ਹਿਰਾਂ ਵਿੱਚ ਇਸ ਨਸਲਕੁਸ਼ੀ ਦੇ ਅਵਸ਼ੇਸ਼ ਵੀ ਮਿਲੇ ਹਨ, ਜੋ ਇੱਕ ਵਰਗ ਜੋ ਕਿ ਹਾਕਮ ਧਿਰ ਦੀ ਭੂਮਿਕਾ ਨਿਭਾਉਂਦਾ ਸੀ, ਵੱਲੋਂ ਮੂਲ ਵਾਸੀਆਂ ਉੱਪਰ ਕੀਤੇ ਅਣ-ਮਨੁੱਖੀ ਤਸ਼ੱਦਦ ਦੀ ਕਹਾਣੀ ਕਹਿੰਦੇ ਹਨ। ਇਸ ਮਸਲੇ ਨੂੰ ਸੁਰਿੰਦਰ ਆਪਣੀ ਇਸ ਕਹਾਣੀ ਵਿੱਚ ਕਹਿਣ ਦਾ ਯਤਨ ਕਰਦੀ ਹੈ। ਜ਼ਰੂਰੀ ਨਹੀਂ ਕਿ ਹਾਕਮ ਧਿਰ ਦੀ ਬੋਲੀ ਅਤੇ ਤਹਿਜ਼ੀਬ ਅਪਨਾਉਣ ਵਾਲੇ ਲੋਕ ਹੀ ਸੱਭਿਅਕ ਹੋਣ। ਹਰ ਕੌਮ/ਵਰਗ ਦੀ ਆਪਣੀ ਜ਼ਿੰਦਗੀ ਅਤੇ ਜੀਵਨ-ਮੁੱਲ ਹੁੰਦੇ ਹਨ, ਉਹਨਾ ਨੂੰ ਧੱਕੇ ਨਾਲ ਬਦਲਿਆ ਨਹੀਂ ਜਾ ਸਕਦਾ। ਗਰਮ ਪਾਣੀ ਤੋਹਫਾ ਆਦਿ ਅਜਿਹੀਆਂ ਕਹਾਣੀਆਂ ਹਨ, ਜਿਨ੍ਹਾਂ ਵਿੱਚ ਕਹਾਣੀਕਾਰਾ ਕੈਨੇਡਾ ਤੇ ਪੰਜਾਬ ਵਿਚਲੀ ਰਹਿਤਲ ਅਤੇ ਜੀਵਨ-ਜਾਚ ਨੂੰ ਤੁਲਨਾਤਮਕ ਵਿਧੀ ਨਾਲ ਦੇਖਣ ਦਾ ਯਤਨ ਕਰਦੀ ਹੈ। ਤੋਹਫਾ ਵਿਚਲਾ ਬਲਬੀਰ ਦਾ ਕਿਰਦਾਰ ਬਹੁਤ ਹੀ ਦਿਲਚਸਪ ਹੈ, ਕਹਾਣੀ ਦੇ ਸਮੁੱਚੇ ਬਿਰਤਾਂਤ ਵਿੱਚ ਉਹ ਨੀਰੂ ਨੂੰ ਅੰਤਾਂ ਦੀ ਨਫਰਤ ਕਰਦੀ ਹੈ, ਪਰ ਅਖੀਰ ਉਸ ਦੇ ਪੁੱਤਰ ਨੂੰ ਅਪਨਾਉਂਦੀ ਹੀ ਨਹੀਂ, ਸਗੋਂ ਆਪਣੇ ਪੁੱਤ ਵਾਂਗ ਪਿਆਰਦੀ ਅਤੇ ਦੁਲਾਰਦੀ ਹੈ। ਗਰਮ ਪਾਣੀ ਵਿਚਲੀ ਸਿੱਟੋ ਦੀ ਜੀਵਨ ਵਿੱਚ ਆਈ ਤਬਦੀਲੀ ਦੀ ਦਾਸਤਾਂ ਕਾਫੀ ਦਿਲਚਸਪ ਹੈ। ਸਾਰੀਆਂ ਕਹਾਣੀਆਂ ਦਾ ਕੇਂਦਰ ਮੁੱਖ ਤੌਰ 'ਤੇ ਔਰਤ ਹੈ। ਔਰਤ ਮਨ ਦੀ ਵੇਦਨਾ ਨੂੰ ਸੁਰਿੰਦਰ ਭਲੀ-ਭਾਂਤ ਸਮਝਦੀ ਵੀ ਹੈ ਅਤੇ ਉਸ ਕੋਲ ਇਸ ਸਮਝ ਨੂੰ ਕਹਾਣੀ ਸਿਰਜਣ ਤੱਕ ਦੀ ਕਲਾ ਵੀ ਹੈ। ਇਹ ਸੰਗ੍ਰਹਿ 2023 ਵਿੱਚ ਪ੍ਰਕਾਸ਼ਤ ਹੁੰਦਾ ਹੈ। ਸੁਰਿੰਦਰ ਦੀਆਂ ਕਹਾਣੀਆਂ ਦਾ ਸੁਭਾਅ ਅਜੋਕੀ ਕਹਾਣੀ ਨਾਲੋਂ ਥੋੜ੍ਹਾ ਵੱਖਰਾ ਨਜ਼ਰ ਆਉਂਦਾ ਹੈ। ਸੁਰਿੰਦਰ ਦੀ ਕਹਾਣੀ ਅਸਲ ਵਿੱਚ ਪਾਠਕ ਮੁਖੀ ਹੈ। ਪਾਠਕ ਕਿਸੇ ਮਸਲੇ ਦੀ ਸਹਿਜ ਅਤੇ ਸਰਲ ਪੇਸ਼ਕਾਰੀ ਪੜ੍ਹ ਕੇ ਆਪਣੀਆਂ ਭਾਵਨਾਵਾਂ ਦਾ ਕਥਾਰਸਿਸ ਹੋਇਆ ਮਹਿਸੂਸ ਕਰਦਾ ਹੈ। ਇਸੇ ਕਰਕੇ ਹੀ ਇਹ ਕਹਾਣੀਆਂ ਕਿਸੇ ਆਧੁਨਿਕ ਕਿਸਮ ਦੇ ਪਾਰਖੂ ਨੂੰ ਪੰਜਾਬੀ ਕਹਾਣੀ ਦੇ ਆਰੰਭਲੇ ਦੌਰ ਦੀਆਂ ਉਹਨਾਂ ਕਹਾਣੀਆਂ ਵਰਗੀਆਂ ਲੱਗ ਸਕਦੀਆਂ ਹਨ, ਜੋ ਇਕਹਿਰੀ ਬਣਤਰ ਅਤੇ ਲਕੀਰੀ ਬਿਰਤਾਂਤ ਵਾਲੀਆਂ ਹੁੰਦੀਆਂ ਸਨ। ਅੱਜ ਪੰਜਾਬੀ ਕਹਾਣੀ ਬੇਹੱਦ ਜਟਿਲ ਹੁੰਦੀ ਜਾ ਰਹੀ ਹੈ। ਸੁਰਿੰਦਰ ਦੇ ਇਸ ਸੰਗ੍ਰਹਿ ਦੀ ਇਹ ਪ੍ਰਾਪਤੀ ਵੀ ਹੈ ਅਤੇ ਵਿਲੱਖਣਤਾ ਵੀ।



## ਟਿਕਟਾਂ ਦੋ ਲੈ ਲਈਂ

**ਸੰਪਾਦਕ : ਖੁਸ਼ਮਿੰਦਰ ਕੌਰ**
**ਪੰਨੇ : 307, ਮੁੱਲ : 595 ਰੁਪਏ**
**ਯੂਨੀਸਟਾਰ ਬੁੱਕਸ, ਚੰਡੀਗੜ੍ਹ**

ਇਸ ਕਿਤਾਬ ਨੂੰ ਵੱਖਰੇ ਅੰਦਾਜ਼ ਵਿੱਚ ਵੇਖਿਆ-ਪੜ੍ਹਿਆ ਜਾਣਾ ਪਵੇਗਾ, ਇਹ ਕਿਤਾਬ ਸਾਂਝੇ ਪੰਜਾਬ ਦੇ ਉਸ ਫਿਲਮੀ ਗੀਤ ਸਮੂਹ ਦੀ ਗੱਲ ਕਰਦੀ ਹੈ, ਜਿਸ ਵਿੱਚ ਜ਼ਿੰਦਗੀ ਦੇ ਵੱਖ-ਵੱਖ ਰੂਪਾਂ ਨੂੰ ਭਾਵਨਾਤਮਕ ਅਰਥ ਤਾਂ ਪ੍ਰਦਾਨ ਕਰਦੇ ਹੀ ਹਨ, ਪਰ ਨਾਲ-ਨਾਲ ਸਮਕਾਲੀ ਜ਼ਿੰਦਗੀ ਵਿਚਲੀਆਂ ਕਠੋਰ ਹਕੀਕਤਾਂ ਦੀ ਤਰਜਮਾਨੀ ਵੀ ਕਰਦੇ ਹਨ। ਇਸ ਸੰਗ੍ਰਹਿ ਵਿੱਚ ਪੰਜਾਬੀ ਫਿਲਮਾਂ ਦੇ ਉਹਨਾਂ ਗੀਤਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜੋ ਲਾਹੌਰ ਦੀ ਪੰਜਾਬੀ ਫਿਲਮ ਇੰਡਸਟਰੀ ਵਿੱਚ 1932 ਤੋਂ 1947 ਤੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਰਹੇ। ਜਦੋਂ ਤੋਂ ਬੋਲਦੀਆਂ ਫਿਲਮਾਂ ਦਾ ਦੌਰ ਆਰੰਭ ਹੋਇਆ ਹੈ, ਉਦੋਂ ਤੋਂ ਹੀ ਫਿਲਮਾਂ ਵਿੱਚ ਗੀਤਾਂ ਦੀ ਅਹਿਮ ਭੂਮਿਕਾ ਰਹੀ ਹੈ, ਜੋ ਅੱਜ ਤੱਕ ਜਾਰੀ ਹੈ।

ਇਸ ਪੁਸਤਕ ਵਿੱਚ ਇਕੱਤਰ ਹੋਏ ਗੀਤਾਂ ਦੀ ਸਾਂਭ-ਸੰਭਾਲ ਦਾ ਮੂਲ ਕਾਰਜ ਫੱਯਾਜ਼ ਅਹਿਮਦ ਅਸ਼ਅਰ ਹੁਰਾਂ ਕੀਤਾ ਹੈ ਜਿਸ ਨੂੰ ਸ਼ਾਹਮੁਖੀ ਵਿੱਚ ਲਾਹੌਰ ਦੇ ਮਕਸੂਦ ਪਬਲਿਸ਼ਰਜ਼ ਵੱਲੋਂ ਪ੍ਰਕਾਸ਼ਤ ਵੀ ਕੀਤਾ ਗਿਆ। ਉਸ ਕਿਤਾਬ ਵਿਚਲੀ ਸ਼ਾਹਮੁਖੀ ਨੂੰ ਗੁਰਮੁਖੀ ਲਿਪੀ ਵਿੱਚ ਤਬਦੀਲ ਕਰਨ ਦਾ ਕਾਰਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਮੁਹੰਮਦ ਜ਼ਮੀਲ (ਡਾ.) ਹੁਰਾਂ ਨੇ ਨਿਭਾਇਆ ਹੈ, ਜਿਸ ਦੀ ਸੰਪਾਦਨਾ ਖੁਸ਼ਮਿੰਦਰ ਕੌਰ ਨੇ ਕੀਤੀ ਹੈ। ਗੀਤਕਾਰਾਂ ਵਿੱਚ ਉਸਤਾਦ ਹਮਦਮ, ਅਜ਼ੀਜ਼ ਕਸ਼ਮੀਰੀ, ਸੋਹਨ ਲਾਲ ਸਾਹਿਰ, ਨੰਦ ਲਾਲ ਨੂਰਪੁਰੀ, ਬੀ ਸੀ ਬੇਕਲ ਅੰਮ੍ਰਿਤਸਰੀ, ਲਾਲ ਚੰਦ ਫਲਕ, ਫਿਰੋਜ਼ਦੀਨ ਸਰਫ, ਫਿਰੋਜ਼ਦੀਨ ਸੋਜ਼ ਅਤੇ ਹੋਰ ਕਈ ਨਾਂਅ ਸ਼ਾਮਲ ਹਨ। ਗਾਇਕਾਂ ਵਿੱਚ ਓ ਪੀ ਨਈਅਰ, ਅਨਵਰੀ ਬੇਗਮ, ਅਲਮਾਸ ਬਾਈ, ਸ਼ੀਲਾ ਦੇਵੀ, ਸਈਦਾ ਬਾਨੋ, ਕਲਿਆਣੀ, ਨੂਰ ਜਹਾਂ, ਪੁਸ਼ਪਾ ਹੰਸ, ਲਤਾ ਮੰਗੇਸ਼ਕਰ, ਮੁਹੰਮਦ ਰਫੀ, ਸ਼ਮਸ਼ਾਦ ਬੇਗਮ, ਜੀਨਤ ਬੇਗਮ, ਫਿਦਾ ਹੁਸੈਨ ਅਤੇ ਹੋਰ ਬਹੁਤ ਸਾਰੇ ਨਾਮੀ-ਗਰਾਮੀ ਗਾਇਕਾਂ ਦੇ ਨਾਂਅ ਸ਼ਾਮਲ ਹਨ। ਹੀਰ ਰਾਂਝਾ, ਜੋ 9 ਸਤੰਬਰ 1932 ਨੂੰ ਸਿਨਮਿਆਂ ਵਿੱਚ ਰਿਲੀਜ਼ ਹੋਈ ਸੀ, ਵਿੱਚ ਵਾਰਸ ਦੀਆਂ ਕਈ ਸਤਰਾਂ ਨੂੰ ਵੀ ਆਵਾਜ਼ ਦਿੱਤੀ ਗਈ ਹੈ। ਇਸ ਫਿਲਮ ਵਿੱਚ ਰਫੀਕ ਗਜ਼ਨਵੀ ਨੇ ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ...ਗਾਇਆ ਸੀ। ਮਿਰਜ਼ਾ ਸਾਹਿਬਾਂ 1935 'ਚ ਰਿਲੀਜ਼ ਹੁੰਦੀ ਹੈ। ਇਹ ਸਿਲਸਿਲਾ ਵੀਹਵੀਂ ਸਦੀ ਦੇ ਚੌਥੇ ਦਹਾਕੇ ਤੱਕ ਆਪਣੇ ਸਿਖਰ 'ਤੇ ਪਹੁੰਚ ਚੁੱਕਾ ਹੁੰਦਾ ਹੈ, ਜਦੋਂ ਦੇਸ਼ ਦੀ ਵੰਡ ਦਾ ਸਹਿਮ ਪੰਜਾਬੀਆਂ ਦੇ ਮਨਾਂ ਵਿੱਚ ਖੌਫ ਦਾ ਮਾਹੌਲ ਪੈਦਾ ਕਰਦਾ ਹੈ ਤਾਂ ਇਸ ਇੰਡਸਟਰੀ ਉੱਪਰ ਵੀ ਇਸ ਦਾ ਮਾਰੂ ਅਸਰ ਪੈਂਦਾ ਹੈ। ਇਹ ਵੀ ਦੋ ਹਿੱਸਿਆਂ (ਧੜਿਆਂ) ਵਿੱਚ ਵੰਡੀ ਜਾਂਦੀ ਹੈ। ਦੇਸ਼ ਵੰਡ ਵਾਲੇ ਸਾਲ ਵਿੱਚ ਬਣ ਰਹੀਆਂ ਤਿੰਨ ਮਹੱਤਵਪੂਰਨ ਫਿਲਮਾਂ ਕਾਲੀਆਂ ਰਾਤਾਂ, ਵਿਸਾਖੀ ਅਤੇ ਮਾਹੀਆ ਅਧੂਰੀਆਂ ਰਹਿ ਜਾਂਦੀਆਂ ਹਨ, ਸਿਰਫ ਵਿਸਾਖੀ ਹੀ ਰਿਲੀਜ਼ ਹੁੰਦੀ ਹੈ।

ਇਸ ਸਮੇਂ ਦੌਰਾਨ ਬਣਨ ਵਾਲੀਆਂ ਫਿਲਮਾਂ ਦੀ ਕਹਾਣੀ ਪੰਜਾਬ ਦੀਆਂ ਲੋਕ ਕਥਾਵਾਂ, ਮੁਹੱਬਤੀ ਕਿੱਸਿਆਂ, ਨੈਤਿਕਤਾ ਦਾ ਉਪਦੇਸ਼ ਦਿੰਦੀਆਂ ਕਥਾਵਾਂ (ਪੂਰਨ ਭਗਤ ਆਦਿ) ਉੱਪਰ ਮੁੱਖ ਤੌਰ 'ਤੇ ਕੇਂਦਰਤ ਹੋਣ ਦੇ ਨਾਲ-ਨਾਲ ਸਮਾਜਿਕ ਵਿਡੰਬਨਾਵਾਂ ਨੂੰ ਵੀ ਪਰਦੇ 'ਤੇ ਪੇਸ਼ ਕਰਨ ਦੀ ਜੁਰਅੱਤ ਕਰਦੀਆਂ ਰਹੀਆਂ। 20 ਫਰਵਰੀ 1942 ਨੂੰ ਰਿਲੀਜ਼ ਹੋਈ ਫਿਲਮ 'ਮੰਗਤੀ' ਜਿਸ ਦੇ ਸਾਰੇ ਹੀ ਗੀਤ ਸਾਡੇ ਲੋਕ ਸ਼ਾਇਰ ਨੰਦ ਲਾਲ ਨੂਰਪੁਰੀ ਨੇ ਲਿਖੇ ਸਨ, ਨੂੰ ਲੋਕਾਂ ਨੇ ਪਸੰਦ ਵੀ ਕੀਤਾ ਅਤੇ ਉਸ ਦਾ ਜ਼ਿਕਰ ਅੱਜ ਤੱਕ ਵੀ ਹੋ ਰਿਹਾ ਹੈ। ਨੂਰਪੁਰੀ ਦੇ ਇੱਕ ਗੀਤ ਨੂੰ ਜ਼ੀਨਤ ਬੇਗਮ ਨੇ ਆਪਣੀ ਆਵਾਜ਼ ਦੇ ਕੇ ਅਮਰ ਕਰ ਦਿੱਤਾ ਹੈ :

> 'ਇੱਥੋਂ ਉੱਡ ਜਾ ਭੋਲਿਆ ਪੰਛੀਆ, ਵੇ ਤੂੰ ਆਪਣੀ ਜਾਨ ਬਚਾ
> ਏਥੇ ਘਰ-ਘਰ ਫਾਹੀਆਂ ਗੱਡੀਆਂ, ਵੇ ਤੂੰ ਛੁਰੀਆਂ ਹੇਠ ਨਾ ਆ
> ਏਥੇ ਡਾਕੇ ਪੈਣ ਦੁਪਹਿਰ ਨੂੰ, ਆਲ੍ਹਣਾ ਦੇਣਗੇ ਢਾਹ
> ਏਥੇ ਹੱਸਦੇ ਫੁੱਲ ਗੁਲਾਬ ਦੇ, ਵੈਰੀ ਸੁੱਕਣੇ ਦਿੰਦੇ ਪਾ
> ਏਥੇ ਚੂੜੇ ਵਾਲੀਆਂ ਰੋਂਦੀਆਂ, ਬੀਬਾ ਗਲ ਵਿੱਚ ਜ਼ੁਲਫਾਂ ਪਾ
> ਏਥੇ ਕਲੀਆਂ ਵਰਗੀਆਂ ਸੂਰਤਾਂ, ਬੀਬਾ ਦਿੱਤੀਆਂ ਸਾੜ-ਸੁਆਹ
> ਏਥੇ ਡੁੱਬ-ਡੁੱਬ ਮੋਹੀਆਂ ਸੋਹਣੀਆਂ, ਏਥੇ ਲਹੂ ਭਰੇ ਦਰਿਆ
> ਏਥੇ ਕਬਰੀਂ ਸੁੱਤੇ ਸੂਰਮੇ, ਬੀਬਾ ਮਾਵਾਂ ਨੂੰ ਤੜਫਾਅ..."

ਇਸ ਇੱਕ ਗੀਤ ਦੇ ਬੋਲਾਂ ਨੂੰ ਉਦਾਹਰਣ ਵਜੋਂ ਪੇਸ਼ ਕੀਤਾ ਜਾ ਸਕਦਾ ਹੈ ਕਿ ਉਸ ਸਮੇਂ ਮਨੋਰੰਜਨ ਇੰਡਸਟਰੀ ਵਿੱਚ ਵੀ ਕਈ ਵਾਰ ਬੇਬਾਕੀ ਨਾਲ ਸ਼ਾਇਰ ਆਪਣੀ ਗੱਲ ਕਹਿ ਜਾਂਦਾ ਸੀ ਤੇ ਲੋਕ ਉਸ ਨੂੰ ਪਸੰਦ ਵੀ ਕਰਦੇ ਸਨ। ਅਜੋਕੇ ਸੰਦਰਭ ਵਿੱਚ ਨੂਰਪੁਰੀ ਵਧੇਰੇ ਯਾਦ ਆਉਂਦਾ ਹੈ।



## 378 ਦਿਨ

**ਧਰਮ ਸਿੰਘ ਕੰਮੇਆਣਾ**
**(ਜਿਨ੍ਹਾਂ ਦਿੱਲੀ ਹਿਲਾ ਦਿੱਤੀ)**
**ਪੰਨੇ : 112, ਮੁੱਲ : 250 ਰੁਪਏ**
**ਗੁਰ ਮੇਹਰ ਪਬਲੀਕੇਸ਼ਨ, ਪਟਿਆਲਾ**

ਕੰਮੇਆਣਾ ਬਹੁ-ਵਿਧਾਵੀ ਲੇਖਕ ਹੈ, ਜੋ ਪਿਛਲੇ ਲੰਮੇ ਸਮੇਂ ਤੋਂ ਸਾਹਿਤ ਸਿਰਜਣਾ ਨਾਲ ਜੁੜਿਆ ਹੋਇਆ ਹੈ, ਇਸ ਨੂੰ ਇਉਂ ਵੀ ਸਮਝਿਆ ਜਾਂ ਕਿਹਾ ਜਾ ਸਕਦਾ ਹੈ ਕਿ ਉਹ ਇੱਕ ਪ੍ਰੌਢ ਲੇਖਕ ਹੈ। ਅਜਿਹੇ ਲੇਖਕ ਦੀ ਲਿਖਤ ਨੂੰ ਪਾਠਕ ਸਿਖਾਂਦਰੂ ਲੇਖਕ ਦੀ ਰਚਨਾ ਨਾਲੋਂ ਥੋੜ੍ਹੀ ਵੱਧ ਤਵੱਜੋ ਦੇ ਕੇ ਪੜ੍ਹਦਾ ਹੈ ਜਾਂ ਸੁਚੇਤ ਹੋ ਕੇ ਪੜ੍ਹਦਾ ਹੈ। ਇਸ ਨਾਵਲ ਵਰਗੀ ਰਚਨਾ ਜਿਸ ਨੂੰ ਪੁਸਤਕ ਦੇ ਪਿਛਲੇ ਪੰਨੇ 'ਤੇ 'ਘਟਨਾਵਾਂ 'ਤੇ ਅਧਾਰਤ ਦਿਲਚਸਪ ਅਤੇ ਦਸਤਾਵੇਜ਼ੀ ਨਾਵਲ' ਕਿਹਾ ਗਿਆ ਹੈ, ਨੂੰ ਪੜ੍ਹਦਿਆਂ ਪਾਠਕ ਹੋਰ ਵੀ ਸੁਚੇਤ ਹੋ ਕੇ ਪੜ੍ਹਦਾ ਹੈ, ਕਿਉਂ ਜੋ ਜਿਸ ਘਟਨਾਕ੍ਰਮ ਦਾ ਜ਼ਿਕਰ ਹੈ, ਉਹ ਪਾਠਕ ਨੇ ਵੀ ਪੜ੍ਹੀ, ਸੁਣੀ ਅਤੇ ਹੰਢਾਈ ਹੈ।

ਇੱਕ ਸਾਲ ਤੋਂ ਵੱਧ ਸਮੇਂ ਲਈ ਚੱਲਿਆ ਇਹ ਸਰਬ ਸਾਂਝਾ ਅੰਦੋਲਨ ਇੱਕ ਇਤਿਹਾਸ ਸਿਰਜ ਗਿਆ। ਇਸ ਅੰਦੋਲਨ ਦੇ ਚੱਲਦਿਆਂ ਪਾਰਖੂਆਂ, ਚਿੰਤਕਾਂ ਅਤੇ ਘੋਲ ਲੜਨ ਵਾਲੇ ਯੋਧਿਆਂ ਨੇ ਇਸ ਨੂੰ ਇਸ ਦੇ ਇਤਿਹਾਸਕ ਸੰਦਰਭ, ਵਰਤਮਾਨ ਵਿਚਲੀ ਕਿਰਤੀ ਕਿਸਾਨ ਦੀ ਸਾਹ-ਘੁੱਟਵੀਂ ਜ਼ਿੰਦਗੀ ਦੇ ਅਕੇਵੇਂ, ਪੌਣੀ ਸਦੀ ਦੀ ਆਜ਼ਾਦੀ ਵਿਚਲੀਆਂ ਰਾਜਨੀਤਕ ਪੈਂਤੜੇਬਾਜ਼ੀਆਂ ਨਾਲ ਆਮ ਲੋਕਾਂ ਦੇ ਹੋਏ ਘਾਣ ਵਿੱਚ ਉਪਜੀ ਨਿਰਾਸ਼ਾ ਆਦਿ ਬਾਰੇ ਨਿੱਠ ਕੇ ਵਿਚਾਰ-ਚਰਚਾ ਕੀਤੀ ਹੈ। ਇਸ ਚਰਚਾ ਦੀ ਗਵਾਹੀ ਸਮਕਾਲੀ ਅਖਬਾਰਾਂ ਦੇ ਮੈਗਜ਼ੀਨ ਸੈਕਸ਼ਨ ਅਤੇ ਹੋਰ ਕਿਤਾਬਚੇ ਅਤੇ ਲੇਖ ਭਰਦੇ ਹਨ, ਪਰ ਇਸ ਨਾਵਲ ਨੂੰ ਇਸ ਕਰਕੇ ਵੀ ਵੱਖਰਾ ਕਹਿਣਾ ਪਵੇਗਾ, ਕਿਉਂ ਜੋ ਇਸ ਵਿੱਚ ਇੱਕ ਘੋਲ (ਅੰਦੋਲਨ) ਦੇ ਲਕੀਰੀ ਬਿਰਤਾਂਤ ਨੂੰ ਅਖਬਾਰੀ ਰਿਪੋਰਟ ਵਾਂਗ ਪੇਸ਼ ਕੀਤਾ ਗਿਆ। ਕਿਸਾਨ ਜਥੇਬੰਦੀਆਂ ਦੇ ਨਾਂਅ, ਇਹਨਾ ਨਾਲ ਜੁੜੇ ਨੇਤਾਵਾਂ ਦੇ ਨਾਂਅ, ਭਾਰਤ ਦੀ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਦੇ ਨਾਂਅ ਆਦਿ ਸਭ ਕੁਝ ਅਸਲੀ ਰੂਪ 'ਚ ਹੀ ਪੇਸ਼ ਹੋਏ ਹਨ। ਗਲਪੀ ਬਿਰਤਾਂਤ ਵਿੱਚ ਸ਼ਾਇਦ ਅਜਿਹਾ ਨਹੀਂ ਹੁੰਦਾ। ਸਿਰਫ ਰਾਕੇਸ਼ ਟਿਕਾਇਤ ਨੂੰ ਰਾਜੇਸ਼ ਟਿਕਾਇਤ ਲਿਖਿਆ ਹੈ। ਇਹ ਪਰੂਫ ਦੀ ਵੀ ਗਲਤੀ ਹੋ ਸਕਦੀ ਹੈ। ਪਰੂਫ ਦੀਆਂ ਹੋਰ ਗਲਤੀਆਂ ਵਿੱਚ ਪੰਜਾਬ ਵਿਧਾਨ ਸਭਾ ਦੀ ਚੋਣ 2017 ਦੀ ਥਾਂ 2016 ਲਿਖੀ ਹੋਈ ਹੈ ਜਾਂ ਅਜਿਹੀਆਂ ਕੁਝ ਹੋਰ ਉਕਾਈਆਂ ਵੀ ਨਜ਼ਰ ਪੈਂਦੀਆਂ ਹਨ। ਗਲਪੀ ਬਿਰਤਾਂਤ ਕੇਵਲ ਇੱਕ ਮੁਹੱਬਤੀ ਲਘੂ ਕਥਾ ਗੁਰਅਸੀਸ (ਮੈਂ ਪਾਤਰ ਅਤੇ ਸਹਿਜਪ੍ਰੀਤ) ਹੀ ਹੈ। ਅਜਿਹੀ ਕਥਾ ਉਸ ਅੰਦੋਲਨ ਵਿਚਲੀ ਸਹਿਜਤਾ ਨੂੰ ਕਿਤੇ ਨਾ ਕਿਤੇ ਉਲੰਘਦੀ ਜਾਂ ਭੰਗ ਕਰਦੀ ਨਜ਼ਰ ਆਉਂਦੀ ਹੈ।

ਇਹ ਅਕਸਰ ਮੰਨਿਆ ਜਾਂਦਾ ਹੈ ਕਿ ਜਦੋਂ ਕੋਈ ਲਹਿਰ ਚੱਲ ਰਹੀ ਹੁੰਦੀ ਹੈ ਤਾਂ ਉਸ ਦਾ ਸਹੀ ਮੁਲੰਕਣ ਕਰ ਸਕਣਾ ਸੰਭਵ ਨਹੀਂ ਹੁੰਦਾ। ਉਂਜ ਭਾਵੇਂ ਹਰ ਲਹਿਰ ਦੇ ਸਮਕਾਲ ਵਿੱਚ ਉਸ ਨੂੰ ਭਾਵੁਕ ਪ੍ਰਤੀਕਰਮਾਂ ਰਾਹੀਂ ਵਿਭਿੰਨ ਸਾਹਿਤ ਰੂਪਾਂ 'ਚ ਪੇਸ਼ ਕੀਤਾ ਜਾਂਦਾ ਰਿਹਾ ਹੈ, ਪਰ ਫਿਰ ਵੀ ਸਹੀ ਤੇ ਸਹਿਜ ਮੁਲਾਂਕਣ ਲਹਿਰ ਦੇ ਬੀਤ ਜਾਣ ਉਪਰੰਤ ਹੀ ਹੋ ਸਕਦਾ ਹੈ, ਪਰ ਕੰਮੇਆਣਾ ਦਾ ਮੰਤਵ ਸਿਰਫ ਇਸ ਰਚਨਾ ਵਿੱਚ ਕਿਸਾਨ ਅੰਦੋਲਨ ਨੂੰ ਮਿਤੀਵਾਰ ਆਰੰਭ ਤੋਂ ਲੈ ਕੇ ਫਤਹਿ ਮਾਰਚ ਤੱਕ ਪੇਸ਼ ਕਰਨਾ ਹੀ ਹੈ। ਅਜਿਹੀਆਂ ਘਟਨਾਵਾਂ ਦਾ ਲੜੀਵਾਰ ਵੇਰਵਾ, ਜਿਸ ਵਿੱਚ ਤਿੰਨ ਖੇਤੀ ਕਾਨੂੰਨ, ਜਿਨ੍ਹਾਂ ਨੂੰ ਹਾਕਮਾਂ ਨੇ ਕੋਰੋਨਾ ਮਹਾਂਮਾਰੀ ਦੀ ਆੜ ਹੇਠ ਕਾਹਲੀ ਨਾਲ ਲਾਗੂ ਕਰਨ ਦਾ ਰਸਤਾ ਚੁਣਿਆ ਸੀ, ਪੇਸ਼ ਕਰਨਾ ਹੀ ਸੀ। ਉਂਜ ਉਹ ਕਿਤੇ-ਕਿਤੇ ਚਲਾਵੀਆਂ ਟਿੱਪਣੀਆਂ ਵੀ ਕਰਦਾ ਹੈ। ਇੱਕ ਥਾਂ ਉਹ ਦੇਸ਼ ਦੀ ਆਜ਼ਾਦੀ ਸਮੇਂ ਹੋਏ ਦੰਗਿਆਂ ਬਾਰੇ ਕਹਿੰਦਾ ਹੈ :

"...ਸ਼ਰਾਰਤੀਆਂ ਨੇ ਪੰਜਾਬ ਵਿੱਚ ਫਿਰਕੂ ਦੰਗੇ ਭੜਕਾਅ ਦਿੱਤੇ...' ਅਜਿਹੀ ਟਿੱਪਣੀ ਇੱਕ ਸਿਖਾਂਦਰੂ ਲੇਖਕ ਤਾਂ ਕਰ ਸਕਦਾ ਹੈ, ਪਰ ਪ੍ਰੌਢ ਲੇਖਕ ਤੋਂ ਅਜਿਹੀ ਆਸ ਨਹੀਂ ਕੀਤੀ ਜਾਂਦੀ। ਭਾਰਤੀ ਰਾਜਨੀਤੀ ਦੇ ਦਿਨੋ-ਦਿਨ ਬਦਲਦੇ ਰੰਗ-ਢੰਗ ਏਡੇ ਸਹਿਜ ਨਹੀਂ ਕਿ ਉਸ ਨੂੰ ਆਮ ਆਦਮੀ ਸਮਝ ਸਕੇ, ਪਰ ਫਿਰ ਵੀ ਕਿਸਾਨ ਆਗੂਆਂ ਦੀ ਸਮਝਦਾਰੀ ਅਤੇ ਲੜਨ ਦੀ ਸਿਦਕਦਿਲੀ ਅਤੇ ਇਮਾਨਦਾਰੀ ਇਸ ਘੋਲ ਨੂੰ ਇੱਕ ਪ੍ਰਾਪਤੀ ਵੱਲ ਲੈ ਕੇ ਜਾਂਦੀ ਹੈ, ਜਿਸ ਨੂੰ ਦਸਤਾਵੇਜ਼ੀ ਰੂਪ ਵਿੱਚ ਸਾਂਭਣ ਦਾ ਯਤਨ ਇਹ ਨਾਵਲ ਕਰਦਾ ਹੈ।



## ਮੈਂ ਇੱਕ ਕਥਾ

**(ਕਹਾਣੀ ਸੰਗ੍ਰਹਿ)**
**ਵਿਸ਼ਵਜੋਤੀ ਧੀਰ**
**ਪੰਨੇ : 72, ਮੁੱਲ : 200 ਰੁਪਏ**
**ਸਪਰੈੱਡ ਪਬਲੀਕੇਸ਼ਨ, ਪਟਿਆਲਾ**

ਵਿਸ਼ਵਜੋਤੀ ਧੀਰ ਦਾ ਇਹ ਦੂਜਾ ਕਹਾਣੀ ਸੰਗ੍ਰਹਿ ਹੈ। ਇਸ ਸੰਗ੍ਰਹਿ ਦੀ ਆਮਦ ਪਹਿਲੇ ਸੰਗ੍ਰਹਿ ਤੋਂ ਲੱਗਭੱਗ ਡੇਢ ਦਹਾਕੇ ਬਾਅਦ ਹੋਈ ਹੈ। ਇਸ ਲੰਮੇ ਅਰਸੇ ਬਾਅਦ ਵੀ ਸਿਰਫ ਚਾਰ ਕਹਾਣੀਆਂ ਲਿਖਣੀਆਂ ਜਾਂ ਸ਼ਾਮਲ ਕਰਨੀਆਂ ਕਹਾਣੀਕਾਰਾ ਦੀ ਇਸ ਰੁਚੀ ਦੀ ਤਰਜਮਾਨੀ ਕਰਦੀ ਹੈ ਕਿ ਉਹ ਬਹੁਤ ਹੀ ਸਹਿਜ ਢੰਗ ਨਾਲ ਕਹਾਣੀ ਲਿਖਣ ਵਿੱਚ ਯਕੀਨ ਰੱਖਦੀ ਹੈ। ਇਸ ਦੀ ਸ਼ਾਅਦੀ ਇਸ ਸੰਗ੍ਰਹਿ ਦੀਆਂ ਕਹਾਣੀਆਂ ਭਰਦੀਆਂ ਹਨ। ਔਰਤ ਦੀ ਦਸ਼ਾ/ਦੁਰਦਸ਼ਾ ਦੀ ਕਹਾਣੀ ਆਦਿ ਕਾਲ ਤੋਂ ਹੀ ਚੱਲਦੀ ਆ ਰਹੀ ਹੈ। ਵਿਸ਼ਵਜੋਤੀ ਵੀ ਇਸ ਨੂੰ ਅਦਨ ਬਾਗ ਦੀ ਵਾਸੀ ਔਰਤ ਦੀ ਕਥਾ ਨਾਲ ਸ਼ੁਰੂ ਕਰਦੀ ਹੈ, ਜੋ ਮੁਹੱਬਤ ਨਾਲ ਸਰਸਾਰ ਸੀ, ਪਰ ਪੈਗੰਬਰ ਦੀ ਨਾਫਰਮਾਨੀ ਕਰਨ ਦੀ ਜੁਰਅਤ ਕਰ ਬੈਠੀ, ਵਰਜਿਤ ਫਲ ਖਾ ਬੈਠੀ ਤੇ ਸਰਾਪੀ ਗਈ। ਧਰਤੀ 'ਤੇ ਆ ਕੇ ਉਹ ਜਿਸ ਆਦਮ ਦੀ ਮੁਹੱਬਤ 'ਚ ਲਬਰੇਜ਼ ਸੀ, ਅਸਮਾਨੀਂ ਉੱਡਦੀ ਸੀ, ਉਹੀ ਆਦਮ ਕਦੇ ਪਿਤਾ ਦੇ ਰੂਪ 'ਚ, ਕਦੇ ਭਰਾ ਦੇ ਰੂਪ 'ਚ ਅਤੇ ਕਦੀ ਪਤੀ ਦੇ ਰੂਪ 'ਚ ਇਸ 'ਤੇ ਕਾਬਜ਼ ਹੋ ਗਿਆ। ਔਰਤ ਉਸ ਕਬਜ਼ੇ ਦੀ ਸਥਿਤੀ ਵਿੱਚ ਬਿਹਬਲ ਹੋ ਉੱਠਦੀ ਹੈ ਅਤੇ ਹਰ ਉਸ ਰੀਝ ਅਤੇ ਰਿਸ਼ਤੇ ਨੂੰ ਮਾਨਣ/ਹੰਢਾਉਣ ਲਈ ਤਾਂਘਦੀ ਹੈ, ਜੋ ਸਮਾਜ ਵਿੱਚ ਉਸ ਲਈ ਵਰਜਿਤ ਹੈ।

ਰਿਲੇਅ ਰੇਸ ਵਿਚਲੀ ਕੋਮਲ ਆਪਣੀ ਮਾਂ ਅਤੇ ਭੈਣ ਵਰਗੀ ਜ਼ਿੰਦਗੀ ਤੋਂ ਬਗ਼ਾਵਤ ਕਰਕੇ ਚੇਤਨਾ, ਮੀਨਾ ਅਤੇ ਕਾਂਤੀ ਵਰਗੀ ਜ਼ਿੰਦਗੀ ਜਿਊਣ ਦਾ ਫੈਸਲਾ ਕਰਦੀ ਹੈ। ਕੋਮਲ ਦਾ ਨਸ਼ੱਈ ਦਕਸ਼ ਨੂੰ ਨਕਾਰਨਾ ਉਸ ਦੇ ਪਿਤਾ ਨੂੰ ਸਵੀਕਾਰ ਨਹੀਂ ਅਤੇ ਨਸ਼ੱਈ ਦਕਸ਼ ਨਾਲ ਰਹਿਣਾ ਕੋਮਲ ਨੂੰ ਸਵੀਕਾਰ ਨਹੀਂ। ਚੇਤਨਾ ਦੀ ਮਾਂ ਵੱਲੋਂ ਕੋਮਲ ਨੂੰ ਮਿਲੀ ਹੱਲਾਸ਼ੇਰੀ ਤੇ ਹੌਸਲਾ ਉਸ ਦੇ ਡਾਵਾਂਡੋਲ ਮਨ ਵਿੱਚ ਊਰਜਾ ਭਰਦਾ ਹੈ। ਚੇਤਨਾ ਤੇ ਕਰਨ ਦਾ 'ਲਿਵ ਇਨ ਰਿਲੇਸ਼ਨ' ਉਸ ਦਾ ਮਾਰਗ ਦਰਸ਼ਨ ਬਣਦਾ ਨਜ਼ਰ ਆਉਂਦਾ ਹੈ। ਕਹਾਣੀ ਅਜਿਹੀ ਆਜ਼ਾਦੀ ਦੇ ਰਾਹ ਦੀ ਗੱਲ ਕਰਦੀ ਹੈ। ਮੈਨਗਰੂਵ ਵਿਚਲੇ ਮਰਦ ਪਾਤਰ ਸਾਰੇ ਹੀ ਅਸਾਵੇਂ ਅਤੇ ਅਸਹਿਜ ਹਨ। ਤੀਸ਼ਾ, ਡਾ. ਪਰਭਾਤ ਅਤੇ ਹੋਰ ਦੁਕਾਨਦਾਰ ਸਾਥੀ ਔਰਤ ਨੂੰ ਕੇਵਲ ਅਤੇ ਕੇਵਲ ਭੋਗ ਵਿਲਾਸ ਦਾ ਮਨੋਰੰਜਨ ਦਾ ਸਾਧਨ ਸਮਝਦੇ ਹਨ। ਚੰਚਲ ਆਪਣੇ ਕਿਰਦਾਰ ਅਤੇ ਬੋਲਾਂ ਰਾਹੀਂ ਔਰਤ ਦੀ ਆਜ਼ਾਦੀ, ਹੈਸੀਅਤ ਦੀ ਗੱਲ ਹੀ ਨਹੀਂ ਕਰਦੀ, ਸਗੋਂ ਮਿਸਾਲ ਬਣਦੀ ਹੈ, ਪਰ ਕਹਾਣੀ ਦੇ ਅੰਤ 'ਤੇ ਡਾ. ਪ੍ਰਭਾਕਰ ਅਤੇ ਸੰਧਿਆ ਦਾ ਅਚਾਨਕ ਘਰੋਂ ਜਾਣਾ ਪਾਠਕ ਨੂੰ ਅਸਹਿਜ ਲੱਗ ਸਕਦਾ ਹੈ, ਪਰ ਮੈਨਗਰੂਵ ਹੈ ਹੀ ਉਹ ਜੋ ਆਪਣਾ ਸਿਰ ਇਸ ਨਾ-ਮੁਆਫਿਕ ਮਾਹੌਲ ਤੋਂ ਬਾਹਰ ਕੱਢ ਸਕੇ। 'ਦਾਮਨ-ਏ-ਕੋਹ' ਵਿਚਲਾ ਮੈਂ ਪਾਤਰ ਵੀ ਆਪਣੀ ਮਰਜ਼ੀ ਦੀ ਕਲਾਮਈ ਜ਼ਿੰਦਗੀ ਵਾਲੀ ਆਜ਼ਾਦ ਫਿਜ਼ਾ ਵਿੱਚ ਇਸ ਕਰਕੇ ਨਹੀਂ ਵਿਚਰ ਸਕਦਾ, ਕਿਉਂ ਜੋ ਨਿਸ਼ਾ ਦਾ ਪਦਾਰਥਵਾਦੀ ਸੁਭਾਅ ਰਾਹ ਦਾ ਰੋੜਾ ਬਣਦਾ ਹੈ, ਪਰ ਤਸਨੀਫ ਆਪਣੀ ਜ਼ਿੰਦਗੀ ਵਿੱਚ ਮੇਜਰ ਸਾਹਿਬ ਵੱਲੋਂ ਸਿਰਜੇ ਦੁਖਾਂਤ ਦੀਆਂ ਯਾਦਾਂ ਤੋਂ ਬਾਹਰ ਆ ਕੇ ਡਾ. ਤਸਨੀਫ ਬਣ ਕੇ ਨਵੇਂ ਸਿਰਿਓਂ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਦੀ ਹੈ। ਸ਼ਖ਼ਸੀ ਆਜ਼ਾਦੀ ਉਸ ਵਿੱਚ ਨਵੀਂ ਊਰਜਾ ਭਰਦੀ ਹੈ। ਆਨੰਦ ਕਥਾ ਦੀ ਨਾਇਕਾ ਇੱਜ਼ਤ ਬਨਾਮ ਆਜ਼ਾਦੀ ਵਿਚਕਾਰ ਲਟਕਦੀ ਨਜ਼ਰ ਆਉਂਦੀ ਹੈ। ਪੁਸਤਕ ਮੇਲੇ 'ਚ ਉਸ ਨੂੰ ਉਸ ਦੀ ਮਨਪਸੰਦ ਨਵੀਂ ਜ਼ਿੰਦਗੀ ਧੜਕਦੀ ਨਜ਼ਰ ਆਉਂਦੀ ਹੈ, ਪਰ ਪੁੱਤਰ ਜਸ਼ਨ ਦਾ ਫੋਨ ਉਸ ਨੂੰ ਫਿਰ ਘਰ (ਇੱਜ਼ਤ) ਵੱਲ ਮੋੜ ਕੇ ਆਜ਼ਾਦ ਹੋਂਦ ਵਾਲੀ ਨਾਰੀ ਬਣਨ ਤੋਂ ਰੋਕਦਾ ਹੈ। ਅਜਿਹੀ ਹੋਣੀ ਅਜੋਕੀ ਔਰਤ ਵੀ ਭੋਗਦੀ ਨਜ਼ਰ ਆਉਂਦੀ ਹੈ ਅਤੇ ਇਹ ਹੋਣੀ ਸਦੀਆਂ ਤੋਂ ਔਰਤ ਦੇ ਅੰਗ-ਸੰਗ ਹੈ।



CMYK

16-April-Sunday.qxd 4/15/2023 9:22 PM Page 6



## ਰਾਜਸਥਾਨ ਸਾਹਿਤ ਅਕਾਦਮੀ ਦਾ ਦੋ ਰੋਜ਼ਾ ਲਘੂਕਥਾ ਸਮਾਗਮ

**ਰਾਜਗੜ੍ਹ** : ਰਾਜਸਥਾਨ ਸਾਹਿਤ ਅਕਾਦਮੀ ਉਦੈਪੁਰ ਅਤੇ ਸਾਹਿਤਯ ਸੰਮਤੀ ਰਾਜਗੜ੍ਹ (ਚੁਰੂ) ਵੱਲੋਂ ਦੋ ਰੋਜ਼ਾ ਸਰਬ ਭਾਰਤੀ ਲਘੂਕਥਾ ਸਮਾਗਮ ਸ੍ਰੀ ਸ਼ਿਆਮ ਮੰਦਰ



ਸਾਦੁਲਪੁਰ ਵਿਚ ਕਰਵਾਇਆ ਗਿਆ, ਜਿਸ ਵਿਚ ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਦੇ ਲਘੂ ਕਥਾਕਾਰਾਂ ਨੇ ਸ਼ਮੂਲੀਅਤ ਕੀਤੀ। ਪੰਜਾਬ ਤੋਂ ਲਘੂਕਥਾ ਕਲਸ਼ ਦੇ ਸੰਪਾਦਕ ਯੋਗਰਾਜ ਪ੍ਰਭਾਕਰ ਅਤੇ 'ਮਿੰਨੀ' ਦੇ ਸੰਪਾਦਕ ਜਗਦੀਸ਼ ਰਾਏ ਕੁਲਰੀਆਂ ਨੇ ਇਸ ਵਿਚ ਸ਼ਿਰਕਤ ਕੀਤੀ। ਸਮਾਗਮ ਦਾ ਉਦਘਾਟਨ ਵਿਧਾਇਕ ਡਾ. ਕ੍ਰਿਸ਼ਨਾ ਪੂਨੀਆ ਅਤੇ ਸੁਜਾਨਗੜ੍ਹ ਦੇ ਵਿਧਾਇਕ ਮਨੋਜ ਮੇਘਵਾਲ ਨੇ ਕੀਤਾ ਅਤੇ ਉਨਾਂ ਵੱਲੋਂ 1 ਲੱਖ ਰੁਪਏ ਦੀਆਂ ਲਘੂਕਥਾ ਦੀਆਂ ਕਿਤਾਬਾਂ ਖਰੀਦਣ ਦਾ ਐਲਾਨ ਕੀਤਾ। ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਦੁਲਾਰਾਮ ਸਹਾਰਨ ਨੇ ਸਵਾਗਤੀ ਸ਼ਬਦ ਕਹੇ ਅਤੇ ਲਘੂ ਕਥਾ 'ਤੇ ਇਨਾਮ ਸਥਾਪਤ ਕਰਨ ਦਾ ਭਰੋਸਾ ਦਿਤਾ। ਡਾ. ਰਾਮ ਕੁਮਾਰ ਘੋਟੜ ਨੇ ਰੂਪ-ਰੇਖਾ ਸਾਂਝੀ ਕੀਤੀ। ਇਸ ਮੌਕੇ ਲਘੂ ਕਥਾ ਪਾਠ ਤੋਂ ਇਲਾਵਾ ਤਿੰਨ ਪਰਚੇ ਅਤੇ 15 ਲਘ ਕਥਾ ਦੇ ਵਿਭਿੰਨ ਪੱਖਾਂ ਨੂੰ ਉਜਾਗਰ ਕਰਦੇ ਲੇਖ ਵੀ ਪੜ੍ਹੇ ਗਏ ਅਤੇ ਵੱਖ-ਵੱਖ ਲੇਖਕਾਂ ਦੀਆਂ ਪੁਸਤਕਾਂ ਦਾ ਲੋਕ ਅਰਪਣ ਵੀ ਹੋਇਆ। ਯੋਗਰਾਜ ਪ੍ਰਭਾਕਰ ਨੇ ਲਘੂ ਕਥਾਵਾਂ ਦੀ ਸਮੀਖਿਆ ਕਰਦੇ ਹੋਏ ਕਈ ਨਵੇਂ ਬਿੰਦੂਆਂ ਨੂੰ ਉਭਾਰਿਆ। ਜਗਦੀਸ਼ ਰਾਏ ਕੁਲਰੀਆਂ ਨੇ 'ਹਿੰਦੀ ਲਘੂ ਕਥਾ ਦਾ ਪੰਜਾਬੀ ਵਿਚ ਅਨੁਵਾਦ ਕਾਰਜ' ਵਿਸ਼ੇ 'ਤੇ ਆਪਣੇ ਵਿਚਾਰ ਰੱਖੇ। ਪੱਛਮੀ ਬੰਗਾਲ, ਹਰਿਆਣਾ, ਪੰਜਾਬ, ਦਿੱਲੀ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਆਦਿ ਰਾਜਾਂ ਦੇ ਲਘੂ ਕਥਾ ਲੇਖਕਾਂ ਨੇ ਆਪੋ-ਆਪਣੇ ਪ੍ਰਦੇਸ਼ ਵਿਚ ਲਿਖੀ ਜਾ ਰਹੀ ਮਿੰਨੀ ਕਹਾਣੀ ਦੀ ਸਥਿਤੀ 'ਤੇ ਚਰਚਾ ਕੀਤੀ।

# ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ



**ਕੈਲਗਰੀ** : ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਹੋਈ। ਸਕੱਤਰ ਜਰਨੈਲ ਸਿੰਘ ਤੱਗੜ ਨੇ ਵਿਸਾਖੀ ਦਿਵਸ ਦੀ ਸਾਡੇ ਸੱਭਿਆਚਾਰ ਅਤੇ ਆਰਥਕ ਮਹੱਤਤਾ ਦੱਸਦਿਆਂ ਵਧਾਈ ਦਿੱਤੀ। ਨਾਲ ਹੀ ਵਿਸਾਖੀ ਦੇ ਦਿਨ 1919 ਨੂੰ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਦਿੱਤੀ ਗਈ।

ਤੱਗੜ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਵਿੱਚ 'ਵੋਮਿਨ ਆਫ਼ ਇਨਫਿਊਨਿਸ' ਨਾਂਅ ਦੀ ਸੰਸਥਾ ਵੱਲੋਂ ਕੈਨੇਡਾ ਭਰ ਵਿੱਚੋਂ ਚੁਣੀਆਂ ਇਸਤਰੀਆਂ ਵਿੱਚੋਂ ਸਾਡੇ ਭਾਈਚਾਰੇ ਦੀ ਇੱਕ ਬੱਚੀ ਲਵਪ੍ਰੀਤ ਵੀ ਚੁਣੀ ਗਈ ਹੈ। ਉਸ ਨੂੰ ਅਰਪਨ ਲਿਖਾਰੀ ਸਭਾ ਵੱਲੋਂ ਸਨਮਾਨਤ ਕੀਤਾ ਜਾਵੇਗਾ। ਜਗਦੇਵ ਸਿੰਘ ਸਿੱਧੂ ਨੇ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਅੰਗਰੇਜ਼ੀ ਹਕੂਮਤ ਦੀਆਂ ਵਧੀਕੀਆਂ ਅਤੇ ਜ਼ੁਲਮਾਂ ਦਾ ਚਿੱਠਾ ਵਿਸਥਾਰ ਨਾਲ ਰੱਖਿਆ ਗਿਆ। ਨਾਲ ਹੀ ਉਨ੍ਹਾ ਪੰਜਾਬੀਆਂ ਦੇ ਹਰ ਜਬਰ-ਜ਼ੁਲਮ ਦੇ ਖ਼ਿਲਾਫ਼ ਲੜਨ-ਖੜਨ ਦੀ ਗੱਲ ਵੀ ਜ਼ੋਰਦਾਰ ਸ਼ਬਦਾਂ ਵਿੱਚ ਆਖੀ। ਉਨ੍ਹਾ ਲਵਪ੍ਰੀਤ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਉਸ ਨੂੰ ਇੱਕ ਬਹਾਦਰ ਲੜਕੀ ਕਿਹਾ।

ਸਤਨਾਮ ਸਿੰਘ ਢਾਅ ਨੇ ਬੱਚੀ ਲਵਪ੍ਰੀਤ ਕੌਰ ਦਿਓ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ, ਨਾਲ ਉਨ੍ਹਾ ਆਖਿਆ ਕਿ ਸਾਡੇ ਭਾਈਚਾਰੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਲਵਪ੍ਰੀਤ ਕੈਨੇਡਾ ਭਰ ਵਿੱਚੋਂ ਟਾਪ 25 ਇਸਤਰੀਆਂ, ਜਿਨ੍ਹਾਂ ਵੱਖ-ਵੱਖ ਖੇਤਰਾਂ ਵਿੱਚ ਵਿਲੱਖਣ ਪ੍ਰਾਪਤੀਆਂ ਕੀਤੀਆਂ ਹਨ, ਉਨ੍ਹਾਂ ਵਿੱਚੋਂ ਇੱਕ ਹੈ। ਇਕਬਾਲ ਖ਼ਾਨ ਕਾਲੀਰਾਏ ਨੇ ਲਵਪ੍ਰੀਤ ਅਤੇ ਦਿਓ ਪਰਵਾਰ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਸਾਨੂੰ ਲਵਪ੍ਰੀਤ 'ਤੇ ਹਮੇਸ਼ਾ ਮਾਣ ਰਹੇਗਾ। ਖ਼ਾਨ ਨੇ ਲਾਲ ਸਿੰਘ ਦਿਲ ਦੀ ਇੱਕ ਕਵਿਤਾ 'ਸ਼ਾਮ ਦਾ ਰੰਗ ਫੇਰ ਪੁਰਾਣਾ ਹੈ' ਪੇਸ਼ ਕੀਤੀ।

ਕੇਸਰ ਸਿੰਘ ਨੀਰ ਨੇ ਬੇਰੁਜ਼ਗਾਰ ਟੀਚਰਾਂ ਦੇ ਹੱਕ ਵਿੱਚ ਯੂਨੀਅਨ ਦੇ ਪ੍ਰਧਾਨ ਤਰਲੋਚਨ ਸਿੰਘ ਰਾਣਾ ਨਾਲ ਜੇਲ੍ਹ ਗਿਆਂ ਦੀਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ। ਕਵੀਸ਼ਰ ਜਸਵੰਤ ਸਿੰਘ ਸੇਖੋਂ ਨੇ '84 ਦੇ ਦਿੱਲੀ ਕਤਲੇਆਮ ਦੀ ਦਾਸਤਾਨ ਨੂੰ ਵਿਲੱਖਣ ਪੇਸ਼ਕਾਰੀ ਨਾਲ ਕਰਕੇ ਭਾਰਤੀ ਸਰਕਾਰ ਜ਼ੁਲਮ ਦੀ ਕੋਝੀ ਤਸਵੀਰ ਪੇਸ਼ ਕੀਤੀ।

ਹਰਦਿਆਲ ਸਿੰਘ ਦਿਓ ਨੇ ਅਰਪਨ ਲਿਖਾਰੀ ਸਭਾ ਦਾ ਧੰਨਵਾਦ ਕਰਦਿਆਂ ਆਪਣੀ ਬੱਚੀ ਦੀਆਂ ਮਾਣਯੋਗ ਪ੍ਰਾਪਤੀਆਂ 'ਤੇ ਮਾਣ ਕਰਦਿਆਂ ਆਖਿਆ ਕਿ ਸਾਡੀ ਬੱਚੀ ਨੇ ਸਾਡੇ ਭਾਈਚਾਰੇ ਦੇ ਨਾਲ ਸਾਡਾ ਨਾਂਅ ਵੀ ਰੌਸ਼ਨ ਕੀਤਾ ਹੈ। ਸਟੇਜ ਦੀ ਕਾਰਵਾਈ ਨਿਭਾਉਂਦਿਆਂ ਸਰੋਤਿਆਂ ਨੂੰ ਜਰਨੈਲ ਸਿੰਘ ਤੱਗੜ ਨੇ ਚੁੰਬਕ ਵਾਂਗ ਆਪਣੇ ਨਾਲ ਜੋੜੀ ਰੱਖਿਆ।

**—ਸਤਨਾਮ ਸਿੰਘ ਢਾਅ**

# ਸਮਕਾਲ

## ਪਰਖ : ਜੁਲਾਈ-ਦਸੰਬਰ 2022




ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵੱਲੋਂ ਪ੍ਰਕਾਸ਼ਤ ਕੀਤੇ ਜਾਂਦੇ ਛਿਮਾਹੀ ਪਰਚੇ ਦਾ ਇਹ ਅੰਕ, ਸਮਕਾਲੀ ਹੋਰ ਦੂਜੇ ਪਰਚਿਆਂ ਨਾਲੋਂ ਇਸ ਕਰਕੇ ਵਿਲੱਖਣ ਤੇ ਵਿਸ਼ੇਸ਼ ਹੈ, ਕਿਉਂ ਜੋ ਇਸ ਦੀ ਤਿਆਰੀ ਵਿੱਚ ਜੁੜੇ ਕਾਮੇ ਲਗਾਤਾਰ ਛੇ ਮਹੀਨੇ ਅਗਲੇ ਅੰਕ ਦੀ ਤਿਆਰੀ ਵਿੱਚ ਜੁਟੇ ਰਹਿੰਦੇ ਹਨ। ਮੁੱਖ ਸੰਪਾਦਕ ਡਾ. ਸਰਬਜੀਤ ਸਿੰਘ ਅਤੇ ਸੰਪਾਦਕ ਡਾ. ਯੋਗਰਾਜ ਇਸ ਪੱਖੋਂ ਵਧਾਈ ਦੇ ਪਾਤਰ ਹਨ। ਸੰਪਾਦਕੀ ਵਿੱਚ ਵਰਤਮਾਨ ਸਮੇਂ ਦਾ ਜ਼ਿਕਰ ਕਰਦਿਆਂ ਇਸ ਤੱਥ ਵੱਲ ਜ਼ੋਰ ਦਿੱਤਾ ਗਿਆ ਹੈ ਕਿ 'ਡਰ-ਭੈਅ' ਦੇ ਮਾਹੌਲ ਕਾਰਨ ਅਸਹਿਮਤੀ ਦਾ ਮਾਦਾ ਖਤਮ ਹੁੰਦਾ ਜਾ ਰਿਹਾ ਹੈ ਜਾਂ ਕਰ ਦਿੱਤਾ ਜਾਂਦਾ ਹੈ। ਇਹੀ ਕੁਝ ਸਿਰਜਣਾ ਤੇ ਚਿੰਤਨ ਦੀ ਪੱਧਰ 'ਤੇ ਵੀ ਹੋ ਰਿਹਾ ਹੈ, ਜੋ ਕਿ ਚਿੰਤਾ ਦਾ ਸਬੱਬ ਬਣਦਾ ਜਾ ਰਿਹਾ ਹੈ। ਪਹਿਲੇ ਲੇਖ ਵਿੱਚ ਡਾ. ਹਰਿਭਜਨ ਸਿੰਘ ਭਾਟੀਆ ਨੇ ਪੰਜਾਬੀ ਗਲਪ ਦੇ ਸਮਰੱਥ ਪਾਰਖੂ ਡਾ. ਜੁਗਿੰਦਰ ਸਿੰਘ ਰਾਹੀ ਦੀ ਗਲਪ ਆਲੋਚਨਾ ਵਿਚਲੇ ਚਿੰਤਨ ਦੇ ਸਰੂਪ ਦੀ ਗੱਲ ਕਾਫੀ ਵਿਸਥਾਰ ਵਿੱਚ ਕੀਤੀ ਹੈ। ਡਾ. ਰਾਹੀ ਕਹਾਣੀ ਅਤੇ ਨਾਵਲ ਬਾਰੇ ਗੱਲ ਕਰਦਿਆਂ ਜਿਸ ਚਿੰਤਨ ਪੱਧਤੀ ਦਾ ਸਹਾਰਾ ਲੈਂਦੇ ਸਨ, ਉਹ ਅੱਜ ਕਿਤੇ ਨਾ ਕਿਤੇ ਗਾਇਬ ਹੈ। ਡਾ. ਸੁਖਦੇਵ ਸਿੰਘ ਸਿਰਸਾ ਨੇ ਗੁਰੂ ਤੇਗ ਬਹਾਦਰ ਦੀ ਬਾਣੀ ਵਿਚਲੇ ਇਤਿਹਾਸਕ ਅਤੇ ਸਮਾਜਿਕ ਸੰਦਰਭ ਉਘਾੜਨ ਦਾ ਯਤਨ ਕੀਤਾ ਹੈ। ਡਾ. ਸਿਰਸਾ ਸਪੱਸ਼ਟ ਕਰਦਾ ਹੈ ਕਿ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਪੁਜੀਸ਼ਨ ਸਮਤਾ ਮੂਲਕ ਸਮਾਜ ਅਤੇ ਸਮਾਜਿਕ ਨਿਆਂ ਵਾਲੇ ਚਿੰਤਨ ਨਾਲ ਖੜਦੀ ਹੈ। ਡਾ. ਯੋਗਰਾਜ ਨੇ ਸੁਖਵਿੰਦਰ ਅੰਮ੍ਰਿਤ ਦੇ ਕਾਵਿ ਸੁਹਜ ਦੀ ਗੱਲ ਵਿਸਥਾਰ ਵਿੱਚ ਕੀਤੀ ਹੈ। ਡਾ. ਸਰਬਜੀਤ ਦਾ ਵੱਡ-ਆਕਾਰੀ ਲੇਖ ਭਾਰਤੀ ਵਰਣ ਵਿਵਸਥਾ ਵਿੱਚ ਸਮਾਜ ਦੇ ਵੱਡੇ ਭਾਗ ਕੋਲੋਂ ਜ਼ਿੰਦਗੀ ਜੀਊਣ ਦਾ ਹੱਕ ਹੀ ਖੋਹਣ ਦਾ ਯਤਨ ਕੀਤਾ ਗਿਆ, ਜਿਸ ਕਰਕੇ ਨਾਬਰੀ ਦਾ ਪ੍ਰਵਚਨ ਉੱਪਜਦਾ ਹੈ। ਉਹਨਾ ਨੇ ਇਸ ਲਈ ਗੁਰੂ ਰਵਿਦਾਸ ਅਤੇ ਉਹਨਾਂ ਦੇ ਸਮਕਾਲੀ ਮੱਧ ਯੁੱਗ ਦੇ ਕਵੀਆਂ ਦੀ ਕਾਵਿ ਸਿਰਜਣਾ ਨੂੰ ਇਸ ਦਾ ਆਧਾਰ ਬਣਾਇਆ ਹੈ। ਡਾ. ਭੀਮਇੰਦਰ ਸਿੰਘ ਪ੍ਰੋ. ਕਿਸ਼ਨ ਸਿੰਘ ਦੀ ਆਲੋਚਨਾ ਦੇ ਵਿਚਾਰਧਾਰਕ ਪਰਿਪੇਖ ਦੀ ਗੱਲ ਕਰਦਾ ਹੈ। ਪਾਲੀ ਭੁਪਿੰਦਰ ਸਿੰਘ ਪੰਜਾਬੀ ਇਕਾਂਗੀ, ਲਘੂ ਨਾਟਕ ਅਤੇ ਪੂਰਾ ਨਾਟਕ ਦਾ ਨਿਖੇੜਾ ਕਰਨ ਦਾ ਯਤਨ ਕਰਦਾ ਹੈ। ਡਾ. ਗੁਰਦੀਪ ਕੌਰ ਗੁਰੂ ਨਾਨਕ ਦੇ ਬਰਾਬਰੀ ਦੇ ਸਿਧਾਂਤ ਵਿਚਲੇ ਲਿੰਗ ਸਮਾਨਤਾ ਵਾਲੇ ਪੱਖ ਨੂੰ ਉਜਾਗਰ ਕਰਦੀ ਹੈ। ਡਾ. ਸੋਹਨ ਸਿੰਘ, ਡਾ. ਸੁਖਵਿੰਦਰ ਸਿੰਘ ਸੰਘਾ ਦੀ ਭਾਸ਼ਾ, ਵਿਗਿਆਨਕ ਦ੍ਰਿਸ਼ਟੀ ਨੂੰ ਵਿਗਿਆਨਕ ਲੀਹਾਂ 'ਤੇ ਪਰਖਦਾ ਹੈ। ਪੰਜਾਬੀ ਵਾਲੇ ਹਿੱਸੇ ਵਿੱਚ ਇਹਨਾਂ ਤੋਂ ਇਲਾਵਾ ਕੁਝ ਸਾਹਿਤ ਰੂਪਾਂ ਜਾਂ ਵਿਸ਼ੇਸ਼ ਰਚਨਾਵਾਂ ਉੱਪਰ ਵੀ ਲੇਖ ਪੜ੍ਹਨ ਨੂੰ ਮਿਲਣਗੇ। ਅੰਗਰੇਜ਼ੀ ਵਿੱਚ ਡਾ. ਰਵਿੰਦਰ ਕੌਰ ਨੇ ਪ੍ਰੋ. ਗੁਰਦਿਆਲ ਸਿੰਘ ਅਤੇ ਭਗਵੰਤ ਰਸੂਲਪੁਰੀ ਦੀਆਂ ਗਲਪ ਰਚਨਾਵਾਂ ਵਿੱਚ ਬੇਜ਼ਮੀਨੇ ਦਲਿਤ ਪਾਤਰਾਂ ਦੀ ਹੋਈ ਪੇਸ਼ਕਾਰੀ ਬਾਰੇ ਦਿਲਚਸਪ ਅਧਿਐਨ ਪੇਸ਼ ਕੀਤਾ ਹੈ। ਡਾ. ਅਮਨਦੀਪ ਨੇ ਪੰਜਾਬ ਕਾਵਿ ਦੇ ਅੰਗਰੇਜ਼ੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਹੋਏ ਅਨੁਵਾਦ ਬਾਰੇ ਆਪਣੀ ਗੱਲ ਕੀਤੀ ਹੈ, ਉਸ ਨੇ ਵਰਣ ਆਸ਼ਰਮ ਪ੍ਰਧਾਨ ਸਮਾਜ ਵਿਚਲੇ ਬ੍ਰਾਹਮਣ ਅਤੇ ਦਲਿਤ ਦੇ ਆਪਸੀ ਰਿਸ਼ਤਿਆਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਜਿਸ ਵਿੱਚ ਦਲਿਤ ਵਿਅਕਤੀ ਕੋਲੋਂ ਉਸ ਦੇ ਜੀਊਣ ਦਾ ਹੱਕ ਹੀ ਖੋਹ ਲਿਆ ਜਾਂਦਾ ਹੈ। ਇਸ ਸੰਦਰਭ ਵਿੱਚ ਦਲਿਤ ਚਿੰਤਨ ਨੂੰ ਕਾਵਿ ਮੁਹਾਵਰੇ ਵਿੱਚ ਪੇਸ਼ ਕਰਨ ਵਾਲੇ ਸਮਰੱਥ ਹਸਤਾਖਰ ਮਦਨ ਵੀਰਾ ਦੀ ਕਵਿਤਾ ਉਦਾਹਰਣ ਵਜੋਂ ਪੇਸ਼ ਕੀਤੀ ਹੈ। ਇੱਕ ਕਵਿਤਾ ਦੀ ਉਦਾਹਰਣ ਵੀ ਅੰਗਰੇਜ਼ੀ ਅਨੁਵਾਦ ਵਾਲੀ ਹੈ। ਇਸ ਤਰ੍ਹਾਂ ਇਹ ਅੰਕ ਯਾਦਗਾਰੀ ਅਤੇ ਸਾਂਭਣ-ਪੜ੍ਹਨਯੋਗ ਬਣਿਆ ਹੈ।

ਪੰਨੇ : 172, ਮੁੱਲ : 150 ਰੁਪਏ, ਮੁੱਖ ਸੰਪਾਦਕ : ਪ੍ਰੋਫ਼ੈਸਰ ਸਰਬਜੀਤ ਸਿੰਘ, ਸੰਪਰਕ : ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

***- ਹਰਜਿੰਦਰ ਅਟਵਾਲ (ਡਾ.)***

# ਇੰਦਰਜੀਤ ਪੁਰੇਵਾਲ ਨਾਲ ਰੂਬਰੂ



**ਮੋਗਾ** : ਮਹਿੰਦਰ ਸਾਥੀ ਯਾਦਗਾਰੀ ਮੰਚ ਮੋਗਾ ਵੱਲੋਂ ਸੁਤੰਤਰਤਾ ਸੰਗਰਾਮੀ ਭਵਨ ਮੋਗਾ ਵਿਖੇ ਸਾਹਿਤਕ ਮੈਗਜ਼ੀਨ 'ਰਾਗ' ਦੇ ਮੁੱਖ ਸੰਪਾਦਕ ਇੰਦਰਜੀਤ ਪੁਰੇਵਾਲ ਨਾਲ ਰੂਬਰੂ ਕਰਵਾਇਆ ਗਿਆ। ਕੈਨੇਡਾ ਰਹਿੰਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਸਮਾਗਮ ਦੇ ਮੁੱਖ ਮਹਿਮਾਨ ਸਨ। ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਵਿਅੰਗਕਾਰ, ਨਾਵਲਕਾਰ ਤੇ ਕਹਾਣੀਕਾਰ ਕੇ ਐੱਲ ਗਰਗ ਅਤੇ ਜ਼ਿਲ੍ਹਾ ਭਾਸ਼ਾ ਅਫਸਰ ਮੋਗਾ ਡਾ. ਅਜੀਤਪਾਲ ਸਿੰਘ ਨੇ ਕੀਤੀ। ਜਸਵਿੰਦਰ ਰੱਤੀਆਂ, ਮਹਿੰਦਰ ਸਾਥੀ ਮੰਚ ਦੇ ਮੁੱਖ ਸਲਾਹਕਾਰ ਅਮਰ ਸੂਫ਼ੀ, ਬਾਬਾ ਕੁੰਦਨ ਸਿੰਘ ਕਾਲਜ ਮੰਦਰ ਮੁਹਾਰ ਦੇ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਸਿੱਧੂ ਅਤੇ ਨਾਮਵਰ ਆਲੋਚਕ ਡਾ. ਸੁਰਜੀਤ ਬਰਾੜ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ।

ਸਮਾਗਮ ਦੀ ਸ਼ੁਰੂਆਤ ਦਰਸ਼ਨ ਦੁਸਾਂਝ ਵੱਲੋਂ ਗਾਏ ਖ਼ੂਬਸੂਰਤ ਗੀਤ ਨਾਲ ਹੋਈ। ਗੁਰਮੀਤ ਕੜਿਆਲਵੀ ਨੇ ਯੂ ਐੱਸ ਏ ਰਹਿੰਦੇ ਇੰਦਰਜੀਤ ਪੁਰੇਵਾਲ, ਮੈਗਜ਼ੀਨ 'ਰਾਗ' ਬਾਰੇ ਜਾਣਕਾਰੀ ਦਿੱਤੀ ਅਤੇ ਆਏ ਹੋਏ ਸਾਹਿਤਕਾਰਾਂ ਨੂੰ ਜੀ ਆਇਆਂ ਆਖਿਆ। ਜਰਨੈਲ ਸਿੰਘ ਸੇਖਾ ਨੇ ਪੁਰੇਵਾਲ ਨੂੰ ਸਿਰੜੀ ਮਨੁੱਖ ਕਿਹਾ, ਜੋ ਆਪਣੀ ਮਿਹਨਤ ਦੀ ਕਮਾਈ 'ਚੋਂ ਖਰਚ ਕਰਕੇ ਪੰਜਾਬੀ ਸਾਹਿਤ ਅਤੇ ਸਾਹਿਤਕਾਰਾਂ ਨੂੰ ਉਤਸ਼ਾਹਤ ਕਰ ਰਿਹਾ ਹੈ। ਕੇ ਐੱਲ ਗਰਗ ਨੇ ਅਮਰੀਕਾ ਦੀ ਦੌੜ-ਭੱਜ ਵਾਲੀ ਮੁਸ਼ੱਕਤ ਭਰੀ ਜ਼ਿੰਦਗੀ ਦੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਮਸ਼ੀਨ ਬਣੀ ਅਜਿਹੀ ਜ਼ਿੰਦਗੀ ਵਿਚੋਂ ਸਮਾਂ ਤੇ ਸਰਮਾਇਆ ਕੱਢ ਕੇ ਸਾਹਿਤ ਦੇ ਲੇਖੇ ਲਾਉਣਾ ਬਹੁਤ ਵੱਡਾ ਕਾਰਜ ਹੈ। ਇਹ ਜਿਗਰੇ ਤੇ ਹੌਸਲੇ ਤੋਂ ਬਿਨਾਂ ਸੰਭਵ ਨਹੀਂ। ਗਰਗ ਨੇ ਇੰਦਰਜੀਤ ਪੁਰੇਵਾਲ ਨੂੰ ਮੈਗਜ਼ੀਨ ਕੱਢਣ 'ਤੇ ਮੁਬਾਰਕਬਾਦ ਦਿੱਤੀ।

ਡਾਕਟਰ ਅਜੀਤਪਾਲ ਨੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਇੰਦਰਜੀਤ ਪੁਰੇਵਾਲ ਨੂੰ ਮੋਗਾ ਆਉਣ 'ਤੇ ਜੀ ਆਇਆਂ ਆਖਿਆ। ਅਜੀਤਪਾਲ ਨੇ ਸ਼ਾਇਰੀ ਨਾਲ ਮਾਹੌਲ ਨੂੰ ਕਾਵਿਕ ਬਣਾ ਦਿੱਤਾ। ਡਾ. ਸੁਰਜੀਤ ਬਰਾੜ ਨੇ ਕਿਹਾ ਕਿ ਅਜੋਕੇ ਸਮੇਂ ਵਿਚ ਪੰਜਾਬੀ ਭਾਸ਼ਾ ਵਿੱਚ ਮੈਗਜ਼ੀਨ ਕੱਢਣਾ ਬਹੁਤ ਬਿਖਮ ਕਾਰਜ ਹੈ। ਨਵੀਂ ਪੀੜ੍ਹੀ ਨੂੰ ਸਾਹਿਤ ਅਤੇ ਭਾਸ਼ਾ ਨਾਲ ਜੋੜਨ ਲਈ ਮੈਗਜ਼ੀਨ 'ਰਾਗ' ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਜਸਵਿੰਦਰ ਰੱਤੀਆਂ (ਯੂ ਕੇ) ਨੇ ਤ੍ਰੈਮਾਸਿਕ ਰਾਬਤਾ ਦੀ ਸੰਪਾਦਨਾ ਸਮੇਂ ਪੇਸ਼ ਆਈਆਂ ਮੁਸ਼ਕਲਾਂ ਸਾਂਝੀਆਂ ਕਰਦਿਆਂ ਕਿਹਾ ਕਿ ਮੈਗਜ਼ੀਨ ਕੱਢਣਾ ਆਰਥਕ ਪੱਖੋਂ ਬਹੁਤ ਔਖਾ ਕੰਮ ਹੈ। ਲੇਖਕਾਂ ਤੋਂ ਰਚਨਾਵਾਂ ਮੰਗਵਾਉਣੀਆਂ, ਉਹਨਾਂ ਨੂੰ ਪੜ੍ਹਨ ਉਪਰੰਤ ਛਪਣਯੋਗ ਰਚਨਾਵਾਂ ਦੀ ਚੋਣ ਕਰਨੀ, ਮੈਗਜ਼ੀਨ ਪ੍ਰਿੰਟ ਕਰਵਾਉਣਾ ਤੇ ਫੇਰ ਪੰਜਾਬ ਦੇ ਕੋਨੇ-ਕੋਨੇ ਤੱਕ ਪਹੁੰਚਾਉਣਾ ਬਹੁਤ ਮਿਹਨਤ ਤੇ ਲਗਨ ਵਾਲਾ ਕੰਮ ਹੈ। ਗੁਰਚਰਨ ਸਿੰਘ ਸੰਘਾ, ਸਾਥੀ ਮੰਚ ਦੇ ਸਲਾਹਕਾਰ ਅਮਰ ਸੂਫ਼ੀ ਅਤੇ ਗੁਰਮੇਲ ਬੌਡੇ ਨੇ ਵੀ ਇੰਦਰਜੀਤ ਪੁਰੇਵਾਲ ਤੇ ਰਾਗ ਬਾਰੇ ਵਿਚਾਰ ਸਾਂਝੇ ਕੀਤੇ। ਡਾ. ਸੁਰਜੀਤ ਸਿੰਘ ਸਿੱਧੂ ਨੇ ਇੰਦਰਜੀਤ ਪੁਰੇਵਾਲ ਦੇ ਸੰਘਰਸ਼ਸ਼ੀਲ ਜੀਵਨ ਬਾਰੇ ਜਾਣਕਾਰੀ ਦਿੱਤੀ। ਕਾਰਜਕਾਰਨੀ ਦੇ ਮੈਂਬਰ ਅਮਰਜੀਤ ਸਨੇਹ੍ਵੀ ਨੇ ਧੰਨਵਾਦੀ ਸ਼ਬਦ ਆਖੇ।

**—ਗੁਰਮੀਤ ਕੜਿਆਲਵੀ**

# 'ਖਿੜਨ ਤੋਂ ਪਹਿਲਾਂ' ਪੰਜਾਬੀ ਦੇ ਪੰਜ ਬੇਹਤਰੀਨ ਨਾਵਲਾਂ 'ਚ ਸ਼ਾਮਲ

**ਹੁਸ਼ਿਆਰਪੁਰ** : ਟੀਮ ਮਾਝਾ ਵਰਲਡ ਵਾਈਡ ਪੰਜਾਬੀ ਪ੍ਰਚਾਰ-ਪਸਾਰ ਸੰਸਥਾ ਦੀ ਕੋਆਰਡੀਨੇਟਰ ਕੋਮਲਪ੍ਰੀਤ ਕੌਰ ਵੱਲੋਂ ਜਾਰੀ ਸੂਚਨਾ ਮੁਤਾਬਕ ਹੁਸ਼ਿਆਰਪੁਰ ਦੇ ਚਰਚਿਤ ਨਾਵਲਕਾਰ ਡਾ. ਧਰਮਪਾਲ ਸਾਹਿਲ ਦੇ ਨਾਵਲ 'ਖਿੜਨ ਤੋਂ ਪਹਿਲਾਂ' ਨੂੰ ਪੰਜਾਬੀ ਦੇ ਉਨ੍ਹਾਂ ਪੰਜ ਬੇਹਤਰੀਨ ਨਾਵਲਾਂ ਵਿੱਚ ਸ਼ੁਮਾਰ ਕੀਤਾ ਗਿਆ ਹੈ, ਜਿਨ੍ਹਾਂ ਨੂੰ ਉਪਰੋਕਤ ਸੰਸਥਾ ਵੱਲੋਂ ਵਿਸ਼ਵ ਭਰ ਦੇ ਸਮੂਹ ਪੰਜਾਬੀ ਪੁਸਤਕ ਪ੍ਰੇਮੀਆਂ ਨੂੰ ਯੂਟਿਊਬ ਚੈਨਲ ਰਾਹੀਂ ਪੜ੍ਹਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।। ਇਨ੍ਹਾਂ ਵਿੱਚ ਡਾ. ਸਾਹਿਲ ਤੋਂ ਇਲਾਵਾ ਸੋਹਨ ਸਿੰਘ ਸੀਤਲ (ਦੀਵੇ ਦੀ ਲੋਅ), ਜਸਵੰਤ ਸਿੰਘ ਕੰਵਲ (ਰਾਤ ਬਾਕੀ ਹੈ), ਸ਼ਿਵਚਰਨ ਜੱਗੀ ਕੁੱਸਾ (ਤਵੀ ਤੋਂ ਤਲਵਾਰ ਤੱਕ) ਅਤੇ ਮਿੱਤਰ ਸੈਨ ਮੀਤ (ਕੌਰਵ ਸਭਾ) ਚੁਣੇ ਗਏ ਹਨ।




ਜ਼ਿਕਰਯੋਗ ਹੈ ਕਿ ਡਾ. ਸਾਹਿਲ ਦਾ ਚੁਣਿਆ ਗਿਆ ਨਾਵਲ 'ਖਿੜਨ ਤੋਂ ਪਹਿਲਾਂ' ਟੀਨਏਜਰ ਬੱਚਿਆਂ ਵਿੱਚ ਡਰੱਗ ਅਤੇ ਇੰਟਰਨੈੱਟ ਦੇ ਪੈ ਰਹੇ ਮਾਰੂ ਪ੍ਰਭਾਵਾਂ ਦੀ ਦਰਦਨਾਕ ਗਾਥਾ ਦੱਸਦਿਆਂ ਹਰੇਕ ਮਾਪੇ ਦੀਆਂ ਅੱਖਾਂ ਖੋਲ੍ਹਣ ਦਾ ਕੰਮ ਕਰਦਾ ਹੈ। ਟੀਮ ਮਾਝਾ ਵਰਲਡ ਵਾਈਡ ਨੇ ਮਾਪਿਆਂ ਨੂੰ ਇਹ ਨਾਵਲ ਪੜ੍ਹਨ ਦੀ ਪੁਰਜ਼ੋਰ ਅਪੀਲ ਕੀਤੀ ਹੈ। ਇਹ ਨਾਵਲ ਪੰਜਾਬੀ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਪ੍ਰਕਾਸ਼ਤ ਹੋ ਕੇ ਦੇਸ਼-ਵਿਦੇਸ ਵਿੱਚ ਚਰਚਿਤ ਹੋ ਚੁੱਕਿਆ ਹੈ। ਨਾਵਲ ਨੂੰ ਪਰਿਆਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਜਾਰੀ ਕੀਤਾ ਗਿਆ ਅਤੇ ਸਲਾਹਿਆ ਗਿਆ ਹੈ। ਇਸ ਨਾਵਲ 'ਤੇ ਕਈ ਵਿਸ਼ਵਵਿਦਿਆਲਿਆ ਵੱਲੋਂ ਖੋਜ ਕਾਰਜ ਸੰਪੰਨ ਕਰਾਏ ਗਏ ਹਨ। ਡਾ. ਸਾਹਿਲ ਦੇ ਵਿਸ਼ੇਸ਼ ਤੌਰ 'ਤੇ ਕੰਢੀ ਦੀ ਸੰਸਕ੍ਰਿਤੀ-ਸੱਭਿਆਚਾਰ 'ਤੇ ਅਧਾਰਤ ਧੀਆਂ ਮਰਜਾਣੀਆਂ, ਪਥਰਾਟ, ਕੁਆਰਝਾਤ ਅਤੇ ਮਣ੍ਹੇ ਨਾਵਲ ਵੀ ਪਾਠਕਾਂ ਵੱਲੋਂ ਬਹੁਤ ਪਸੰਦ ਕੀਤੇ ਗਏ ਹਨ। ਉਨ੍ਹਾ ਵੱਲੋਂ ਮਿੰਨੀ ਕਹਾਣੀ, ਕਹਾਣੀ, ਕਵਿਤਾ, ਯਾਤਰਾ ਸੰਸਮਰਣ, ਸ਼ਬਦ-ਕੋਸ਼ ਅਤੇ ਬਾਲ ਸਾਹਿਤ ਦੀਆਂ ਮੌਲਿਕ ਪੁਸਤਕਾਂ ਸਿਰਜਣ ਦੇ ਨਾਲ-ਨਾਲ ਦਰਜਨਾਂ ਪੁਸਤਕਾਂ ਦੇ ਅਨੁਵਾਦ ਕਾਰਜ ਰਾਹੀਂ ਵੀ ਮਾਂ ਬੋਲੀ ਪੰਜਾਬੀ ਦੀ ਵੱਡਮੁੱਲੀ ਸੇਵਾ ਕੀਤੀ ਗਈ ਹੈ। 'ਨਿੱਕੀਆਂ ਕਰੂੰਬਲਾਂ' ਸੰਸਥਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਡਾ. ਸਾਹਿਲ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ।

# ਵਿਗਿਆਨ ਗਲਪ ਦਾ ਪਲੇਠਾ ਈ-ਮੈਗਜ਼ੀਨ 'ਉਡਾਣ'

**ਲੁਧਿਆਣਾ** : ਪੰਜਾਬੀ ਵਿੱਚ ਵਿਗਿਆਨ ਦੇ ਲੇਖਕ ਉਂਗਲੀਆਂ 'ਤੇ ਗਿਣੇ ਜਾ ਸਕਦੇ ਹਨ, ਪਰ ਵਿਗਿਆਨ ਵਾਰਤਕ (ਸਾਇੰਸ ਫਿਕਸ਼ਨ) ਦੇ ਲੇਖਕ ਤਾਂ ਮੈਨੂੰ ਲੱਗਦਾ ਪੰਜ-ਸੱਤ ਹੀ ਹੋਣਗੇ। ਗਿਆਨ, ਜਿਸ ਰਫਤਾਰ ਨਾਲ ਅੱਗੇ ਵਧ ਰਿਹਾ ਹੈ, ਉਸ ਦੀ ਜਾਣਕਾਰੀ ਲੋਕਾਂ ਤੀਕ ਬੜੀ ਘੱਟ ਪਹੁੰਚ ਰਹੀ ਹੈ। ਪੰਜਾਬੀ ਵਿੱਚ ਵਿਗਿਆਨ ਦਾ ਇੱਕੋ-ਇਕ ਮਹੀਨੇਵਾਰ ਈ-ਮੈਗਜ਼ੀਨ 'ਜਗਿਆਸਾ' ਪੰਜਾਬ ਸਟੇਟ ਕੌਂਸਲ ਆਫ ਸਾਇੰਸ ਐਂਡ ਟੈਕਨਾਲੋਜੀ ਚੰਡੀਗੜ੍ਹ ਵੱਲੋਂ ਕੁਝ ਮਹੀਨੇ ਤੋਂ ਸ਼ੁਰੂ ਹੋਇਆ ਹੈ। ਇਸ ਤੋਂ ਪਹਿਲਾਂ ਬਰਨਾਲਾ ਤੋਂ ਇਕ ਰਸਾਲਾ 'ਵਿਗਿਆਨ ਜੋਤ' ਨਿਕਲਦਾ ਹੁੰਦਾ ਸੀ। ਚੰਡੀਗੜ੍ਹ ਤੋਂ 'ਨਿਰੰਤਰ ਸੋਚ' ਨਿਕਲਦਾ ਸੀ, ਪਰ ਇਹ ਦੋਵੇਂ ਰਸਾਲੇ ਬੰਦ ਹੋ ਚੁੱਕੇ ਹਨ।




ਵਿਗਿਆਨ ਗਲਪ ਦਾ ਪਲੇਠਾ ਈ ਰਸਾਲਾ ਹੈ- ਉਡਾਣ। ਅਮਨਦੀਪ ਸਿੰਘ ਬੋਸਟਨ ਅਮਰੀਕਾ ਤੋਂ ਇਸ ਦਾ ਸੰਪਾਦਕ ਹੈ। ਹੁਣੇ-ਹੁਣੇ ਇਸ ਦਾ ਅਪ੍ਰੈਲ ਤੋਂ ਜੂਨ ਤੱਕ ਦਾ ਤੀਜਾ ਅੰਕ ਆਨਲਾਈਨ ਰਿਲੀਜ਼ ਹੋਇਆ ਹੈ। ਇਸ ਦੇ 65 ਪੰਨੇ ਹਨ। ਵਿਗਿਆਨ ਗਲਪ, ਵਿਗਿਆਨਕ ਜਾਣਕਾਰੀ ਤੋਂ ਇਲਾਵਾਂ ਇਸ ਵਿੱਚ ਬੱਚਿਆਂ ਦਾ ਕੋਨਾ ਵੀ ਹੈ, ਜਿਸ ਵਿੱਚ ਬਾਲ ਕਹਾਣੀ, ਵਿਗਿਆਨਕ ਕਵਿਤਾਵਾਂ ਤੇ ਚੁਟਕਲੇ ਵੀ ਸ਼ਾਮਲ ਹਨ।

ਹੱਥਲੇ ਅੰਕ ਵਿੱਚ ਅਮਨਦੀਪ ਸਿੰਘ, ਡਾ. ਡੀ ਪੀ ਸਿੰਘ, ਮਖਦੂਮ ਟੀਪੂ ਸੁਲਤਾਨ, ਜਸਬੀਰ ਸਿੰਘ ਦੀਦਾਰਗੜ੍ਹ, ਅਜਮੇਰ ਸਿੱਧੂ, ਰੂਪ ਢਿੱਲੋਂ, ਹਰੀ ਕ੍ਰਿਸ਼ਨ ਮਾਇਰ, ਗੁਰਸ਼ਰਨ ਸਿੰਘ ਦੀਆਂ ਰਚਨਾਵਾਂ ਸ਼ਾਮਲ ਹਨ। ਪੁਸਤਕ ਰੀਵਿਊ ਨੂੰ ਵੀ ਤਰਜੀਹ ਦਿੱਤੀ ਗਈ ਹੈ। ਅਗਲਾ ਅੰਕ ਜੁਲਾਈ ਵਿੱਚ ਆਵੇਗਾ। ਆਓ, ਵਿਗਿਆਨ ਸਾਹਿਤ ਨਾਲ ਜੁੜੀਏ।

**—ਪ੍ਰਿੰਸੀਪਲ ਹਰੀ ਕ੍ਰਿਸ਼ਨ ਮਾਇਰ**

## ਸਰਵੋਤਮ ਪੁਰਸਕਾਰ ਲਈ ਮਿੰਨੀ ਕਹਾਣੀ ਦੀਆਂ ਪੁਸਤਕਾਂ ਦੀ ਮੰਗ

**ਬਰੇਟਾ**: ਮਿੰਨੀ ਕਹਾਣੀ ਲੇਖਕ ਮੰਚ ਪੰਜਾਬ, ਅੰਮ੍ਰਿਤਸਰ ਵੱਲੋਂ 'ਗੁਲਸ਼ਨ ਰਾਏ ਯਾਦਗਾਰੀ ਸਰਵੋਤਮ ਮਿੰਨੀ ਕਹਾਣੀ ਪੁਸਤਕ ਪੁਰਸਕਾਰ-2022' ਲਈ ਪੰਜਾਬੀ ਭਾਸ਼ਾ ਵਿਚ ਸਾਲ 2022 ਦੌਰਾਨ ਛਪੇ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ ਦੀ ਮੰਗ ਕੀਤੀ ਜਾਂਦੀ ਹੈ। ਚੁਣੀ ਗਈ ਪੁਸਤਕ ਨੂੰ ਇੱਕੀ ਸੌ ਰੁਪਏ ਨਗਦ, ਸਨਮਾਨ ਪੱਤਰ ਤੇ ਸ਼ਾਲ ਮੰਚ ਦੇ ਅਕਤੂਬਰ 2023 ਵਿਚ ਅੰਮ੍ਰਿਤਸਰ ਵਿਖੇ ਹੋਣ ਵਾਲੇ ਸਲਾਨਾ ਸਮਾਗਮ ਵਿਚ ਪ੍ਰਦਾਨ ਕੀਤੇ ਜਾਣਗੇ। ਪੁਸਤਕ ਦੀਆਂ ਪੰਜ ਕਾਪੀਆਂ 15 ਮਈ ਤੱਕ ਡਾਕ ਰਾਹੀਂ ਜਗਦੀਸ਼ ਰਾਏ ਕੁਲਰੀਆਂ, 46 ਇੰਪਲਾਈਜ਼ ਕਾਲੋਨੀ, ਬਰੇਟਾ, ਜ਼ਿਲ੍ਹਾ ਮਾਨਸਾ (ਪੰਜਾਬ) 151501 ਤੇ ਭੇਜੀਆਂ ਜਾ ਸਕਦੀਆਂ ਹਨ।

## 33ਵੇਂ ਮਿੰਨੀ ਕਹਾਣੀ ਮੁਕਾਬਲੇ ਦਾ ਐਲਾਨ

**ਬਰਨਾਲਾ**: ਮਿੰਨੀ ਕਹਾਣੀ ਲੇਖਕ ਮੰਚ ਪੰਜਾਬ, ਅੰਮ੍ਰਿਤਸਰ ਵੱਲੋਂ ਹਰ ਸਾਲ ਕਰਵਾਏ ਜਾਣ ਵਾਲੇ ਮਿੰਨੀ ਕਹਾਣੀ ਮੁਕਾਬਲੇ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਬਾਰੇ ਮੁਕਾਬਲੇ ਦੇ ਕਨਵੀਨਰ ਕੁਲਵਿੰਦਰ ਕੌਸ਼ਲ ਨੇ ਦੱਸਿਆ ਕਿ ਇਸ 33ਵੇਂ ਮੁਕਾਬਲੇ ਲਈ ਲੇਖਕ ਆਪਣੀਆਂ ਦੋ ਅਪ੍ਰਕਾਸ਼ਤ ਮੌਲਿਕ ਮਿੰਨੀ ਕਹਾਣੀਆਂ ਪੰਜਾਹ ਰੁਪਏ ਦੀ ਫੀਸ ਸਹਿਤ ਈਮੇਲ 'ਤੇ 15 ਜੁਲਾਈ ਤੱਕ ਭੇਜ ਸਕਦੇ ਹਨ। ਰਚਨਾਵਾਂ ਸਾਫ਼ ਲਿਖੀਆਂ ਜਾਂ ਟਾਈਪ ਕੀਤੀਆਂ ਹੋਣੀਆਂ ਚਾਹੀਦੀਆਂ ਹਨ। ਚੁਣੀਆਂ ਹੋਈਆਂ ਮਿੰਨੀ ਕਹਾਣੀਆਂ (ਰਚਨਾਵਾਂ) ਨੂੰ ਪਹਿਲਾ, ਦੂਸਰਾ, ਤੀਸਰਾ ਇਨਾਮ, ਮਿਮੈਂਟੋ ਅਤੇ ਸਰਟੀਫਿਕੇਟ ਦਿੱਤੇ ਜਾਣਗੇ । ਦੋ ਵਿਸ਼ੇਸ਼ ਇਨਾਮ ਵੀ ਹੋਣਗੇ , ਜੋ ਕਿ ਅਕਤੂਬਰ ਦੇ ਅੰਮ੍ਰਿਤਸਰ ਵਿਖੇ ਸਲਾਨਾ ਸਮਾਗਮ ਵਿਚ ਵੰਡੇ ਜਾਣਗੇ। ਰਚਨਾਵਾਂ ਭੇਜਣ ਲਈ ਕੁਲਵਿੰਦਰ ਕੌਸ਼ਲ 94176-36255 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹੁਸ਼ਿਆਰ ਵਿਦਿਆਰਥੀਆਂ ਦਾ ਸਨਮਾਨ

**ਹੁਸ਼ਿਆਰਪੁਰ**-ਇੱਥੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵਿਦਿਆਰਥੀ ਜੋ ਕਿ ਇਸ ਸਾਲ ਚੰਗੇ ਨੰਬਰ ਲੈ ਕੇ ਪਾਸ ਹੋਏ ਹਨ, ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਅਲਾਇੰਸ ਕਲੱਬ ਹੁਸ਼ਿਆਰਪੁਰ ਗ੍ਰੇਟਰ ਵੱਲੋਂ ਇਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਗਵਰਨਰ ਐਲੀ ਰਮੇਸ਼ ਕੁਮਾਰ, ਐੱਮ.ਸੀ. ਨਵਾਬ ਪਹਿਲਵਾਨ ਅਤੇ ਐਲੀ ਅਸ਼ੋਕ ਪੁਰੀ ਵਿਸ਼ੇਸ਼ ਤੌਰ 'ਤੇ ਪੁੱਜੇ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ 11ਵੀਂ ਦੀ ਵਿਦਿਆਰਥਣ ਦਿਲਪ੍ਰੀਤ ਕੌਰ, 8ਵੀਂ ਦੇ ਪ੍ਰਨਵ (ਅਭੀ) ਅਤੇ ਗੁਰਵੀਰ, 6ਵੀਂ ਦੇ ਸਾਵਨ, 5ਵੀਂ ਦੇ ਸਿਮਰ ਅਤੇ ਮਨਮੀਤ ਨੂੰ 90 ਪ੍ਰਤੀਸ਼ਤ ਤੋਂ ਉਪਰ ਅੰਕ ਪ੍ਰਾਪਤ ਕਰਨ ਲਈ ਸਨਮਾਨਿਤ ਕੀਤਾ। ਇਸ ਮੌਕੇ ਅੰਸ਼, ਬਾਣੀ, ਸਿਰਤ, ਸਪਰਸ਼ ਅਤੇ ਚੈਤਨਿਆ ਨੂੰ ਵੀ ਚੰਗੇ ਨੰਬਰ ਲੈਣ ਲਈ ਐਲੀ ਅਸ਼ੋਕ ਪੁਰੀ, ਐਲੀ ਰਮੇਸ਼ ਕੁਮਾਰ ਅਤੇ ਐੱਮ.ਸੀ. ਨਵਾਬ ਪਹਿਲਵਾਨ ਨੇ ਸਨਮਾਨਿਤ ਕੀਤਾ। ਇਸ ਮੌਕੇ ਅਸ਼ੋਕ ਪੁਰੀ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਇਹ ਸਾਰੇ ਵਿਦਿਆਰਥੀ 8 ਪ੍ਰਾਈਵੇਟ ਸਕੂਲਾਂ ਦੀ ਨੁਮਾਇੰਦਗੀ ਕਰਦੇ ਹਨ। ਇਸ ਮੌਕੇ ਐੱਮ.ਸੀ. ਨਵਾਬ ਪਹਿਲਵਾਨ ਨੇ ਆਖਿਆ ਕਿ ਹਰ ਨਵੇਂ ਸਾਲ 'ਤੇ ਵਿਦਿਆਰਥੀਆਂ ਦੇ ਚੰਗੇ ਨਤੀਜੇ ਆਉਣ 'ਤੇ ਸਮਾਜ ਸੇਵੀ ਬੁੱਧੀਜੀਵੀਆਂ ਵੱਲੋਂ ਕੀਤੇ ਜਾਂਦੇ ਇਸ ਤਰ੍ਹਾਂ ਦੇ ਪ੍ਰੋਗਰਾਮ ਵਿੱਦਿਅਕ ਪੱਧਰ ਨੂੰ ਉੱਚਾ ਚੁੱਕਣ ਲਈ ਸਹਾਈ ਹੁੰਦੇ ਹਨ। ਜ਼ਿਲ੍ਹਾ ਡਿਸਟ੍ਰਿਕ ਗਵਰਨਰ ਰਮੇਸ਼ ਕੁਮਾਰ ਨੇ ਦੱਸਿਆ ਕਿ ਅਲਾਇੰਸ ਕਲੱਬ ਹੁਸ਼ਿਆਰਪੁਰ ਗ੍ਰੇਟਰ ਵੱਲੋਂ ਕੀਤੇ ਗਏ ਇਸ ਪ੍ਰੋਗਰਾਮ ਲਈ ਨਵੇਂ ਸਾਲ ਦੀ ਇਹ ਇਕ ਸੁਖਦ ਅਤੇ ਪ੍ਰਸ਼ੰਸਾਯੋਗ ਗਤੀਵਿਧੀ ਹੈ।

# ਰਾਕੇਸ਼ ਕੁਮਾਰ ਦੀ ਸ਼ਾਹਮੁਖੀ 'ਚ ਛਪੀ ਕਿਤਾਬ ਰਿਲੀਜ਼

**ਸੁਨਾਮ** : ਬੀਬੀ ਗੁਲਾਬ ਕੌਰ ਦੀ ਜ਼ਿੰਦਗੀ ਸੰਬੰਧੀ ਪ੍ਰਸਿੱਧ ਖੋਜੀ ਇਤਿਹਾਸਕਾਰ ਰਾਕੇਸ਼ ਕੁਮਾਰ ਦੀ ਕਿਤਾਬ 'ਗੁਲਾਬ ਕੌਰ ਗਦਰ ਲਹਿਰ ਦੀ ਦਲੇਰ ਯੋਧਾ' ਨੂੰ ਲਹਿੰਦੇ ਪੰਜਾਬ ਵਿੱਚ ਸ਼ਾਹਮੁਖੀ ਵਿੱਚ ਛਾਪਿਆ ਗਿਆ ਹੈ, ਨੂੰ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਸੁਨਾਮ, ਊਧਮ ਸਿੰਘ ਵਾਲਾ ਵਿਖੇ ਰਿਲੀਜ਼ ਕੀਤਾ ਗਿਆ। ਰਾਕੇਸ਼ ਕੁਮਾਰ ਨੇ ਦੱਸਿਆ ਕਿ ਬੀਬੀ ਗੁਲਾਬ ਕੌਰ ਨੇ ਦੇਸ਼ ਦੀ ਆਜ਼ਾਦੀ ਲਈ ਗਦਰ ਲਹਿਰ ਵਿੱਚ ਅਹਿਮ ਰੋਲ ਅਦਾ ਕੀਤਾ ਸੀ। ਗਦਰ ਲਹਿਰ ਆਜ਼ਾਦੀ ਤੋਂ ਪਹਿਲਾਂ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਲੋਕਾਂ ਦੀ ਸਾਂਝੀ ਲਹਿਰ ਸੀ। ਇਹ ਕਿਤਾਬ ਲਹਿੰਦੇ ਪੰਜਾਬ ਦੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਦੇਸ਼ ਭਗਤਾਂ ਨੂੰ ਯਾਦ ਕਰਨ ਵਾਲੇ ਲੋਕਾਂ ਨੇ ਛਪਵਾਇਆ ਹੈ। ਇਹ ਗਦਰ ਲਹਿਰ ਸੰਬੰਧੀ ਲਹਿੰਦੇ ਪੰਜਾਬ ਵਿੱਚ ਛਪਣ ਵਾਲੀ ਪਹਿਲੀ ਕਿਤਾਬ ਹੈ।

ਇਸ ਕਿਤਾਬ ਨੇ ਪਾਕਿਸਤਾਨ ਦੇ ਬੁੱਧੀਜੀਵੀਆਂ ਵਿਚ ਇਕ ਚਰਚਾ ਛੇੜੀ ਹੈ। ਬੀਬੀ ਗੁਲਾਬ ਕੌਰ ਸੁਨਾਮ ਊਧਮ ਸਿੰਘ ਵਾਲਾ ਦੇ ਲਾਗੇ ਪਿੰਡ ਬਖਸ਼ੀਵਾਲਾ ਦੀ ਜੰਮਪਲ ਸੀ। ਇਹ ਵੀ ਗਦਰ ਪਾਰਟੀ ਦੇ ਸੱਦੇ 'ਤੇ ਦੇਸ਼ ਨੂੰ ਆਜਾਦ ਕਰਵਾਉਣ ਲਈ ਹਿੰਦੋਸਤਾਨ ਆਈ ਸੀ। ਇਹ ਗਦਰ ਲਹਿਰ ਵਿੱਚ ਲੰਮਾ ਸਮਾਂ ਸੰਘਰਸ਼ ਕਰਦੀ ਰਹੀ। ਗਦਰ ਪਾਰਟੀ ਦੇ ਹੈੱਡਕੁਆਰਟਰ ਅੰਮ੍ਰਿਤਸਰ ਤੇ ਲਾਹੌਰ ਦੋਵਾਂ ਥਾਵਾਂ 'ਤੇ ਉਹਨਾ ਕੰਮ ਕੀਤਾ।

ਗਦਰ ਲਹਿਰ ਇੱਕ ਧਰਮ ਨਿਰਪੱਖ ਲਹਿਰ ਸੀ। ਗਦਰ ਪਾਰਟੀ ਵੱਲੋਂ ਸਪੱਸ਼ਟ ਸੀ ਕਿ ਧਰਮ ਹਰੇਕ ਦਾ ਨਿੱਜੀ ਮਾਮਲਾ ਹੈ। ਗਦਰ ਪਾਰਟੀ ਦੇਸ਼ ਨੂੰ ਆਜ਼ਾਦ ਕਰਵਾ ਕਿ ਇਕ ਵਧੀਆ ਸਮਾਜ ਦੇ ਸਿਰਜਨਾ ਦੀ ਵੀ ਗੱਲ ਕਰਦੀ ਸੀ। ਇਸ ਕਿਤਾਬ ਨਾਲ ਲਹਿੰਦੇ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਗਦਰ ਲਹਿਰ ਵਾਰੇ ਜਾਣਕਾਰੀ ਹੋਵੇਗੀ। ਪ੍ਰਿੰਸੀਪਲ ਨੀਲਮ ਤੇ ਅਨਿਲ ਕੁਮਾਰ ਨੇ ਬੀਬੀ ਗੁਲਾਬ ਕੌਰ ਦੀ ਜ਼ਿੰਦਗੀ ਬਾਰੇ ਚਰਚਾ ਕੀਤੀ। ਬੱਚਿਆਂ ਨੇ ਧਿਆਨ ਨਾਲ ਸੁਣਿਆ। ਸਟੇਜ ਸਕੱਤਰ ਦੀ ਭੂਮਿਕਾ ਦਾਤਾ ਸਿੰਘ ਨੇ ਨਿਭਾਈ । ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਵੀ ਕਈ ਆਗੂ ਇਸ ਮੌਕੇ ਮੌਜੂਦ ਸਨ।

# 'ਏਕ ਪੈਂਡਾ' ਰਿਲੀਜ਼

**ਚੰਡੀਗੜ੍ਹ**-ਨਾਦ ਪ੍ਰਗਾਸੁ ਸ੍ਰੀ ਅੰਮ੍ਰਿਤਸਰ ਵੱਲੋਂ 'ਚੰਡੀਗੜ੍ਹ ਸਕੂਲ ਆਫ ਪੋਇਟਰੀ ਕ੍ਰਿਟੀਸਿਜ਼ਮ' ਦੇ ਸਹਿਯੋਗ ਨਾਲ ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਇੰਗਲੈਂਡ ਵਾਸੀ ਕਵੀ ਤੇਜਿੰਦਰ ਸਿੰਘ ਦੀ ਕਾਵਿ-ਕਿਤਾਬ 'ਏਕ ਪੈਂਡਾ' ਦਾ ਰਿਲੀਜ਼ ਸਮਾਗਮ ਅਤੇ ਵਿਚਾਰ-ਚਰਚਾ ਕਰਵਾਈ ਗਈ। ਸਭ ਤੋਂ ਪਹਿਲਾਂ 'ਚੰਡੀਗੜ੍ਹ ਸਕੂਲ ਆਫ ਪੋਇਟਰੀ ਕ੍ਰਿਟੀਸਿਜ਼ਮ' ਦੇ ਸੰਸਥਾਪਕ ਡਾ. ਯੋਗਰਾਜ ਨੇ ਕਵੀ ਦੀ ਕਾਵਿ-ਭਾਸ਼ਾ, ਕਾਵਿਕ ਉਡਾਣ, ਅਨੁਭਵਸ਼ੀਲਤਾ ਤੇ ਕਵਿਤਾਵਾਂ ਦੀ ਟਾਈਪਲੋਜੀ ਦੇ ਆਧਾਰ 'ਤੇ ਗੱਲ ਕੀਤੀ, ਉਹਨਾਂ ਕੁਝ ਕਵਿਤਾਵਾਂ ਦਾ ਉਦਾਹਰਨ ਵੀ ਦਿੱਤਾ। ਡਾ. ਪ੍ਰਵੀਨ ਕੁਮਾਰ ਨੇ ਕਵਿਤਾ ਦੀ ਯਾਤਰਾ ਦੀ ਗੱਲ ਕਰਦੇ ਹੋਏ ਕਿਹਾ ਕਿ ਪੰਜਾਬੀ ਦੀ ਬਹੁਤੀ ਕਵਿਤਾ ਅਤੀਤ ਕੇਂਦਰਤ ਹੈ ਅਤੇ ਉਹਨਾਂ 'ਏਕ ਪੈਂਡਾ' ਦੀਆਂ ਕਵਿਤਾਵਾਂ ਨੂੰ ਭਵਿੱਖ ਕੇਂਦਰਤ ਦੱਸਦਿਆਂ ਕੁਦਰਤ, ਸਿਰਜਣਾ ਤੇ ਕਲਾ ਦੀ ਇਕਸੁਰਤਾ ਬਾਰੇ ਅਹਿਮ ਨੁਕਤੇ ਸਾਂਝੇ ਕੀਤੇ। ਪ੍ਰੋ. ਜਗਦੀਸ਼ ਸਿੰਘ ਨੇ ਕਵਿਤਾ ਤੇ ਗੁਰਬਾਣੀ ਦੇ ਸ਼ਬਦ ਬ੍ਰਹਮ ਦੇ ਨੁਕਤੇ 'ਤੇ ਗੱਲ ਕੀਤੀ ਅਤੇ ਕਿਹਾ ਕਿ ਇਹ ਕਵਿਤਾ ਮੌਲਦੀ ਨਿਸ਼ਚਿਤਤਾ ਨੂੰ ਪੇਸ਼ ਕਰਦੀ ਹੈ। ਮੁੱਖ ਮਹਿਮਾਨ ਡਾ. ਗੁਰਪਾਲ ਸੰਧੂ ਨੇ ਸਿਰਲੇਖ 'ਤੇ ਧਿਆਨ ਕੇਂਦਰਤ ਕਰਦਿਆਂ ਕਵਿਤਾ ਦੇ ਸਮੁੱਚੇ ਥੀਮ ਬਾਰੇ ਅਹਿਮ ਨੁਕਤੇ ਸਾਂਝੇ ਕੀਤੇ। ਡਾ. ਅਮਰਜੀਤ ਗਰੇਵਾਲ ਨੇ 'ਏਕ



ਪੈਂਡਾ' ਦੀ ਕਵਿਤਾ ਬਾਰੇ ਆਪਣੀ ਗੱਲ ਕਰਦਿਆਂ ਸਾਹਿਤ ਦੇ ਸਮਾਜ ਸ਼ਾਸਤਰ, ਕਲਾ ਅਤੇ ਕਲਾ ਦੀ ਵਿਆਖਿਆ ਬਾਰੇ ਗੱਲ ਕੀਤੀ। ਉਹਨਾਂ ਇਹ ਵੀ ਜੋੜਿਆ ਕਿ ਮਨ ਦੀ ਵਿਚਾਰਕ ਸੰਰਚਨਾ 'ਚ ਕਵਿਤਾ ਕਿਵੇਂ ਸਹਾਈ ਹੋ ਨਿੱਬੜਦੀ ਹੈ ਅਤੇ ਇਹ ਸਾਰਾ ਅਭਿਆਸ ਕਿਸ ਤਰ੍ਹਾਂ ਇਕ ਸਮਾਜਿਕ ਤੇ ਦਾਰਸ਼ਨਿਕ ਅਭਿਆਸ ਹੈ। ਜਗਦੀਪ ਸਿੱਧੂ ਨੇ ਸਭ ਆਏ ਵਿਦਵਾਨਾਂ, ਸਰੋਤਿਆਂ ਦਾ ਧੰਨਵਾਦ ਕੀਤਾ।

**—ਜਗਦੀਪ ਸਿੱਧੂ**

# ਜਲ੍ਹਿਆਂਵਾਲਾ ਬਾਗ਼ ਤੇ ਵਿਸਾਖੀ ਸੰਬੰਧੀ ਕਵੀ ਦਰਬਾਰ



**ਚੰਡੀਗੜ੍ਹ** : ਪੰਜਾਬੀ ਲੇਖਕ ਸਭਾ (ਰਜਿ:) ਚੰਡੀਗੜ੍ਹ ਨੇ ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ ਇੱਕ ਖਾਸ ਕਾਵਿ ਮਹਿਫ਼ਲ ਸਜਾਈ, ਜਿਸ ਵਿੱਚ ਹਾਜ਼ਰ ਕਵੀਆਂ ਨੇ ਜਲ੍ਹਿਆਂਵਾਲਾ ਬਾਗ਼ ਤੇ ਵਿਸਾਖੀ ਨਾਲ ਸੰਬੰਧਤ ਕਵਿਤਾਵਾਂ ਸੁਣਾਉਣ ਦੇ ਨਾਲ-ਨਾਲ ਹੋਰ ਸੰਜੀਦਾ ਵਿਸ਼ੇ ਵੀ ਕਾਵਿਕ ਰੂਪ ਵਿਚ ਸਰੋਤਿਆਂ ਸਾਹਮਣੇ ਰੱਖੇ। ਇਸ ਸਮਾਗਮ ਦੇ ਮੁੱਖ ਮਹਿਮਾਨ ਇੰਗਲੈਂਡ ਦੀ ਪ੍ਰਗਤੀਸ਼ੀਲ ਲਿਖਾਰੀ ਸਭਾ ਦੇ ਸਰਪ੍ਰਸਤ ਨਿਰਵੈਰ ਸਿੰਘ ਚਕਲ ਸਨ, ਜਿਨ੍ਹਾ ਦੀ ਨੁਮਾਇੰਦਗੀ ਪ੍ਰਧਾਨਗੀ ਮੰਡਲ ਵਿਚ ਗੁਰਨਾਮ ਕੰਵਰ ਹੁਰਾਂ ਕੀਤੀ। ਆਪਣੇ ਸੰਦੇਸ਼ ਵਿਚ ਨਿਰਵੈਰ ਸਿੰਘ ਚਕਲ ਨੇ ਪੰਜਾਬੀ ਮਾਂ ਬੋਲੀ ਦੇ ਪਾਸਾਰ ਤੇ ਪ੍ਰਚਾਰ ਲਈ ਰਲ ਕੇ ਹੋਰ ਹੰਭਲਾ ਮਾਰੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ।

ਸਮਾਗਮ ਦੀ ਪ੍ਰਧਾਨਗੀ ਕਰਦਿਆਂ ਉੱਘੇ ਲੇਖਕ ਤੇ ਚਿੰਤਕ ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਇਤਿਹਾਸ ਬਣ ਚੁੱਕੀਆਂ ਘਟਨਾਵਾਂ ਰਹਿੰਦੀ ਦੁਨੀਆ ਤੱਕ ਸਾਨੂੰ ਪ੍ਰੇਰਿਤ ਕਰਦੀਆਂ ਰਹਿਣਗੀਆਂ। ਸਾਰਿਆਂ ਦਾ ਸੁਆਗਤ ਕਰਦਿਆਂ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਕਾਰ ਸਿੱਧੂ ਨੇ ਕਿਹਾ ਕਿ ਸਾਹਿਤ ਹਮੇਸ਼ਾ ਸੁਚੱਜੀ ਸਮਾਜਕ ਉਸਾਰੀ ਲਈ ਆਪਣਾ ਯੋਗਦਾਨ ਪਾਉਂਦਾ ਹੈ।

ਮੰਚ ਸੰਚਾਲਨ ਕਰਦਿਆਂ ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ ਨੇ ਕਿਹਾ ਕਿ ਸਾਡੀਆਂ ਰਵਾਇਤਾਂ ਹੀ ਸਾਨੂੰ ਭਵਿੱਖ ਵਾਸਤੇ ਸੇਧ ਦਿੰਦੀਆਂ ਹਨ। ਕਵੀ ਦਰਬਾਰ ਦੀ ਸ਼ੁਰੂਆਤ ਕਰਦਿਆਂ ਲਿੱਲੀ ਸਵਰਨ ਨੇ ਨਿਵੇਕਲੇ ਅੰਦਾਜ਼ ਵਿਚ ਸੱਭਿਆਚਾਰ ਦੇ ਹਵਾਲੇ ਨਾਲ ਆਪਣੀ ਕਵਿਤਾ ਸੁਣਾਈ। ਜਗਦੀਪ ਕੌਰ ਨੂਰਾਨੀ, ਮਨਜੀਤ ਕੌਰ ਮੀਤ, ਸੇਵੀ ਰਾਇਤ, ਮਨਜੀਤ ਕੌਰ ਮੋਹਾਲੀ, ਡਾ. ਸੁਰਿੰਦਰ ਗਿੱਲ, ਪਾਲ ਅਜਨਬੀ, ਬਲਕਾਰ ਸਿੱਧੂ, ਗੁਰਨਾਮ ਕੰਵਰ, ਸੁਖਵਿੰਦਰ ਸਿੰਘ ਸਿੱਧੂ ਤੇ ਧਿਆਨ ਸਿੰਘ ਕਾਹਲੋਂ ਜਿਹੇ ਉੱਘੇ ਕਵੀਆਂ ਨੇ ਆਪੋ-ਆਪਣੇ ਸ਼ਬਦਾਂ ਨੂੰ ਕਵਿਤਾਵਾਂ ਰਾਹੀਂ ਸਮਾਂ ਬੰਨ੍ਹ ਕੇ ਹਾਜ਼ਰੀ ਲਗਵਾਈ। ਬਲਵਿੰਦਰ ਸਿੰਘ ਚਹਿਲ ਦੀ ਨਿਵੇਕਲੀ ਕਵਿਤਾ ਬਹੁਤ ਸ਼ਲਾਘਾਯੋਗ ਸੀ। ਰਜਿੰਦਰ ਸਿੰਘ ਲਿਬਰੇਟ ਨੇ ਸਮਾਜਕ ਕਦਰਾਂ-ਕੀਮਤਾਂ ਦੀ ਗੱਲ ਕੀਤੀ। ਨਵੇਂ ਉੱਭਰ ਰਹੇ ਕਵੀਆਂ ਵਿਚੋਂ ਦਵਿੰਦਰ ਕੌਰ, ਗੁਨੀਤ ਪਾਲ, ਕੁਲਵਿੰਦਰ ਸਿੰਘ ਚੰਡੀਗੜ੍ਹ, ਜਸਬੀਰ ਸਿੰਘ ਤੇ ਮਨਜੀਤ ਸਿੰਘ ਨੇ ਆਪਣੀਆਂ ਰਚਨਾਵਾਂ ਰਾਹੀਂ ਇਹ ਯਕੀਨ ਦੁਆ ਦਿੱਤਾ ਕਿ ਪੰਜਾਬੀ ਕਵਿਤਾ ਦਾ ਭਵਿੱਖ ਸੁਰੱਖਿਅਤ ਹੈ। ਪੰਜਾਬ ਇਪਟਾ ਦੇ ਪ੍ਰਧਾਨ ਸੰਜੀਵਨ ਸਿੰਘ ਨੇ ਜਲ੍ਹਿਆਂਵਾਲਾ ਬਾਗ਼ ਦਾ ਪਿਛੋਕੜ ਦੱਸਦਿਆਂ ਕਿਹਾ ਕਿ ਇਸ ਸਾਕੇ ਦੇ ਜ਼ਖ਼ਮ ਅੱਜ ਵੀ ਅੱਲੇ ਹਨ। ਸਮਾਗਮ ਦੀ ਆਖਰੀ ਕਵਿਤਾ ਦਰਸ਼ਨ ਤਿਊਣਾ ਨੇ ਤਰੰਨਮ 'ਚ ਆਪਣੇ ਵੱਖਰੇ ਅੰਦਾਜ਼ ਵਿਚ ਸੁਣਾਈ।

ਆਏ ਸਰੋਤਿਆਂ ਦਾ ਧੰਨਵਾਦ ਕਰਦਿਆਂ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਵਤਾਰ ਸਿੰਘ ਪਤੰਗ ਨੇ ਕਿਹਾ ਕਿ ਸੂਰਬੀਰਾਂ ਦੀ ਧਰਤੀ ਪੰਜਾਬ ਹਰ ਪੱਖੋਂ ਅਮੀਰ ਹੈ, ਜਿਸ ਨੂੰ ਆਪਣੀ ਵਿਰਾਸਤ 'ਤੇ ਮਾਣ ਹੈ।

# ਪਾਠਕਾਂ ਦੇ ਝਰੋਖੇ 'ਚੋਂ

## ਰੋਹੀ ਦਾ ਲਾਲ

9 ਅਪਰੈਲ ਦੇ 'ਐਤਵਾਰਤਾ' ਵਿਚ ਕਾਮਰੇਡ ਹਰਦੇਵ ਅਰਸ਼ੀ ਬਾਰੇ ਜਸਪਾਲ ਮਾਨਖੇੜਾ ਦੀ ਕਿਤਾਬ 'ਰੋਹੀ ਦਾ ਲਾਲ' ਦਾ ਇਕ ਕਾਂਡ ਪੜ੍ਹ ਕੇ ਅਰਸ਼ੀ ਦੇ ਬਚਪਨ ਬਾਰੇ ਜਾਣਕਾਰੀ ਮਿਲੀ। ਜ਼ਿੰਦਗੀ 'ਚ ਬੰਦੇ ਨੇ ਕੀ ਬਣਨਾ ਹੈ, ਉਸ ਦੀ ਨੁਹਾਰ ਬਚਪਨ ਵਿਚ ਵੇਖਣ ਨੂੰ ਮਿਲ ਜਾਂਦੀ ਹੈ। ਕਾਮਰੇਡ ਅਰਸ਼ੀ ਦਾ ਬਚਪਨ ਇਕ ਸਿਰੜੀ ਵਿਅਕਤੀ ਵਾਲਾ ਰਿਹਾ ਹੈ। ਕਾਮਰੇਡ ਅਰਸ਼ੀ ਲੋਕਾਂ ਦਾ ਲੀਡਰ ਹੈ। ਉਸ ਨੇ ਆਪਣੇ ਸਿਆਸੀ ਜੀਵਨ ਵਿਚ ਸਾਧਾਰਨ ਲੋਕਾਂ ਦੀ ਬਾਂਹ ਫੜੀ ਹੈ। ਜਿਸ ਤਰ੍ਹਾਂ ਰੋਹੀ ਦੇ ਬੂਟੇ ਆਪਣੇ-ਆਪ ਫੈਲਦੇ ਜਾਂਦੇ ਹਨ, ਇਸ ਲਾਲ ਨੇ ਅਰਸ਼ੀ ਨੂੰ ਸੰਘਰਸ਼ਾਂ ਦੇ ਰਾਹ ਪਾਇਆ। ਇਸੇ ਲਈ ਅਰਸ਼ੀ ਲੋਕਾਂ ਦਾ ਹਰਮਨ-ਪਿਆਰਾ ਆਗੂ ਹੈ। ਫਾਜ਼ਿਲਕਾ ਵਿਚ ਲੱਗਦੇ ਕਾਮਰੇਡ ਵਧਾਵਾ ਰਾਮ ਯਾਦਗਾਰੀ ਸਮਾਗਮ ਵਿਚ ਅਰਸ਼ੀ ਨੂੰ ਸੁਣ ਕੇ ਰੂਹ ਖ਼ੁਸ਼ ਹੋ ਗਈ। ਉਹ ਪੂੰਜੀਵਾਦ ਦਾ ਸਖਤ ਵਿਰੋਧੀ ਹੈ। ਮੇਰੀ ਇੱਛਾ ਹੈ ਕਿ ਇਸ ਕਿਤਾਬ ਦਾ ਇਕ ਅੱਧ ਕਾਂਡ ਹੋਰ ਵੀ ਛਾਪੋ। ਮੁੱਖ ਪੰਨੇ 'ਤੇ ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਮਨੁੱਖਾ ਜ਼ਿੰਦਗੀ ਵਿਚ ਚਿੰਤਾ, ਫਿਕਰ ਦੀ ਚਰਚਾ ਕੀਤੀ ਹੈ, ਫਿਕਰ ਤਾਂ ਬੰਦੇ ਨੂੰ ਵਿਰਸੇ ਵਿਚ ਮਿਲੇ ਹਨ। ਸਰਕਾਰਾਂ ਦੀਆਂ ਗਲਤ ਨੀਤੀਆਂ ਕਰਕੇ ਪੰਜਾਬ ਵਿਚ ਜਨਮ ਲੈਣ ਵਾਲਾ ਹਰੇਕ ਬੱਚਾ ਕਰਜ਼ਾਈ ਹੈ। ਉਹ ਸਾਰੀ ਉਮਰ ਕਰਜ਼ੇ ਲਾਹੁਣ ਵਿਚ ਹੀ ਲਾ ਦਿੰਦਾ ਹੈ। ਵਿਦਿਆਰਥੀ ਲੱਖਾਂ ਰੁਪਏ ਲਾ ਕੇ ਸਿੱਖਿਆ ਪੂਰੀ ਕਰਦੇ ਹਨ, ਪਰ ਨੌਕਰੀ ਦਾ ਫਿਕਰ ਚੈਨ ਨਹੀਂ ਲੈਣ ਦਿੰਦਾ। ਲੇਖਕ ਨੇ ਫਿਕਰ ਦੇ ਕਈ ਪੱਖ ਦਾਰਸ਼ਨਿਕ ਨਜ਼ਰੀਏ ਤੋਂ ਲਿਖੇ ਹਨ। ਚਿੰਤਨਸ਼ੀਲ ਲੇਖ ਚੰਗਾ ਲੱਗਾ। ਡਾ. ਦੀਪਤੀ ਨੇ ਗਿਆਨ ਨੂੰ ਵੰਡਣ ਬਾਰੇ ਵਿਚਾਰ ਲਿਖੇ ਹਨ। ਇਹ ਨਿਕਾਸੀ ਕਾਲਮਨਵੀਸ ਦੇ ਤੌਰ 'ਤੇ ਡਾ. ਦੀਪਤੀ ਹਰ ਸੰਡੇ ਨੂੰ ਕਰਦੇ ਆ ਰਹੇ ਹਨ, ਜਿਸ ਨਾਲ ਪਾਠਕਾਂ ਨੂੰ ਵੀ ਲਾਭ ਹੁੰਦਾ ਹੈ। ਹਿੰਦੁਸਤਾਨ ਸ਼ਬਦ ਦਾ ਇਕ ਇਤਿਹਾਸ ਹੈ।

ਇਹ ਧਰਤੀ ਦੇ ਇਕ ਹਿੱਸੇ ਦਾ ਨਾਂਅ ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਹਿੰਦੋਸਤਾਨ ਦੀ ਧਰਤੀ ਕੇਵਲ ਹਿੰਦੂ ਧਰਤੀ ਹੈ ਤੇ ਘੱਟ-ਗਿਣਤੀ ਲੋਕਾਂ 'ਤੇ ਜ਼ੁਲਮ ਕੀਤੇ ਜਾਣ। ਇਹ ਇਤਿਹਾਸ ਵਿਸ਼ਵ ਦਾ ਨਿਵੇਕਲਾ ਇਤਿਹਾਸ ਹੈ। ਇਸ ਦੇਸ਼ ਦੇ ਗਰੰਥ ਵਿਗਿਆਨ ਸਿਆਸਤ ਦੁਨੀਆ ਭਰ ਵਿਚ ਜਾਣੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਨੇ ਗੁਰਬਾਣੀ ਵਿਚ ਹਿੰਦੋਸਤਾਨ ਦਾ ਜ਼ਿਕਰ ਕੀਤਾ ਹੈ। ਇਸ ਪਾਵਨ ਧਰਤੀ ਦਾ ਪ੍ਰਸੰਗ ਵਿਸ਼ਾਲ ਹੈ। ਬਲਬੀਰ ਪਰਵਾਨਾ ਦੀ ਕਿਤਾਬ 'ਨਾਬਰ ਪੈੜਾਂ' ਬਾਰੇ (ਡਾ. ਹਰਜਿੰਦਰ ਸਿੰਘ ਅਟਵਾਲ) ਚੰਗੀ ਜਾਣਕਾਰੀ ਮਿਲੀ। ਬਲਬੀਰ ਪਰਵਾਨਾ ਦਾ ਸਾਹਿਤਕ ਦਾਇਰਾ ਬਾਕਮਾਲ ਹੈ। ਉਸ ਦੀ ਦ੍ਰਿਸ਼ਟੀ ਤੀਖਣ ਹੈ। ਉਹ ਬੰਦੇ ਦੀ ਮਾਨਸਿਕਤਾ ਪੜ੍ਹ ਲੈਂਦਾ ਹੈ। ਉਸ ਦੇ ਅਧਾਰ 'ਤੇ ਇਸ ਪੁਸਤਕ ਦੇ ਚਿਹਰੇ ਪਾਠਕਾਂ ਦੇ ਰੂਬਰੂ ਕੀਤੇ ਹਨ। ਪੁਸਤਕ ਰੌਚਿਕ ਹੈ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਫ਼ਾਸ਼ੀਵਾਦ ਅਤੇ ਫ਼ਾਸ਼ੀਵਾਦ ਵਿਰੋਧੀ ਮੋਰਚਾ-5 : ਜਗਰੂਪ

ਬੋਲਣ ਦੀ ਆਜ਼ਾਦੀ ਅਤੇ ਅਸਫ਼ਲ ਹੋ ਰਿਹਾ ਲੋਕਤੰਤਰ : ਅਰੁੰਧਤੀ ਰਾਏ

'1947' ਦੀ ਪਰਖ ਪੜਚੋਲ : ਡਾ. ਹਰਜਿੰਦਰ ਅਟਵਾਲ

ਬਲਵਿੰਦਰ ਸਿੰਘ ਸੰਧੂ ਦੀਆਂ ਨਵੀਂਆਂ ਨਜ਼ਮਾਂ ਅਤੇ ਹੋਰ ਬਹੁਤ ਕੁਝ

16-APRIL-PAGE-1.qxd 4/15/2023 10:08 PM Page 1

ਐਤਵਾਰ, 16 ਅਪ੍ਰੈਲ, 2023
3 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 315

# ਨਵਾਂ ਜ਼ਮਾਨਾ

DAILY NAWAN ZAMANA • SUNDAY, 16 APRIL, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

### ਪੁਲਵਾਮਾ ਹਮਲਾ ਸਰਕਾਰੀ ਗਲਤੀ ਦਾ ਨਤੀਜਾ

# ਮੋਦੀ ਨੇ ਮੈਨੂੰ 'ਚੁੱਪ' ਰਹਿਣ ਲਈ ਕਿਹਾ : ਸੱਤਿਆਪਾਲ ਮਲਿਕ



**ਨਵੀਂ ਦਿੱਲੀ** : ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਨਿਸ਼ਾਨਾ ਲਾਇਆ ਹੈ। 'ਦਿ ਵਾਇਰ' ਨੂੰ ਦਿੱਤੇ ਇੱਕ ਇੰਟਰਵਿਊ 'ਚ ਮਲਿਕ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਭ੍ਰਿਸ਼ਟਾਚਾਰ ਤੋਂ ਕੋਈ ਜ਼ਿਆਦਾ ਨਫ਼ਰਤ ਨਹੀਂ ਹੈ। ਮਲਿਕ ਨੇ ਇਹ ਵੀ ਦਾਅਵਾ ਕੀਤਾ ਕਿ ਫਰਵਰੀ 2019 'ਚ ਹੋਏ ਪੁਲਵਾਮਾ ਅੱਤਵਾਦੀ ਹਮਲੇ 'ਚ ਕੇਂਦਰੀ ਗ੍ਰਹਿ ਮੰਤਰਾਲੇ ਦੀ ਬਹੁਤ ਵੱਡੀ ਗਲਤੀ ਸੀ। ਮਲਿਕ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਦੀ ਗਲਤੀ ਕਾਰਨ ਫਰਵਰੀ 2019 'ਚ ਪੁਲਵਾਮਾ 'ਚ ਫੌਜੀਆਂ 'ਤੇ ਹਮਲਾ ਹੋਇਆ ਅਤੇ ਉਨ੍ਹਾ ਨੂੰ ਇਸ ਦੇ ਬਾਰੇ 'ਚ ਬੋਲਣ ਤੋਂ ਮਨ੍ਹਾ ਕੀਤਾ ਗਿਆ ਸੀ। ਸੱਤਿਆਪਾਲ ਮਲਿਕ ਇਸ ਹਮਲੇ ਦੌਰਾਨ ਜੰਮੂ ਕਸ਼ਮੀਰ ਦੇ ਹੀ ਰਾਜਪਾਲ ਸਨ। ਇਸ ਘਟਨਾ 'ਚ ਸੀ ਆਰ ਪੀ ਐੱਫ ਦੇ 40 ਜਵਾਨ ਸ਼ਹੀਦ ਹੋ ਗਏ ਸਨ। ਸਾਬਕਾ ਰਾਜਪਾਲ ਦਾ ਦੋਸ਼ ਹੈ ਕਿ ਪੁਲਵਾਮਾ ਹਮਲਾ ਗ੍ਰਹਿ ਮੰਤਰਾਲੇ ਦੀ ਲਾਪਰਵਾਹੀ ਦਾ ਨਤੀਜਾ ਸੀ। ਮਲਿਕ ਨੇ ਦਾਅਵਾ ਕੀਤਾ ਕਿ ਸੀ ਆਰ ਪੀ ਐੱਫ ਨੇ ਆਪਣੇ ਲਈ ਜਹਾਜ਼ ਮੰਗਿਆ ਸੀ, ਪਰ ਗ੍ਰਹਿ ਮੰਤਰਾਲੇ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਸੀ ਆਰ ਪੀ ਐੱਫ ਨੇ ਜਿਸ ਰਸਤੇ ਜਵਾਨਾਂ ਨੂੰ ਭੇਜਿਆ, ਪਹਿਲਾਂ ਉਸ ਰਸਤੇ ਦੀ ਚੰਗੀ ਤਰ੍ਹਾਂ ਪੜਤਾਲ ਨਹੀਂ ਕੀਤੀ ਗਈ। ਇਸ ਤੋਂ ਵੀ ਮਹੱਤਵਪੂਰਨ ਗੱਲ ਮਲਿਕ ਨੇ ਇਹ ਕਹੀ ਕਿ ਉਨ੍ਹਾ ਨੇ ਸਿੱਧੇ ਪ੍ਰਧਾਨ ਮੰਤਰੀ ਮੋਦੀ ਨੂੰ ਇਸ ਬਾਰੇ ਦੱਸਿਆ, ਜਦ ਉਨ੍ਹਾ ਨੇ (ਮੋਦੀ ਨੇ) ਉਨ੍ਹਾ ਨੂੰ ਪੁਲਵਾਮਾ ਹਮਲੇ ਦੇ ਤੁਰੰਤ ਬਾਅਦ ਕਾਰਬਟ ਪਾਰਕ ਦੇ ਬਾਹਰ ਸੱਦਿਆ ਸੀ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨੇ ਮੈਨੂੰ ਇਸ ਬਾਰੇ ਚੁੱਪ ਰਹਿਣ ਅਤੇ ਕਿਸੇ ਨੂੰ ਕੁਝ ਨਾ ਦੱਸਣ ਲਈ ਕਿਹਾ ਸੀ। ਇਸ ਤੋਂ ਇਲਾਵਾ ਮਲਿਕ ਨੇ ਕਿਹਾ ਕਿ ਐੱਨ ਐੱਸ ਏ ਅਜੀਤ ਡੋਭਾਲ ਨੇ ਵੀ ਮੈਨੂੰ ਚੁੱਪ ਰਹਿਣ ਅਤੇ ਇਸ ਬਾਰੇ 'ਚ ਗੱਲ ਨਾ ਕਰਨ ਲਈ ਕਿਹਾ ਸੀ। ਮਲਿਕ ਨੇ ਕਿਹਾ, ਮੈਨੂੰ ਇਹ ਅਹਿਸਾਸ ਹੋਇਆ ਕਿ ਇਹ ਸਾਰੀ ਖੇਡ ਪਾਕਿਸਤਾਨ 'ਤੇ ਦੋਸ਼ ਮੜ੍ਹਨ ਅਤੇ ਸਰਕਾਰ ਅਤੇ ਭਾਜਪਾ ਲਈ ਚੋਣਾਵੀ ਲਾਭ ਲੈਣ ਲਈ ਸੀ। ਮਲਿਕ ਨੇ ਕਿਹਾ ਕਿ ਪੁਲਵਾਮਾ ਘਟਨਾ 'ਚ ਗੰਭੀਰ ਖੁਫ਼ੀਆ ਨਾਕਾਮੀਆਂ ਸਨ, ਕਿਉਂਕਿ 300 ਕਿਲੋਗ੍ਰਾਮ ਆਰ ਡੀ ਐਕਸ ਲੈ ਜਾਣ ਵਾਲੀ ਕਾਰ ਪਾਕਿਸਤਾਨ ਤੋਂ ਆਈ ਸੀ, ਪਰ ਬਿਨਾਂ ਕਿਸੇ ਦੀ ਨਜ਼ਰ 'ਚ ਆਏ ਜਾਂ ਜਾਣਕਾਰੀ ਦੇ 10-15 ਦਿਨਾ ਤੱਕ ਜੰਮੂ ਕਸ਼ਮੀਰ ਦੀਆਂ ਸੜਕਾਂ ਅਤੇ ਪਿੰਡਾਂ 'ਚ ਘੁੰਮ ਰਹੀ ਸੀ।

ਏਨਾ ਹੀ ਨਹੀਂ, ਮਲਿਕ ਦਾ ਦਾਅਵਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਕਸ਼ਮੀਰ ਬਾਰੇ ਕੁਝ ਵੀ ਨਹੀਂ ਪਤਾ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਕਸ਼ਮੀਰ ਨੂੰ ਲੈ ਕੇ ਭੁਲੇਖੇ 'ਚ ਹੈ ਅਤੇ ਉਨ੍ਹਾ ਨੂੰ ਕਸ਼ਮੀਰ ਬਾਰੇ ਕੋਈ ਗਿਆਨ ਨਹੀਂ। ਜੰਮੂ ਕਸ਼ਮੀਰ ਦੇ ਆਖਰੀ ਰਾਜਪਾਲ ਰਹੇ ਸੱਤਿਆਪਾਲ ਮਲਿਕ ਨੇ ਕਿਹਾ, 'ਮੈਂ ਸਾਫ਼ ਤੌਰ 'ਤੇ ਕਹਿ ਸਕਦਾ ਹਾਂ ਪ੍ਰਧਾਨ ਮੰਤਰੀ ਨੂੰ ਭ੍ਰਿਸ਼ਟਾਚਾਰ ਤੋਂ ਬਹੁਤੀ ਨਫ਼ਰਤ ਨਹੀਂ ਹੈ।'

ਮਲਿਕ ਨੇ ਇਸ ਇੰਟਰਵਿਊ 'ਚ ਦੱਸਿਆ ਕਿ ਕਿਸ ਤਰ੍ਹਾਂ ਜਦ ਉਹ ਜੰਮੂ ਕਸ਼ਮੀਰ ਦੇ ਰਾਜਪਾਲ ਸਨ, ਤਾਂ ਭਾਜਪਾ ਆਰ ਐੱਸ ਐੱਸ ਨੇਤਾ ਰਾਮ ਮਾਧਵ ਨੇ ਇੱਕ ਪਣ ਬਿਜਲੀ ਪ੍ਰੋਜੈਕਟ ਅਤੇ ਇੱਕ ਰਿਲਾਇੰਸ ਬੀਮਾ ਯੋਜਨਾ ਨੂੰ ਮਨਜ਼ੂਰੀ ਦੇਣ ਲਈ ਮੇਰੇ ਨਾਲ ਸੰਪਰਕ ਕੀਤਾ ਸੀ, ਪਰ ਉਨ੍ਹਾ ਨੇ ਇਹ ਕਹਿੰਦੇ ਹੋਏ ਇਨਕਾਰ ਕਰ ਦਿੱਤਾ ਸੀ ਕਿ 'ਮੈਂ ਗਲਤ ਕੰਮ ਨਹੀਂ ਕਰਾਂਗਾ।' ਮਲਿਕ ਨੇ ਆਪਣੀ ਗੱਲ ਇਹ ਕਹਿੰਦੇ ਹੋਏ ਖ਼ਤਮ ਕੀਤੀ ਕਿ ਪ੍ਰਧਾਨ ਮੰਤਰੀ ਬਾਰੇ ਆਪਣੇ ਕਹੇ ਹਰ ਸ਼ਬਦ ਦੇ ਨਾਲ ਮੈਂ ਖੜ੍ਹਾ ਹਾਂ ਅਤੇ ਇਸ ਦਾ ਕੀ ਨਤੀਜਾ ਹੋਵੇਗਾ, ਉਸ ਦੀ ਪਰਵਾਹ ਨਹੀਂ ਕਰਦਾ।

## ਪੰਜਾਬ ਦੇ ਕਈ ਸ਼ਹਿਰਾਂ ਦਾ ਤਾਪਮਾਨ 40 ਤੋਂ ਪਾਰ



**ਜਲੰਧਰ** : ਪੰਜਾਬ ਨੂੰ ਲੂ ਨੇ ਆਪਣੀ ਲਪੇਟ 'ਚ ਲੈਣਾ ਸ਼ੁਰੂ ਕਰ ਦਿੱਤਾ ਹੈ। ਮਾਝਾ-ਦੋਆਬਾ 'ਚ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ, ਜਦਕਿ ਮਾਲਵਾ ਲਈ ਪੀਲਾ ਅਲਰਟ ਜਾਰੀ ਕੀਤਾ ਗਿਆ ਹੈ। ਉਥੇ ਹੀ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ 'ਚ ਅੱਜ ਤਾਪਮਾਨ 40 ਡਿਗਰੀ ਦੇ ਪਾਰ ਚਲਾ ਗਿਆ। ਐਤਵਾਰ ਵੀ ਮੌਸਮ ਖੁਸ਼ਕ ਰਹਿਣ ਦਾ ਅਨੁਮਾਨ ਲਾਇਆ ਗਿਆ ਹੈ। ਮੌਸਮ ਵਿਭਾਗ ਵੱਲੋਂ ਦੱਸਿਆ ਗਿਆ ਕਿ ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਦਾ ਤਾਪਮਾਨ ਸ਼ਨੀਵਾਰ 40 ਦੇ ਪਾਰ ਚਲਾ ਗਿਆ। ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਹੁਸ਼ਿਆਰਪੁਰ 'ਚ ਰੈਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ, ਜਦਕਿ ਮਾਲਵਾ ਦੇ ਇਲਾਕੇ 'ਚ ਵੀ ਲੂ ਦਾ ਅਸਰ ਦਿਖਾਈ ਦੇ ਰਿਹਾ ਹੈ। ਇੱਥੇ ਪੀਲਾ ਅਲਰਟ ਜਾਰੀ ਕੀਤਾ ਗਿਆ ਹੈ। ਬੀਤੇ ਦਿਨੀਂ ਫਰੀਦਕੋਟ ਦਾ ਤਾਪਮਾਨ 40.9 ਅਤੇ ਲੁਧਿਆਣਾ ਦਾ ਤਾਪਮਾਨ 40.7 ਡਿਗਰੀ ਦਰਜ ਕੀਤਾ ਗਿਆ ਸੀ। ਮੌਸਮ ਵਿਭਾਗ ਨੇ ਦੱਸਿਆ ਕਿ 17-18 ਅਪ੍ਰੈਲ ਨੂੰ ਪੂਰੇ ਪੰਜਾਬ 'ਚ ਬਾਰਿਸ਼ ਹੋ ਸਕਦੀ ਹੈ। ਇਸੇ ਤਰ੍ਹਾਂ ਝਾਰਖੰਡ ਦੇ ਡਾਲਟਨਗੰਜ 'ਚ ਤਾਪਮਾਨ 42.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦਕਿ ਜਮਸ਼ੇਦਪੁਰ ਦਾ 42 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਦਾ ਰਾਜਗੜ੍ਹ 'ਚ 41.4 ਡਿਗਰੀ ਦੇ ਨਾਲ ਸੂਬੇ ਦਾ ਸਭ ਤੋਂ ਗਰਮ ਜ਼ਿਲ੍ਹਾ ਰਿਹਾ। ਦਿੱਲੀ 'ਚ ਪਾਰਾ 42 ਡਿਗਰੀ ਸੈਲਸੀਅਸ ਦੇ ਨੇੜੇ ਪਹੁੰਚ ਗਿਆ। ਮੌਸਮ ਵਿਭਾਗ ਨੇ ਸ਼ਨੀਵਾਰ ਨੂੰ ਕੁਝ ਵੱਖ-ਵੱਖ ਥਾਵਾਂ 'ਤੇ ਲੂ ਚੱਲਣ ਦਾ ਖਦਸ਼ਾ ਪ੍ਰਗਟਾਇਆ।

### ਸੀ ਏ ਪੀ ਐੱਫ ਪ੍ਰੀਖਿਆ ਹੁਣ ਪੰਜਾਬੀ ਸਮੇਤ 13 ਖੇਤਰੀ ਭਾਸ਼ਾਵਾਂ 'ਚ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰਾਲੇ ਨੇ ਕੇਂਦਰੀ ਹਥਿਆਰਬੰਦ ਪੁਲਸ ਬਲਾਂ (ਸੀ ਏ ਪੀ ਐੱਫ) 'ਚ ਕਾਂਸਟੇਬਲਾਂ ਦੀ ਭਰਤੀ ਲਈ ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ 13 ਭਾਸ਼ਾਵਾਂ ਵਿੱਚ ਪ੍ਰੀਖਿਆ ਕਰਵਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ 13 ਖੇਤਰੀ ਭਾਸ਼ਾਵਾਂ ਵਿੱਚ ਪ੍ਰੀਖਿਆ 1 ਜਨਵਰੀ 2024 ਤੋਂ ਕਰਵਾਈ ਜਾਵੇਗੀ। ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਪ੍ਰਸ਼ਨ ਪੱਤਰ ਅਸਾਮੀ, ਬੰਗਾਲੀ, ਗੁਜਰਾਤੀ, ਮਰਾਠੀ, ਮਲਿਆਲਮ, ਕੰਨੜ, ਤਾਮਿਲ, ਤੇਲਗੂ, ਉੜੀਆ, ਉਰਦੂ, ਪੰਜਾਬੀ, ਮਨੀਪੁਰੀ ਅਤੇ ਕੋਂਕਣੀ ਵਿੱਚ ਭਾਸ਼ਾਵਾਂ 'ਚ ਤਿਆਰ ਕੀਤੇ ਜਾਣਗੇ। ਗ੍ਰਹਿ ਮੰਤਰਾਲੇ ਦੇ ਇਸ ਫੈਸਲੇ ਨਾਲ ਲੱਖਾਂ ਉਮੀਦਵਾਰ ਆਪਣੀ ਮਾਤ ਭਾਸ਼ਾ 'ਚ ਪ੍ਰੀਖਿਆ 'ਚ ਹਿੱਸਾ ਲੈ ਸਕਣਗੇ। ਜਿਸ ਨਾਲ ਉਨ੍ਹਾ ਦੀ ਚੁਣੇ ਜਾਣ ਦੀ ਸੰਭਾਵਨਾ ਵਧੇਗੀ।

### ਕੋਰੋਨਾ ਦੇ ਨਵੇਂ ਮਾਮਲੇ 50 ਹਜ਼ਾਰ ਤੋਂ ਪਾਰ

**ਨਵੀਂ ਦਿੱਲੀ** : ਭਾਰਤ 'ਚ ਪਿਛਲੇ 24 ਘੰਟਿਆਂ ਵਿੱਚ ਕੋਰੋਨਾ ਦੇ 10,753 ਨਵੇਂ ਮਾਮਲੇ ਸਾਹਮਣੇ ਆਏ ਹਨ, ਜਦੋਂ ਕਿ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ ਵਧ ਕੇ 53,720 ਹੋ ਗਈ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ 4 ਦਸੰਬਰ ਨੂੰ 50 ਹਜ਼ਾਰ ਤੋਂ ਜ਼ਿਆਦਾ ਨਵੇਂ ਮਾਮਲੇ ਦਰਜ ਕੀਤੇ ਗਏ ਸਨ। ਪਿਛਲੇ 14 ਦਿਨਾਂ 1 ਅਪ੍ਰੈਲ ਤੋਂ 14 ਅਪ੍ਰੈਲ ਤੱਕ ਦੇਸ਼ 'ਚ 89 ਹਜ਼ਾਰ ਲੋਕ ਪ੍ਰਭਾਵਿਤ ਹੋ ਚੁੱਕੇ ਹਨ। ਸ਼ਨੀਵਾਰ ਸਵੇਰੇ ਸਿਹਤ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪਿਛਲੇ 24 ਘੰਟਿਆਂ ਵਿੱਚ ਭਾਰਤ ਵਿੱਚ ਕੋਵਿਡ-19 ਕਾਰਨ 27 ਹੋਰ ਮਰੀਜ਼ਾਂ ਦੀ ਮੌਤ ਤੋਂ ਬਾਅਦ ਦੇਸ਼ ਵਿੱਚ ਮਰਨ ਵਾਲਿਆਂ ਦੀ ਕੁੱਲ ਗਿਣਤੀ 531,091 ਹੋ ਗਈ।

### ਸਰਹੱਦ 'ਤੇ ਪਾਕਿਸਤਾਨ ਤੋਂ ਆਏ ਡਰੋਨ ਵੱਲੋਂ ਸੁੱਟੀ ਕਰੀਬ ਸਵਾ ਤਿੰਨ ਕਿਲੋ ਹੈਰੋਇਨ ਬਰਾਮਦ



**ਅੰਮ੍ਰਿਤਸਰ** : ਪਾਕਿਸਤਾਨ 'ਚ ਬੈਠੇ ਤਸਕਰਾਂ ਨੇ ਇੱਕ ਵਾਰ ਫਿਰ ਭਾਰਤੀ ਸਰਹੱਦ 'ਚ ਡਰੋਨ ਭੇਜਿਆ। ਅੰਮ੍ਰਿਤਸਰ ਸਰਹੱਦ 'ਤੇ ਬਾਰਡਰ ਸਕਿਉਰਟੀ ਫੋਰਸ ਦੇ ਜਵਾਨਾਂ ਨੇ ਡਰੋਨ ਨੂੰ ਵਾਪਸ ਖਦੇੜਨ 'ਚ ਸਫ਼ਲਤਾ ਹਾਸਲ ਕੀਤੀ। ਇਸ ਦੌਰਾਨ ਸਰਹੱਦ 'ਤੇ ਤਲਾਸ਼ੀ ਅਭਿਆਨ ਚਲਾਇਆ ਗਿਆ, ਜਿਸ 'ਚ ਲੱਗਭੱਗ 21 ਕਰੋੜ ਰੁਪਏ ਦੀ ਹੈਰੋਇਨ ਨੂੰ ਜ਼ਬਤ ਕੀਤਾ ਗਿਆ। ਬੀ ਐੱਸ ਐੱਫ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਪਾਕਿਸਤਾਨੀ ਤਸਕਰਾਂ ਨੇ ਇਹ ਡਰੋਨ ਅੰਮ੍ਰਿਤਸਰ ਦੇ ਪਿੰਡ ਬੱਚੀਵਿੰਡ ਵੱਲ ਭੇਜਿਆ ਸੀ। ਡਰੋਨ 'ਤੇ ਬਲਿੰਕਰ ਲੱਗਾ ਹੋਇਆ ਸੀ ਤਾਂ ਕਿ ਤਸਕਰ ਉਸ ਨੂੰ ਪਛਾਣ ਸਕੇ, ਪਰ ਤਸਕਰਾਂ ਤੋਂ ਪਹਿਲਾਂ ਡਰੋਨ 'ਤੇ ਬੀ ਐੱਸ ਐੱਫ਼ ਦੇ ਜਵਾਨਾਂ ਦੀ ਨਜ਼ਰ ਪੈ ਗਈ। ਜਵਾਨਾਂ ਨੇ ਕਈ ਰੌਂਦ ਫਾਈਰਿੰਗ ਕੀਤੀ। ਕੁਝ ਮਿੰਟਾਂ ਦੇ ਬਾਅਦ ਡਰੋਨ ਪਾਕਿਸਤਾਨੀ ਸਰਹੱਦ 'ਚ ਵਾਪਸ ਚਲਾ ਗਿਆ। ਬੀ ਐੱਸ ਐੱਫ਼ ਦੇ ਜਵਾਨਾਂ ਨੇ ਉਸ ਸਮੇਂ ਇਲਾਕੇ ਨੂੰ ਘੇਰ ਲਿਆ ਅਤੇ ਤਲਾਸ਼ੀ ਅਭਿਆਨ ਚਲਾਇਆ ਗਿਆ। ਬੱਚੀਵਿੰਡ ਦੇ ਖੇਤਾਂ 'ਚ ਖੇਪ ਡਿੱਗੀ ਮਿਲੀ। ਇਸ ਨੂੰ ਕਾਲੇ ਰੰਗ ਦੇ ਡੀਜ਼ਲ ਬ੍ਰੈਂਡ 'ਚ ਪਾ ਕੇ ਸੁੱਟਿਆ ਗਿਆ ਸੀ। ਉਸ ਨੂੰ ਖੋਲ੍ਹਿਆ ਗਿਆ ਤਾਂ ਉਸ 'ਚ ਤਿੰਨ ਪੈਕੇਟ ਸਨ, ਜਿਸ 'ਚ 3.2 ਕਿਲੋਗ੍ਰਾਮ ਹੈਰੋਇਨ ਸੀ। ਜਿਸ ਦੀ ਇੰਟਰਨੈਸ਼ਨਲ ਕੀਮਤ ਲੱਗਭੱਗ 21 ਕਰੋੜ ਰੁਪਏ ਦੱਸੀ ਜਾ ਰਹੀ ਹੈ।

## ਮੈਂ ਬੇਈਮਾਨ ਤਾਂ ਦੁਨੀਆ 'ਚ ਕੋਈ ਇਮਾਨਦਾਰ ਨਹੀਂ : ਕੇਜਰੀਵਾਲ



**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਦੋਸ਼ ਲਗਾਇਆ ਕਿ ਸੀ ਬੀ ਆਈ ਤੇ ਈ ਡੀ ਨੇ ਆਬਕਾਰੀ ਨੀਤੀ ਕੇਸ 'ਚ ਅਦਾਲਤ 'ਚ ਝੂਠੇ ਹਲਫਨਾਮੇ ਦਾਇਰ ਕੀਤੇ ਹਨ। ਏਜੰਸੀਆਂ ਮਨੀਸ਼ ਸਿਸੋਦੀਆ ਅਤੇ ਉਨ੍ਹਾਂ ਵਿਰੁੱਧ ਗਵਾਹੀ ਦੇਣ ਲਈ ਲੋਕਾਂ ਨੂੰ ਤੰਗ ਕਰ ਰਹੀਆਂ ਹਨ। ਇਨ੍ਹਾਂ ਏਜੰਸੀਆਂ ਨੇ 100 ਕਰੋੜ ਦੀ ਰਿਸ਼ਵਤ ਦੇ ਦੋਸ਼ ਲਗਾਏ ਤੇ 400 ਤੋਂ ਵੱਧ ਛਾਪੇ ਮਾਰੇ, ਪਰ ਇਹ ਰਕਮ ਨਹੀਂ ਮਿਲੀ। ਸੀ ਬੀ ਆਈ ਨੇ ਕਥਿਤ ਸ਼ਰਾਬ ਨੀਤੀ ਘਪਲੇ ਮਾਮਲੇ 'ਚ ਪੁੱਛਗਿੱਛ ਲਈ ਕੇਜਰੀਵਾਲ ਨੂੰ 16 ਅਪ੍ਰੈਲ ਨੂੰ ਬੁਲਾਇਆ ਹੈ। ਉਸ ਤੋਂ ਉਸੇ ਮਾਮਲੇ 'ਚ ਪੁੱਛਗਿੱਛ ਕੀਤੀ ਜਾ ਰਹੀ ਹੈ ਜਿਸ ਵਿੱਚ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਸੀ ਬੀ ਆਈ ਨੇ ਇਸ ਸਾਲ ਫਰਵਰੀ 'ਚ ਗ੍ਰਿਫ਼ਤਾਰ ਕੀਤਾ ਸੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਕਰਕੇ ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾ ਕਿਹਾ ਕਿ ਜੇਕਰ ਭਾਜਪਾ ਨੇ ਸੀ ਬੀ ਆਈ ਨੂੰ ਮੈਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਹੈ ਤਾਂ ਜ਼ਾਹਿਰ ਹੈ ਕਿ ਸੀ ਬੀ ਆਈ ਉਨ੍ਹਾਂ ਦੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ। ਆਮ ਆਦਮੀ ਪਾਰਟੀ ਨੇ ਦੇਸ਼ ਨੂੰ ਉਮੀਦ ਦਿੱਤੀ ਹੈ, ਪ੍ਰਧਾਨ ਮੰਤਰੀ ਉਸ ਉਮੀਦ ਨੂੰ ਬੁਝਾਉਣਾ ਚਾਹੁੰਦੇ ਹਨ। ਕੱਲ੍ਹ, ਉਨ੍ਹਾਂ (ਸੀ ਬੀ ਆਈ) ਨੇ ਮੈਨੂੰ ਬੁਲਾਇਆ ਹੈ ਅਤੇ ਮੈਂ ਜ਼ਰੂਰ ਜਾਵਾਂਗਾ। ਜੇਕਰ ਅ ਰ ਵਿੰ ਦ

● ਬਾਕੀ ਸਫ਼ਾ 10 'ਤੇ

### ਮਾਨ ਸਮੇਤ ਸਾਰੇ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਵੱਲੋਂ ਕੇਜਰੀਵਾਲ ਦੇ ਸਮਰਥਨ 'ਚ ਟਵੀਟ

**ਚੰਡੀਗੜ੍ਹ (ਗੁਰਜੀਤ ਬਿੱਲਾ)**-'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਸੀ ਬੀ ਆਈ ਵੱਲੋਂ ਪੁੱਛਗਿੱਛ ਲਈ ਬੁਲਾਏ ਜਾਣ 'ਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸਾਰੇ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਨੇ ਇਸ ਨੂੰ ਕੇਂਦਰ ਸਰਕਾਰ ਦਾ ਤਾਨਾਸ਼ਾਹੀ ਫੈਸਲਾ ਕਰਾਰ ਦਿੰਦਿਆਂ ਕਿਹਾ ਕਿ ਅਰਵਿੰਦ ਕੇਜਰੀਵਾਲ ਇਨਕਲਾਬੀ ਆਗੂ ਹਨ। ਮੋਦੀ ਸਰਕਾਰ ਦੀ ਈ ਡੀ ਅਤੇ ਸੀ ਬੀ ਆਈ ਉਨ੍ਹਾ ਨੂੰ ਦਬਾਅ ਨਹੀਂ ਸਕਦੀ। ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕੀਤਾ, 'ਅਰਵਿੰਦ ਕੇਜਰੀਵਾਲ ਦੀ ਆਵਾਜ਼ ਨੂੰ ਦਬਾਉਣਾ ਬਹੁਤ ਔਖਾ ਹੈ। ਸੱਚ ਬੋਲਣ ਵਾਲੇ ਲੋਕਾਂ ਦੇ ਦਿਲਾਂ ਵਿੱਚ ਥਾਂ ਬਣਾ ਲੈਂਦੇ ਹਨ। ਉਨ੍ਹਾ ਨੂੰ ਲੋਕਾਂ ਦੇ ਦਿਲਾਂ ਵਿੱਚੋਂ ਕੋਈ ਨਹੀਂ ਮਿਟਾ

● ਬਾਕੀ ਸਫ਼ਾ 10 'ਤੇ

## ਅੰਮ੍ਰਿਤਪਾਲ ਦਾ ਸਾਥੀ ਜੋਗਾ ਸਿੰਘ ਗ੍ਰਿਫ਼ਤਾਰ

**ਚੰਡੀਗੜ੍ਹ** : ਵਾਰਿਸ ਪੰਜਾਬ ਦੇ ਦਾ ਮੁਖੀ ਅੰਮ੍ਰਿਤਪਾਲ ਪਿਛਲੇ 29 ਦਿਨਾ ਤੋਂ ਫਰਾਰ ਚੱਲ ਰਿਹਾ ਹੈ। ਵਿਸਾਖੀ 'ਤੇ ਉਸ ਦੇ ਆਤਮ ਸਮਰਪਣ ਕਰਨ ਦੀ ਚਰਚਾ ਸ਼ੁਰੂ ਹੋਈ ਸੀ, ਪਰ ਹੁਣ ਵਿਸਾਖੀ ਲੰਘ ਜਾਣ ਬਾਅਦ ਇਸ 'ਤੇ ਵੀ ਵਿਰਾਮ ਲੱਗ ਗਿਆ। ਹੁਣ ਪੰਜਾਬ ਪੁਲਸ ਨੂੰ ਸ਼ਨੀਵਾਰ ਵੱਡੀ ਸਫ਼ਲਤਾ ਮਿਲੀ, ਜਦੋਂ ਅੰਮ੍ਰਿਤਸਰ ਦਿਹਾਤੀ ਅਤੇ ਹੁਸ਼ਿਆਰਪੁਰ ਪੁਲਸ ਦੀ ਸਾਂਝੀ ਟੀਮ ਨੇ ਵਾਰਿਸ ਪੰਜਾਬ ਦੇ ਪ੍ਰਮੁੱਖ ਅੰਮ੍ਰਿਤਪਾਲ ਸਿੰਘ ਦੇ ਮੁੱਖ ਸਹਿਯੋਗੀ ਜੋਗਾ ਸਿੰਘ ਨੂੰ ਸਰਹਿੰਦ ਤੋਂ ਗ੍ਰਿਫ਼ਤਾਰ ਕਰ ਲਿਆ । ਬਾਰਡਰ ਰੇਂਜ ਦੇ ਡੀ ਆਈ ਜੀ ਨਰਿੰਦਰ ਭਾਰਗਵ ਨੇ ਇਹ ਜਾਣਕਾਰੀ ਦਿੱਤੀ। ਜੋਗਾ ਸਿੰਘ ਜੋ ਮੂਲ ਤੌਰ 'ਤੇ ਲੁਧਿਆਣਾ ਦਾ ਵਸਨੀਕ ਹੈ, ਇਸ ਵੇਲੇ ਪੀਲੀਭੀਤ ਦੇ ਡੇਰੇ 'ਚ ਰਹਿੰਦਾ ਸੀ। ਇਸ ਤੋਂ ਪਹਿਲਾਂ ਸ਼ਨੀਵਾਰ ਸਵੇਰੇ ਐੱਨ ਆਈ ਏ ਨੇ ਕਪੂਰਥਲਾ ਦੇ ਇੱਕ ਵਕੀਲ ਅਤੇ ਪੰਜਾਬ ਪੁਲਸ ਨੇ ਹੁਸ਼ਿਆਰਪੁਰ ਤੋਂ ਅੰਮ੍ਰਿਤਪਾਲ ਸਿੰਘ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਅੰਮ੍ਰਿਤਪਾਲ ਸਿੰਘ ਨੂੰ ਹੁਸ਼ਿਆਰਪੁਰ 'ਚ ਉਸ ਦੇ ਸਾਥੀਆਂ ਨੇ ਮਾਲੀ ਮਦਦ ਕੀਤੀ ਸੀ। ਅੰਮ੍ਰਿਤਪਾਲ ਸਿੰਘ ਨੂੰ ਦੋ ਵਿਅਕਤੀਆਂ ਨੇ 90 ਹਜ਼ਾਰ ਰੁਪਏ ਦਿੱਤੇ ਸਨ, ਤਾਂ ਕਿ ਉਹ ਆਪਣੇ ਲਈ ਸੁਰੱਖਿਅਤ ਥਾਂ ਲੱਭ ਸਕੇ। ਪੁਲਸ ਨੇ ਜਾਂਚ ਅਤੇ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਹੁਸ਼ਿਆਰਪੁਰ ਤੋਂ ਇਨ੍ਹਾਂ ਦੋਵਾਂ ਨੂੰ ਫੜਿਆ ਹੈ। ਇਨ੍ਹਾਂ ਤੋਂ ਪੁਲਸ ਨੇ ਦੋ ਪਿਸਤੌਲ ਵੀ ਬਰਾਮਦ ਕੀਤੇ ਹਨ। ਕਪੂਰਥਲਾ ਦੇ ਇੱਕ ਵਕੀਲ ਨੂੰ ਐੱਨ ਆਈ ਏ ਨੇ ਹਿਰਾਸਤ 'ਚ ਲਿਆ ਹੈ। ਵਕੀਲ ਦੀ ਪਛਾਣ ਕਪੂਰਥਲਾ ਦੇ ਰਾਜਦੀਪ ਸਿੰਘ ਦੇ ਦੌਰ 'ਤੇ ਹੋਈ ਹੈ। ਜਾਣਕਾਰੀ ਅਨੁਸਾਰ ਰਾਜਦੀਪ ਸਿੰਘ ਨੇ ਕੁਝ ਦਿਨ ਪਹਿਲਾਂ ਆਪਣੇ ਸੋਸ਼ਲ ਮੀ ਡੀ ਆ

● ਬਾਕੀ ਸਫ਼ਾ 10 'ਤੇ

## ਸੰਯੁਕਤ ਕਿਸਾਨ ਮੋਰਚਾ ਵੱਲੋਂ 18 ਨੂੰ ਦੇਸ਼-ਵਿਆਪੀ ਪ੍ਰਦਰਸ਼ਨ

**ਨਵੀਂ ਦਿੱਲੀ** : ਸੰਯੁਕਤ ਕਿਸਾਨ ਮੋਰਚਾ ਨੇ ਗੁਣਵੱਤਾ ਦੇ ਬਹਾਨੇ ਕਣਕ ਦੇ ਖਰੀਦ ਮੁੱਲ ਨੂੰ ਘਟਾ ਕੇ ਕਿਸਾਨਾਂ 'ਤੇ ਕੇਂਦਰ ਸਰਕਾਰ ਦੇ ਤਾਜ਼ਾ ਹਮਲੇ ਦੀ ਸਖਤ ਨਿੰਦਾ ਕੀਤੀ ਹੈ। ਕਿਸਾਨ ਮੋਰਚੇ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਇਹ ਸਭ ਜਾਣਦੇ ਹੋਏ ਵੀ ਕਿ ਮੌਸਮ 'ਚ ਤਬਦੀਲੀਆਂ ਅਤੇ ਬੇਮੌਸਮੀ ਮੀਂਹ ਕਾਰਨ ਇਸ ਸੀਜ਼ਨ 'ਚ ਫਸਲਾਂ ਦੀ ਗੁਣਵੱਤਾ ਨੂੰ ਨੁਕਸਾਨ ਹੋਇਆ ਹੈ। ਇਸ ਦੇ ਬਾਵਜੂਦ ਸਰਕਾਰ ਹੁਣ ਪ੍ਰਤੀ ਕੁਇੰਟਲ ਤੱਕ ਮੁੱਲ ਦੀ ਕਟੌਤੀ ਰਾਹੀਂ ਅਨਾਜ ਦੀ ਖਰੀਦ ਕੀਮਤ ਨੂੰ ਘਟਾ ਕੇ ਇਸ ਕੁਦਰਤੀ ਆਫਤ ਲਈ ਕਿਸਾਨਾਂ ਨੂੰ ਜੁਰਮਾਨਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕੇਂਦਰ ਸਰਕਾਰ ਦੀ ਇਸ ਕਿਸਾਨ ਵਿਰੋਧੀ ਨੀਤੀ ਦੇ ਖਿਲਾਫ 18 ਅਪ੍ਰੈਲ ਨੂੰ ਐੱਸ ਕੇ ਐੱਮ ਦੇਸ਼ ਵਿਆਪੀ ਪ੍ਰਦਰਸ਼ਨ ਦਾ ਸੱਦਾ ਦਿੱਤਾ ਹੈ। ਸਰਕਾਰ ਵੱਲੋਂ ਕੁਆਲਿਟੀ ਦੇ ਬਹਾਨੇ ਕਿਸਾਨਾਂ ਤੋਂ ਕਣਕ ਦੀ ਖਰੀਦ ਕੀਮਤ ਘਟਾਉਣ ਦਾ ਫੈਸਲਾ ਕਿਸਾਨਾਂ ਨਾਲ ਧੋਖਾ ਕਰਨ ਅਤੇ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਤੋਂ ਵਾਂਝੇ ਕਰਨ ਦੇ ਬਹਾਨੇ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਪਹਿਲਾਂ ਸਰਕਾਰ ਨੇ ਖਰੀਦ ਨੂੰ ਘਟਾਉਣ ਲਈ ਲਿਮਿਟ ਦੀ ਵਰਤੋਂ ਕੀਤੀ ਸੀ। ਹੁਣ ਸਰਕਾਰ ਗੁਣਵੱਤਾ ਦੇ ਬਹਾਨੇ ਖਰੀਦ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਪੂਰੀ ਤਰ੍ਹਾਂ ਨਾਲ ਨਾਜਾਇਜ਼ ਹੈ। ਇਹ ਕਿਸਾਨ ਵਿਰੋਧੀ ਨੀਤੀਆਂ ਸਪੱਸ਼ਟ ਤੌਰ 'ਤੇ ਇਤਿਹਾਸਕ ਕਿਸਾਨ ਅੰਦੋਲਨ ਲਈ ਕਿਸਾਨਾਂ ਵਿਰੁੱਧ ਬਦਲਾਖੋਰੀ ਹਨ, ਜਿਸ ਕਾਰਨ ਪ੍ਰਧਾਨ ਮੰਤਰੀ ਨੂੰ ਲੋਕਾਂ ਦੀ ਇੱਛਾ ਅੱਗੇ ਝੁਕਣਾ ਪਿਆ। ਮੋਰਚੇ ਵੱਲੋਂ ਮੰਗ ਕੀਤੀ ਗਈ ਕਿ ਹਰ ਦਾਣੇ ਦੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਕੀਤੀ ਜਾਣੀ ਚਾਹੀਦੀ ਹੈ।

## ਫਿਰਕਾਪ੍ਰਸਤ ਮਨੂੰਵਾਦੀ ਵਿਚਾਰਧਾਰਾ ਤੋਂ ਦੇਸ਼ ਦੇ ਲੋਕਤੰਤਰ ਤੇ ਸੰਵਿਧਾਨ ਨੂੰ ਵੱਡਾ ਖਤਰਾ : ਅਰਸ਼ੀ




**ਮਾਨਸਾ (ਆਤਮਾ ਸਿੰਘ ਪਮਾਰ)**
ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਦੇ 132ਵੇਂ ਜਨਮ ਦਿਵਸ ਮੌਕੇ ਤੇਜਾ ਸਿੰਘ ਸੁਤੰਤਰ ਸੀ ਪੀ ਆਈ ਦਫਤਰ ਵਿਖੇ ਰੂਪ ਸਿੰਘ ਢਿੱਲੋਂ ਅਤੇ ਰਤਨ ਭੋਲਾ ਦੀ ਅਗਵਾਈ ਹੇਠ ਵਿਚਾਰ-ਗੋਸ਼ਟੀ ਕੀਤੀ ਗਈ। ਇਸ ਮੌਕੇ ਮੁੱਖ ਬੁਲਾਰੇ ਸੀ ਪੀ ਆਈ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਵਧ ਰਹੀ ਫਿਰਕਾਪ੍ਰਸਤੀ ਤੇ ਮਨੂੰਵਾਦੀ ਵਿਚਾਰਧਾਰਾ ਸੰਵਿਧਾਨ ਨੂੰ ਵੱਡਾ ਖਤਰਾ ਪੈਦਾ ਕਰ ਰਹੀ ਹੈ, ਕਿਉਂਕਿ ਆਰ ਐੱਸ ਐੱਸ ਦੇ ਇਸ਼ਾਰੇ 'ਤੇ ਭਾਜਪਾ ਜੁੰਡਲੀ ਸੰਵਿਧਾਨ ਨੂੰ ਛਿੱਕੇ ਟੰਗ ਕੇ ਦਲਿਤਾਂ ਤੇ ਘੱਟ ਗਿਣਤੀਆਂ 'ਤੇ ਅੱਤਿਆਚਾਰ ਕਰਕੇ ਭਾਈਚਾਰਕ ਸਾਂਝ ਨੂੰ ਖਤਮ ਕਰ ਰਹੀ ਹੈ, ਜੋ ਕਿ ਭਵਿੱਖ ਵਿੱਚ ਦੇਸ਼ ਦੀ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਲਈ ਵੱਡਾ ਖਤਰਾ ਬਣ ਸਕਦੀ ਹੈ। ਉਹਨਾ ਬਾਬਾ

● ਬਾਕੀ ਸਫ਼ਾ 10 'ਤੇ

## ਜਾਪਾਨ ਦੇ ਪ੍ਰਧਾਨ ਮੰਤਰੀ ਦੀ ਰੈਲੀ 'ਚ ਧਮਾਕਾ, ਸ਼ੱਕੀ ਗ੍ਰਿਫ਼ਤਾਰ



**ਟੋਕੀਓ** : ਜਾਪਾਨ ਦੇ ਪ੍ਰਧਾਨ ਮੰਤਰੀ ਫੁਮੀਓ ਕਿਸ਼ਿਦਾ ਸ਼ਨੀਵਾਰ ਸਵੇਰੇ ਵਾਲ-ਵਾਲ ਬਚ ਗਏ। ਉਨ੍ਹਾ ਦੀ ਰੈਲੀ 'ਚ ਸਮੋਕ ਬੰਬ ਨਾਲ ਧਮਾਕਾ ਕੀਤਾ ਗਿਆ। ਧਮਾਕੇ ਤੋਂ ਬਾਅਦ ਹਰ ਪਾਸੇ ਧੂੰਆਂ ਹੀ ਧੂੰਆਂ ਛਾ ਗਿਆ। ਧਮਾਕੇ ਦੀ ਆਵਾਜ਼ ਸੁਣਦੇ ਹੀ ਭਜਦੜ ਮਚ ਗਈ। ਸੁਰੱਖਿਆ ਬਲਾਂ ਨੇ ਫੁਰਤੀ ਨਾਲ ਪ੍ਰਧਾਨ ਮੰਤਰੀ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਉਥੇ ਹੀ ਸ਼ੱਕੀ ਹਮਲਾਵਰ ਨੂੰ ਫੜ ਲਿਆ ਗਿਆ। ਪ੍ਰਧਾਨ ਮੰਤਰੀ ਕਿਸ਼ਿਦਾ ਵਾਕਾਯਾਮਾ ਸ਼ਹਿਰ 'ਚ

● ਬਾਕੀ ਸਫ਼ਾ 10 'ਤੇ

## ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਵੱਲੋਂ ਮੰਗਾਂ ਨੂੰ ਲੈ ਕੇ 18 ਨੂੰ ਰੋਸ ਧਰਨਾ

**ਪਟਿਆਲਾ** : ਪੀ.ਆਰ.ਟੀ.ਸੀ. ਵਰਕਰਜ਼ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਨ ਸਰਵਸ੍ਰੀ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖਟੜਾ, ਰਾਕੇਸ਼ ਕੁਮਾਰ ਦਤਾਰਪੁਰੀ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੀ.ਆਰ.ਟੀ.ਸੀ. ਦੇ ਵਰਕਰਾਂ ਵਿੱਚ ਮੈਨੇਜਮੈਂਟ ਦੇ ਮੁਲਾਜ਼ਮ ਵਿਰੋਧੀ ਰਵੱਈਏ ਵਿਰੁੱਧ ਜ਼ਬਰਦਸਤ ਗੁੱਸੇ ਦੀ ਲਹਿਰ ਹੈ, ਜਿਸ ਤੋਂ ਸਪੱਸ਼ਟ ਹੈ ਕਿ 18 ਅਪ੍ਰੈਲ 2023 ਨੂੰ ਪੀ.ਆਰ.ਟੀ.ਸੀ. ਦੇ ਮੁੱਖ ਦਫਤਰ ਪਟਿਆਲਾ ਦੇ ਸਾਹਮਣੇ ਰੋਸ ਧਰਨੇ ਵਿੱਚ ਵਰਕਰ ਭਾਰੀ ਗਿਣਤੀ ਵਿੱਚ ਪੁੱਜਣਗੇ। ਐਕਸ਼ਨ ਕਮੇਟੀ ਦੇ ਆਗੂਆਂ ਨੇ 18 ਅਪ੍ਰੈਲ ਨੂੰ ਰੋਸ ਧਰਨਾ ਦੇਣ ਦੀ ਵਜ੍ਹਾ ਦੱਸਦਿਆਂ ਕਿਹਾ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬ ਸਰਕਾਰ ਪੀ.ਆਰ.ਟੀ.ਸੀ. ਨੂੰ ਮੁਫਤ ਸਫਰ ਦੇ ਮਿਲਣਯੋਗ ਪੈਸੇ ਦਾ ਪੂਰਾ ਭੁਗਤਾਨ ਨਹੀਂ ਕਰਦੀ। ਦੂਸਰਾ ਜੇਕਰ ਵਰਕਰਾਂ ਵੱਲੋਂ ਕੀਤੀ ਜਾਂਦੀ ਜੱਦੋਜਹਿਦ ਦੇ ਦਬਾਅ ਥੱਲੇ ਸਰਕਾਰ ਵੱਲੋਂ ਕੁੱਝ ਰਕਮ ਜਾਰੀ ਕੀਤੀ ਜਾਂਦੀ ਹੈ ਤਾਂ ਪੀ.ਆਰ.ਟੀ.ਸੀ. ਦੇ ਡਿਪਟੀ ਫਾਇਨੈਂਸ ਕੰਟਰੋਲਰ ਵੱਲੋਂ ਮੈਨੇਜਿੰਗ ਡਾਇਰੈਕਟਰ ਨੂੰ ਅੰਕੜਿਆਂ ਦੀ

● ਬਾਕੀ ਸਫ਼ਾ 10 'ਤੇ

## ਬੱਸ ਖੱਡ 'ਚ ਡਿੱਗੀ, 13 ਮੌਤਾਂ



**ਮੁੰਬਈ** : ਮਹਾਰਾਸ਼ਟਰ ਦੇ ਰਾਏਗੜ੍ਹ ਦੇ ਖੋਪੋਲੀ ਇਲਾਕੇ 'ਚ ਇੱਕ ਬੱਸ 700 ਫੁੱਟ ਡੂੰਘੀ ਖੱਡ 'ਚ ਡਿੱਗ ਗਈ। ਹਾਦਸੇ 'ਚ 13 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਬੱਸ 'ਚ 40 ਯਾਤਰੀ ਸਵਾਰ ਸਨ। 25 ਲੋਕਾਂ ਨੂੰ ਸਥਾਨਕ ਨਿਵਾਸੀਆਂ ਦੀ ਮਦਦ ਨਾਲ ਖੱਡ 'ਚੋਂ ਕੱਢਿਆ ਗਿਆ ਹੈ। ਇਨ੍ਹਾਂ 'ਚੋਂ ਕੁਝ ਲੋਕਾਂ ਦੇ ਸੱਟਾਂ ਲੱਗੀਆਂ ਹਨ। ਹਾਦਸਾ ਖੰਡਾਲਾ ਅਤੇ ਖੋਪੋਲੀ ਦੇ ਵਿਚਾਲੇ ਪੁਰਾਣੇ ਨੈਸ਼ਨਲ ਹਾਈਵੇ 'ਤੇ ਸ਼ਿੰਗਰੋਬਾ ਘਾਟ ਕੋਲ ਹੋਇਆ।

## 500 ਦਿਨ ਗੁਫ਼ਾ 'ਚ ਰਹੀ ਬੀਏਟ੍ਰਿਜ



**ਮੈਡ੍ਰਿਡ** : ਸਪੇਨ ਦੀ ਇੱਕ 50 ਸਾਲਾ ਐਥਲੀਟ ਬੀਏਟ੍ਰਿਜ ਫਲੈਮਿਨੀ ਗੁਫਾ 'ਚ 500 ਦਿਨ ਬਿਤਾਉਣ ਤੋਂ ਬਾਅਦ ਬਾਹਰ ਆਈ। ਇਸ ਦੇ ਨਾਲ ਹੀ ਉਸ ਦਾ ਨਾਂਅ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ 'ਚ ਦਰਜ ਹੋ ਗਿਆ। ਫਲੈਮਿਨੀ ਗ੍ਰੇਨਾਡਾ ਦੇ ਕੋਲ ਇੱਕ ਗੁਫ਼ਾ 'ਚ 230 ਫੁੱਟ ਡੂੰਘਾਈ 'ਚ ਰਹਿ ਰਹੀ ਸੀ। ਇਸ ਦੌਰਾਨ ਉਸ ਦਾ ਬਾਹਰ ਦੀ ਦੁਨੀਆ ਨਾਲੋਂ ਸੰਪਰਕ ਨਾਂਹ ਦੇ ਬਰਾਬਰ ਸੀ। ਬਾਹਰ ਆਉਣ ਤੋਂ ਬਾਅਦ ਬੀਏਟ੍ਰਿਜ ਨੇ ਪ੍ਰੈੱਸ ਕਾਨਫਰੰਸ ਕੀਤੀ। ਉਸ ਨੇ ਦੱਸਿਆ ਕਿ 500 ਦਿਨ ਪੂਰੇ ਹੋਣ 'ਤੇ ਜਦ ਉਸ ਦੀ ਟੀਮ ਉਸ ਨੂੰ ਲੈ ਕੇ ਆਈ ਤਾ ਉਹ ਸੌਂ ਰਹੀ ਸੀ। ਉਸ ਨੂੰ ਅੰਦਾਜ਼ਾ ਨਹੀਂ ਸੀ ਕਿ ਉਸ ਦਾ ਟੀਚਾ ਪੂਰਾ ਹੋ ਚੁੱਕਾ ਹੈ। ਫਲੈਮਿਨੀ ਨੇ ਕਿਹਾ—ਮੈਂ ਆਪਣੀ ਟੀਮ ਨੂੰ ਕਿਹਾ—ਹਾਲੇ ਟੀਚਾ ਕਿਸ ਤਰ੍ਹਾਂ ਪੂਰਾ ਹੋ ਸਕਦਾ ਹੈ। ਹਾਲੇ ਤਾਂ ਮੈਂ ਜੋ ਕਿਤਾਬ

● ਬਾਕੀ ਸਫ਼ਾ 10 'ਤੇ

## ਅੱਜ-ਨਾਮਾ

ਗਿਆ ਉਹ ਕੱਲ੍ਹ ਸੀ ਛੱਡ ਕੇ ਕਾਂਗਰਸ ਨੂੰ,
ਪਰਤਦਾ ਆ ਗਿਆ ਅੱਜ ਉਹ ਘਰੇ ਬੇਲੀ।
ਆਇਆ ਰਾਮ ਬਣਿਆ ਗਿਆ ਰਾਮ ਛੇਤੀ,
ਤਿਕੜਮ ਭਿੜਾਈ ਆ ਪਰੇ ਤੋਂ ਪਰੇ ਬੇਲੀ।
ਨਵੇਂ ਦਰਾਂ ਦੇ ਚਸਕੇ ਵੀ ਘੱਟ ਕੋਈ ਨਹੀਂ,
ਛੱਡ ਕੇ ਪਹਿਲਾ ਵੀ ਟੱਬਰ ਨਾ ਸਰੇ ਬੇਲੀ।
ਤਾਨਾ ਬਹੁਤ ਤਕੜਾ ਰਿਸ਼ਤੇ ਨਾਤਿਆਂ ਦਾ,
ਬੰਦਾ ਉਹਦੀ ਵੀ ਤਿੜਕਣ ਤੋਂ ਡਰੇ ਬੇਲੀ।
ਛੱਡ ਕੇ ਪਾਰਟੀ ਪਿਆ ਫਿਰ ਪਰਤ ਬੇਸ਼ੱਕ,
ਪਹਿਲੇ ਵਾਂਗ ਨਹੀਂ ਏਧਰ ਵਿਸ਼ਵਾਸ ਬੇਲੀ।
ਕਿਸੇ ਥਾਂ ਹੋਰ ਉਹ ਰਿਹਾ ਨਹੀਂ ਜਾਣ ਜੋਗਾ,
ਮਿਲਣਾ ਇਧਰ ਵੀ ਮਾਣ ਨਹੀਂ ਖਾਸ ਬੇਲੀ।

-ਤੀਸ ਮਾਰ ਖਾਂ

## ਮੋਦੀ ਸਰਕਾਰ ਤੋਂ ਛੁਟਕਾਰਾ ਪਾਉਣਾ ਹੀ ਕਾਮਰੇਡ ਸੁੱਜੋਂ ਨੂੰ ਸੱਚੀ ਸ਼ਰਧਾਂਜਲੀ : ਬੰਤ ਬਰਾੜ



**ਨਵਾਂਸ਼ਹਿਰ/ਬਹਿਰਾਮ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ)**
ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਉੱਘੇ ਮਰਹੂਮ ਆਗੂ ਕਾਮਰੇਡ ਨਰੰਜਣ ਸਿੰਘ ਸੁੱਜੋਂ ਦੀ ਪੰਜਵੀਂ ਬਰਸੀ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਜਿਲ੍ਹਾ ਸਕੱਤਰ ਸੁਤੰਤਰ ਕੁਮਾਰ ਦੀ ਅਗਵਾਈ ਹੇਠ ਕਾਮਰੇਡ ਨਰੰਜਣ ਸਿੰਘ ਸੁੱਜੋਂ ਦੇ ਪਰਵਾਰ ਦੇ ਸਹਿਯੋਗ ਨਾਲ ਮਨਾਈ ਗਈ। ਸਮਾਗਮ ਦੀ ਪ੍ਰਧਾਨਗੀ ਮੁਕੰਦ ਲਾਲ, ਗੁਰਬਖਸ ਕੌਰ ਸੰਘਾ, ਐਡਵੋਕੇਟ ਦਲਜੀਤ ਸਿੰਘ ਤੇ ਬਲਵੀਰ ਸਿੰਘ ਜਾਡਲਾ ਨੇ ਕੀਤੀ। ਸਮਾਗਮ 'ਚ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸ਼ਰਧਾਂਜਲੀ ਸਮਾਗਮ ਦੇ ਸ਼ੁਰੂ 'ਚ ਮੁਕੰਦ ਲਾਲ ਨੇ ਕਾਮਰੇਡ ਸੁੱਜੋਂ ਦੇ ਜੀਵਨ ਉੱਪਰ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਬਲਵੀਰ ਸਿੰਘ ਜਾਡਲਾ, ਗੁਰਬਖਸ਼ ਕੌਰ ਸੰਘਾ ਤੇ ਐਡਵੋਕੇਟ ਦਲਜੀਤ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਾਮਰੇਡ ਨਰੰਜਣ ਸਿੰਘ ਸੁੱਜੋਂ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਕੀਤਾ।

ਸ੍ਰੀ ਬਰਾੜ ਨੇ ਕਿਹਾ ਕਿ ਕਾਮਰੇਡ ਨਰੰਜਣ ਸਿੰਘ ਦਾ ਪਰਵਾਰ ਮੁੱਢ ਤੋਂ ਹੀ ਕਮਿਊਨਿਸਟ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ। ਕਿਸਾਨ ਅੰਦੋਲਨ 'ਚ ਵੀ ਪਰਵਾਰ ਵੱਲੋਂ ਹਰ ਤਰ੍ਹਾਂ ਦਾ ਯੋਗਦਾਨ ਦਿੱਤਾ। ਭਾਵੇਂ ਕਾਮਰੇਡ ਨਰੰਜਣ ਸਿੰਘ ਦੇ ਤਿੰਨ ਬੇਟੇ ਨਰਿੰਦਰ ਸਿੰਘ, ਨਰਜੀਤ ਸਿੰਘ ਅਤੇ ਕੁਲਦੀਪ ਸਿੰਘ ਪਰਵਾਰਾਂ ਸਮੇਤ ਵਿਦੇਸ਼ 'ਚ ਸੈਂਟਲ ਹਨ, ਪਰ ਉਨ੍ਹਾਂ ਦੀ ਆਤਮਾ ਸੀ ਪੀ ਆਈ ਵਿੱਚ ਹੀ ਰਹਿੰਦੀ ਹੈ। ਉਨ੍ਹਾ ਕਿਹਾ ਕਿ ਕਾਮਰੇਡ ਨਰੰਜਣ ਸਿੰਘ ਨੂੰ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਉਹਨਾ ਦੇ ਦੱਸੇ ਰਾਹ 'ਤੇ ਚੱਲ ਕੇ ਮੌਜੂਦਾ ਫਾਸ਼ੀਵਾਦੀ ਆਰ ਐੱਸ ਐੱਸ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ ਵਿਰੋਧੀ ਨੀਤੀਆਂ ਦਾ ਵਿਰੋਧ ਕਰਕੇ ਇਸ

● ਬਾਕੀ ਸਫ਼ਾ 10 'ਤੇ

## ਵਾਵਰੋਲੇ ਕਾਰਨ ਭੱਠੀ ਵਾਂਗ ਤਪਦੇ ਰਹੇ ਹਜ਼ਾਰਾਂ ਲੋਕ

**ਤਲਵੰਡੀ ਸਾਬੋ (ਜਗਦੀਪ ਗਿੱਲ)**
ਕਈ ਵਾਰ ਕੁਝ ਘਟਨਾਵਾਂ ਏਦਾਂ ਦੀਆਂ ਵੀ ਵਾਪਰ ਜਾਂਦੀਆਂ ਹਨ, ਜੋ ਨਾ ਸਿਰਫ ਹੈਰਾਨ ਤੇ ਦੁਖੀ ਕਰਦੀਆਂ ਹਨ, ਸਗੋਂ ਕਾਫੀ ਸਮਾਂ ਭੁੱਲਦੀਆਂ ਵੀ ਨਹੀਂ।

ਬੀਤੇ ਸ਼ੁੱਕਰਵਾਰ ਉਸ ਵਕਤ ਜਦੋਂ ਮੇਲਾ ਵਿਸਾਖੀ ਦਾ ਸਿਖਰ ਚੱਲ ਰਿਹਾ ਸੀ ਤਾਂ ਇਸ ਇਤਿਹਾਸਕ ਸ਼ਹਿਰ ਦੀ ਇੱਕ ਕੰਨੀ ਉੱਪਰ ਰਾਮਾਂ ਰੋਡ ਵਾਲੇ ਪਾਸੇ ਆਏ ਇੱਕ ਵਾਵਰੋਲੇ ਨੇ ਨਾ ਸਿਰਫ ਇੱਥੋਂ ਦੇ ਹਜ਼ਾਰਾਂ ਸ਼ਹਿਰੀਆਂ ਨੂੰ ਗਰਮੀ ਵਿਚ ਅੱਗ ਦੀ ਭੱਠੀ ਵਾਂਗ ਤਪਾਈ ਰੱਖਿਆ, ਸਗੋਂ ਮਹਿਕਮਾ ਬਿਜਲੀ ਬੋਰਡ ਦੇ ਮੁਲਾਜ਼ਮਾਂ ਸਿਰ ਵੀ ਇਕ ਵੱਡੀ ਜਹਿਮਤ ਆਣ ਪਈ।

ਹੋਇਆ ਇਸ ਤਰ੍ਹਾਂ ਕਿ ਰਾਮਾਂ ਰੋਡ ਦੇ ਲਾਗਲੇ ਖੇਤਾਂ ਵਿਚ ਜਿੱਥੇ ਤਲਵੰਡੀ ਸਾਬੋ ਬਿਜਲੀ ਗਰਿੱਡ ਤੋਂ ਇੱਕ ਬਿਜਲੀ ਸਪਲਾਈ ਲਾਈਨ ਲੰਘ ਰਹੀ ਹੈ, ਕੋਲੋਂ ਇੱਕ ਵਾਵਰੋਲਾ ਏਨੀ ਜ਼ੋਰ ਨਾਲ ਉੱਠਿਆ ਕਿ ਹਵਾ ਦੀ ਘੁੰਮਣਘੇਰੀ ਨੇ ਖੇਤ ਵਿਚ ਖੜ੍ਹੀ ਪੱਕੀ ਹੋਈ ਕਣਕ ਦੀ ਫਸਲ ਦੇ ਸੁੱਕੇ ਨਾੜ ਨੂੰ ਬਿਜਲੀ ਦੀਆਂ ਤਾਰਾਂ ਉਪਰ ਵਗਾਹ ਮਾਰਿਆ। ਬੱਸ ਫਿਰ ਕੀ ਸੀ ਅੱਗ ਦੇ ਚੰਗਿਆੜੇ ਛੱਡਦੀਆਂ ਬਿਜਲੀ ਸਪਲਾਈ ਦੀਆਂ ਤਾਰਾਂ ਨੂੰ ਮਹਿਕਮੇ ਦੇ ਡਿਊਟੀ ਮੁਲਾਜ਼ਮਾਂ ਨੇ ਮੌਕੇ ਉਪਰ ਸੰਭਾਲ ਲਿਆ ਅਤੇ ਕੋਈ ਵੱਡੀ ਘਟਨਾ ਵਾਪਰਨ ਤੋਂ ਬਚਾਅ ਹੋ ਗਿਆ।

ਬਿਜਲੀ ਮੁਲਾਜ਼ਮਾਂ ਦੀ ਮੌਕੇ ਉਪਰ ਪੁੱਜੀ ਟੀਮ, ਜਿਸ ਦੀ ਅਗਵਾਈ ਸ਼ਾਇਦ ਜੂਨੀਅਰ ਇੰਜੀਨੀਅਰ ਵਰਜਿੰਦਰ ਸਿੰਘ ਤੇ ਉਸ ਦਾ ਇਕ ਹੋਰ ਸਾਥੀ ਕਰ ਰਹੇ ਸਨ, ਦੇ ਬਿਜਲੀ ਕਾਮਿਆਂ ਵੱਲੋਂ ਮੇਲਾ ਵਿਸਾਖੀ ਦੇ ਚਲਦੇ ਖੰਭਿਆਂ ਉਪਰ ਝੂਟਦਿਆਂ ਕਣਕ ਦੇ ਅੱਧਸੜੇ ਨਾੜ ਨੂੰ ਤਾਰਾਂ ਉਪਰੋਂ

● ਬਾਕੀ ਸਫ਼ਾ 10 'ਤੇ

# ਗੁਰਦੁਆਰਾ ਸਾਹਿਬ ਨੂੰ ਜਾਂਦੇ ਰਸਤੇ ਨੂੰ ਬੰਦ ਕਰਨ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਖੋਦੇਬੇਟ ਪੱਤੀ ਹਵੇਲੀਆਂ ਵਾਸੀਆਂ ਨੇ ਗੁਰਦੁਆਰਾ ਸਾਹਿਬ ਨੂੰ ਜਾਂਦੇ ਰਸਤੇ ਨੂੰ ਬੰਦ ਕਰਨ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਸਬੰਧੀ ਪਿੰਡ ਵਾਸੀ ਗੁਰਮੀਤ ਕੌਰ, ਪਰਮਜੀਤ ਕੌਰ, ਨਰਿੰਦਰ ਕੌਰ, ਸੁਖਵਿੰਦਰ ਕੌਰ, ਅਮਰੀਕ ਕੌਰ, ਬਲਵਿੰਦਰ ਸਿੰਘ, ਹਰਪਾਲ ਸਿੰਘ, ਹਰਜਿੰਦਰ ਸਿੰਘ, ਰਣਜੀਤ ਸਿੰਘ, ਗੁਰਵਿੰਦਰ ਸਿੰਘ ਨੇ ਸਾਂਝੇ ਤੌਰ 'ਤੇ ਆਪਣੇ ਹੀ ਪਿੰਡ ਦੇ ਵਸਨੀਕ ਦਲੀਪ ਸਿੰਘ ਤੇ ਦੋਸ਼ ਲਾਉਂਦੇ ਹੋਏ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸਾਡੇ ਘਰਾਂ ਤੋਂ ਗੁਰਦੁਆਰਾ ਸਾਹਿਬ ਨੂੰ ਜਾਦੀ ਗਲੀ ਕਰੀਬ ਸਾਲ 1980 ਬਣੀ ਹੋਈ ਹੈ ਅਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਇਹ ਗਲੀ ਪੱਕੇ ਤੌਰ 'ਤੇ ਕਈ ਵਾਰ ਬਣਾਈ ਜਾ ਚੁੱਕੀ ਹੈ, ਜਿਸਦਾ ਹਰ ਪੰਚਾਇਤ ਵੱਲੋਂ ਕਾਰਵਾਈ ਰਜਿਸਟਰ ਵਿੱਚ ਮਤਾ ਵੀ ਪਾਇਆ ਗਿਆ ਹੈ ਪਰ ਦਲੀਪ ਸਿੰਘ ਦਾ ਪਰਿਵਾਰ ਸਾਡੇ ਪਰਿਵਾਰਾਂ 'ਤੇ ਰਾਜਨੀਤਿਕ ਦਬਾਅ ਨਾਲ ਧੱਕੇਸ਼ਾਹੀ ਕਰਕੇ ਘਰਾਂ ਨੂੰ ਜਾਂਦੇ ਰਸਤੇ ਹਥਿਆਉਣਾ ਚਾਹੁੰਦੇ ਹਨ, ਸਾਨੂੰ ਗੁਰਦੁਆਰਾ ਸਾਹਿਬ ਜਾਣ ਵਾਲੀਆਂ ਸੰਗਤਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੌਕੇ ਪਿੰਡ ਖੋਦੇਬੇਟ ਪੱਤੀ ਹਵੇਲੀਆਂ ਵਾਸੀਆਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਸਾਨੂੰ ਇਨਸਾਫ ਦਿੱਤਾ ਜਾਵੇ।

ਇਸ ਸਬੰਧੀ ਜਦੋਂ ਪਿੰਡ ਖੋਦੇਬੇਟ ਪੱਤੀ ਹਵੇਲੀਆਂ ਦੀ ਦੂਜੀ ਧਿਰ ਦਲੀਪ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਆਖਿਆ ਕਿ ਗੁਰਦੁਆਰਾ ਸਾਹਿਬ ਨੂੰ ਜਾਂਦੀ ਗਲੀ ਸਾਡੀ 5 ਕਨਾਲ ਜ਼ਮੀਨ ਵਿਚੋਂ ਲੰਘਦੀ ਹੈ ਤੇ ਇਹ ਜ਼ਮੀਨ ਉਨ੍ਹਾਂ ਦੀ ਨਿੱਜੀ ਜ਼ਮੀਨ ਹੈ ਜਿਸਦਾ ਮਾਣਯੋਗ ਅਦਾਲਤ 'ਚ 5 ਸਾਲਾਂ ਤੋਂ ਕੇਸ ਚੱਲ ਰਿਹਾ ਸੀ, ਇਹ ਕੇਸ ਮਾਣਯੋਗ ਅਦਾਲਤ ਵੱਲੋਂ ਉਨ੍ਹਾਂ ਦੇ ਹੱਕ 'ਚ ਹੋ ਗਿਆ ਹੈ ਜਿਸ ਕਰਕੇ ਉਨ੍ਹਾਂ ਵੱਲੋਂ ਗਲੀ ਬੰਦ ਕੀਤੀ ਜਾ ਰਹੀ ਹੈ।

ਇਸ ਸਬੰਧੀ ਜਦੋਂ ਬੀਡੀਪੀਓ ਡੇਰਾ ਬਾਬਾ ਨਾਨਕ ਮੈਡਮ ਕਿਰਨਦੀਪ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਉਨ੍ਹਾਂ ਦੇ ਧਿਆਨ 'ਚ ਨਹੀਂ ਸੀ। ਜੇਕਰ ਸ਼ਿਕਾਇਤ ਕਰਤਾ ਵੱਲੋਂ ਉਨ੍ਹਾਂ ਨੂੰ ਲਿਖਤੀ ਤੌਰ 'ਤੇ ਦਰਖਾਸਤ ਦੇਣਗੇ ਉਸ ਅਨੁਸਾਰ ਉਸਦੀ ਪੜਤਾਲ ਕਰਵਾ ਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਕਟਾਰੂ ਚੱਕ ਨੇ ਸਰਨਾ ਮੰਡੀ 'ਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ



ਪਠਾਨਕੋਟ (ਦਵਿੰਦਰ ਸਿੰਘ)-ਦਾਣਾ ਮੰਡੀਆਂ ਅੰਦਰ ਕਿਸਾਨਾਂ ਦੀ ਹਰੇਕ ਤਰ੍ਹਾਂ ਦੀ ਸੁਵਿਧਾ ਨੂੰ ਧਿਆਨ ਵਿੱਚ ਰੱਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਸਾਰੇ ਪ੍ਰਬੰਧ ਕਰ ਲਏ ਗਏ ਹਨ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਸਰਨਾ ਦਾਣਾ ਮੰਡੀ ਅੰਦਰ ਕਣਕ ਦੀ ਸਰਕਾਰੀ ਖਰੀਦ ਦੀ ਸ਼ੁਰੂਆਤ ਕਰਦਿਆਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ, ਰਜਨੀਸ਼ ਕੌਰ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਵਿਜੈ ਕੁਮਾਰ ਕਟਾਰੂਚੱਕ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਪਠਾਨਕੋਟ, ਕਿਸਾਨ ਰਾਮ ਸਿੰਘ, ਕਿਸਾਨ ਸੁਰੇਸ਼ ਸੈਣੀ, ਕਿਸਾਨ ਰਣਜੀਤ ਸਿੰਘ, ਕਿਸਾਨ ਨਰਿੰਦਰ ਸਿੰਘ, ਕਿਸਾਨ ਪਲਵਿੰਦਰ ਸਿੰਘ, ਆੜ੍ਹਤੀ ਰਾਜਨ ਸ਼ਰਮਾ, ਕਿਸਾਨ ਮੌਲਵੀ ਬਰਕਤ ਅਲੀ, ਆੜ੍ਹਤੀ ਸੂਬੀ ਸੈਣੀ, ਆੜ੍ਹਤੀ ਰਾਜੀਵ, ਆੜ੍ਹਤੀ ਨੀਤਿਨ ਠਾਕੁਰ, ਆੜ੍ਹਤੀ ਮੁਲਖ ਰਾਜ, ਬਲਾਕ ਪ੍ਰਧਾਨ ਪਵਨ ਕੁਮਾਰ ਫੌਜੀ, ਆੜ੍ਹਤੀ ਰਵਿੰਦਰ ਠਾਕੁਰ, ਆੜ੍ਹਤੀ ਪ੍ਰਦੀਪ ਸ਼ਰਮਾ, ਆੜ੍ਹਤੀ ਹਰੀਸ਼ ਸ਼ਰਮਾ, ਸਕੱਤਰ ਵਿਜੈ ਕੁਮਾਰ, ਡੀ. ਐਮ. ਓ. ਕੁਲਜੀਤ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਅਜੈ ਪਿੰਜਾ ਏ. ਐਫ. ਐਸ. ਓ. ਅਤੇ ਹੋਰ ਵਿਭਾਗੀ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਕਟਾਰੂਚੱਕ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਅੰਦਰ ਕਿਸੇ ਤਰ੍ਹਾਂ ਦੀ ਚਿੰਤਾ ਕਰਨ ਦੀ ਲੋੜ ਨਹੀਂ। ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ ਵੈਲਊ ਕੱਟ ਦੀ ਭਰਪਾਈ ਕਰੇਗੀ।

ਇਸ ਮੌਕੇ ਡਿਪਟੀ ਕਮਿਸ਼ਨਰ ਪਠਾਨਕੋਟ ਹਰਬੀਰ ਸਿੰਘ ਨੇ ਦੱਸਿਆ ਕਿ ਜਿਲ੍ਹਾ ਪਠਾਨਕੋਟ ਅੰਦਰ ਇਸ ਸਮੇਂ 14 ਮੰਡੀਆਂ ਚਲ ਰਹੀਆਂ ਹਨ।

ਜ਼ਿਲ੍ਹਾ ਪਠਾਨਕੋਟ ਵਿੱਚ ਬਾਕੀ ਪੰਜਾਬ ਨਾਲੋਂ ਨੀਮ ਪਹਾੜੀ ਖੇਤਰ ਹੋਣ ਕਰਕੇ ਕਣਕ ਦੀ ਆਮਦ ਦੇਰੀ ਨਾਲ ਹੁੰਦੀ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੀਆਂ ਮੰਡੀਆਂ ਵਿੱਚ ਪਹਿਲਾਂ ਤੋਂ ਹੀ ਸਾਰੀ ਵਿਵਸਥਾ ਕਰਨ ਦੇ ਲਈ ਆਦੇਸ਼ ਜਾਰੀ ਕੀਤੇ ਹੋਏ ਹਨ। ਜ਼ਿਲ੍ਹੇ ਅੰਦਰ ਬਾਰਦਾਨੇ ਦੀ ਕੋਈ ਕਮੀ ਨਹੀਂ ਹੈ ਅਤੇ ਸਾਰੀਆਂ ਖਰੀਦ ਏਜੰਸੀਆਂ ਨੂੰ ਵੀ ਪਹਿਲਾਂ ਤੋਂ ਹਦਾਇਤ ਕੀਤੀ ਗਈ ਹੈ।

## ਟਾਈਡ ਲਿਕਵਿਡ ਬਣਿਆ ਪੰਜਾਬ ਕਿੰਗਜ਼ ਦਾ ਅਧਿਕਾਰਤ ਲਾਂਡਰੀ ਪਾਰਟਨਰ

ਪਟਿਆਲਾ : ਟਾਈਡ ਨੇ ਆਈਪੀਐੱਲ ਦੀਆਂ ਸਭ ਤੋਂ ਪਸੰਦੀਦਾ ਟੀਮਾਂ ਵਿੱਚੋਂ ਇੱਕ ਪੰਜਾਬ ਕਿੰਗਜ਼ ਦੇ ਨਾਲ ਅਧਿਕਾਰਤ ਲਾਂਡਰੀ ਪਾਰਟਨਰ ਵਜੋਂ ਜੁੜਨ ਬਾਰੇ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਭਾਰਤ ਵਿੱਚ ਟਾਈਡ ਲਿਕਵਿਡਜ਼ ਦਾ ਲਾਂਚ ਹੋਇਆ ਹੈ ਕਿ ਬਿਨਾਂ ਰੰਗ ਫਿੱਕਾ ਕੀਤੇ ਦਾਗ ਹਟਾਉਣ ਦਾ ਡਬਲ ਫ਼ਾਇਦਾ ਲੈ ਕੇ ਆਉਂਦਾ ਹੈ। ਸ਼ਿਖਰ ਧਵਨ ਦੀ ਕਪਤਾਨੀ ਵਾਲੀ ਟੀਮ ਦੇ ਖਿਡਾਰੀਆਂ ਦੇ ਟਰਾਊਜ਼ਰ ਦੇ ਅਗਲੇ ਹਿੱਸੇ ਉੱਤੇ ਟਾਈਡ ਲਿਕਵਿਡਜ਼ ਦਾ ਲੋਗੋ ਲੱਗਿਆ ਹੋਵੇਗਾ।

ਕ੍ਰਿਕਟ ਅਤੇ ਹੋਰ ਖੇਡਾਂ ਦੀ ਯੂਨੀਫ਼ਾਰਮ ਉੱਤੇ ਅਕਸਰ ਮਿੱਟੀ, ਪਸੀਨਾ, ਗੰਦਗੀ, ਖ਼ੂਨ ਅਤੇ ਸਰੀਰ ਦੀ ਮੈਲ ਵਰਗੇ ਕਈ ਤਰਾਂ ਦੇ ਸਖ਼ਤ ਦਾਗ ਲੱਗਦੇ ਹਨ। ਇਨ੍ਹਾਂ ਸਖ਼ਤ ਦਾਗਾਂ ਨੂੰ ਹਟਾਉਣਾ ਅਕਸਰ ਮੁਸ਼ਕਲ ਹੋ ਜਾਂਦਾ ਹੈ ਅਤੇ ਕਈ ਵਾਰ ਧੋਣ ਤੋਂ ਬਾਅਦ ਕੱਪੜੇ ਫਿੱਕੇ ਪੈ ਜਾਂਦੇ ਹਨ। ਪੀਐਂਡਜੀ ਇੰਡੀਆ ਦੇ ਚੀਫ ਮਾਰਕੀਟਿੰਗ ਅਫਸਰ ਅਤੇ ਵਾਈਸ ਪ੍ਰੈਜ਼ੀਡੈਂਟ ਅਤੇ ਹੈੱਡ-ਫੈਬਰਿਕ ਕੇਅਰ, ਪੀਐਂਡਜੀ ਭਾਰਤੀ ਉਪ ਮਹਾਂਦੀਪ, ਸ਼ਰਤ ਵਰਮਾ ਨੇ ਕਿਹਾ ਕਿ ਸਾਨੂੰ ਪੰਜਾਬ ਕਿੰਗਜ਼ ਦੇ ਨਾਲ ਟਾਈਡ ਦੀ ਪਾਰਟਨਰਸ਼ਿਪ ਦਾ ਐਲਾਨ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ। ਇਹ ਪਾਰਟਨਰਸ਼ਿਪ ਵਾਸ਼ਿੰਗ ਮਸ਼ੀਨਾਂ ਲਈ ਸਟਾਈਡ ਲਿਕਵਿਡਜ਼ ਦੇ ਲਾਂਚ ਦੇ ਨਾਲ ਹੋ ਰਹੀ ਹੈ ।

## ਆਕਾਸ਼+ਬਾਈਜੂਜ਼ ਨੇ ਸਫਲ ਸੰਚਾਲਨ ਦੇ ਦਸ ਸਾਲਾ ਜਸ਼ਨ ਮਨਾਏ

ਪੰਚਕੂਲਾ : ਟੈਸਟ ਤਿਆਰੀ ਸੇਵਾਵਾਂ ਵਿੱਚ ਭਾਰਤ ਦੇ ਮੋਹਰੀ, ਆਕਾਸ਼+ਬਾਈਜੂਜ਼ ਨੇ ਪੰਚਕੂਲਾ ਵਿੱਚ ਆਪਣੀ ਸ਼ਾਖਾ ਦੇ ਸਫਲ ਸੰਚਾਲਨ ਦੇ ਦਸ ਸਾਲ ਮਨਾਏ। ਬ੍ਰਾਂਚ ਨੇ ਹੁਣ ਤੱਕ ਪਿਛਲੇ 10 ਸਾਲਾਂ ਵਿੱਚ ਨੀਟ ਅਤ ਜੇਈਈ ਪਾਸ ਕਰਨ ਵਿੱਚ 742 ਵਿਦਿਆਰਥੀਆਂ ਦੀ ਮਦਦ ਕੀਤੀ ਹੈ। ਸਮਾਰੋਹ ਵਿੱਚ ਆਕਾਸ਼ ਬਾਈਜੂਜ਼ ਦੇ ਸ਼ਾਖਾ ਅਧਿਕਾਰੀਆਂ ਦੇ ਨਾਲ 100 ਤੋਂ ਵੱਧ ਮਾਪਿਆਂ ਅਤੇ ਵਿਦਿਆਰਥੀਆਂ ਨੇ ਭਾਗ ਲਿਆ। ਸ਼ਾਖਾ ਨੇ ਸਮਾਰੋਹ ਦੌਰਾਨ ਆਪਣੇ ਵਿਦਿਆਰਥੀਆਂ ਨੂੰ ਉਨਾਂ ਦੀਆਂ ਸਾਨਦਾਰ ਪ੍ਰਾਪਤੀਆਂ ਲਈ ਸਨਮਾਨਿਤ ਵੀ ਕੀਤਾ। ਕੇਂਦਰ ਨੇ ਪਿਛਲੇ ਦਸ ਸਾਲਾਂ ਵਿੱਚ ਨੀਟ ਵਿੱਚ 510 ਅਤੇ ਜੇਈਈ ਵਿੱਚ 232 ਵਿਦਿਆਰਥੀਆਂ ਦੀ ਚੋਣ ਦਰਜ ਕੀਤੀ ਹੈ ਅਤੇ 1074 ਵਿਦਿਆਰਥੀਆਂ ਦੀ ਵਿਦਿਆਰਥੀ ਸ਼ਕਤੀ ਦਾ ਮਾਣ ਪ੍ਰਾਪਤ ਕੀਤਾ ਹੈ। ਬ੍ਰਾਂਚ ਦੇ ਸੰਚਾਲਨ ਦੇ ਦਸ ਸਾਲ ਪੂਰੇ ਕਰਨ 'ਤੇ ਆਪਣੀਆਂ ਟਿੱਪਣੀਆਂ ਵਿੱਚ ਪਰਮੇਸ਼ਵਰ ਝਾਅ, ਖੇਤਰੀ ਨਿਰਦੇਸ਼ਕ ਆਕਾਸ਼ ਬਾਈਜੂਜ਼ ਨੇ ਕਿਹਾ ਕਿ ਅਸੀਂ ਆਪਣੀ ਸ਼ਾਖਾ ਦੇ ਸ਼ਾਨਦਾਰ ਦਹਾਕੇ ਨੂੰ ਪੂਰਾ ਕਰਨ 'ਤੇ ਖੁਸ਼ ਹਾਂ। ਕਈ ਸਾਲਾਂ ਤੋਂ ਬ੍ਰਾਂਚ ਨੇ ਰਾਸ਼ਟਰੀ ਓਲੰਪੀਆਡ ਲਈ ਕੁਆਲੀਫਾਈ ਕਰਨ ਵਾਲੇ ਬਹੁਤ ਸਾਰੇ ਵਿਦਿਆਰਥੀਆਂ ਦੇ ਨਾਲ ਚੰਗੇ ਨਤੀਜੇ ਦਿੱਤੇ ਹਨ।

## ਥਿੰਕ ਗੈਸ ਵੱਲੋਂ ਸੀ ਐੱਨ ਜੀ ਦੀਆਂ ਕੀਮਤਾਂ 'ਚ ਕਟੌਤੀ ਦਾ ਐਲਾਨ

ਲੁਧਿਆਣਾ : ਥਿੰਕ ਗੈਸ ਨੇ ਪੰਜਾਬ ਵਿੱਚ ਕੰਪਰੈਸਡ ਨੈਚੁਰਲ ਗੈਸ (ਸੀਐਨਜੀ) ਦੀਆਂ ਕੀਮਤਾਂ ਵਿੱਚ ਕਟੌਤੀ ਦਾ ਐਲਾਨ ਕੀਤਾ ਹੈ, ਜੋ 11 ਅਪ੍ਰੈਲ, 2023 ਤੋਂ ਲਾਗੂ ਹਨ। ਥਿੰਕ ਗੈਸ ਨੇ ਜਲੰਧਰ, ਮੋਗਾ, ਬਰਨਾਲਾ, ਐੱਸਬੀਐੱਸ ਨਗਰ, ਕਪੂਰਥਲਾ, ਲੁਧਿਆਣਾ ਜ਼ਿਲ੍ਹਿਆਂ ਵਿੱਚ ਸੀਐੱਨਜੀ ਦਾ ਵਿੱਕਰੀ ਮੁੱਲ 4 ਰੁਪਏ ਪ੍ਰਤੀ ਕਿੱਲੋ ਘਟਾਇਆ ਹੈ। ਭਾਰਤ ਵਿੱਚ ਕੁਦਰਤੀ ਗੈਸ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਦੇਸ਼ ਵਿੱਚ ਪੈਦਾ ਹੋਣ ਵਾਲੀ ਕੁਦਰਤੀ ਗੈਸ ਦੀ ਕੀਮਤ ਨਿਰਧਾਰਨ ਵਿਧੀ ਨੂੰ ਭਾਰਤ ਸਰਕਾਰ ਵੱਲੋਂ ਸੋਧਣ ਤੋਂ ਬਾਅਦ ਇਹ ਕਦਮ ਉਠਾਇਆ ਗਿਆ ਹੈ। ਥਿੰਕ ਗੈਸ ਦੇ ਚੇਅਰਮੈਨ (ਮਾਰਕੀਟਿੰਗ ਅਤੇ ਕਾਰੋਬਾਰ ਵਿਕਾਸ), ਸੰਦੀਪ ਤ੍ਰੇਹਨ ਮੁਤਾਬਕ ਸਰਕਾਰ ਨੇ ਸੀਜੀਡੀ ਉਦਯੋਗ ਲਈ ਉਪਲਬਧ ਘਰੇਲੂ ਗੈਸ ਮੁੱਲ ਨਿਰਧਾਰਨ ਉੱਤੇ ਕਿਰੀਟ ਪਾਰੇਖ ਕਮੇਟੀ ਦੀਆਂ ਸਿਫ਼ਾਰਸ਼ਾਂ ਸਵੀਕਾਰ ਕਰ ਲਈਆਂ ਹਨ। ਇਸ ਨਾਲ ਉਦਯੋਗ ਨੂੰ ਆਪਣੇ ਸੰਚਾਲਨ ਨੂੰ ਸਥਿਰ ਕਰਨ ਵਿੱਚ ਮਦਦ ਮਿਲੇਗੀ ਅਤੇ ਖਪਤਕਾਰਾਂ ਨੂੰ ਕਿਫਾਇਤੀ ਮੁੱਲ ਉੱਤੇ ਗੈਸ ਦੀ ਸਪਲਾਈ ਕਰਨ ਦਾ ਮੌਕਾ ਮਿਲੇਗਾ। ਖਪਤਕਾਰ ਪ੍ਰਦੂਸ਼ਿਤ ਜਾਂ ਘੱਟ ਸੁਵਿਧਾਜਨਕ ਈਂਧਨ ਦੀ ਬਜਾਏ ਸਾਫ਼ ਈਂਧਨ ਯਾਨੀ ਕੁਦਰਤੀ ਗੈਸ ਦੀ ਵਰਤੋਂ ਕਰਕੇ ਕਿਫਾਇਤੀ ਅਤੇ ਬਿਹਤਰ ਗੁਣਵੱਤਾ ਵਾਲੇ ਜੀਵਨ ਦੇ ਲਿਹਾਜ਼ ਨਾਲ ਫ਼ਾਇਦੇ ਵਿੱਚ ਰਹਿਣਗੇ।

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖ਼ਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਅਤੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ (ਐਕਟ 2002, (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ 1. ਸ੍ਰੀਮਤੀ ਕਮਲੇਸ਼ ਦੇਵੀ ਪਤਨੀ ਰਾਜੇਸ਼ ਕੁਮਾਰ ਵਾਸੀ ਮਕਾਨ ਨੰ. 518, ਗਲੀ ਨੰ. 4, ਏ ਪੀ ਨਿਟਵੇਅਰ, ਕੈਪਟਨ ਕਾਲੋਨੀ, ਰਾਹੋਂ ਰੋਡ, ਬਾਜੜਾ, ਲੁਧਿਆਣਾ-141007, 2. ਸ੍ਰੀ ਰਾਜੇਸ਼ ਕੁਮਾਰ ਪੁੱਤਰ ਅਯੋਧਿਆ ਪ੍ਰਸ਼ਾਦ ਵਾਸੀ ਮਕਾਨ ਨੰ. 518, ਗਲੀ ਨੰ. 4, ਏ ਪੀ ਨਿਟਵੇਅਰ, ਕੈਪਟਨ ਕਾਲੋਨੀ, ਰਾਹੋਂ ਰੋਡ, ਬਾਜੜਾ, ਬਸਤੀ ਜੋਧੇਵਾਲ, ਲੁਧਿਆਣਾ-141007, 3. ਸ੍ਰੀ ਰਮੇਸ਼ ਚੰਦਰ ਪੁੱਤਰ ਅਯੋਧਿਆ ਪ੍ਰਸ਼ਾਦ ਵਾਸੀ ਗਲੀ ਨੰ. 1, ਵਾਰਡ ਨੰ. 5, ਗੋਲਡਨ ਐਵੇਨਿਊ, ਜਹਾਂਗੀਰਪੁਰ ਉਰਫ ਜਗੀਰਪੁਰ, ਬਸਤੀ ਜੋਧੇਵਾਲ ਲੁਧਿਆਣਾ-141007, 4. ਸ੍ਰੀਮਤੀ ਰਸ਼ਮਾ ਦੇਵੀ ਉਰਫ ਰੇਸ਼ਮਾ ਦੇਵੀ ਪਤਨੀ ਰਮੇਸ਼ ਚੰਦਰ ਵਾਸੀ ਮਕਾਨ ਨੰ. 518, ਗਲੀ ਨੰ. 4, ਏ ਪੀ ਨਿਟਵੇਅਰ, ਕੈਪਟਨ ਕਾਲੋਨੀ, ਰਾਹੋਂ ਰੋਡ, ਬਾਜੜਾ, ਬਸਤੀ ਜੋਧੇਵਾਲ, ਲੁਧਿਆਣਾ-141007 (ਇਸ ਤੋਂ ਬਾਅਦ 'ਕਰਜ਼ਦਾਰ' ਵਜੋਂ ਹਵਾਲਾ) ਅਤੇ ਗਰੰਟਰ ਅਰਥਾਤ 5. ਸ੍ਰੀ ਵਿਸ਼ਾਲ ਕੁਮਾਰ ਮਦਾਨ ਪੁੱਤਰ ਪ੍ਰਦੀਪ ਕੁਮਾਰ ਮਦਾਨ ਵਾਸੀ 810/ਐੱਨ 1, ਪ੍ਰੇਮ ਨਗਰ, ਸਿਵਲ ਲਾਈਨਜ਼, ਲੁਧਿਆਣਾ-141001 (ਇਸ ਤੋਂ ਬਾਅਦ 'ਗਰੰਟਰ' ਵਜੋਂ ਹਵਾਲਾ) ਨੂੰ ਨੋਟਿਸ 'ਚ ਦੱਸੀ ਹਾਊਸਿੰਗ ਲੋਨ ਰਕਮ ਰੁ. 18,90,939/-ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨ ਦੇ ਅੰਦਰ ਜਮ੍ਹਾਂ ਕਰਨਵਾਉਣ ਲਈ ਮਿਤੀ-19-12-2022 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ 18,90,939/- ਰੁਪਏ ਮਿਤੀ 01-12-2022 ਤੋਂ ਭਵਿੱਖੀ ਵਿਆਜ ਸਮੇਤ ਕਰਜ਼ੇ ਦੀ ਵਸੂਲੀ ਕੀਤੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਕੁੱਲ ਪੈਮਾਇਸ਼ 266 ਵਰਗ ਗਜ਼ :

1. ਸ੍ਰੀਮਤੀ ਕਮਲੇਸ਼ ਦੇਵੀ ਪਤਨੀ ਸ੍ਰੀ ਰਾਜੇਸ਼ ਕੁਮਾਰ ਦੀ ਮਲਕੀਅਤ ਜਾਇਦਾਦ ਰਕਬਾ 86 ਵਰਗ ਗਜ਼ ਵਾਕਿਆ ਪਿੰਡ ਮਿਹਰਬਾਨ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ (ਪੂਰਬੀ) ਨਾਲ ਸੰਬਧਿਤ ਸਭ ਕੁਝ। ਹੱਦਬਸਤ ਨੰ. 71, ਟਰਾਂਸਫਰ ਡੀਡ ਦਾ ਵਸੀਕਾ ਨੰ. 14192 ਮਿਤੀ 30-10.2017

2. ਸ੍ਰੀਮਤੀ ਕਮਲੇਸ਼ ਦੇਵੀ ਪਤਨੀ ਸ੍ਰੀ ਰਾਜੇਸ਼ ਕੁਮਾਰ ਮਲਕੀਅਤ ਜਾਇਦਾਦ ਪੈਮਾਇਸ਼ 90 ਵਰਗ ਗਜ਼ ਵਾਕਿਆ ਪਿੰਡ ਮਿਹਰਬਾਨ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ (ਪੂਰਬੀ) ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਹੱਦਬਸਤ ਨੰ. 71, ਟਰਾਂਸਫਰ ਡੀਡ ਦਾ ਵਸੀਕਾ ਨੰ. 14210 ਮਿਤੀ-30-10-2017, 3. ਸ੍ਰੀਮਤੀ ਰੇਸ਼ਮਾ ਦੇਵੀ ਪਤਨੀ ਸ੍ਰੀ ਰਮੇਸ਼ ਚੰਦਰ ਦੀ ਮਲਕੀਅਤ ਜਾਇਦਾਦ ਪੈਮਾਇਸ਼ 90 ਵਰਗ ਗਜ਼ ਵਾਕਿਆ ਪਿੰਡ ਮਿਹਰਬਾਨ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ (ਪੂਰਬੀ) ਵਿਖੇ ਸਥਿਤ ਨਾਲ ਸਭ ਕੁਝ। ਹੱਦਬਸਤ ਨੰ. 71, ਟਰਾਂਸਫਰ ਡੀਡ ਦਾ ਵਸੀਕਾ ਨੰ. 14188 ਮਿਤੀ 30-10-2017

ਮਿਤੀ : 12-04-2023 | ਸਥਾਨ : ਲੁਧਿਆਣਾ | (ਅਧਿਕਾਰਤ ਅਫਸਰ)

**AXIS BANK**

ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮਟਿਡ, : ਦੂਜੀ ਮੰਜ਼ਲ, ਜਾਇਦਾਦ # 7-ਈ, ਮਿਉਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਕਾਰਪੋਰੇਟ ਦਫਤਰ : 'ਐਕਸਿਸ ਹਾਊਸ'', ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025 ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰੀਟਾਈਜ਼ੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | | ਜਾਇਦਾਦ ਦਾ ਵੇਰਵਾ |
|---|---|---|
| 1. ਸ੍ਰੀ ਜਗਤਾਰ ਸਿੰਘ ਪੁੱਤਰ ਪਾਲ ਸਿੰਘ ਪੱਤੀ ਲੰਮਿਆਂ ਦੀ, ਖਡੂਰ ਸਾਹਿਬ, ਤਰਨ ਤਾਰਨ-143117<br>2. ਅਜੀਤ ਕੌਰ ਪਤਨੀ ਪਾਲ ਸਿੰਘ ਪੱਤੀ ਲੰਮਿਆਂ ਦੀ, ਖਡੂਰ ਸਾਹਿਬ, ਤਰਨ ਤਾਰਨ-143117<br>3. ਕਵਲਜੀਤ ਸਿੰਘ ਖਹਿਰਾ ਪੁੱਤਰ ਪਾਲ ਸਿੰਘ ਪੱਤੀ ਲੰਮਿਆਂ ਦੀ, ਖਡੂਰ ਸਾਹਿਬ, ਤਰਨ ਤਾਰਨ-143117 | | ਅਜੀਤ ਕੌਰ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ ਪੈਮਾਇਸ਼ 0-16 ਮਰਲਾ 2 ਕਨਾਲ-19 ਮਰਲਾ ਪੈਮਾਇਸ਼ੀ ਜਾਇਦਾਦ ਦਾ 16/59 ਹਿੱਸਾ, ਖਾਤਾ ਖਤੌਨੀ ਨੰ: 951/2253 ਖਸਰਾ ਨੰ: 514 (2-19) ਜਮ੍ਹਾਂਬੰਦੀ ਸਾਲ 2015-16 ਹੱਦਾਂ : ਪੂਰਬ : ਸੜਕ, ਪੱਛਮ : ਗੁਰਾ ਸਿੰਘ ਦੀ ਜਾਇਦਾਦ, ਉੱਤਰ : ਜਗਤਾਰ ਸਿੰਘ ਦੀ ਜਾਇਦਾਦ, ਦੱਖਣ : ਡਰੇਨ। |
| ਡਿਮਾਂਡ ਨੋਟਿਸ ਦੀ ਮਿਤੀ | ਭੌਤਿਕ ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) : ਰੁਪਏ : 27,46,376/- (ਰੁਪਏ ਸਤਾਈ ਲੱਖ ਛਿਆਲੀ ਹਜ਼ਾਰ ਤਿੰਨ ਸੌ ਛਿਹੱਤਰ ਕੇਵਲ |
| 30 ਜਨਵਰੀ 2023 | 11 ਅਪ੍ਰੈਲ 2023 | |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਸਥਾਨ : ਖਡੂਰ ਸਾਹਿਬ
ਮਿਤੀ : 16.04.2023
ਅਧਿਕਾਰਤ ਅਫਸਰ
ਐਕਸਿਸ ਬੈਂਕ ਲਿਮਟਿਡ

# ਸੰਯੁਕਤ ਕਿਸਾਨ ਮੋਰਚੇ ਦੇ ਸਮੱਰਥਕਾਂ ਵਲੋਂ ਅੰਬੇਦਕਰ ਚੇਤਨਾ ਮਾਰਚ ਦਾ ਨਿੱਘਾ ਸਵਾਗਤ

ਮਾਹਿਲਪੁਰ (ਸਫਰੀ) ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭਾਈਚਾਰਕ ਸਾਂਝ ਤੇ ਏਕਤਾ ਨੂੰ ਮਜਬੂਤ ਕਰਨ ਲਈ ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾਕਟਰ ਭੀਮ ਰਾਓ ਅੰਬੇਦਕਰ ਦੇ ਜਨਮ ਦਿਵਸ ਮੌਕੇ ਮਾਹਿਲਪੁਰ ਵਿਖੇ ਕੱਢੇ ਡਾਕਟਰ ਅੰਬੇਦਕਰ ਚੇਤਨਾ ਮਾਰਚ ਦਾ ਸੰਯੁਕਤ ਕਿਸਾਨ ਮੋਰਚੇ ਦੇ ਸਮੱਰਥਕਾਂ ਤੇ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਵਲੋਂ ਨਿੱਘਾ ਸੁਆਗਤ ਕੀਤਾ ਗਿਆ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਇਹ ਚੇਤਨਾ ਮਾਰਚ ਮੇਨ ਬਾਜ਼ਾਰ ਚੋਂ ਗੁਜਰਦਾ ਹੋਇਆ ਨਿਰਵਾਣ ਕੁਟੀਆ ਮਾਹਿਲਪੁਰ ਪਹੁੰਚ ਕੇ ਸੰਪੂਰਨ ਹੋਇਆ। ਜਿਸ ਵਿੱਚ ਵੱਖ ਵੱਖ ਧਾਰਮਿਕ ਸ਼ਖਸੀਅਤਾਂ ਦੇ ਨਾਲ ਇਲਾਕਾ ਮਾਹਿਲਪੁਰ ਚੱਬੇਵਾਲ ਦੀਆਂ ਉੱਘੀਆਂ ਸਮਾਜ ਸੇਵੀ ਸ਼ਖਸੀਅਤਾਂ ਨੇ ਸਮੂਲੀਅਤ ਕੀਤੀ। ਫਗਵਾੜਾ ਰੋਡ ਮਾਹਿਲਪੁਰ ਵਿਖੇ ਭਗਵਾਨ ਬਾਲਮੀਕ ਮਹਾਰਾਜ ਜੀ ਦੇ ਮੰਦਰ ਕੋਲ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਚਾਰ ਸਕੱਤਰ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਦੀ ਅਗਵਾਈ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਸਮੱਰਥਕਾਂ ਵਲੋਂ ਅੰਬੇਡਕਰ ਚੇਤਨਾ ਮਾਰਚ ਦਾ ਭਰਵਾਂ ਸਵਾਗਤ ਕੀਤਾ ਗਿਆ। ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਹਾ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਡਾਕਟਰ ਭੀਮ ਰਾਓ ਅੰਬੇਦਕਰ ਦੇ ਸੁਪਨਿਆਂ ਦਾ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਕਿਸਾਨਾਂ ਤੇ ਮਜਦੂਰਾਂ ਦੀ ਏਕਤਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਕਿਹਾ ਕਿ ਉਹ ਧਰਮਾਂ,ਜਾਤਾਂ ਦੇ ਨਾਂਅ 'ਤੇ ਵੰਡੀਆਂ ਪਾਉਣ ਵਾਲੇ ਫਿਰਕਾਪ੍ਰਸਤ ਆਗੂਆਂ ਤੇ ਭੜਕਾਹਟ ਪੈਦਾ ਕਰਨ ਵਾਲੇ ਪ੍ਰਚਾਰਕਾਂ ਤੋਂ ਸੁਚੇਤ ਰਹਿਣ ਅਤੇ ਦੇਸ ਏਕਤਾ ਅਤੇ ਅਖੰਡਤਾ ਕਾਇਮ ਰੱਖਣ ਲਈ ਮਿਲਜੁਲ ਕੇ ਹੰਭਲਾ ਮਾਰਨ ਤੇ ਆਪਣੇ ਰਹਿਬਰਾਂ ਦੇ ਦਰਸਾਏ ਸਰਬੱਤ ਦੇ ਭਲੇ ਤੇ ਸਾਂਝੀਵਾਲਤਾ ਵਾਲੇ ਸਮਾਜ ਦੀ ਸਿਰਜਣਾ ਲਈ ਨਿਰੰਤਰ ਯਤਨਸੀਲ ਰਹਿਣ। ਇਸ ਮੌਕੇ 'ਤੇ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ, ਗੁਰਮਿੰਦਰ ਕੈਂਡੋਵਾਲ,ਜਗਰਾਜ ਸਿੰਘ ਜੱਗਾ,ਐਸ ਡੀ ਓ ਜਗਤਾਰ ਸਿੰਘ,ਡਾਕਟਰ ਪਰਮਿੰਦਰ ਸਿੰਘ,ਗੁਰਮਿੰਦਰ ਕੈਂਡੋਵਾਲ,ਸਲਿੰਦਰ ਪਾਲ ਕਾਕਾ ਪਦਰਾਣਾ,ਪਰਮਿੰਦਰ ਸਿੰਘ, ਵਿੱਕੀ ਕਹਾਰਪੁਰ, ਮਲਕੀਤ ਬਾਹੋਵਾਲ,ਲੰਬੜਦਾਰ ਦਵਿੰਦਰ ਸਿੰਘ, ਨਿਰਮਲ ਮੁੱਗੋਵਾਲ,ਪ੍ਰਧਾਨ ਸੀਮਾ ਰਾਣੀ ਬੋਧ,ਥਾਣੇਦਾਰ ਬਲਵਿੰਦਰ ਸਿੰਘ,ਫੌਜੀ ਧਰਮ ਸਿੰਘ, ਰਣਜੀਤ ਕੌਰ,ਪਰਮਜੀਤ ਕੌਰ, ਸੋਹਣ ਸਿੰਘ ਸੂਨੀ,ਟੋਨੀ ਪਰਮਾਰ,ਸੀਤਾ ਰਾਮ ਕੌਂਸਲਰ, ਵਿੱਕੀ ਮਾਹਿਲਪੁਰ,ਦੀਪਾ ਮਾਹਿਲਪੁਰ,ਸੁਰਿੰਦਰ ਖੇੜਾ, ਜਸਵਿੰਦਰ ਬੰਗਾ, ਬਾਬੂ ਮਾਹਿਲਪੁਰੀ,ਸਤਨਾਮ ਸਿੰਘ ਸੱਤਾ,ਰਾਜਾ ਪਥਰਾਲਾ,ਦੀਪਾ ਮਾਹਿਲਪੁਰ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜਰ ਸਨ।

## ਰਿਸ਼ਵਤ ਲੈਂਦਾ ਏ ਐੱਸ ਆਈ ਰੰਗੇ ਹੱਥੀਂ ਕਾਬੂ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਰਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੁਲਿਸ ਥਾਣਾ, ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ-ਲੋਕਲ ਰੈਂਕ (ਏ.ਐਸ.ਆਈ.) ਰਾਜਿੰਦਰ ਸਿੰਘ ਨੂੰ 5,000 ਰੁਪਏ ਦੀ ਰਿਸ਼ਵਤ ਮੰਗਣ ਅਤੇ ਲੈਣ ਲਈ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੁਲਸ ਮੁਲਾਜ਼ਮ ਬੱਸੀ ਨੌਂ, ਹਰਿਆਣਾ ਦੇ ਰਹਿਣ ਵਾਲੇ ਸੰਜੇ ਉਰਫ ਆਸ਼ੂ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੇ ਦੋਸ਼ ਲਗਾਇਆ ਕਿ ਉਪਰੋਕਤ ਪੁਲਸ ਕਰਮਚਾਰੀ ਨੇ ਸ਼ਿਕਾਇਤਕਰਤਾ ਖਿਲਾਫ ਹਰਿਆਣਾ ਥਾਣੇ ਵਿੱਚ ਦਰਜ ਇੱਕ ਕੇਸ ਦਾ ਅਦਾਲਤ ਵਿੱਚ ਚਲਾਣ ਪੇਸ਼ ਕਰਨ ਬਦਲੇ 5,000 ਰੁਪਏ ਰਿਸ਼ਵਤ ਵਜੋਂ ਦੇਣ ਦੀ ਮੰਗ ਕੀਤੀ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਪਿੱਛੋਂ ਵਿਜੀਲੈਂਸ ਬਿਊਰੋ ਦੀ ਜਲੰਧਰ ਰੇਂਜ ਦੀ ਇੱਕ ਟੀਮ ਨੇ ਜਾਲ ਵਿਛਾਇਆ ਅਤੇ ਪੁਲਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ, ਜਲੰਧਰ ਰੇਂਜ ਵਿੱਚ ਮੁਲਜ਼ਮ ਏ.ਐਸ.ਆਈ. ਦੇ ਖਿਲਾਫ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

## ਚੰਨੀ ਦਾ ਅਕਸ ਵਿਗਾੜਨ ਲਈ ਜਾਣਬੁੱਝ ਕੇ ਕੀਤੀਆਂ ਜਾ ਰਹੀਆਂ ਕੋਝੀਆਂ ਹਰਕਤਾਂ : ਕੋਟਲੀ

ਜਲੰਧਰ (ਇਕਬਾਲ ਸਿੰਘ ਉੱਭੀ) ਸਥਾਨਕ ਪ੍ਰੈਸ ਕਲੱਬ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਮੁੱਖ ਬੁਲਾਰੇ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਅਤੇ ਡਾ. ਸੁਖਬੀਰ ਸਿੰਘ ਸਲਾਰਪੁਰ ਮੁੱਖ ਬੁਲਾਰੇ ਪੰਜਾਬ ਕਾਂਗਰਸ ਕਮੇਟੀ, ਅੰਮ੍ਰਿਤਪਾਲ ਭੌਂਸਲੇ ਨੇ ਕਿਹਾ ਕਿ ਜਲੰਧਰ ਤੋਂ ਕਾਂਗਰਸ ਦੇ ਉਮੀਦਵਾਰ ਦੀ ਨਾਮਜਦਗੀ ਪੇਪਰ ਭਰਨ ਵੇਲੇ ਪ੍ਰੈੱਸ ਕਾਨਫਰੰਸ ਤੋਂ ਬਾਅਦ ਘਬਰਾਈ ਆਮ ਆਦਮੀ ਪਾਰਟੀ ਦੀ ਸਾਮੰਤਵਾਦੀ ਤੇ ਜਾਤੀਵਾਦੀ ਮਾਨਸਿਕਤਾ ਵਾਲੀ ਸਰਕਾਰ ਵਲੋਂ ਆਪਣੇ ਹੱਥ ਠੋਕੇ ਵਿਜੀਲੈਂਸ ਬਿਊਰੋ ਨੂੰ ਵਰਤ ਕੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 20 ਅਪ੍ਰੈਲ ਨੂੰ ਆਪਣਾ ਪੱਖ ਰੱਖਣ ਲਈ ਬਲਾਉਣ ਦੀ ਬਜਾਏ ਉਨ੍ਹਾਂ ਨੂੰ 14 ਅਪ੍ਰੈਲ ਨੂੰ ਖਾਲਸਾ ਪੰਥ ਦੀ ਸਾਜਨਾ ਦਿਵਸ ਅਤੇ ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਜਨਮ ਦਿਨ ਤੇ ਜਿਸ ਦਿਨ ਸਰਕਾਰੀ ਛੁੱਟੀ ਹੁੰਦੀ ਹੈ ਪੇਸ਼ ਹੋਣ ਲਈ ਸੰਮਨ ਭੇਜੇ ਗਏ। ਆਪ ਸਰਕਾਰ ਦੀ ਮਨਸ਼ਾ ਸੀ ਕਿ ਉਨ੍ਹਾਂ ਨੂੰ 14 ਅਪ੍ਰੈਲ ਨੂੰ ਵਿਸਾਖੀ ਅਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੂੰ ਸਮਰਪਿਤ ਕਿਸੇ ਵੀ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਤੋਂ ਰੋਕਿਆ ਜਾ ਸਕੇ। ਚੰਨੀ ਦਾ ਕਸੂਰ ਬਸ ਇੰਨਾ ਹੈ ਕਿ ਉਹ ਗਰੀਬ ਦਲਿਤ ਪਰਵਾਰ 'ਚ ਪੈਦਾ ਹੋਏ ਹਨ। ਵਿਧਾਇਕ ਕੋਟਲੀ ਨੇ ਅੱਗੇ ਕਿਹਾ ਕਿ ਚੰਨੀ ਤੇ ਦਲਿਤ ਸਮਾਜ ਦੀ ਲੀਡਰਸ਼ਿਪ ਦਾ ਅਕਸ ਨੂੰ ਵਿਗਾੜਨ ਲਈ ਜਾਣਬੁੱਝ ਕੇ ਕੋਝੀਆਂ ਹਰਕਤਾਂ ਆਪ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਹਨ। ਬੁਲਾਰਿਆਂ ਨੇ ਕਿਹਾ ਕਿ ਅਸੀਂ,ਸਮਾਜ ਤੇ ਪੰਜਾਬ ਦੇ ਲੋਕ ਚੰਨੀ ਨਾਲ ਹੋ ਰਹੇ ਰਾਜਸੀ ਧੱਕੇ ਦੇ ਖਿਲਾਫ ਡਟ ਕੇ ਖੜ੍ਹੇ ਹਾਂ। ਇਸ ਸਮੇਂ ਲਖਵੀਰ ਸਿੰਘ ਕੋਟਲੀ ਬਿਸਨਪਾਲ ਸੰਧੂ, ਸੋਮ ਲਾਲ ਕੋਟ ਕਲਾਂ, ਇੰਦਰਜੀਤ, ਬਲਦੇਵ ਕਾਸਮਪੁਰ, ਕਿਸ਼ਨ ਸਿੰਘ, ਬੂਟਾ ਸਿੰਘ,ਚਮਨ, ਦਲਵੀਰ ਸਿੰਘ, ਹਾਜਰ ਸਨ।

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਚੱਲ/ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖ਼ਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਅਤੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ (ਐਕਟ 2002, (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ 1. ਮੈਸ. ਵਿਪੁਲ ਫੈਬਰਿਕਸ, ਐੱਮ ਸੀ ਨੰ. ਬੀ-VI 302, ਕੂਚਾ ਨੰ. 4, ਮਾਧੋਪੁਰੀ ਨੇੜੇ ਰਾਮ ਮੰਦਰ, ਲੁਧਿਆਣਾ ਵਿਖੇ ਸਥਿਤ ਰਾਹੀਂ ਇਸ ਦੇ ਮਾਲਕ 2. ਸ੍ਰੀ ਵਿਪੁਲ ਅਰੋੜਾ ਪੁੱਤਰ ਦੇਵਨ ਕੁਮਾਰ ਅਰੋੜਾ-141008, ਸ੍ਰੀ ਵਿਪੁਲ ਅਰੋੜਾ ਪੁੱਤਰ ਦੇਵਨ ਕੁਮਾਰ ਅਰੋੜਾ ਵਾਸੀ ਮਕਾਨ ਨੰ. ਬੀ-6, 797/2/9, ਗਲੀ ਨੰ. 7, ਮਾਧੋਪੁਰੀ, ਬੱਗਾ ਕਲਾਂ, ਲੁਧਿਆਣਾ-141008 (ਇਸ ਤੋਂ ਬਾਅਦ 'ਕਰਜ਼ਦਾਰ' ਵਜੋਂ ਹਵਾਲਾ) ਅਤੇ ਗਰੰਟਰ ਅਰਥਾਤ 3. ਸ੍ਰੀ ਦੇਵਨ ਕੁਮਾਰ ਅਰੋੜਾ ਪੁੱਤਰ ਰਾਮ ਨਾਥ ਅਰੋੜਾ ਵਾਸੀ ਬਲਾਕ-6,# 797/2/9, ਗਲੀ ਨੰ. 7, ਮਾਧੋਪੁਰੀ ਲੁਧਿਆਣਾ-141008 (ਇਸ ਤੋਂ ਬਾਅਦ 'ਗਰੰਟਰ' ਵਜੋਂ ਹਵਾਲਾ) ਨੂੰ ਨੋਟਿਸ 'ਚ ਦੱਸੀ ਰਕਮ ਓ ਡੀ ਲਿਮਟ 'ਚ ਬਕਾਇਆ ਰੁਪਏ 88,52, 251/- ਡਬਲਯੂ ਸੀ ਟੀ ਐੱਲ ਈ ਸੀ ਐੱਲ ਜੀ ਐੱਸ-1 ਐੱਲ ਜੀ ਐੱਸ-1 'ਚ ਰੁਪਏ 15,89,277 ਅਤੇ ਡਬਲਯੂ ਸੀ ਟੀ ਐੱਲ ਈ ਸੀ ਐੱਲ ਜੀ ਐੱਸ ਜੀ-2 'ਚ ਰੁਪਏ 8,03,000/-ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ 'ਚ ਜਮ੍ਹਾਂ ਕਰਵਾਉਣ ਲਈ ਮਿਤੀ 18-1-2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਓ ਡੀ ਲਿਮਟ 'ਚ ਬਕਾਇਆ ਰਕਮ ਰੁਪਏ 88,52,251, ਡਬਲਯੂ ਸੀ ਟੀ ਐੱਲ ਈ ਸੀ ਐੱਲ ਜੀ ਐੱਸ-1 'ਚ ਰੁਪਏ 15,89,277 ਅਤੇ ਡਬਲਯੂ ਸੀ ਟੀ ਐੱਲ ਈ ਸੀ ਐੱਲ ਜੀ ਐੱਸ-2 'ਚ 8, 03,000 ਰੁਪਏ ਮਿਤੀ 1-1-2023 ਤੋਂ ਭਵਿੱਖੀ ਵਿਆਜ ਸਮੇਤ ਕਰਜ਼ੇ ਦੀ ਵਸੂਲੀ ਕੀਤੀ ਜਾਵੇਗੀ।

**ਚੱਲ/ਅਚੱਲ ਜਾਇਦਾਦ ਦਾ ਵੇਰਵਾ**

(i) ਸਟਾਕ ਅਤੇ ਬੁੱਕ ਡੈਬਟਸ ਦੀ ਹਾਈਪੋਥੇਕੇਸ਼ਨ।
(ii) ਅਚੱਲ ਜਾਇਦਾਦ ਦਾ ਉਚਿੱਤ ਗਿਰਵੀਨਾਮਾ ਵਿਪੁਲ ਅਰੋੜਾ ਪੁੱਤਰ ਸ੍ਰੀ ਦੇਵਨ ਕੁਮਾਰ ਅਰੋੜਾ ਦੀ ਮਲਕੀਅਤ ਜਾਇਦਾਦ ਪੈਮਾਇਸ਼ 90 ਵਰਗ ਗਜ਼ ਐੱਮ ਸੀ ਨੰ. ਬੀ (vi)-302 ਅਬਾਦੀ ਮਾਧੋਪੁਰੀ, ਕੂਚਾ ਨੰ. 4 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਟਾਈਟਲ ਡੀਡ ਨੰ. 2146 ਮਿਤੀ 26.04.2013

ਮਿਤੀ 12.04.2023 | ਸਥਾਨ : ਲੁਧਿਆਣਾ | (ਅਧਿਕਾਰਤ ਅਫਸਰ)

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਿਵੇਂ ਕਿ ਨਿਮਨਹਸਤਾਖ਼ਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਵਜੋਂ ਅਤੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ 2002, (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ 1. ਮੈਸ. ਸਟਾਰਟੈਕਸ ਮਲਟੀਗਰੇਡ ਐੱਲ ਐੱਲ ਪੀ, ਦੁਕਾਨ ਨੰ. 03, ਸਿਟੀ ਪੈਲੇਸ, ਦੂਜੀ ਮੰਜ਼ਲ, ਚੌੜੀ ਸੜਕ, ਡਵੀਜ਼ਨ ਨੰ. 3, ਲੁਧਿਆਣਾ-141008 ਰਾਹੀਂ ਇਸ ਦੇ ਭਾਈਵਾਲਾਂ (ਏ) ਸ੍ਰੀ ਕਮਲ ਕਿਸ਼ੋਰ ਭਾਭੜਾ ਪੁੱਤਰ ਪ੍ਰੇਮਰਤਨ ਵਾਸੀ-101, ਸਾਲਾਸਰ ਨਗਰ, ਸ਼ਾਰਦਾ ਬਿਲਡਿੰਗ, ਪਰਵਤ ਪਤੀਆ ਸੂਰਤ ਸਿਟੀ, ਬੰਬੇ ਮਾਰਕਿਟ, ਸੂਰਤ, ਗੁਜਰਾਤ-395010, ਨਾਲ ਹੀ : ਸ੍ਰੀ ਕਮਲ ਕਿਸ਼ੋਰ ਭਾਭੜਾ ਪੁੱਤਰ ਪ੍ਰੇਮ ਰਤਨ ਵਾਸੀ ਮਕਾਨ ਨੰ. 50, ਗਲੀ ਨੰ. 4, ਓਮ ਪ੍ਰਕਾਸ਼ ਕਾਲੋਨੀ, ਬਾਲੋਕੀ ਰੋਡ, ਲੁਧਿਆਣਾ-141008 (ਬੀ) ਸ੍ਰੀ ਭਵਾਨੀ ਸ਼ੰਕਰ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ ਵਾਸੀ ਨੇੜੇ ਮਹੇਸ਼ ਭਵਨ, ਬੀਘਾ ਬਸ ਵਾਰਡ ਨੰ. 14, ਡੂੰਗਰਗੜ੍ਹ, ਬੀਕਾਨੇਰ, ਸ੍ਰੀ ਡੂੰਗਰਗੜ੍ਹ, ਰਾਜਸਥਾਨ-331803, ਨਾਲ ਹੀ : ਸ੍ਰੀ ਭਵਾਨੀ ਸ਼ੰਕਰ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ ਵਾਸੀ ਮਕਾਨ ਨੰ. 1736, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141001, (ਸੀ) ਸ੍ਰੀ ਰਾਕੇਸ਼ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ, ਵਾਸੀ ਗਲੀ ਨੰ. 06, ਗੀਤਾ ਕਾਲੋਨੀ, ਤਾਜਪੁਰ ਰੋਡ, ਲੁਧਿਆਣਾ ।(ਇਸ ਤੋਂ ਬਾਅਦ 'ਕਰਜ਼ਦਾਰ' ਵਜੋਂ ਹਵਾਲਾ) ਅਤੇ ਗਰੰਟਰ 2. ਸ੍ਰੀ ਕਮਲ ਕਿਸ਼ੋਰ ਭਾਭੜਾ ਪੁੱਤਰ ਪ੍ਰੇਮਰਤਨ ਵਾਸੀ 101, ਸਾਲਾਸਰ ਨਗਰ, ਸ਼ਾਰਦਾ ਬਿਲਡਿੰਗ, ਪਰਵਤ ਪਤੀਆ, ਸੂਰਤ ਸਿਟੀ, ਬੰਬੇ ਮਾਰਕਿਟ, ਸੂਰਤ, ਗੁਜਰਾਤ-395010, ਨਾਲ ਹੀ : ਸ੍ਰੀ ਕਮਲ ਕਿਸ਼ੋਰ ਭਾਭੜਾ ਪੁੱਤਰ ਪ੍ਰੇਮਰਤਨ ਵਾਸੀ ਮਕਾਨ ਨੰ. 50, ਗਲੀ ਨੰ. 4, ਓਮ ਪ੍ਰਕਾਸ਼ ਕਾਲੋਨੀ, ਬਾਲੋਕੀ ਰੋਡ, ਲੁਧਿਆਣਾ-141008, 3. ਸ੍ਰੀ ਭਵਾਨੀ ਸ਼ੰਕਰ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ ਵਾਸੀ ਨੇੜੇ ਮਹੇਸ਼ ਭਵਨ, ਬੀਘਾ ਬਸ ਵਾਰਡ ਨੰ. 14, ਡੂੰਗਰਗੜ੍ਹ, ਬੀਕਾਨੇਰ, ਸ੍ਰੀ ਡੂੰਗਰਗੜ੍ਹ, ਰਾਜਸਥਾਨ-331803, ਨਾਲ ਹੀ : ਸ੍ਰੀ ਭਵਾਨੀ ਸ਼ੰਕਰ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ ਵਾਸੀ ਮਕਾਨ ਨੰ. 1736, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141001, 4. ਸ੍ਰੀ ਰਾਕੇਸ਼ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ ਵਾਸੀ ਗਲੀ ਨੰ. 06, ਗੀਤਾ ਕਾਲੋਨੀ, ਤਾਜਪੁਰ ਰੋਡ, ਲੁਧਿਆਣਾ (ਇਸ ਤੋਂ ਬਾਅਦ 'ਗਰੰਟਰ' ਵਜੋਂ ਹਵਾਲਾ ਨੂੰ ਓ ਡੀ ਟੀ ਲਿਮਟ 'ਚ ਰੁਪਏ : 53,61,806 ਮਿਤੀ 11.01.2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਓ ਡੀ ਟੀ ਲਿਮਟ ਰੁਪਏ ਰਕਮ 53, 61,806 ਸਮੇਤ 01-01-2023 ਤੋਂ ਵਿਆਜ ਵਸੂਲ ਕੀਤੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਜਾਇਦਾਦ ਰਕਬਾ 611 ਵਰਗ ਗਜ਼, ਇੰਡਸਟ੍ਰੀਅਲ ਪਲਾਟ ਨੰ. 47 ਮਿਨ ਵਾਕਿਆ ਪਿੰਡ ਜਮਾਲਪੁਰ ਅਵਾਨਾ, ਹਦਬਸਤ ਨੰ. 177, ਅਬਾਦੀ ਮਹਾਂਵੀਰ ਜੈਨ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਬੈਨਾਮਾ ਵਸੀਕਾ ਨੰ. 11021 ਮਿਤੀ 11-09-2017 ਅਨੁਸਾਰ ਕਮਲ ਕਿਸ਼ੋਰ ਭਾਭੜਾ ਪੁੱਤਰ ਪ੍ਰੇਮਰਤਨ ਅਤੇ ਭਵਾਨੀ ਸ਼ੰਕਰ ਸੋਨੀ ਪੁੱਤਰ ਰਾਮ ਕਿਸ਼ਨ ਦੀ ਮਲਕੀਅਤ ਦੇ ਨਾਲ ਸੰਬੰਧਤ ਸਭ ਕੁਝ।

ਮਿਤੀ 12.04.2023 | ਸਥਾਨ : ਲੁਧਿਆਣਾ | ਅਧਿਕਾਰਤ ਅਫਸਰ

# ਭੋਗ 'ਤੇ ਵਿਸ਼ੇਸ਼ — ਨੇਕ ਦਿਲ ਇਨਸਾਨ ਸੀ ਸੁਖਜੀਤ ਸਿੰਘ ਭੱਠਲ



ਗਰੀਬ ਤੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲੇ ਨੇਕ ਦਿਲ ਇਨਸਾਨ ਤੇ ਯਾਰਾਂ ਦੇ ਯਾਰ ਸੁਖਜੀਤ ਸਿੰਘ ਭੱਠਲ ਬੀਤੀ 6 ਅਪ੍ਰੈਲ (ਵੀਰਵਾਰ) ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਸੁਖਜੀਤ ਸਿੰਘ ਭੱਠਲ ਦਾ ਜਨਮ 29 ਮਈ 1974 ਨੂੰ ਪਿੰਡ ਸਿੰਬਲ ਮਾਜਰਾ (ਜੇਤੇਵਾਲ) ਰੂਪਨਗਰ ਵਿਖੇ ਮਾਸਟਰ ਸੀਤਲ ਸਿੰਘ ਭੱਠਲ ਦੇ ਘਰ ਮਾਤਾ ਅਜਮੇਰ ਕੌਰ ਦੀ ਕੁੱਖੋਂ ਹੋਇਆ। ਮੁੱਢਲੀ ਸਿੱਖਿਆ ਆਪਣੇ ਪਿਤਾ ਜੀ ਦੇ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਸਿੰਘਪੁਰ ਵਿਖੇ, ਜਦਕਿ ਮੈਟਰਿਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰ ਬੇਦੀ ਤੋਂ ਕਰਕੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਤੋਂ ਮਕੈਨੀਕਲ ਇੰਜੀਨੀਅਰਿੰਗ ਵਿੱਚ ਡਿਪਲੋਮਾ ਕੀਤਾ। ਇਸ ਉਪਰੰਤ ਟਾਟਾ ਮੋਟਰਜ਼ ਕੁਰਾਲੀ ਵਿੱਚ ਕੁਝ ਸਮਾਂ ਨੌਕਰੀ ਕਰਨ ਉਪਰੰਤ ਨੂਰਪੁਰ ਬੇਦੀ ਵਿਖੇ ਭੱਠਲ ਸੀਡ ਸਟੋਰ ਦੀ ਦੁਕਾਨ ਕੀਤੀ। ਲੋਕਲ ਪੁਲਸ ਤੇ ਸਿਵਲ ਪ੍ਰਸ਼ਾਸਨ ਦੇ ਅਫਸਰ ਆਪ ਜੀ ਦੇ ਗੂੜ੍ਹੇ ਮਿੱਤਰ ਪ੍ਰੇਮੀ ਹੁੰਦੇ ਸਨ, ਜਿਸ ਕਰਕੇ ਸਮਾਜਕ ਕੰਮ ਕਰਵਾਉਣ ਕਾਰਨ ਆਪ ਦਾ ਨਾਂਅ ਪੂਰੇ ਇਲਾਕੇ ਵਿੱਚ ਬਣਿਆ। ਉਹਨਾ ਇਲਾਕੇ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ 'ਨਵਾਂ ਜ਼ਮਾਨਾ' ਅਤੇ 'ਸਪੋਕਸਮੈਨ' ਦੇ ਬਤੌਰ ਪੱਤਰਕਾਰ ਇਲਾਕੇ ਦੀਆਂ ਸਮੱਸਿਆਵਾਂ ਨੂੰ ਉਜਾਗਰ ਕੀਤਾ। ਪਿੰਡ ਵਿੱਚ ਪੰਚਾਇਤ ਮੈਂਬਰ ਤੇ ਸਹਿਕਾਰੀ ਸਭਾ ਸਿੰਬਲ ਮਾਜਰਾ ਦੇ ਮੈਂਬਰ ਦੀ ਸੇਵਾ ਨਿਭਾਈ। ਕਾਰਗਿਲ ਦੇ ਸਮੇਂ ਆਪ ਨੇ ਮਨੁੱਖਤਾ ਦੀ ਇਲਾਕੇ ਦੀ ਸਹਾਇਤਾ ਨਾਲ ਮੂਹਰੇ ਹੋ ਕੇ ਸੇਵਾ ਨਿਭਾਈ। ਆਪ ਦੇ ਵੱਡੇ ਭਰਾ ਡਾਕਟਰ ਸੁਰਿੰਦਰ ਸਿੰਘ ਭੱਠਲ (ਪੀ ਐੱਚ ਡੀ) ਆਸਟ੍ਰੇਲੀਆ (ਸਿਡਨੀ) ਵਿਖੇ ਪਿਛਲੇ 28 ਸਾਲਾਂ ਤੋਂ ਗੌਰਮਿੰਟ ਸੈਕਟਰ ਵਿੱਚ ਸੇਵਾ ਨਿਭਾ ਰਹੇ ਹਨ। ਆਪ ਦੀ ਪਤਨੀ ਰਣਵੀਰ ਕੌਰ ਸਰਕਾਰੀ ਅਧਿਆਪਕਾ ਹਨ, ਜਦਕਿ ਵੱਡਾ ਪੁੱਤਰ ਨਵਦੀਪ ਸਿੰਘ ਉਚੇਰੀ ਵਿੱਦਿਆ ਤੇ ਛੋਟਾ ਨਵਜੋਤ ਸਿੰਘ 12ਵੀਂ ਜਮਾਤ ਵਿੱਚ ਪੜ੍ਹ ਰਿਹਾ ਹੈ।

ਸੁਖਜੀਤ ਸਿੰਘ ਭੱਠਲ ਨਮਿਤ ਅੰਤਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 16 ਅਪ੍ਰੈਲ (ਐਤਵਾਰ) ਨੂੰ ਗੁਰਦੁਆਰਾ ਬਾਣਗੜ੍ਹ ਸਾਹਿਬ (ਜੇਤੇਵਾਲ) ਨੂਰਪੁਰ ਬੇਦੀ ਵਿਖੇ ਦੁਪਹਿਰ 12 ਤੋਂ 1:00 ਵਜੇ ਤੱਕ ਹੋਵੇਗਾ।

—ਸੁਰਜੀਤ ਸਿੰਘ ਕਾਹਲੋਂ

# ਅਮੀਸ਼ਾਹ ਦੇ ਸਰਕਾਰੀ ਹਾਈ ਸਕੂਲ 'ਚ ਤੀਜੀ ਵਾਰ ਚੋਰੀ



ਖਾਲੜਾ/ਭਿੱਖੀਵਿੰਡ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕਸਬਾ ਖਾਲੜਾ ਤੋਂ ਥੋੜੀ ਦੂਰ ਪੈਂਦੇ ਪਿੰਡ ਅਮੀਸ਼ਾਹ 'ਚ ਸਥਿਤ ਸਰਕਾਰੀ ਹਾਈ ਸਕੂਲ 'ਚੋਂ ਗੈਸ ਸਿਲੰਡਰ ਤੇ ਚੁੱਲ੍ਹਾ ਚੋਰੀ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਚੋਰ ਬੀਤੀ ਰਾਤ ਰਸੋਈ ਦਾ ਤਾਲਾ ਤੋੜ ਕੇ ਸਾਮਾਨ ਚੋਰੀ ਕਰਕੇ ਰਫੂਚੱਕਰ ਹੋ ਗਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਹਾਈ ਸਕੂਲ ਅਮੀਸ਼ਾਹ ਦੇ ਮੁੱਖ ਅਧਿਆਪਕ ਬਲਜਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਉਹ ਅੱਜ ਸਵੇਰੇ ਸਕੂਲ ਪਹੁੰਚੇ ਤਾਂ ਉਨ੍ਹਾਂ ਦੇਖਿਆ ਕਿ ਸਕੂਲ ਦੀ ਰਸੋਈ ਦਾ ਤਾਲਾ ਟੁੱਟਿਆ ਹੋਇਆ ਸੀ ਤੇ ਰਸੋਈ 'ਚ ਪਿਆ ਗੈਸ ਸਿਲੰਡਰ ਤੇ ਚੁੱਲ੍ਹਾ ਰਸੋਈ ਵਿੱਚੋਂ ਗਾਇਬ ਸੀ। ਬਲਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਕੂਲ ਅੰਦਰ ਹੋਈ ਚੋਰੀ ਸੰਬੰਧੀ ਪੁਲਸ ਨੂੰ ਲਿਖਤੀ ਦਰਖਾਸਤ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਉਪਰੋਕਤ ਸਕੂਲ 'ਚੋਂ ਇਸ ਤੋਂ ਪਹਿਲਾਂ ਪਹਿਲਾਂ ਵੀ ਦੋ ਵਾਰ ਚੋਰੀ ਹੋ ਚੁੱਕੀ ਹੈ। ਪਹਿਲਾਂ ਹੋਈਆਂ ਚੋਰੀਆਂ 'ਚ ਸਕੂਲ ਦੇ ਸਾਰੇ ਕੰਪਿਊਟਰ, 2 ਪ੍ਰੋਜੈਕਟਰ ਸੈਟ, 2 ਐੱਲਈਡੀਜ਼ 32 ਇੰਚ, 2 ਡੀਵੀਆਰ ਕੈਮਰੇ, ਮਾਇਕ ਆਦਿ ਸਾਮਾਨ ਸਕੂਲ ਵਿੱਚੋਂ ਗਾਇਬ ਹੋ ਗਿਆ ਸੀ। ਉੱਧਰ ਜਦੋਂ ਇਸ ਘਟਨਾ ਸਬੰਧੀ ਥਾਣਾ ਖਾਲੜਾ ਦੇ ਐੱਸਐੱਚਓ ਚਰਨ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਪਰੋਕਤ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

**Court Notice**

In the Court of Sh. Barinder Singh Ramana
Principal Judge, Family Court, Rupnagar.
CNR No. PBRO01-006224-2021
Next Date : 5.5.2023
Maghar Singh
Versus
Ramandeep Kaur
Petition u/s 13 of Hindu Marriage Act

Publication issued to : Ramandeep Kaur Spouse : Maghar Singh R/o Vill. Bhaini Tehsil Chamkaur Sahib, Distt. Rupnagar now R/o Vill. Sahnewal, Distt. Ludhiana with her maternal Uncle (Mama) 2nd address : Ramandeep Kaur W/o Maghar Singh now R/o with her Uncle Balbir Singh at H.NO. 11116 Ward No. 3 Baba Da Mohalla Near Gas Agency Sahnewal Distt. Ludhiana 3nd address Ramandeep Kaur C/o Balbir Singh R/o H.No. B-11-116 Ward No. 3, Baba Da Mohalla Near Gas Agency Sahnewal Distt. Ludhiana (Pb.)

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 5.5.2023 at 10.00 a.m.

For details logon to https://highcourtchd.gov.in/?trs=district notice&district=ropar

Principal Judge, Family Court,
Rupnagar.
Dated, this day of 11.4.2023

# ਲਖਵਿੰਦਰ ਸਿੰਘ ਤਰੱਕੀ ਉਪਰੰਤ ਬਣੇ ਇੰਸਪੈਕਟਰ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਐੱਸਐੱਸਪੀ ਤਰਨ ਤਾਰਨ ਗੁਰਮੀਤ ਸਿੰਘ ਚੌਹਾਨ ਵੱਲੋਂ ਪੰਜਾਬ ਪੁਲਸ 'ਚ ਵਧੀਆ ਸੇਵਾਵਾਂ ਨਿਭਾ ਰਹੇ ਸਬ-ਇੰਸਪੈਕਟਰ ਲਖਵਿੰਦਰ ਸਿੰਘ ਨੂੰ ਪਦ-ਉੱਨਤ ਕਰਦਿਆਂ ਇੰਸਪੈਕਟਰ ਦਾ ਸਟਾਰ ਲਗਾਇਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵ-ਨਿਯੁਕਤ ਇੰਸਪੈਕਟਰ ਲਖਵਿੰਦਰ ਸਿੰਘ ਨੇ ਡੀਜੀਪੀ ਪੰਜਾਬ ਗੌਰਵ ਯਾਦਵ ਅਤੇ ਐੱਸਐੱਸਪੀ ਤਰਨ ਤਾਰਨ ਗੁਰਮੀਤ ਸਿੰਘ ਚੌਹਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇੰਸਪੈਕਟਰ ਲਖਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਉਦੇਸ਼ ਇਮਾਨਦਾਰੀ ਨਾਲ ਡਿਊਟੀ ਕਰਕੇ ਲੋਕਾਂ ਦੀ ਸੇਵਾ ਕਰਨਾ ਹੈ। ਜ਼ਿਕਰਯੋਗ ਹੈ ਕਿ ਇੰਸਪੈਕਟਰ ਲਖਵਿੰਦਰ ਸਿੰਘ ਥਾਣਾ ਕੱਚਾ-ਪੱਕਾ ਅਤੇ ਥਾਣਾ ਖਾਲੜਾ ਵਿਖੇ ਬਤੌਰ ਐੱਸਐੱਚਓ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਹੁਣ ਪਦ-ਉੱਨਤ ਹੋਣ ਤੋਂ ਬਾਅਦ ਪੁਲਸ ਲਾਈਨ ਤਰਨਤਾਰਨ ਵਿਖੇ ਬਤੌਰ ਸਪੈਸ਼ਲ ਨਾਕਾਬੰਦੀ ਇੰਸਪੈਕਟਰ ਵਜੋਂ ਆਪਣੀ ਜ਼ਿੰਮੇਵਾਰੀ ਸਾਂਭਣਗੇ।

## ਰਿਵਾਲਵਰ, ਹੈਰੋਇਨ ਤੇ ਡਰੱਗ ਮਨੀ ਸਮੇਤ 2 ਗ੍ਰਿਫਤਾਰ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ , ਰਾਜਵੀਰ ਸਿੰਘ) ਡੀ.ਐਸ.ਪੀ. ਬਬਨਦੀਪ ਸਿੰਘ ਨੇ ਥਾਣਾ ਸੁਲਤਾਨਪੁਰ ਲੋਧੀ ਦੇ ਐਸ.ਐਚ.ਓ. ਸ਼ਿਵਕੰਵਲ ਸਿੰਘ ਦੀ ਮੌਜੂਦਗੀ 'ਚ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਭਗਵੇਂ ਕੱਪੜੇ ਪਾ ਕੇ ਇੱਕ ਢੌਂਗੀ ਬਾਬਾ ਵੱਲੋਂ ਨਸ਼ੇ ਸਮਗਲਿੰਗ ਕਰਨ ਦਾ ਪਰਦਾਫਾਸ਼ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸੁਲਤਾਨਪੁਰ ਲੋਧੀ ਦੇ ਥਾਣਾ ਮੁਖੀ ਇੰਸਪੈਕਟਰ ਸ਼ਿਵਕੰਵਲ ਸਿੰਘ ਨੇ ਬੂਟਾ ਸਿੰਘ ਉਰਫ ਬਾਬਾ ਪੁੱਤਰ ਲਸ਼ਮਣ ਸਿੰਘ ਨਿਵਾਸੀ ਪਿੰਡ ਦੀਪੇਵਾਲ ਅਤੇ ਰਾਕੇਸ਼ ਕੁਮਾਰ ਪੁੱਤਰ ਕਸਤੂਰੀ ਲਾਲ ਨਿਵਾਸੀ ਮੁਹੱਲਾ ਲਲਾਰੀਆਂ , ਸੁਲਤਾਨਪੁਰ ਲੋਧੀ ਨੂੰ ਗ੍ਰਿਫਤਾਰ ਕੀਤਾ ਹੈ ਤੇ ਬਾਬੇ ਕੋਲੋਂ 1 ਰਿਵਾਲਵਰ ਐਨ.ਪੀ. 765 ਐਮ.ਐਮ., 5 ਗ੍ਰਾਮ ਹੈਰੋਇਨ ਤੇ 7000 ਡਰੱਗ ਮਨੀ ਮੌਕੇ ਤੇ ਬ੍ਰਾਮਦ ਕੀਤਾ ਹੈ ।ਦੋਹਾਂ ਮੁਲਜਮਾਂ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ । ਡੀ.ਐਸ.ਪੀ. ਨੇ ਕਿਹਾ ਕਿ ਰਾਕੇਸ਼ ਕੁਮਾਰ ਉਰਫ ਕਸਤੂਰੀ ਲਾਲ ਖਿਲਾਫ ਪਹਿਲਾਂ ਵੀ ਦੋ ਮੁਕੱਦਮੇ ਦਰਜ ਹਨ।

## ਪੀ ਡਬਲਿਊ (ਫਿਜ਼ਿਕਸ ਵਾਲਾ) ਵੱਲੋਂ ਪੰਚਕੂਲਾ 'ਚ ਵਿੱਦਿਆਪੀਠ ਦੀ ਸ਼ੁਰੂਆਤ

ਪੰਚਕੂਲਾ: ਭਾਰਤ ਦੇ ਸਭ ਤੋਂ ਕਿਫਾਇਤੀ ਅਤੇ ਪਸੰਦੀਦਾ ਐਡ-ਟੈਕ ਪਲੇਟਫਾਰਮ ਪੀਡਬਲਿਊ (ਫਿਜ਼ਿਕਸ ਵਾਲਾ) ਨੇ ਪੰਚਕੂਲਾ ਵਿੱਚ ਆਪਣਾ ਵਿੱਦਿਆਪੀਠ ਸੈਂਟਰ ਲਾਂਚ ਕੀਤਾ ਹੈ। ਪੰਚਕੂਲਾ ਤੋਂ ਪਹਿਲਾਂ ਪੀਡਬਲਯੂ ਨੇ ਜੈਪੁਰ, ਸਿਲੀਗੁੜੀ, ਸੂਰਤ, ਭੁਵਨੇਸ਼ਵਰ, ਦਿੱਲੀ, ਰਾਂਚੀ, ਪੁਣੇ ਅਤੇ ਅਹਿਮਦਾਬਾਦ ਵਿੱਚ ਵਿੱਦਿਆਪੀਠ ਖੋਲ੍ਹੇ ਸਨ। ਪੰਚਕੂਲਾ ਸੈਂਟਰ ਦਾ ਉਦਘਾਟਨ ਹਰਿਆਣਾ ਵਿਧਾਨ ਸਭਾ ਦੇ ਮਾਨਯੋਗ ਸਪੀਕਰ ਗਿਆਨ ਚੰਦ ਗੁਪਤਾ ਨੇ ਕੀਤਾ। ਪੀ. ਡਬਲਯੂ. ਵਿੱਦਿਆਪੀਠ ਪੰਚਕੂਲਾ ਦੇ ਸੈਂਟਰ ਹੈੱਡ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਅਸੀਂ ਪੀਡਬਲਯੂ ਵਿਖੇ ਕੁਆਲਟੀ ਐਜੂਕੇਸ਼ਨ ਪ੍ਰਦਾਨ ਕਰਨ ਲਈ ਤਤਪਰ ਹਾਂ। ਵਿੱਦਿਆਪੀਠ ਰਾਹੀਂ ਸਾਡਾ ਉਦੇਸ਼ ਸਿੱਖਿਆ ਨੂੰ ਆਸਾਨ, ਸੁਖਦਾਈ ਅਤੇ ਵਧੇਰੇ ਪਹੁੰਚਯੋਗ ਬਣਾਉਣ ਲਈ ਤਕਨਾਲੋਜੀ ਦਾ ਲਾਭ ਉਠਾਉਣਾ ਹੈ। ਪੀਡਬਲਯੂ ਵਿੱਦਿਆਪੀਠ ਪੰਚਕੂਲਾ ਦੇ ਬਿਜ਼ਨਸ ਹੈੱਡ ਜਿਤੇਂਦਰ ਸਿੰਘ ਸਾਹਨੀ ਨੇ ਕਿਹਾ ਕਿ ਵਿੱਦਿਆਪੀਠ ਐਡ-ਟੈਕ ਸੈਕਟਰ ਵਿੱਚ ਇੱਕ ਕ੍ਰਾਂਤੀਕਾਰੀ ਪਹਿਲਕਦਮੀ ਹੈ। ਇਹ ਦੇਸ਼ ਦੇ ਹਰ ਵਿਦਿਆਰਥੀ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੀ ਸਾਡੀ ਲੰਬੇ ਸਮੇਂ ਤੋਂ ਵਚਨਬੱਧਤਾ ਦੇ ਅਨੁਕੂਲ ਹੈ। ਅਸੀਂ ਵਿੱਦਿਆਪੀਠ ਵਿੱਚ ਰੋਜ਼ਾਨਾ 15 ਘੰਟੇ ਤੋਂ ਵੱਧ ਸਮੇਂ ਤਕ ਦੀ ਸਹਾਇਤਾ ਪ੍ਰਦਾਨ ਕਰਾਂਗੇ।

# ਕਲਾਸੀਫਾਈਡ ਇਸ਼ਤਿਹਾਰ

### ਬੇਦਖਲੀ ਨੋਟਿਸ

ਮੈਂ, ਰਾਮ ਲੁਭਾਇਆ ਪੁੱਤਰ ਸ੍ਰੀ ਸਗਲੀ ਰਾਮ ਵਾਸੀ ਪਿੰਡ ਤੇ ਡਾਕ: ਪਾਲਦੀ, ਤਹਿ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਕਮਲਜੀਤ ਅਤੇ ਨੂੰਹ ਅਨੂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਹਨਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੋਵੇਗਾ। (ਬੀ)

ਮੈਂ, ਸ਼ੀਲਾ ਰਾਣੀ ਪਤਨੀ ਲੇਟ ਕਿਸ਼ਨ ਲਾਲ ਵਾਸੀ ਗੜ੍ਹਾ ਜਲੰਧਰ ਨੇ ਆਪਣੇ ਪੁੱਤਰ ਰਾਜ ਕਮਲ ਅਤੇ ਨੂੰਹ ਰੂਪਾ ਰਾਣੀ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਸੰਬੰਧਤ ਨੋਟ ਕਰਨ। (ਬੀ)

ਮੈਂ ਪਵਨ ਕੁਮਾਰ ਪੁੱਤਰ ਸਰਦਾਰੀ ਲਾਲ ਵਾਸੀ ਮਕਾਨ ਨੰਬਰ 51 ਈਲਾਇਟ ਕਲੋਨੀ ਮੈਨ ਬਾਜ਼ਾਰ ਪਵਨ ਨਗਰ ਬਟਾਲਾ ਰੋਡ ,ਅੰਮ੍ਰਿਤਸਰ ਹਲਫੀਆਂ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਿਤ ਖੰਨਾ ਮੇਰੇ ਕਹਿਣੇ ਤੋ ਬਾਹਰ ਹੈ ਮੈਂ ਇਸ ਨੂੰ ਆਪਣੀ ਚੱਲ ਅਚੱਲ ਸੰਪਤੀ ਤੋਂ ਬੇਦਖ਼ਲ ਕਰਦਾ ਹਾਂ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਬਾਜ ਸਿੰਘ ਪੁੱਤਰ ਬਿਸ਼ਨ ਸਿੰਘ ਪੁੱਤਰ ਅਰੂੜ ਸਿੰਘ ਵਾਸੀ ਚੱਕ ਅਰਾਈਆਂ ਵਾਲਾ ਉਰਫ ਫਲੀਆਂਵਾਲਾ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਬਿਮਲਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ ਕੁਲਦੀਪ ਸਿੰਘ ਸੰਧੂ ਸਪੁੱਤਰ ਅਮਰੀਕ ਸਿੰਘ ਮਕਾਨ ਨੰਬਰ 550, ਗਲੀ ਨੰਬਰ 17, ਕਾਰਾਬਾਰਾ ਚੌਂਕ ਨੇੜੇ ਨਾਨਕ ਨਗਰ ਲੁਧਿਆਣਾ ਪੰਜਾਬ 141008. ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਕੁਲਦੀਪ ਸਿੰਘ ਤੋ ਬਦਲ ਕੇ ਕੁਲਦੀਪ ਸਿੰਘ ਸੰਧੂ ਰੱਖ ਲਿਆ ਹੈ। ਸਾਰੇ ਸਕੇ ਸੰਬੰਧੀ ਨੋਟ ਕਰਨ।

ਮੈਂ, ਪੂਨਮ ਰਾਣੀ ਪਤਨੀ ਹਰਦੀਪ ਕੁਮਾਰ ਵਾਸੀ ਪਿੰਡ ਬੇਲਾ, ਤਹਿ: ਚਮਕੌਰ ਸਾਹਿਬ, ਜ਼ਿਲ੍ਹਾ ਰੋਪੜ ਨੇ ਆਪਣੇ ਨਾਬਾਲਗ ਲੜਕੇ ਪ੍ਰਿੰਸ ਦਾ ਨਾਂਅ ਬਦਲ ਕੇ ਪ੍ਰਿੰਸ ਮੇਹਰਾ ਅਤੇ ਏਕਨੂਰ ਦਾ ਨਾਂਅ ਬਦਲ ਕੇ ਏਕਨੂਰ ਮਹਿਰਾ ਰੱਖ ਦਿੱਤਾ ਹੈ। ਸੰਬੰਧਤ ਨੋਟ ਕਰਨ।

ਮੈਂ, ਜਸਵੰਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਮੁਸਤਫਾਬਾਦ ਜੱਟਾਂ, ਡਾਕਖਾਨਾ ਬੱਬੇਹਾਲੀ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਨੇ ਆਪਣਾ ਨਾਂਅ ਜਸਵੰਤ ਐੱਸ ਸਿੰਘ ਤੋਂ ਬਦਲ ਕੇ ਜਸਵੰਤ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ ਜੈਗੇਸ ਸਪੁੱਤਰ ਜੀਵਨ ਲਾਲ ਪਿੰਡ ਭੱਟੀਆਂ ਤਹਿਸੀਲ ਫਿਲੌਰ ਜਿਲਾ ਜਲੰਧਰ ਨੇ ਆਪਣਾ ਨਾਂ ਜੈਗੇਸ ਤੋਂ ਜੈਗੇਸ ਬੈਂਸ ਰੱਖ ਲਿਆ ਹੈ।

ਮੈਂ, ਸੰਜੇ ਲੂਥਰਾ ਪੁੱਤਰ ਸ੍ਰੀ ਮਨਮੋਹਨ ਸਿੰਘ ਲੂਥਰਾ ਵਾਸੀ ਮਕਾਨ ਨੰ. 143 ਨੇੜੇ ਰਾਮ ਲਾਲ ਪਾਰਕ, ਸੁਭਾਸ਼ ਨਗਰ ਜਲੰਧਰ ਨੇ ਆਪਣਾ ਨਾਂਅ ਸੰਜੇ ਤੋਂ ਬਦਲ ਕੇ ਸੰਜੇ ਲੂਥਰਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਸੋਨੀਆ ਲੂਥਰਾ ਪਤਨੀ ਮਨਮੋਹਨ ਸਿੰਘ ਲੂਥਰਾ ਵਾਸੀ ਮਕਾਨ ਨੰ. 143 ਨੇੜੇ ਰਾਮ ਲਾਲ ਪਾਰਕ, ਸੁਭਾਸ਼ ਨਗਰ ਜਲੰਧਰ ਨੇ ਆਪਣਾ ਨਾਂਅ ਸੋਨੀਆ ਤੋਂ ਬਦਲ ਕੇ ਸੋਨੀਆ ਲੂਥਰਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਮਨਮੋਹਨ ਸਿੰਘ ਲੂਥਰਾ ਪੁੱਤਰ ਸ੍ਰੀ ਸੰਤੋਖ ਸਿੰਘ ਵਾਸੀ ਮਕਾਨ ਨੰ. 143 ਨੇੜੇ ਰਾਮ ਲਾਲ ਪਾਰਕ, ਸੁਭਾਸ਼ ਨਗਰ ਜਲੰਧਰ ਨੇ ਆਪਣਾ ਨਾਂਅ ਮਨਮੋਹਨ ਤੋਂ ਬਦਲ ਕੇ ਮਨਮੋਹਨ ਸਿੰਘ ਲੂਥਰਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਸਾਹਿਲ ਉਰਫ ਸਾਹਿਲ ਰਾਣਾ ਪੁੱਤਰ ਸ੍ਰੀ ਜੈ ਸਿੰਘ ਵਾਸੀ ਪਿੰਡ ਪੱਦੀ ਖੇੜੀ, ਤਹਿ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਸਾਹਿਲ ਤੋਂ ਬਦਲ ਕੇ ਸਾਹਿਲ ਰਾਣਾ ਰੱਖ ਲਿਆ ਹੈ।

### Change of Name

I, Vikram Bhalla S/o Sh. Vijay Kumar Bhalla R/o # 1258, Urban Estate Phase-1, Jalandhar, have changed my minor daughter name from Mugdha to Mugdha Bhalla. (B)

I hitherto known as GAUTAM Son of SURINDER PAL residing at Village Rani Bhatti, PO. Kala Bakra, Distt. Jalandhar, Punjab-144303, India have changed my name and shall hereafter be known as GAUTAM PAL.

I, Gurdip Kaur W/o Charan Singh R/o VPO Naugajja, Distt. Jalandhar, Punjab-144301 have changed my name from Gurdip Kaur to Gurdeep Kaur. All concerned please note.

I, Gurpreet D/o Nishan Masih R/o Vill Dhesian, PO Fazlabad, Tehsil Dera Baba Nanak, Distt. Gurdaspur have changed my name from Gurpreet to Gurpreet Sidhu. All concerned please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਮਗਰਮੱਛ ਦੇ ਹੰਝੂਆਂ ਨਾਲ ਤੁਹਾਡਾ ਭ੍ਰਿਸ਼ਟਾਚਾਰ ਨਹੀਂ ਧੋਤਾ ਜਾ ਸਕਦਾ : ਹਰਪਾਲ ਚੀਮਾ



**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ 'ਤੇ ਹਮਲਾਵਰ ਹੁੰਦਿਆਂ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਚੰਨੀ ਸਿਰਫ ਮਗਰਮੱਛ ਦੇ ਹੰਝੂ ਵਹਾ ਰਿਹਾ ਹੈ ਅਤੇ ਇਨ੍ਹਾਂ ਹੰਝੂਆਂ ਨਾਲ ਉਨ੍ਹਾਂ ਦਾ ਭ੍ਰਿਸ਼ਟਾਚਾਰ ਧੋਤਾ ਨਹੀਂ ਜਾਵੇਗਾ। ਜੇਕਰ ਉਹ ਅਸਲ ਵਿੱਚ ਐੱਸਸੀ ਐੱਸਟੀ ਲੋਕਾਂ ਦੀ ਪਰਵਾਹ ਕਰਦੇ ਹੁੰਦੇ ਤਾਂ ਉਹ ਐੱਸਸੀ ਸਕਾਲਰਸ਼ਿਪ ਦੇ ਪੈਸੇ ਗਬਨ ਕਰਨ ਵਾਲੇ ਲੋਕਾਂ ਖਿਲਾਫ ਕਾਰਵਾਈ ਕਰਦੇ। ਹੁਣ ਜਦੋਂ ਉਨ੍ਹਾਂ ਦੇ ਭ੍ਰਿਸ਼ਟਾਚਾਰ ਦੇ ਨਤੀਜੇ ਸਾਹਮਣੇ ਆ ਰਹੇ ਹਨ ਤਾਂ ਉਹ ਸਿਰਫ ਲੋਕਾਂ ਦੀ ਹਮਦਰਦੀ ਲਈ ਇਹ ਸਭ ਬੋਲ ਰਹੇ ਹਨ। ਮੀਡੀਆ ਨੂੰ ਸੰਬੋਧਨ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਹੀ ਐੱਸ.ਸੀ., ਐੱਸ.ਟੀ ਅਤੇ ਬੀ.ਸੀ ਲੋਕਾਂ ਨੂੰ ਆਪਣਾ ਵੋਟ ਬੈਂਕ ਸਮਝਿਆ ਹੈ, ਉਨ੍ਹਾਂ ਨੂੰ ਗੁੰਮਰਾਹ ਕੀਤਾ ਹੈ ਅਤੇ 70 ਸਾਲਾਂ ਤੱਕ ਵਰਤਿਆ ਹੈ। ਪੰਜਾਬ ਵਿੱਚ ਵੀ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਕਾਂਗਰਸ ਨੇ ਵੋਟਰਾਂ ਨੂੰ ਲੁਭਾਉਣ ਲਈ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਪਹਿਲਾ ਐਸਸੀ ਮੁੱਖ ਮੰਤਰੀ ਬਣਾਇਆ ਸੀ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਨੇ ਸਾਡੇ ਸੂਬੇ ਅਤੇ ਦੇਸ ਦੇ ਗਰੀਬ ਲੋਕਾਂ ਦੀ ਸੱਚਮੁੱਚ ਪਰਵਾਹ ਕੀਤੀ ਹੁੰਦੀ ਤਾਂ ਉਹ ਉਨ੍ਹਾਂ ਨੂੰ ਸਹੂਲਤਾਂ ਦਿੰਦੇ ਪਰ ਕਾਂਗਰਸ ਨੇ ਇਨ੍ਹਾਂ ਲੋਕਾਂ ਨੂੰ ਕਦੀ ਬੁਨਿਆਦੀ ਹੱਕ ਅਤੇ ਸਹੂਲਤਾਂ ਨਹੀਂ ਦਿੱਤੀਆਂ ਕਿਉਂਕਿ ਉਹ ਇਨ੍ਹਾਂ ਨੂੰ ਪੜ੍ਹੇ-ਲਿਖੇ ਅਤੇ ਵਿਕਸਤ ਨਹੀਂ ਦੇਖਣਾ ਚਾਹੁੰਦੇ ਸਨ। ਸਾਰੀਆਂ ਰਵਾਇਤੀ ਪਾਰਟੀਆਂ ਨੂੰ ਘੇਰਦਿਆਂ ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਨੇ ਇਸ ਭਿਸ਼ਸਟ ਨਿਜ਼ਾਮ ਦੀ ਸਥਾਪਨਾ ਕੀਤੀ ਪਰ ਮਾਨ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਹੈ। ਚੀਮਾ ਨੇ ਚੰਨੀ ਨੂੰ ਸਵਾਲ ਕੀਤਾ ਕਿ ਜੇਕਰ ਉਨ੍ਹਾਂ ਨੂੰ ਸੱਚਮੁੱਚ ਹੀ ਗਰੀਬ ਲੋਕਾਂ ਦੀ ਪਰਵਾਹ ਹੈ ਤਾਂ ਜਦੋਂ 128 ਲੋਕਾਂ ਦੀ ਨਾਜਾਇਜ ਸ਼ਰਾਬ ਕਾਰਨ ਮੌਤ ਹੋ ਗਈ ਸੀ ਤਾਂ ਉਹ ਚੁੱਪ ਕਿਉਂ ਰਹੇ। ਉਨ੍ਹਾਂ ਦੇ ਭਤੀਜੇ ਭੁਪਿੰਦਰ ਸਿੰਘ ਹਨੀ ਕੋਲੋਂ ਬਰਾਮਦ ਹੋਇਆ ਕੈਸ ਦਾ ਢੇਰ ਕਿਸਦਾ ਸੀ? ਚੰਨੀ ਨੇ ਐੱਸਸੀ ਸਕਾਲਰੱਸ਼ਪ ਦੇ ਪੈਸੇ ਚੋਰੀ ਕਰਨ ਵਾਲੇ ਲੋਕਾਂ ਖਿਲਾਫ ਕੋਈ ਕਾਰਵਾਈ ਕਿਉਂ ਨਹੀਂ ਕੀਤੀ? ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਅਕਾਲੀ ਅਤੇ ਕਾਂਗਰਸ ਦੇ ਰਾਜ ਦੌਰਾਨ ਭ੍ਰਿਸ਼ਟਾਚਾਰ ਦਾ ਬੋਲਬਾਲਾ ਸੀ ਅਤੇ ਕਿਸੇ ਵੀ ਸਕੀਮ ਦਾ ਕੋਈ ਲਾਭ ਆਮ ਲੋਕਾਂ ਤੱਕ ਨਹੀਂ ਪਹੁੰਚਿਆ।

## ਭਾਜਪਾ ਵਰਕਰਾਂ ਨੇ ਮਨਾਇਆ ਡਾਕਟਰ ਅੰਬੇਡਕਰ ਦਾ ਜਨਮ ਦਿਨ



**ਅੱਡਾ ਸਰਾਂ (ਜਸਵੀਰ ਕਾਜਲ)**-ਹਲਕਾ ਟਾਂਡਾ ਉੜਮੁੜ ਦੇ ਪਿੰਡ ਕੰਧਾਲਾ ਜੱਟਾਂ ਦੇ ਭਾਰਤੀ ਜਨਤਾ ਪਾਰਟੀ ਹੁਸ਼ਿਆਰਪੁਰ ਦੇ (ਐਸੀ ਮੋਰਚਾ) ਵੱਲੋਂ ਡਾ .ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ ਦਿਨ ਧੂਮਧਾਮ ਨਾਲ ਮਨਾਇਆ ਗਿਆ! ਇਹ ਪ੍ਰੋਗਰਾਮ ਬੀ. ਜੇ. ਪੀ ਦੇ ਨੌਜਵਾਨ ਆਗੂ ਸੰਦੀਪ ਸਿੰਘ ਕੰਧਾਲਾ ਜੱਟਾਂ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਸਤਪਾਲ ਸਿੰਘ ਸਾਬਕਾ ਸਰਪੰਚ ਪਿੰਡ ਢੱਟਾਂ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਜ਼ਿਲ੍ਹਾ ਪ੍ਰਧਾਨ ਵਿਸ਼ਾਲ ਹੰਸ ਅਤੇ ਪ੍ਰੈਸ ਸਕੱਤਰ ਅਨਿਲ ਗੋਰਾ ਨੇ ਸ਼ਿਰਕਤ ਕੀਤੀ। ਸਤਪਾਲ ਸਿੰਘ ਨੇ ਡਾ.ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਬਿਉਰਾ ,ਸੰਵਿਧਾਨ ਵਿਚ ਆਈਆਂ ਔਂਕੜਾਂ, ਸਰਵ ਸਮਾਜ ਦੇ ਕਲਿਆਣ ਅਤੇ ਔਰਤਾਂ ਦੇ ਕਲਿਆਣ ਲਈ ਬਣਾਏ ਕਾਨੂੰਨ ਹਿੰਦੂ ਕੋਡ ਬਿਲ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵੱਖ ਵੱਖ ਪਿੰਡਾਂ ਵਿਚ ਮਹਿਲਾ ਸਰਪੰਚਾਂ, ਇਲਾਕੇ ਦੇ ਨੌਜਵਾਨ ਖਿਡਾਰੀ ਜੋ ਦੂਜਿਆ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹਨ, ਅਤੇ ਪੜ੍ਹਾਈ ਵਿਚ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮੇਂ ਹੋਰਨਾਂ ਇਲਾਵਾ ਬਾਬਾ ਹਰਭਜਨ ਦਾਸ, ਸੁਸ਼ੀਲ ਕੁਮਾਰ ਸ਼ਰਮਾ, ਸਰਬਜੀਤ ਸਿੰਘ ,ਕੁਲਦੀਪ ਸਿੰਘ, ਜਤਿੰਦਰ ਸਿੰਘ ,ਰੇਸ਼ਮ ਸਿੰਘ ਕੰਧਾਲਾ ਸੇਖਾਂ, ਕੁਲਵੰਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਪ੍ਰੇਮ ਜੋੜਾ, ਜਸਵੀਰ ਸਿੰਘ ਲੱਕੀ, ਅਮਰਜੀਤ ਸਿੰਘ, ਬਲਜੀਤ ਕੌਰ, ਸਤਵੀਰ ਕੌਰ, ਜਸਲੀਨ ਕੌਰ ਆਦਿ ਹਾਜਰ ਸਨ।

# ਪੰਡਵਾ ਵਿਖੇ ਵਿਸਾਖੀ ਮੇਲਾ ਤੇ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ



**ਬਹਿਰਾਮ (ਅਵਤਾਰ ਕਲੇਰ)**

ਡੇਰਾ 108 ਸੰਤ ਬਾਬਾ ਹੰਸ ਰਾਜ ਜੀ, ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾ ਵਿਖੇ 19ਵਾਂ ਸ੍ਰੀ ਗੁਰੂ ਰਵਿਦਾਸ ਵਿਸਾਖੀ ਮੇਲਾ ਅਤੇ ਭਾਰਤੀ ਸਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਡੇਰੇ ਦੇ ਗੱਦੀਨਸ਼ੀਨ ਸੰਤ ਮਹਿੰਦਰ ਪਾਲ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ ਦੀ ਰਹਿਨੁਮਾਈ ਹੇਠ ਮਨਾਇਆ ਗਿਆ । ਸ੍ਰੀ ਅਖੰਡ ਸਾਹਿਬ ਜੀ ਦੇ ਭੋਗ ਪਾਏ ਗਏ । ਨਿਸ਼ਾਨ ਸਾਹਿਬ ਜੀ ਨੂੰ ਚੋਲੇ ਪਹਿਨਾਏ ਗਏ। ਸੰਗਤਾਂ ਵਲੋਂ ਸਰੋਵਰ ਵਿੱਚ ਇਸ਼ਨਾਨ ਕੀਤੇ ਗਏ। ਵੱਖ ਵੱਖ ਦਰਬਾਰਾਂ ਤੋਂ ਸੰਤ ਟਹਿਲ ਨਾਥ ਨੰਗਲ ਖੇੜਾ, ਸੰਤ ਜਸਵਿੰਦਰ ਸਿੰਘ ਡਾਂਡੀਆ, ਸੰਤ ਹਰਵਿੰਦਰ ਸਿੰਘ ਈਸਪੁਰ, ਸੰਤ ਫਕੀਰ ਚੰਦ, ਸੰਤ ਨਿਰਮਲ ਦਾਸ, ਸੰਤ ਗੁਰਪਾਲ ਦਾਸ, ਸੰਤ ਚੰਦ ਦਾਸ ਆਦਿ ਸੰਤ ਮਹਾਂਪੁਰਸਾਂ ਨੇ ਸ਼ਿਰਕਤ ਕੀਤੀ। ਯੂਥ ਬਲੱਡ ਡੋਨਰ ਪੰਜਾਬ ਦੀ ਟੀਮ ਵਲੋਂ ਖੂਨਦਾਨ ਕੈਂਪ ਲਗਾਇਆ ਗਿਆ। ਭਾਈ ਬਲਵਿੰਦਰ ਸਿੰਘ ਦੀਵਾਲੀ, ਸੰਤ ਜਸਵਿੰਦਰ ਪਾਲ ਪੰਡਵਾ ਵਲੋਂ ਰਸਭਿੰਨਾ ਕੀਰਤਨ ਕੀਤਾ ਅਤੇ ਮਸ਼ਹੂਰ ਕਲਾਕਾਰਾਂ ਫਿਰੋਜ ਖਾਨ, ਵਨੀਤ ਖਾਨ, ਯਮਨਾ ਰਸੀਲਾ, ਆਰ ਰੀਤ, ਕੌਰ ਸਿਸਟਰਜ ਆਦਿ ਕਲਾਕਾਰਾਂ ਨੇ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ । ਪਹੁੰਚੇ ਹੋਏ ਮਹਾਂਪੁਰਸ਼ਾਂ ਅਤੇ ਸੇਵਾਦਾਰਾਂ ਨੂੰ ਸੰਤ ਮਹਿੰਦਰ ਪਾਲ ਵਲੋਂ ਸਿਰਪਾਓ ਨਾਲ ਸਨਮਾਨਿਤ ਕੀਤਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਤ ਬੀਬੀ ਬਿਮਲਾ ਰਾਣੀ , ਸੰਤ ਜਸਵਿੰਦਰ ਪਾਲ ਪੰਡਵਾ, ਸੰਤ ਮੋਹਣ ਪਾਲ, ਬਾਲ ਕ੍ਰਿਸਨ, ਜਥੇਦਾਰ ਸਰੂਪ ਸਿੰਘ ਖਲਵਾੜਾ, ਮਾਸਟਰ ਗੁਰਨਾਮ ਚੰਦ, ਪਰਮਜੀਤ ਸਿੰਘ ਬੁੱਟਰ, ਬਲਵੀਰ ਸਿੰਘ, ਤਰਸੇਮ ਲਾਲ, ਪਰਮਜੀਤ ਸਿੰਘ, ਸੁਲੱਖਣ ਸਿੰਘ, ਭੁਪਿੰਦਰ ਕੁਮਾਰ, ਪਰਗਟ ਸਿੰਘ, ਸਰਬਜੀਤ ਕੁਮਾਰ, ਹਰੀ ਪਾਲ ਹੀਰਾ, ਸੋਮਰਾਜ, ਰਵਿੰਦਰ ਸਿੰਘ, ਸੋਮ ਪ੍ਰਕਾਸ, ਰੇਸਮ ਬੰਗੜ, ਅਮਰਜੀਤ ਸਿੰਘ, ਮੋਹਣ ਲਾਲ ਹਮਰਾਜ ਆਦਿ ਹਾਜਰ ਸਨ ।

# ਲੋਕ ਚੇਤਨਾ ਸੈਮੀਨਾਰ ਕਰਵਾ ਕੇ ਮਨਾਇਆ ਡਾਕਟਰ ਅੰਬੇਦਕਰ ਦਾ ਜਨਮ ਦਿਨ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਡੈਮੋਕਰੈਟਿਕ ਟੀਚਰਜ ਫਰੰਟ ਪੰਜਾਬ ਇਕਾਈ ਹੁਸ਼ਿਆਰਪੁਰ ਵਲੋਂ ਗੜਸ਼ੰਕਰ ਵਿਖੇ ਭਾਰਤ ਸ਼ੋਸ਼ਿਤ ਸਮਾਜ ਦੀ ਮੁਕਤੀ ਲਈ ਪੂਰਾ ਜੀਵਨ ਲਾਉਣ ਵਾਲੇ ਡਾ.ਬੀ ਆਰ ਅੰਬੇਦਕਰ ਜੀ ਦਾ ਜਨਮ ਦਿਨ ਲੋਕ ਚੇਤਨਾ ਸੈਮੀਨਾਰ ਕਰਕੇ ਮਨਾਇਆ। ਇਸ ਸੈਮੀਨਾਰ ਦੀ ਪ੍ਰਧਾਨਗੀ ਮੁਕੇਸ਼ ਕੁਮਾਰ,ਮੈਡਮ ਇੰਦਰਜੀਤ ਕੌਰ,ਮੈਡਮ ਖੁਸ਼ਵਿੰਦਰ ਕੌਰ ਨੇ ਕੀਤੀ। ਸੈਮੀਨਾਰ ਵਿੱਚ ਬੋਲਦਿਆਂ ਮੁੱਖ ਬੁਲਾਰੇ ਉੱਘੇ ਲੇਖਕ ਅਜਮੇਰ ਸਿੱਧੂ ਨੇ ਕਿਹਾ ਕਿ ਡਾ.ਅੰਬੇਦਕਰ ਜੀ ਦੀ ਜੀਵਨ ਘਾਲਣਾ ਨੂੰ ਅੱਖੋ ਪਰੋਖੇ ਨਹੀ ਕੀਤਾ ਜਾ ਸਕਦਾ ਉਹਨਾਂ ਦੀ ਸਿੱਖਿਆ ਕਿਸੇ ਇੱਕ ਵਰਗ ਨੂੰ ਸਗੋ ਪੂਰੇ ਸਮਾਜ ਦੇ ਸ਼ੋਸ਼ਿਤ ਵਰਗ ਲਈ ਹੈ। ਉਹਨਾਂ ਭਾਰਤੀ ਲੋਕਾਂ ਦੇ ਮੁੱਖ ਦੁਸ਼ਮਣਾਂ ਪੂੰਜੀਵਾਦ ਅਤੇ ਮਨੂਵਾਦ ਵਾਰੇ ਗੱਲ ਕਰਦਿਆਂ ਇਸ ਸਮੇ ਇਹਨਾਂ ਖਿਲਾਫ਼ ਸ਼ੰਘਰਸ਼ ਕਰਨ ਦਾ ਸੱਦਾ ਦਿੱਤਾ ਅਤੇ ਸਾਂਝੀ ਲੜਾਈ ਲੜ ਕੇ ਹੀ ਜਾਤ ਪਾਤ ਰਹਿਤ ਸਮਾਜ ਸਿਰਜਿਆ ਜਾ ਸਕਦਾ ਹੈ। ਇਸ ਸਮੇਂ ਡੀ ਟੀ ਐੱਫ ਦੇ ਸੂਬਾ ਜਨਰਲ ਸਕੱਤਰ ਮੁਕੇਸ਼ ਕੁਮਾਰ, ਬਲਵੀਰ ਖਾਨਪੁਰੀ, ਮੈਡਮ ਇੰਦਰਜੀਤ ਕੌਰ ਖੁਸ਼ਵਿੰਦਰ ਕੌਰ ਡੀ ਪੀ ਈ, ਮਜਦੂਰ ਆਗੂ ਸੋਢੀ ਰਾਮ ਤੇ ਬਲਰਾਮ ਬਾਲਾ, ਨਰੰਜਣ ਸਿੰਘ ਚਾਂਦਪੁਰ ਰੁੜਕੀ, ਜਰਨੈਲ ਸਿੰਘ ਨੇ ਕਿਹਾ ਕਿ ਅਜੋਕੇ ਸਮੇ ਵਿੱਚ ਮਨੁੱਖ ਲਈ ਸਿੱਖਿਆ ਤੇ ਸਿਹਤ ਮੁੱਖ ਮੁੱਦੇ ਨੇ ਜਿਸਨੂੰ ਸਮੇ ਦੇ ਹਾਕਮ ਮਹਿੰਗੀ ਕਰਕੇ ਆਮ ਲੋਕਾਂ ਤੋ ਇਹਨਾਂ ਅਧਿਕਾਰਾ ਨੂੰ ਖੋਹ ਰਹੀ ਹੈ ਜਿਵੇ ਪੁਰਾਤਨ ਸਮੇ ਵਿੱਚ ਵਿਦਿਆ ਸੁਣਨ ਤੋ ਰੋਕਣ ਲਈ ਕੰਨਾਂ ਵਿੱਚ ਸਿੱਕਾ ਢਾਲਣਾ ਦੇ ਸਮਾਨ ਹੈ। ਇਸ ਸਮੇਂ ਸੈਮੀਨਾਰ ਚਰਚਾ ਵਿੱਚ ਹੰਸ ਰਾਜ ਗੜ੍ਹਸ਼ੰਕਰ, ਰਮੇਸ਼ ਕੁਮਾਰ ਮਲਕੋਵਾਲ, ਸੱਤਪਾਲ ਕਲੇਰ, ਮਨਜੀਤ ਸਿੰਘ ਬਾਬਾ, ਜਗਦੀਪ ਸਿੰਘ, ਅਮਰਜੀਤ ਸਿੰਘ ਬੰਗੜ, ਸੰਜੀਵ ਕੁਮਾਰ, ਵਿਪਨ ਭੱਮੀਆਂ, ਤਰਕਸੀਲ ਆਗੂ ਡਾ ਰਾਮ ਲਾਲ, ਤਰਲੋਕ ਸਿੰਘ ਮਿੰਟੂ ਕਾਲੇਵਾਲ ਲੱਲੀਆਂ, ਕਿਰਨਜੀਤ ਸਿੰਘ ਹੈਪੀ ਕਾਲੇਵਾਲ ਅਤੇ ਸੰਨੀ ਕੁਮਾਰ, ਜੀਵਨ ਜਾਗ੍ਰਿਤੀ ਮੰਚ ਤੋ ਸੇਵਾਮੁਕਤ ਚੀਫ ਮੈਨੇਜਰ ਹਰਦੇਵ ਰਾਏ, ਹਰੀ ਲਾਲ ਨਫਰੀ ਰਿਟਾਇਰਡ ਤਹਿਸੀਲਦਾਰ, ਡਾ.ਬੀ ਆਰ ਅੰਬੇਦਕਰ ਮਿਸ਼ਨ ਟਰੱਸਟ ਵਲੋ ਰਜਿੰਦਰ ਸਿੰਘ ਤੇ ਪੀਤੰਬਰ ਲਾਲ ਸੂਦ ਨੇ ਵੀ ਭਾਗ ਲਿਆ।

## ਆਲ ਇੰਡੀਆ ਫੇਅਰ ਪ੍ਰਾਈਜ਼ ਸ਼ਾਪ ਡੀਲਰਜ਼ ਫੈਡਰੇਸ਼ਨ ਨੇ ਕਟਾਰੂ ਚੱਕ ਨੂੰ ਦਿੱਤਾ ਮੰਗ ਪੱਤਰ



**ਫਗਵਾੜਾ ( ਡਾ. ਰਮਨ )** ਆਲ ਇੰਡੀਆ ਫੇਅਰ ਪ੍ਰਾਈਜ ਸ਼ਾਪ ਡੀਲਰਜ਼ ਫੈਡਰੇਸ਼ਨ ਦਾ ਇਕ ਵਫਦ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸੁਰਿੰਦਰ ਸਿੰਘ ਸ਼ਿੰਦਾ, ਫਗਵਾੜਾ ਚੇਅਰਮੈਨ ਬੀਰਾ ਰਾਮ ਬਲਜੋਤ ਅਤੇ ਪ੍ਰਧਾਨ ਸੁਰਿੰਦਰ ਮੋਹਨ ਦੀ ਪ੍ਰਧਾਨਗੀ ਹੇਠ ਪੰਜਾਬ ਸਰਕਾਰ ਦੇ ਕੈਬਿਨੇਟ ਮੰਤਰੀ ਲਾਲ ਚੰਦ ਕਟਾਰੂਚੱਕ ਨੂੰ ਮਿਲਿਆ। ਇਸ ਦੌਰਾਨ ਉਹਨਾਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਇਕ ਮੰਗ ਪੱਤਰ ਦਿੰਦਿਆਂ ਮੰਗ ਕੀਤੀ ਕਿ ਪੁਰਾਣੀ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਅਧੀਨ ਅਨਾਜ ਦੀ ਸਪਲਾਈ ਪਹਿਲਾਂ ਵਾਂਗ ਜਾਰੀ ਰੱਖੀ ਜਾਵੇ। ਘੱਟੋ-ਘੱਟ ਪੰਜਾਹ ਹਜ਼ਾਰ ਰੁਪਏ ਦੀ ਮਾਸਿਕ ਆਮਦਨੀ ਸਿਰਫ਼ ਮਾਣ-ਭੱਤੇ ਦੇ ਰੂਪ ਵਿੱਚ ਯਕੀਨੀ ਬਣਾਈ ਜਾਵੇ। ਕੇਂਦਰ ਸਰਕਾਰ ਵਲੋਂ ਨਿਯੁਕਤ ਕੀਤੀ ਤੀਜੀ ਪਾਰਟੀ ਵਰਲਡ ਫੂਡ ਪ੍ਰੋਗਰਾਮ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ 764/-ਰੁਪਏ ਪ੍ਰਤੀ ਕੁਇੰਟਲ ਮਾਰਜਨ ਦਿੱਤਾ ਜਾਵੇ। ਕਾਰਡ ਧਾਰਕਾਂ ਦੇ ਸ਼ੋਸ਼ਣ ਨੂੰ ਘੱਟ ਕਰਨ ਲਈ, ਮਾਣਯੋਗ ਰਾਜ ਮੰਤਰੀ, ਖਪਤਕਾਰ ਮਾਮਲੇ ਭੋਜਨ ਅਤੇ ਜਨਤਕ ਵੰਡ ਵਿਭਾਗ ਦੁਆਰਾ ਆਧਾਰ ਨੰਬਰ ਨੂੰ ਜੋੜ ਕੇ ਈ.ਪੀ.ਓ.ਐਸ ਰਾਹੀਂ ਵੰਡ ਦੀ ਪ੍ਰਵਾਨਗੀ ਪ੍ਰਭਾਵਿਤ ਕਾਰਡ ਧਾਰਕਾਂ ਨੂੰ ਤੁਰੰਤ ਦਿੱਤੀ ਜਾਵੇ। ਚਾਵਲ, ਕਣਕ ਅਤੇ ਖੰਡ ਦੀ ਸੰਭਾਲ ਦੇ ਨੁਕਸਾਨ ਦੀ ਘੱਟ ਤੋਂ ਘੱਟ 1 ਕਿਲੋਗ੍ਰਾਮ ਪ੍ਰਤੀ ਕਵਿੰਟਲ ਦੀ ਪ੍ਰਵਾਨਗੀ ਦਿੱਤੀ ਜਾਵੇ। ਖਾਣਯੋਗ ਤੇਲ , ਦਾਲਾਂ ਅਤੇ ਚੀਨੀ ਦੀ ਸਪਲਾਈ ਉਚਿਤ ਮੁੱਲ ਦੁਕਾਨਾਂ ਰਾਹੀਂ ਕੀਤੀ ਜਾਵੇ। ਇਸ ਤੋਂ ਇਲਾਵਾ ਅਨਾਜ ਦੀ ਸਪਲਾਈ ਸਣ (ਜੂਟ) ਦੀਆਂ ਬੋਰੀਆਂ ਵਿੱਚ ਯਕੀਨੀ ਬਣਾਈ ਜਾਵੇ। ਪੇਂਡੂ ਇਲਾਕਿਆਂ ਵਿਚੱ ਉਚਿਤ ਮੁਲ ਦੁਕਾਨਾਂ ਦੇ ਡੀਲਰਾਂ ਨੂੰ ਚਾਵਲ, ਅਤੇ ਕਣਕ ਲਈ ਪ੍ਰਤੱਖ ਖਰੀਦ ਏਜੰਟ (ਡੀਪੀਏ) ਵਜੋਂ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ। ਕਟਾਰੂਚੱਕ ਨੇ ਭਰੋਸਾ ਦਿੱਤਾ ਕਿ ਉਹਨਾਂ ਦੀਆਂ ਜਾਇਜ ਮੰਗਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਸਹਿਮਤੀ ਨਾਲ ਮੰਨਜੂਰ ਕਰਵਾਇਆ ਜਾਵੇਗਾ। ਇਸ ਮੌਕੇ ਨਿਰਮਲ ਸਿੰਘ, ਦਿਲਬਾਗ ਰਾਏ, ਮਲਵਿੰਦਰ ਸਿੰਘ, ਇੰਦਰਜੀਤ, ਪ੍ਰਸ਼ਾਂਤ ਕੁਮਾਰ ਸਿੰਘ, ਅਲਕਾ ਯਾਦਵ, ਸਰਬਜੀਤ ਸਿੰਘ, ਜਸਪਾਲ ਸਿੰਘ, ਸੁਮਨ ਬਾਲਾ, ਅਰੁਣ ਧੀਰ, ਸਤਪਾਲ, ਹੁਸਨ ਲਾਲ, ਜੋਗਿੰਦਰ ਕੌਰ ਆਦਿ ਹਾਜਰ ਸਨ।

## ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ 'ਚ ਵਿਸਾਖੀ ਸਮਾਗਮ



**ਕਪੂਰਥਲਾ, ( ਹਨੀ )** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਵਿਸਾਖੀ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਦੌਰਾਨ ਵਿਦਿਆਰਥੀਆਂ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਵੱਖ ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ ।ਜੂਨੀਅਰ ਵਿੰਗ ਦੇ ਵਿਦਿਆਰਥੀਆਂ ਵੱਲੋਂ ਪੰਜਾਬੀ ਪਹਿਰਾਵੇ ਰਾਹੀਂ ਕੀਤੀ ਮਾਡਲਿੰਗ ਖਿੱਚ ਦਾ ਕੇਂਦਰ ਰਹੀ । ਵਿਸਾਖੀ ਨਾਲ ਸਬੰਧਿਤ ਕਵਿਤਾ ਉਚਾਰਨ ਅਤੇ ਭਾਸ਼ਣ ਮੁਕਾਬਲਾ ਵੀ ਕਰਵਾਇਆ ਗਿਆ । ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਭੰਗੜੇ ਤੇ ਗਿੱਧੇ ਨੇ ਵਿਸਾਖੀ ਸਮਾਗਮ ਨੂੰ ਯਾਦਗਾਰੀ ਬਣਾ ਦਿੱਤਾ । ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਸਮੂਹ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਦਿਹਾੜੇ ਦੀ ਵਧਾਈ ਦਿੱਤੀ । ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਆਪਣੇ ਪੰਜਾਬੀ ਸੱਭਿਆਚਾਰ ਨੂੰ ਬਚਾਈ ਰੱਖਣ ਦਾ ਸੁਨੇਹਾ ਵੀ ਦਿੱਤਾ ।

## ਬਾਬਾ ਸਾਹਿਬ ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਟ

**ਫਿਲੌਰ (ਨਿਰਮਲ)**- ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਸਾਹਿਬ ਅੰਬੇਡਕਰ ਚੌਂਕ ਫਿਲੌਰ ਵਿਖੇ ਬਾਬਾ ਸਾਹਿਬ ਜੀ ਦੇ ਲੱਗੇ ਬੁੱਤ ਉੱਤੇ ਫੁੱਲਾਂ ਦੇ ਹਾਰ ਪਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਹਰੀਪੁਰ ਖਾਲਸਾ ਡੇਰਾ ਰਿਸ਼ੀ ਠਾਕੁਰ ਦਾਸ ਤੋਂ ਮੁੱਖ ਸੇਵਾਦਾਰ ਰਾਮ ਸੇਵਕ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਨੇ ਦੇਸ਼-ਵਿਦੇਸ਼ ਦੇ ਲੋਕਾਂ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬਾਬਾ ਸਾਹਿਬ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਦੇ ਹੋਏ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆ ਦੇ ਉਨ੍ਹਾਂ ਦਾ ਭਵਿੱਖ ਉੱਜਵਲ ਕੀਤਾ ਜਾਵੇ। ਇਸ ਮੌਕੇ ਪ੍ਰਧਾਨ ਰਾਜ ਕੁਮਾਰ ਸੰਧੂ, ਤਾਰਾ ਚੰਦ ਜੱਗੂ ਸਕੱਤਰ, ਸੋਹਣ ਲਾਲ ਖਾਲੜੇ, ਬਾਬਾ ਪਰਮਜੀਤ ਸਿੰਘ, ਮਹਿੰਦਰ ਰਾਮ ਚੁੰਬਰ ਅਤੇ ਵੱਡੀ ਗਿਣਤੀ 'ਚ ਪ੍ਰਮੁੱਖ ਵਿਅਕਤੀ ਹਾਜ਼ਰ ਸਨ।



# ਜ਼ਹਿਰੀਲੇ ਸੱਪਾਂ ਦੀ ਪਹਿਚਾਣ ਤੇ ਇਲਾਜ ਸੰਬੰਧੀ ਜਾਗਰੂਕਤਾ ਸੈਮੀਨਾਰ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇੱਕ ਰਾਸ਼ਟਰ ਪੱਧਰੀ ਸਟਡੀ ਦੇ ਮੰਤਵ ਨਾਲ ਸਿਵਲ ਸਰਜਨ ਡਾ: ਬਲਵਿੰਦਰ ਕੁਮਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ: ਕਰਨ ਕੁਮਾਰ ਸੈਣੀ ਦੀ ਅਗਵਾਈ ਹੇਠ ਸਰਕਾਰੀ ਹਸਪਤਾਲ ਟਾਂਡਾ ਵਿਖੇ ਬਲਾਕ ਦੀਆਂ ਸਮੂਹ ਆਸ਼ਾ ਫਸਿਲਿਟੇਟਰ ਅਤੇ ਆਸ਼ਾ ਵਰਕਰਾਂ ਨੂੰ ਜਹਿਰੀਲੇ ਸੱਪਾਂ ਅਤੇ ਜਹਿਰ ਰਹਿਤ ਸੱਪਾਂ ਦੀ ਪਹਿਚਾਣ ਦੇ ਨਾਲ-ਨਾਲ ਡੰਗਣ 'ਤੇ ਕੀ ਕਰਨਾ ਚਾਹੀਦਾ ਹੈ , ਸਬੰਧੀ ਇੱਕ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ । ਡਾ: ਪ੍ਰਭਦੀਪ ਕੌਰ ਅਤੇ ਡਾ: ਗਗਨ ਅਗਰਵਾਲ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸੱਪ ਦਾ ਡੰਗਣਾ ਇੱਕ ਗੰਭੀਰ ਅਤੇ ਜਾਨਲੇਵਾ ਘਟਨਾ ਹੈ , ਜਿਸ ਵਿੱਚ ਤੁਰੰਤ ਡਾਕਟਰੀ ਸਹਾਇਤਾ ਦੀ ਜਰੂਰਤ ਪੈਂਦੀ ਹੈ। ਉਹਨਾਂ ਦੱਸਿਆ ਕਿ ਸੰਸਾਰ ਵਿੱਚ 3000 ਤੋਂ ਵੱਧ , ਭਾਰਤ ਵਿੱਚ 300 ਦੇ ਕਰੀਬ ਅਤੇ ਪੰਜਾਬ ਵਿੱਚ ਲਗਭਗ 20 ਸੱਪਾਂ ਦੀਆਂ ਪਰਜਾਤੀਆਂ ਪਾਈਆਂ ਜਾਂਦੀਆ ਹਨ, ਜਿਨ੍ਹਾਂ ਵਿੱਚੋਂ ਪ੍ਰਮੁੱਖ 3 ਪ੍ਰਜਾਤੀਆਂ ਵਿੱਚ ਰਸਲਜ ਵਾਇਪਰ, ਕਾਮਨ ਕਰੇਟ ਅਤੇ ਸਪੈਕਟੈਕਲਡ ਕੋਵਰਾ ਹਨ। ਉਹਨਾਂ ਦੱਸਿਆ ਕਿ ਸੱਪ ਦੇ ਡੰਗਣ ਤੇ ਘਬਰਾਉਣ ਦੀ ਬਜਾਏ ਮਰੀਜ ਨੂੰ ਸ਼ਾਂਤ ਅਤੇ ਸਥਿੱਰ ਰੱਖੋ ਤਾਂ ਜੋ ਕਿ ਬਲੱਡ ਪ੍ਰੈਸ਼ਰ ਕਾਬੂ ਵਿੱਚ ਰਹੇ ਜਿਸ ਨਾਲ ਸਰੀਰ ਵਿੱਚ ਜਹਿਰ ਤੇਜੀ ਨਾਲ ਨਹੀਂ ਫੈਲੇਗਾ , ਜੇਕਰ ਕੋਈ ਸੱਪ ਡੰਗਦਾ ਹੈ ਤਾਂ ਤੁਰੰਤ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ , ਸੱਪ ਦੇ ਜਹਿਰ ਨੂੰ ਰੋਕਣ ਲਈ ਤੁਰੰਤ ਨੇੜੇ ਦੇ ਹਸਪਤਾਲ ਜਿੱਥੇ ਐਂਟੀ ਸਨੇਕ ਵੈਨਮ ਜਰੂਰਤ ਲਗਵਾਉਣੀ ਚਾਹੀਦੀ ਹੈ। ਸੱਪ ਦੇ ਡੰਗਣ ਵਾਲੇ ਹਿੱਸੇ ਵਿੱਚ ਸੋਜ ਹੋ ਸਕਦੀ ਹੈ ਇਸ ਲਈ ਤੁਰੰਤ ਅੰਗੂਠੀ ਘੜੀ ਜਾਂ ਹੋਰ ਕੋਈ ਗਹਿਣਾ ਉਤਾਰ ਦਿਓ, ਵਿਅਕਤੀ ਨੂੰ ਖਾਣ ਨੂੰ ਕੁੱਝ ਵੀ ਨਾ ਦਿੱਤਾ ਜਾਵੇ। ਵਿਅਕਤੀ ਦੇ ਡੰਗੇ ਹੋਏ ਸਰੀਰ ਦੇ ਹਿੱਸੇ ਨੂੰ ਸਥਿੱਰ ਰੱਖਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ: ਬਲਜੀਤ ਕੌਰ, ਡਾ: ਬਿਕਰਮਜੀਤ ਸਿੰਘ, ਡਾ: ਕਰਤਾਰ ਸਿੰਘ, ਡਾ: ਸ਼ਗੁਨ, ਡਾ: ਇੰਦਰਜੀਤ ਸੋਨੀਆ, ਅਵਤਾਰ ਸਿੰਘ ਬੀ.ਈ.ਈ, ਹਾਜਰ ਸਨ।

## ਸਰਕਾਰ ਬੋਲਣ ਦੀ ਅਜ਼ਾਦੀ ਦੇ ਸੰਵਿਧਾਨਕ ਹੱਕਾਂ ਦਾ ਕਰ ਰਹੀ ਹੈ ਘਾਣ : ਚਾਹਲ



**ਜਲੰਧਰ (ਸ਼ੈਲੀ ਐਲਬਰਟ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ,ਕਾਰਜਕਾਰੀ ਸਕੱਤਰ ਗੁਰਵਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਸੁਰਜੀਤ ਮੋਹਾਲੀ, ਸਹਾਇਕ ਪ੍ਰੈਸ ਸਕੱਤਰ ਕਰਨੈਲ ਫਿਲੌਰ ਆਦਿ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਮੰਤਰੀ ਨਾਲ ਕੱਚੇ ਅਧਿਆਪਕਾਂ ਦੀ ਮੀਟਿੰਗ ਵਿੱਚ ਆਪਣੀ ਗੱਲ ਰੱਖਣ ਗਏ ਵਲੰਟੀਅਰ ਕੱਚੇ ਅਧਿਆਪਕ ਆਗੂਆਂ 'ਤੇ ਹੁੱਲੜਬਾਜੀ ਤੇ ਸਿੱਖਿਆ ਮੰਤਰੀ ਦੀ ਕਾਰ ਭੰਨਣ ਦਾ ਦੋਸ਼ ਲਗਾ ਕੇ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰਨ ਦਾ ਪੱਤਰ ਜਾਰੀ ਕਰਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ? ਚਾਹਲ ਨੇ ਇਸ ਵਰਤਾਰੇ ਨੂੰ ਵਿਚਾਰ ਪ੍ਰਗਟ ਕਰਨ ਦੀ ਸੰਵਿਧਾਨਕ ਅਜ਼ਾਦੀ ਤੇ ਹਮਲਾ ਕਰਾਰ ਦਿੱਤਾ ਹੈ, ਉਨ੍ਹਾਂ ਕਿਹਾ ਹੈ ਕਿ ਸਰਕਾਰ ਇੱਕ ਪਾਸੇ ਤਾਂ ਕੱਚੇ ਅਧਿਆਪਕਾਂ ਨੂੰ ਰੈਗੂਲਰ ਕਰਨ ਦੇ ਝੂਠੇ ਪ੍ਰਚਾਰਕ ਹਰ ਰੋਜ਼ ਅਖਬਾਰਾਂ ਤੇ ਮੀਡੀਆ ਵਿੱਚ ਕਰ ਰਹੀ ਹੈ ਤੇ ਦੂਸਰੇ ਪਾਸੇ ਆਪਣੀਆਂ ਸਮੱਸਿਆਵਾਂ ਦੱਸਣ ਗਏ ਅਧਿਆਪਕਾਂ ਦੀਆਂ ਮੰਗਾਂ ਸੁਣਨ ਦੀ ਬਜਾਇ ਉਨ੍ਹਾਂ ਦੀ ਜਬਾਨਬੰਦੀ ਕੀਤੀ ਜਾ ਰਹੀ ਹੈ। ਇਸ ਸਮੇਂ ਕੁਲਦੀਪ ਪੂਰੋਵਾਲ, ਮੰਗਲ ਟਾਂਡਾ,ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ, ਗੁਰਪ੍ਰੀਤ ਅੰਮੀਵਾਲ, ਦੇਵੀ ਦਿਆਲ, ਬਲਵਿੰਦਰ ਭੁੱਟੋ, ਰਜੇਸ਼ ਕੁਮਾਰ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਜਗਜੀਤ ਸਿੰਘ ਮਾਨ, ਪ੍ਰਭਜੀਤ ਸਿੰਘ ਰਸੂਲਪੁਰ, ਪੁਸ਼ਪਿੰਦਰ ਪਟਿਆਲਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਨੀਰਜ ਯਾਦਵ, ਪਰਮਜੀਤ ਸ਼ੇਰੇਵਾਲ, ਮਨਜੀਤ ਬਰਾੜ, ਕੁਲਦੀਪ ਸਿੰਘ, ਦਿਲਦਾਰ ਭੰਡਾਲ, ਸਰਬਜੀਤ ਸਿੰਘ ਬਰਾੜ, ਬਿਕਰਮਜੀਤ ਸਿੰਘ, ਸੁੱਚਾ ਸਿੰਘ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਸਤਵੰਤ ਸਿੰਘ ਤੇ ਦਿਲਬਾਗ ਸਿੰਘ ਆਦਿ ਆਗੂ ਹਾਜ਼ਰ ਸਨ?

## ਸਾਂਝੇ ਫਰੰਟ ਵਲੋਂ ਕੀਤੇ ਜਾਣ ਵਾਲੇ ਝੰਡਾ ਮਾਰਚ ਦੀ ਤਿਆਰੀ ਲਈ ਮੀਟਿੰਗ ਭਲਕੇ

**ਜਲੰਧਰ (ਥਾਪਾ)**-ਪੰਜਾਬ-ਯੂ.ਟੀ.ਮੁਲਾਜਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਲੋਕ ਸਭਾ ਜਲੰਧਰ ਦੀ ਹੋ ਰਹੀ ਜ਼ਿਮਨੀ ਚੋਣ ਸਮੇਂ 23 ਅਪ੍ਰੈਲ ਨੂੰ ਆਦਮਪੁਰ ਵਿਖੇ, 30 ਅਪ੍ਰੈਲ ਨੂੰ ਨਕੋਦਰ ਵਿਖੇ ਅਤੇ 07 ਮਈ ਨੂੰ ਜਲੰਧਰ ਸ਼ਹਿਰ ਵਿਖੇ ਝੰਡਾ ਮਾਰਚ ਕੀਤਾ ਜਾ ਰਿਹਾ ਹੈ। ਪ.ਸ.ਸ.ਫ. ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵਲੋਂ ਮੁਲਾਜਮ ਆਗੂਆਂ ਨੂੰ ਗੱਲਬਾਤ ਕਰਨ ਦਾ ਸਮਾਂ ਦੇ ਕੇ, ਵਾਰ-ਵਾਰ ਗੱਲਬਾਤ ਕਰਨ ਤੋਂ ਭੱਜਣ ਕਾਰਨ ਪੰਜਾਬ ਸਰਕਾਰ ਦੀ ਵਾਇਦਾ ਖਿਲਾਫੀ ਵਿਰੁੱਧ ਪੰਜਾਬ ਦੇ ਮੁਲਾਜਮ ਆਪਣੇ ਗੁੱਸੇ ਦਾ ਰੋਹ ਭਰਪੂਰ ਪ੍ਰਗਟਾਵਾ ਕਰਨਗੇ ਇਸ ਦੀ ਤਿਆਰੀ ਲਈ ਸਾਂਝੇ ਫਰੰਟ ਜ਼ਿਲ੍ਹਾ ਜਲੰਧਰ ਦੀ ਮੀਟਿੰਗ 17 ਅਪ੍ਰੈਲ ਨੂੰ 2:30 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਬੁਲਾਈ ਗਈ ਹੈ ਤਾਂ ਜੋ ਜ਼ਿਮਨੀ ਚੋਣ ਸਮੇਂ ਆਦਮਪੁਰ, ਨਕੋਦਰ ਅਤੇ ਜਲੰਧਰ ਵਿਖੇ ਕੀਤੇ ਜਾਣ ਵਾਲੇ ਝੰਡਾ ਮਾਰਚ ਦੇ ਐਕਸ਼ਨ ਨੂੰ ਸਫਲਤਾ ਪੂਰਬਕ ਨੇਪਰੇ ਚਾੜ੍ਹਿਆ ਜਾ ਸਕੇ ਅਤੇ ਲੋਕਾਂ ਵਿੱਚ ਮੁਲਾਜਮ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਨਕਾਰਾਤਮਕ ਪਹੁੰਚ ਨੂੰ ਨੰਗਾ ਕੀਤਾ ਜਾ ਸਕੇ। ਇਸ ਮੌਕੇ ਬਾਸੀ ਨਾਲ ਪ.ਸ.ਸ.ਫ. ਦੇ ਜ਼ਿਲ੍ਹਾ ਪ੍ਰਧਾਨ ਪੁਸਪਿੰਦਰ ਕੁਮਾਰ ਵਿਰਦੀ, ਜ਼ਿਲ੍ਹਾ ਸਕੱਤਰ ਨਿਰਮੋਲਕ ਸਿੰਘ ਹੀਰਾ, ਸੂਬਾ ਕਮੇਟੀ ਮੈਂਬਰ ਕੁਲਦੀਪ ਵਾਲੀਆ, ਤਰਸੇਮ ਮਾਧੋਪੁਰੀ ਅਤੇ ਪੈਨਸ਼ਨਰ ਆਗੂ ਕੁਲਦੀਪ ਸਿੰਘ ਕੌੜਾ ਵੀ ਹਾਜਰ ਸਨ।

## ਵਿਸਾਖੀ 'ਤੇ ਸ਼ਬਦ ਗਾਇਨ ਕਰਦੀਆਂ ਸੰਗਤਾਂ ਗੁਰਦੁਆਰਾ ਸਾਹਿਬ ਪੁੱਜੀਆਂ



**ਰੋਪੜ (ਬਿੰਦਰਾ)** ਵਿਸਾਖੀ ਦਾਸ ਪਵਿੱਤਰ ਦਿਹਾੜਾ, ਖਾਲਸਾ ਸਾਜਨਾ ਦਿਵਸ ਰੋਪੜ ਸੰਗਤਾਂ ਵਲੋਂ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰੇ 5 ਵਜੇ ਗੁਰਦੁਆਰਾ ਟਿੱਬੀ ਸਾਹਿਬ ਕਲਗੀਧਰ ਕੰਨਿਆ ਪਾਠਸ਼ਾਲਾ ਤੋਂ ਨਗਰ ਕੀਰਤਨ ਸਜਾਇਆ ਗਿਆ। ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪੁੱਜਿਆ। ਰਸਤੇ ਵਿੱਚ ਸੰਗਤਾਂ ਲਈ ਥਾਂ ਥਾਂ 'ਤੇ ਦੁੱਧ, ਚਾਹ ਕਾਫੀ, ਬ੍ਰੈਡ ਸੈਂਡਵਿਚ ਵਰਤਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਅੱਗੇ ਭਾਈ ਮੰਝ ਸੇਵਾ ਸੋਸਾਇਟੀ ਦੇ ਸੇਵਾਦਾਰ ਪਾਣੀ ਛਿੜਕਾ ਕਰਕੇ ਝਾੜੂ ਲਗਾ ਰਹੇ ਸਨ। ਸ਼ਬਦ ਗਾਇਨ ਕਰਦੀਆਂ ਸੰਗਤਾਂ ਗੁਰਦੁਆਰਾ ਸਿੰਘ ਸਭਾ ਪੁੱਜੀਆਂ। ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਸੰਗਤਾਂ ਨੂੰ ਪੂੜੀ ਛੋਲੇ ਦਾ ਲੰਗਰ ਵਰਤਾਇਆ ਗਿਆ। ਗੁਰਦੁਆਰਾ ਸ੍ਰੀ ਭੱਠਾ ਸਾਹਿਬ, ਗੁਰਦੁਆਰਾ ਹੈੱਡ ਦਰਬਾਰ ਟਿੱਬੀ ਸਾਹਿਬ ਵਿਖੇ ਹਜਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਮੱਥਾ ਟੇਕਿਆ। ਸਤਲੁਜ ਦਰਿਆ ਤੇ ਕਈਆਂ ਨੇ ਇਸ਼ਨਾਨ ਕੀਤਾ। ਸ਼ਾਮ ਵੇਲੇ ਸਰਹਿੰਦ ਨਹਿਰ ਵਿਚ ਪੰਜਭੀਖਮਾ ਮਨਾਉਣ ਵਾਲੀਆਂ ਬੀਬੀਆਂ ਨੇ ਜਲਦੇ ਹੋਏ ਦੀਵੇ ਬਹਾ ਕੇ ਇਹ ਦਿਨ ਮਨਾਇਆ।

## ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ਉਂਕਾਰ ਸਿੰਘ)**-ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਮਨਾਉਂਦੇ ਹੋਏ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਸਮੇਸ ਨਗਰ ਟਾਂਡਾ ਤੋਂ ਅਮ੍ਰਿਤ ਵੇਲੇ ਮਹਾਨ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਜਾਏ ਗਏ। ਨਗਰ ਕੀਰਤਨ ਦੌਰਾਨ ਸਭ ਤੋਂ ਪਹਿਲਾਂ ਖਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਨਗਰ ਕੀਰਤਨ ਵਿੱਚ ਸਾਮਲ ਸੰਗਤ ਵੱਲੋਂ ਪਵਿੱਤਰ ਸ਼ਬਦ ਗੁਰਬਾਣੀ ਅਤੇ ਸਤਿਨਾਮ ਵਾਹਿਗੁਰੂ ਦਾ ਕਰਦਿਆਂ ਹਾਜਰੀ ਲਗਵਾਈ ਜਾ ਰਹੇ ਸੀ।

ਨਗਰ ਕੀਰਤਨ ਦਾ ਪਿੰਡ ਦੇ ਵੱਖ ਵੱਖ ਚੌਕਾਂ ਵਿਚ ਪਹੁੰਚਣ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਦੇ ਸਵਾਗਤ ਕੀਤਾ ਗਿਆ। ਨਗਰ ਕੀਰਤਨ ਸਮੁੱਚੇ ਪਿੰਡ ਦੀ ਪ੍ਰਕਰਮਾ ਕਰਨ ਉਪਰੰਤ ਸੰਪੰਨ ਹੋਇਆ।

ਨਗਰ ਕੀਰਤਨ ਦੌਰਾਨ ਪ੍ਰਧਾਨ ਸੁਰਜੀਤ ਸਿੰਘ, ਕੌਂਸਲਰ ਜਗਜੀਵਨ ਸਿੰਘ ਜੱਗੀ, ਸਰਧਾ ਸਿੰਘ, ਭਾਈ ਜਸਵੀਰ ਸਿੰਘ, ਨਰਿੰਦਰ ਸਿੰਘ, ਅਵਤਾਰ ਸਿੰਘ, ਮਨਜੀਤ ਸਿੰਘ ,ਸਰਬਜੀਤ ਸਿੰਘ,ਮਾਸਟਰ ਜਸਬੀਰ ਸਿੰਘ, ਜਗਦੀਸ ਕੁਮਾਰ ਰਿੰਕਾ ਅਮਰੀਕ ਸਿੰਘ, ਤਰਸੇਮ ਲਾਲ ,ਮਨਦੀਪ ਸਿੰਘ, ਦਵਿੰਦਰ ਸਿੰਘ, ਲਖਵਿੰਦਰ ਸਿੰਘ, ਸੋਮ ਪ੍ਰਕਾਸ ਆਦਿ ਵੀ ਮੌਜੂਦ ਸਨ।

## ਬਜ਼ੁਰਗਾਂ ਦੀ ਸਾਂਭ-ਸੰਭਾਲ ਤੇ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਜ਼ਰੂਰੀ : ਸਿਵਲ ਸਰਜਨ

**ਕਪੂਰਥਲਾ, ( ਰਵਿੰਦਰ ਸਿੰਘ )** ਵਿਭਾਗ ਵਲੋਂ ਜ਼ਿਲ੍ਹੇ ਦੀਆਂ ਸਮੂਹ ਆਸ਼ਾ ਵਰਕਰਾਂ ਨੂੰ ਮਾਨਸਿਕ ਸਿਹਤ, ਬਜੁਰਗਾਂ ਦੀ ਸਾਂਭ ਸੰਭਾਲ ਸੰਬੰਧੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਨੇ ਦੱਸਿਆ ਕਿ ਬਜੁਰਗਾਂ ਨੂੰ ਕਈ ਤਰ੍ਹਾਂ ਦੀਆਂ ਸਰੀਰਕ ਬੀਮਾਰੀਆਂ ਤੰਗ ਕਰਦੀਆਂ ਹੀ ਹਨ ਨਾਲ ਹੀ ਉਨ੍ਹਾਂ ਦੇ ਪਰਵਾਰ ਵਾਲਿਆਂ ਨੂੰ ਵੀ ਕਈ ਦਿੱਕਤਾਂ ਦਾ ਸਾਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਭਾਵਨਾਤਮਕ ਲਗਾਅ ਤੇ ਸਾਂਭ ਸੰਭਾਲ ਦੇ ਸਹੀ ਤਰੀਕਿਆਂ ਨਾਲ ਬਜੁਰਗਾਂ ਦੀ ਚੰਗੀ ਦੇਖਭਾਲ ਕੀਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਮਾਨਸਿਕ ਸਿਹਤ ਨਾਲ ਜੁੜੇ ਵੀ ਕਈ ਵਹਿਮ ਭਰਮ ਸਮਾਜ ਵਿਚ ਫੈਲੇ ਹਨ। ਉਕਤ ਟ੍ਰੇਨਿੰਗ ਰਾਹੀਂ ਆਸ਼ਾ ਖੁਦ ਜਾਗਰੂਕ ਕਰ ਕੇ ਫੀਲਡ ਵਿਚ ਜਾ ਕੇ ਲੋਕਾਂ ਨੂੰ ਇਨ੍ਹਾਂ ਵਹਿਮਾਂ ਭਰਮਾਂ ਤੋਂ ਦੂਰ ਰਹਿ ਸਹੀ ਇਲਾਜ ਲੈਣ ਲਈ ਜਾਣਕਾਰੀ ਦੇ ਸਕੇਗੀ।



# ਦਾਤਾਰਪੁਰ ਵਿਖੇ ਵਿਸਾਖੀ ਨੂੰ ਸਮਰਪਤ ਦੀ ਰੋਜ਼ਾ ਧਾਰਮਿਕ ਦੀਵਾਨ ਸਜਾਏ



**ਮੋਰਿੰਡਾ (ਜੈਜੀ ਸਰਦਾਰ)**-ਨਜਦੀਕੀ ਪਿੰਡ ਦਾਤਾਰਪੁਰ ਵਿਖੇ ਵਿਸਾਖੀ ਨੂੰ ਸਮਰਪਿਤ ਦੀ ਰੋਜਾ ਧਾਰਮਿਕ ਦੀਵਾਨ ਸਜਾਏ ਗਏ। ਭਾਈ ਹਰਪਾਲ ਸਿੰਘ ਦਾਤਾਰਪੁਰ ਅਤੇ ਭਾਈ ਹਰਨੇਕ ਸਿੰਘ ਦਾਤਾਰਪੁਰ ਨੇ ਦੱਸਿਆ ਕਿ ਇਹ ਦੀਵਾਨਾਂ ਵਿੱਚ ਵਿਸਵ ਰੂਹਾਨੀ ਗੁਰਮਤਿ ਟਰੱਸਟ ਰਤਵਾੜਾ ਸਾਹਿਬ ਦੇ ਸੰਤ ਬਾਬਾ ਲਖਬੀਰ ਸਿੰਘ ਰਤਵਾੜਾ ਵਾਲਿਆਂ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਦੀ ਵਿਸਾਖੀ ਦੇ ਪ੍ਰਸੰਗ ਵਿੱਚ ਸੰਗਤਾਂ ਨੂੰ ਅੰਮ੍ਰਿਤਮਈ ਬਚਨਾਂ ਨਾਲ ਨਿਹਾਲ ਕੀਤਾ। ਉਹਨਾਂ ਸੰਗਤਾਂ ਨੂੰ ਅੰਮ੍ਰਿਤ ਛੱਕ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ। ਉਹਨਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਹੋਕਾ ਦਿੰਦਿਆਂ ਕਿਹਾ ਛੋਟੀ ਉਮਰ ਵਿੱਚ ਬੱਚਿਆਂ ਨੂੰ ਜੇਕਰ ਮਾਵਾਂ ਗੁਰਸਿੱਖੀ ਨਾਲ ਜੋੜਨ ਤਾਂ ਬੱਚੇ ਨਸ਼ਿਆਂ ਤੋਂ ਦੂਰ ਰਹਿ ਕੇ ਆਪਣਾ ਭਵਿੱਖ ਉੱਜਵਲ ਕਰ ਸਕਦੇ ਹਨ। ਇਹਨਾਂ ਸਮਾਗਮਾਂ ਵਿੱਚ ਭਾਈ ਜਸਵੰਤ ਸਿੰਘ ਦੇ ਜਥੇ ਨੇ ਵੀ ਕੀਰਤਨ ਵਿਖਿਆਨ ਕੀਤਾ। ਇਸ ਮੌਕੇ ਭਾਈ ਡਾ. ਸੁਖਵਿੰਦਰ ਸਿੰਘ, ਭਾਈ ਜੋਗਿੰਦਰ ਸਿੰਘ, ਜੋਗਿੰਦਰ ਸਿੰਘ ਬੰਗੀਆਂ , ਜਸਬੀਰ ਸਿੰਘ ਸਾਂਤ ਪੁਰੀ ਨੇ ਵੀ ਸ਼ਿਰਕਤ ਕੀਤੀ। ਪਿੰਡ ਦਾਤਾਰਪੁਰ ਦੇ ਨੌਜਵਾਨਾਂ ਨੇ ਪਰਮਪ੍ਰੀਤ ਸਿੰਘ ਦੀ ਅਗਵਾਈ ਵਿੱਚ ਸਮਾਗਮ ਸਿਰੇ ਚੜ੍ਹਾਉਣ ਲਈ ਦਿਨ ਰਾਤ ਮਿਹਨਤ ਕੀਤੀ। ਮਾਤਾ ਗੁਜਰੀ ਸੇਵਾ ਦਲ ਵਲੋਂ ਭਾਈ ਬਲਬੀਰ ਸਿੰਘ ਸਾਹੇੜੀ ਅਤੇ ਰਣਧੀਰ ਸਿੰਘ ਅਰਨੌਲੀ ਦੀ ਅਗਵਾਈ ਵਿੱਚ ਜੋੜਿਆਂ ਦੀ ਸੇਵਾ ਕੀਤੀ। ਸਮਾਗਮ ਦੇ ਅੰਤ ਵਿੱਚ ਸੰਗਤਾਂ ਨੂੰ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

## ਪੀ. ਸੀ. ਐੱਮ. ਐੱਸ. ਡੀ ਕਾਲਜ ਵਲੋਂ ਨਾਰੀਵਾਦ : ਚਿੰਤਨ ਤੇ ਵਿਸ਼ਲੇਸ਼ਣ ਵਿਸ਼ੇ 'ਤੇ ਰਾਸ਼ਟਰੀ ਵੈਬੀਨਾਰ




**ਜਲੰਧਰ (ਇਕਬਾਲ ਸਿੰਘ ਉੱਭੀ)**-ਪੀ. ਸੀ. ਐਮ. ਐਸ. ਡੀ ਕਾਲਜ ਫਾਰ ਵੂਮੈਨ ਦੇ ਪੰਜਾਬੀ ਵਿਭਾਗ ਵਲੋਂ 'ਨਾਰੀਵਾਦ : ਚਿੰਤਨ ਅਤੇ ਵਿਸ਼ਲੇਸ਼ਣ' ਵਿਸ਼ੇ ਤੇ ਰਾਸ਼ਟਰੀ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਇਸ ਵੈਬੀਨਾਰ ਦੇ ਮੁੱਖ ਬੁਲਾਰੇ ਡਾ.ਰੇਖਾ ਰਾਣੀ (ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ ਆਰੀਆ ਕਾਲਜ, ਅੰਬਾਲਾ ਕੈਂਟ, (ਹਰਿਆਣਾ) ਸਨ। ਆਰੰਭ ਵਿਚ ਡਾ.ਸਿਮਰਜੀਤ ਨੇ ਵੈਬੀਨਾਰ ਦੇ ਭਾਗੀਦਾਰਾਂ ਨਾਲ ਮੁੱਖ ਮਹਿਮਾਨ ਦੀ ਜਾਣ ਪਛਾਣ ਕਰਵਾਈ। ਡਾ.ਰੇਖਾ ਰਾਣੀ ਨੇ ਵਿਸ਼ੇ ਦੀ ਮਹੱਤਤਾ ਬਾਰੇ ਰੋਸਨੀ ਪਾਈ। ਉਹਨਾਂ ਨੇ ਨਾਰੀ ਦੀ ਹੋਂਦ ਅਤੇ ਨਾਰੀ ਦੇ ਅਧਿਕਾਰਾਂ ਨਾਲ ਸੰਬੰਧਿਤ ਆਪਣੇ ਵਿਚਾਰ ਪੇਸ਼ ਕੀਤੇ। ਅਖੀਰ ਵਿੱਚ ਡਾ. ਅੰਜੂ ਬਾਲਾ ਨੇ ਰਿਸੋਰਸ ਪਰਸਨ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ। ਇਸ ਵੈਬੀਨਾਰ ਵਿਚ ਪੰਜਾਬੀ ਵਿਭਾਗ ਦੇ ਅਧਿਆਪਕ ਸ੍ਰੀਮਤੀ ਰਿਤੂ ਗਿੱਲ ਅਤੇ ਅਕਵਿੰਦਰ ਕੌਰ ਵੀ ਮੌਜੂਦ ਰਹੇ। ਇਸ ਮੌਕੇ 'ਤੇ ਪ੍ਰਧਾਨ ਨਰਸ਼ਸ ਕੁਮਾਰ ਬੁਧੀਆ , ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਰਾਸ਼ਟਰੀ ਵੈਬੀਨਾਰ ਦੇ ਸਫਲਤਾਪੂਰਵਕ ਆਯੋਜਨ ਲਈ ਪੰਜਾਬੀ ਵਿਭਾਗ ਨੂੰ ਵਧਾਈ ਦਿੱਤੀ।

## ਡਿਪਟੀ ਸਪੀਕਰ ਨੇ ਖੁਰਾਲਗੜ੍ਹ ਸਾਹਿਬ ਨੇੜੇ ਹੋਏ ਹਾਦਸਿਆਂ 'ਤੇ ਡੂੰਘਾ ਦੁੱਖ ਪ੍ਰਗਟਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੋਡੀ ਨੇ ਗੜ੍ਹਸ਼ੰਕਰ ਦੇ ਨਜ਼ਦੀਕ ਸ੍ਰੀ ਗੁਰੂ ਰਵਿਦਾਸ ਜੀ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਨੂੰ ਜਾਣ ਵਾਲੇ ਰਸਤੇ 'ਤੇ ਦੋ ਵੱਖ-ਵੱਖ ਹਾਦਸਿਆਂ ਵਿਚ ਹੋਈਆਂ ਸੰਗਤਾਂ ਦੀਆਂ ਮੌਤਾਂ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵਲੋਂ ਇਸ ਹਾਦਸੇ ਦੇ ਮ੍ਰਿਤਕਾਂ ਦੇ ਪਰਵਾਰਾਂ ਲਈ 2-2 ਲੱਖ ਰੁਪਏ ਅਤੇ ਜ਼ਖਮੀਆਂ ਦੇ ਇਲਾਜ ਲਈ 1-1 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਹੈ। ਉਨ੍ਹਾਂ ਸਿਵਲ ਹਸਪਤਾਲ ਗੜ੍ਹਸ਼ੰਕਰ ਪਹੁੰਚ ਕੇ ਜ਼ਖ਼ਮੀਆਂ ਦਾ ਹਾਲਚਾਲ ਪੁੱਛਿਆ ਅਤੇ ਉਨ੍ਹਾਂ ਦੇ ਜਲਦ ਸਿਹਤਮੰਦ ਹੋਣ ਦੀ ਕਾਮਨਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਐਸ. ਐਸ. ਪੀ ਸਰਤਾਜ ਸਿੰਘ ਚਾਹਲ, ਐਸ.ਡੀ.ਐਮ ਪ੍ਰੀਤ ਇੰਦਰ ਸਿੰਘ ਬੈਂਸ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਦੋਵਾਂ ਹਾਦਸਿਆਂ ਵਿਚ 10 ਵਿਅਕਤੀਆਂ ਦੀ ਮੌਤ ਹੋਈ ਹੈ, ਜਦਕਿ 20 ਜ਼ਖ਼ਮੀ ਹੋਏ ਹਨ।

# ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਨੇ ਅੰਬੇਡਕਰ ਜਯੰਤੀ ਤੇ ਵਿਸਾਖੀ ਮਨਾਈ




**ਜਲੰਧਰ (ਸ਼ੈਲੀ ਐਲਬਰਟ)**-: ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ, ਜਲੰਧਰ ਨੇ ਬਸੰਤ ਵਾਦੀ ਦੇ ਤਿਉਹਾਰ ਵਿਸਾਖੀ ਅਤੇ ਡਾ. ਬੀ.ਆਰ. ਅੰਬੇਡਕਰ ਦੇ ਜਨਮ ਦਿਨ ਨੂੰ ਸਮਾਨਤਾ ਦਿਵਸ ਵੱਜੋਂ ਮਨਾਇਆ। ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥੀ-ਅਧਿਆਪਕਾਵਾਂ ਅਨਾ ਅਤੇ ਸ਼ਾਲਿਨੀ ਵੱਲੋਂ ਪੇਸ਼ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਡਾ: ਭੀਮ ਰਾਓ ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ । ਉਨ੍ਹਾਂ ਦੱਸਿਆ ਕਿ ਡਾ: ਅੰਬੇਡਕਰ ਨੇ ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੇ ਤਿੰਨ ਬੁਨਿਆਦੀ ਸਿਧਾਂਤਾਂ ਤੇ ਆਧਾਰਿਤ ਸਮਾਜ ਦੀ ਵਕਾਲਤ ਕੀਤੀ। ਉਸਨੇ ਸੰਵਿਧਾਨ ਵਿੱਚ ਸਾਰੇ ਭਾਰਤੀ ਨਾਗਰਿਕਾਂ ਲਈ ਬਰਾਬਰ ਅਧਿਕਾਰਾਂ ਦਾ ਸਮਰਥਨ ਕੀਤਾ। ਸੰਭਾਵੀ ਅਧਿਆਪਕਾਂ-ਆਕ੍ਰਿਤੀ, ਰਾਜੇਸ਼ ਕੁਮਾਰ ਤੰਵਰ, ਰਾਧਿਕਾ ਵਰਮਾ, ਮੇਘਾ ਸ਼ਰਮਾ, ਤਾਨਿਆ ਜੈਨ, ਦੀਕਸ਼ਾ ਹਾਂਡਾ, ਚਾਂਦਨੀ ਗੁਪਤਾ ਦੁਆਰਾ ਡਾ.ਬੀ.ਆਰ. ਅੰਬੇਡਕਰ, ਜਾਤ-ਪਾਤ ਅਤੇ ਛੂਤ-ਛਾਤ ਵਿਰੁੱਧ ਯੋਧਾ ਵਿਸ਼ੇ ਤੇ ਇੱਕ ਸਕਿੱਟ ਪੇਸ਼ ਕੀਤੀ ਗਈ। ਵਿਦਿਆਰਥੀ-ਅਧਿਆਪਕ ਰਾਜੇਸ਼ ਕੁਮਾਰ ਤੰਵਰ, ਜੋ ਡਾ. ਅੰਬੇਡਕਰ ਦਾ ਕਿਰਦਾਰ ਨਿਭਾਉਂਦੇ ਹਨ, ਉਨ੍ਹਾਂ ਦਾ ਹਵਾਲਾ ਦਿੰਦੇ ਹੋਏ ਕਹਿੰਦੇ ਹਨ, ਲੋਕਤੰਤਰ ਸਿਰਫ਼ ਸਰਕਾਰ ਦਾ ਰੂਪ ਨਹੀਂ ਹੈ। ਇਹ ਜ਼ਰੂਰੀ ਤੌਰ 'ਤੇ ਸਾਥੀਆਂ ਲਈ ਸਤਿਕਾਰ ਦਾ ਰਵੱਈਆ ਹੈ । ਵਿਸਾਖੀ ਦਾ ਜਸ਼ਨ ਵਿਦਿਆਰਥੀ-ਅਧਿਆਪਕਾਂ ਦੀਕਸ਼ਾ ਅਤੇ ਮੇਧਵੀ ਦੇ ਭਾਸ਼ਣਾਂ ਨਾਲ ਸ਼ੁਰੂ ਹੋਇਆ, ਜਿਨ੍ਹਾਂ ਨੇ ਦੁਹਰਾਇਆ ਕਿ ਵਿਸਾਖੀ ਸਿੱਖਾਂ ਦੇ ਦੱਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿੱਚ ਸਾਲ 1699 ਵਿੱਚ ਖਾਲਸਾ ਪੰਥ ਦੀ ਸਥਾਪਨਾ ਦੀ ਯਾਦ ਦਿਵਾਉਂਦੀ ਹੈ। ਉਨ੍ਹਾਂ ਭਾਰਤੀ ਕਿਸਾਨਾਂ ਲਈ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਵੀ ਦੱਸਿਆ। ਵਿਦਿਆਰਥੀ-ਅਧਿਆਪਕ ਰੰਗ-ਬਿਰੰਗੇ ਪੁਸ਼ਾਕਾਂ ਵਿੱਚ ਸਜੇ ਹੋਏ ਸਨ। ਆਸ਼ਨਾ ਅਤੇ ਵਿਸ਼ਾਲੀ ਅਰੋੜਾ ਨੇ ਗਿੱਧਾ ਅਤੇ ਭੰਗੜਾ ਪੇਸ਼ ਕੀਤਾ।

ਵਿਦਿਆਰਥਣਾਂ-ਅਧਿਆਪਕਾਵਾਂ ਸੋਨਮ ਅਤੇ ਸੋਨੀਆ ਦੁਆਰਾ ਪੰਜਾਬੀ ਭਾਸ਼ਾ ਵਿੱਚ ਬੋਲੀਆਂ ਅਤੇ ਟੱਪੇ ਦਾ ਪਾਠ ਕੀਤਾ ਗਿਆ, ਜਿਸ ਨੇ ਮਨੋਰੰਜਨ ਵਿੱਚ ਵਾਧਾ ਕੀਤਾ। ਪ੍ਰਿੰਸੀਪਲ ਡਾ: ਅਰਜਿੰਦਰ ਸਿੰਘ ਨੇ ਕਿਹਾ ਕਿ ਕਾਲਜ ਵਿਚ ਹਰ ਸਾਲ ਵਿਸਾਖੀ ਦਾ ਤਿਉਹਾਰ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਭਵਿੱਖ ਦੇ ਅਧਿਆਪਕਾਂ ਤੱਕ ਪਹੁੰਚਾਉਣ ਦੇ ਮੰਤਵ ਨਾਲ ਮਨਾਇਆ ਜਾਂਦਾ ਹੈ ।

# ਵਿਸਾਖੀ ਮੌਕੇ ਕਾਲੀ ਵੇਈਂ ਕੰਢੇ ਪੰਜ ਥਾਈਂ ਸਜਾਏ ਗਏ ਧਾਰਮਿਕ ਦੀਵਾਨ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**

ਵਿਸਾਖੀ ਦੇ ਤਿਉਹਾਰ ਮੌਕੇ ਪਵਿੱਤਰ ਕਾਲੀ ਵੇਈਂ ਦੇ ਪੱਤਨਾਂ ਤੇ ਪੰਜ ਥਾਈਂ ਧਾਰਮਿਕ ਦੀਵਾਨ ਸਜਾਏ ਗਏ ਅਤੇ ਗੁਰਸੰਗਤਾਂ ਵਲੋਂ ਇਸ਼ਨਾਨ ਕੀਤਾ ਗਿਆ। ਵੱਖ ਵੱਖ ਥਾਈਂ ਸਜਾਏ ਗਏ ਧਾਰਮਿਕ ਦੀਵਾਨਾਂ ਦੌਰਾਨ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਖਾਲਸਾ ਪੰਥ ਦੇ ਸਥਾਪਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਤੇ ਨਾਲ ਉਹਨਾਂ ਨੇ ਡਾ. ਬੀ.ਆਰ. ਅੰਬੇਡਕਰ ਜੀ ਨੂੰ ਉਨ੍ਹਾਂ ਦੇ 132ਵੇਂ ਜਨਮ ਦਿਨ ਮੌਕੇ ਯਾਦ ਕੀਤਾ। ਉਹਨਾਂ ਕਿਹਾ ਕਿ ਲਗਾਤਾਰ ਵੱਧ ਰਹੇ ਜਲਵਾਯੂ ਪਰਿਵਤਰਨ ਦੇ ਪ੍ਰਕੋਪ ਨੇ ਜਿੱਥੇ ਰੁੱਤਾਂ ਦਾ ਸਮਾਂ ਬਦਲ ਕੇ ਰੱਖ ਦਿੱਤਾ ਹੈ ਉਥੇ ਹੀ ਆਮ ਲੋਕਾਂ ਜੀਵਨ ਤੇ ਇਸਦਾ ਪ੍ਰਭਾਵ ਪੈ ਰਿਹਾ ਹੈ। ਜਲਵਾਯੂ ਪਰਿਵਰਤਨ ਨੇ ਕਿਸਾਨਾਂ ਦੀਆਂ ਕਣਕ ਦੀ ਵਾਢੀ ਦਾ ਸਮਾਂ ਬਦਲਿਆ ਹੈ ਉੱਥੇ ਹੀ ਅਚਨਚੇਤ ਮੌਸਮ ਤਬਦੀਲੀ ਕਾਰਨ ਫਸਲਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਉਹਨਾਂ ਸੰਗਤਾਂ ਨੂੰ ਸਮਾਗਮ ਦਾ ਇਤਿਹਾਸਿਕ ਪਿਛੋਕੜ ਦੱਸਦਿਆ ਕਿਹਾ ਕਿ ਵਿਸਾਖੀ ਵਾਲੇ ਦਿਨ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ ਤਾਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਲਈ ਸਤਲੁਜ ਦਰਿਆ ਵਿੱਚੋਂ ਨਿਰਮਲ ਜਲ ਲਿਆ ਸੀ ਪਰ ਹੁਣ ਉਸੇ ਸਤਲੁਜ ਦਰਿਆ ਦੇ ਕੰਢੇ ਵੀ ਖੜੇ ਹੋਣਾ ਮੁਸ਼ਕਿਲ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਲਗਭਗ ਸਾਰੀਆਂ ਨਦੀਆਂ ਅੱਜ ਪ੍ਰਦੂਸ਼ਿਤ ਹੋ ਚੁੱਕੀਆਂ ਹਨ। ਵੇਈਂ ਦੇ ਮੁੱਢ ਸਰੋਤ ਨਿਰਮਲ ਕੁਟੀਆ ਗਾਲੋਵਾਲ ਵਿਖੇ ਅੰਮ੍ਰਿਤ ਵੇਲੇ ਤੋਂ ਸੰਗਤਾਂ ਇਸ਼ਨਾਨ ਕਰਨ ਲਈ ਪਹੁੰਚਣ ਲੱਗ ਗਈਆਂ ਸੀ। ਨਿਰਮਲ ਕੁਟੀਆ ਭੁੱਲਥ, ਨਿਰਮਲ ਕੁਟੀਆ ਸੁਭਾਨਪੁਰ, ਨਿਰਮਲ ਕੁਟੀਆ ਭਵਾਨੀਪੁਰ, ਅਤੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਵੀ ਧਾਰਮਿਕ ਦੀਵਾਨ ਸਜਾਏ ਗਏ ਤੇ ਸੰਗਤਾਂ ਦੇ ਵਿਸਾਖੀ ਇਸ਼ਨਾਨ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ। ਸ਼ਾਮ ਦਾ ਦੀਵਾਨ ਨਿਰਮਲ ਕੁਟੀਆ ਸੀਚੇਵਾਲ ਵਿਖੇ ਸਜਾਇਆ ਗਿਆ। ਇਹਨਾਂ ਦੀਵਾਨਾਂ ਵਿੱਚ ਸੰਤ ਅਵਤਾਰ ਸਿੰਘ ਯਾਦਗਾਰੀ ਵਿੱਦਿਆਲਿਆ ਦੇ ਵਿਦਿਆਰਥੀਆਂ, ਭਾਈ ਤਜਿੰਦਰ ਸਿੰਘ ਸਰਪੰਚ ਸੀਚੇਵਾਲ ਸਮੇਤ ਢਾਡੀ, ਕਵੀਸ਼ਰੀ ਅਤੇ ਕੀਰਤਨ ਜਥਿਆਂ ਨੇ ਹਾਜ਼ਰੀ ਭਰੀ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਲਸੂੜੀ ਵਿਖੇ ਡਾ: ਅੰਬੇਡਕਰ ਦਾ ਜਨਮ ਦਿਨ ਮਨਾਇਆ



**ਸ਼ਾਹਕੋਟ (ਗਿਆਨ ਸੈਦਪੁਰੀ)**-ਸਤਿਗੁਰੂ ਵਾਲਮੀਕ ਜੀ ਗੁਰਦੁਆਰਾ ਲਸੂੜੀ ਵਿਖੇ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦਾ ਜਨਮ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸ਼੍ਰੋਮਣੀ ਵਾਲਮੀਕ ਮੰਦਿਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟਿੰਗ ਪ੍ਰਧਾਨ ਜਸਵਿੰਦਰ ਸਿੰਘ ਲਸੂੜੀ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡਾ: ਅੰਬੇਡਕਰ ਨੇ ਮਹਾਰਿਸ਼ੀ ਵਾਲਮੀਕ ਜੀ ਦੀ ਕਲਮ ਦੇ ਸਫਰ ਨੂੰ ਅੱਗੇ ਤੋਰਦਿਆਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਹੋਣ ਦਾ ਮਾਣ ਹਾਸਿਲ ਕੀਤਾ । ਉਹ ਇੱਕ ਮਹਾਨ ਵਿਦਵਾਨ ਸਨ ,ਜਿਨਾਂ ਨੇ ਜਾਤ-ਪਾਤ ,ਉਚ ਨੀਚ ਅਤੇ ਛੂਤ- ਛਾਤ ਦਾ ਸ਼ਿਕਾਰ ਹੋਏ ਭਾਰਤ ਦੇ ਮੂਲ ਨਿਵਾਸੀਆਂ ਨੂੰ ਆਪਣੀ ਹੋਣੀ ਦੇ ਆਪ ਮਾਲਿਕ ਬਣਨ ਲਈ ਪ੍ਰੇਰਿਤ ਕਰਨ ਲਈ ਸਾਰਾ ਜੀਵਨ ਲਾ ਦਿੱਤਾ । ਸੰਵਿਧਾਨ ਅੰਦਰ ਇਨਾਂ ਲੋਕਾਂ ਲਈ ਲਿਖਤੀ ਰੂਪ ਵਿੱਚ ਧਾਰਮਿਕ, ਰਾਜਨੀਤਕ ,ਆਰਥਿਕ ਤੇ ਸਮਾਜਿਕ ਵਿਵਸਥਾ ਪੈਦਾ ਕੀਤੀ । ਡਾ: ਅੰਬੇਡਕਰ ਨੇ ਗਰੀਬ ਵਰਗਾਂ ਨੂੰ ਪੜ੍ਹੋ ਜੁੜੋ ਤੇ ਸੰਘਰਸ਼ ਕਰੋ ਦਾ ਨਾਹਰਾ ਦੇ ਕੇ ਸੱਤਾ ਵਿੱਚ ਆਪਣੀ ਬਣਦੀ ਹਿੱਸੇਦਾਰ ਦੇ ਮਾਲਕ ਬਣਨ ਲਈ ਪ੍ਰੇਰਤ ਕੀਤਾ। ਇਸ ਮੌਕੇ ਹੋਰਨਾਂ ਤੋ ਇਲਾਵਾ ਡਾ: ਸਤਨਾਮ ਸਿੰਘ ,ਬੋਧ ਰਾਜ (ਦੋਵੇ ਗ੍ਰੰਥੀ ) ਗੁਰਪ੍ਰੀਤ ਸਿੰਘ ਮਨੀ,ਬਾਬਾ ਬਲਵਿੰਦਰ ਸਿੰਘ ,ਚਰਨਜੀਤ ਸਿੰਘ ,ਕਰਮ ਚੰਦ ,ਅਕਾਸ਼ ਗਿੱਲ ,ਸੋਨੀ ਅਟਵਾਲ ਆਦਿ ਹਾਜਰ ਸਨ।

# ਵਿਸਾਖੀ ਤੇ ਡਾ. ਬੀ ਆਰ ਅੰਬੇਡਕਰ ਦਾ ਜਨਮ ਦਿਹਾੜਾ ਧੂਮ-ਧਾਮ ਨਾਲ ਮਨਾਇਆ











































**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**
ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਡੀਏਵੀ ਸਕੂਲ ਵਿੱਚ ਵਿਸਾਖੀ ਦਾ ਤਿਉਹਾਰ ਅਤੇ ਡਾਭੀਮ ਰਾਓ ਅੰਬੇਦਕਰ ਜਨਮ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਪ੍ਰਿੰਸੀਪਲ ਮੀਨਾ ਥਾਪਰ ਨੇ ਦੱਸਿਆ ਕਿ ਸਕੂਲ ਦੇ ਮਹਾਤਮਾ ਹੰਸਰਾਜ ਹਾਊਸ ਦੀ ਦੇਖ-ਰੇਖ ਵਿਚ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਸਕੂਲ ਦੇ ਨਰਸਰੀ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਇਸ ਵਿੱਚ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸਕੂਲ ਦੇ ਅਧਿਆਪਕ ਸ਼ਮਸ਼ੇਰ ਸਿੰਘ ਜੱਸਲ ਨੇ ਵਿਸਾਖੀ ਦੇ ਇਤਿਹਾਸਿਕ ਪਿਛੋਕੜ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਸਕੂਲ ਦੀ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਗੁਰਨੂਰ ਘੁੰਮਣ ਨੇ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਜੀਵਨ ਸੰਬੰਧੀ ਵਿਸ਼ੇਸ਼ ਜਾਣਕਾਰੀ ਸਾਂਝੀ ਕੀਤੀ। ਇਸ ਉਪਰੰਤ ਵਿਸਾਖੀ ਨਾਲ ਸਬੰਧਤ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ। ਛੋਟੇ-ਛੋਟੇ ਸਕੂਲੀ ਵਿਦਿਆਰਥੀ ਰੰਗ-ਬਰੰਗੀਆਂ ਪੁਸ਼ਾਕਾਂ ਪਾ ਕੇ ਆਏ। ਇਸ ਮੌਕੇ ਕੁਝ ਸਕੂਲੀ ਵਿਦਿਆਰਥੀਆਂ ਨੂੰ ਨਜ਼ਦੀਕੀ ਖੇਤਾਂ ਵਿੱਚ ਲਿਜਾ ਕੇ ਕਣਕ ਦੀ ਫ਼ਸਲ ਦੀ ਵਾਢੀ ਸਬੰਧੀ ਸ਼ਗਨ ਵੀ ਕਰਾਇਆ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਮੀਨਾ ਥਾਪਰ ਨੇ ਵਿਸਾਖੀ ਦੇ ਇਤਿਹਾਸਕ ਤਿਉਹਾਰ ਦੀ ਮਹੱਤਤਾ ਬਾਰੇ ਅਤੇ ਡਾਕਟਰ ਅੰਬੇਦਕਰ ਜੀ ਦੀ ਭਾਰਤ ਨੂੰ ਦੇਣ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ।

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਨੂੰ ਵਿਸਾਖੀ ਦੀ ਰੰਗਤ ਦੇਣ ਵਾਲੇ ਰਵਾਇਤੀ ਅੰਦਾਜ਼ ਵਿੱਚ ਸਜਾਇਆ ਗਿਆ। ਇਸ ਤਿਉਹਾਰ ਦੇ ਸਬੰਧ ਵਿੱਚ ਸਕੂਲ ਵਿੱਚ ਇੱਕ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਦੀ ਸ਼ੁਰੂਆਤ ਧਾਰਮਿਕ ਗੀਤ ਗਾ ਕੇ ਕੀਤੀ ਗਈ ਤੇ ਉਸ ਤੋਂ ਬਾਅਦ ਬੱਚਿਆਂ ਵੱਲੋਂ ਪੰਜਾਬੀ ਸਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕਰਦਿਆਂ ਜਿਥੇ ਪੰਜਾਬ ਦੇ ਅਮੀਰ ਵਿਰਸੇ ਦੀ ਝਲਕ ਪੇਸ਼ ਕੀਤੀ ਗਈ, ਉਥੇ ਹੀ ਕੋਰਿਓਗ੍ਰਾਫ਼ੀ ਦੀ ਸਫ਼ਲ ਪੇਸ਼ਕਾਰੀ ਰਹੀ ਜਲ੍ਹਿਆਂਵਾਲਾ ਬਾਗ਼ ਦੀ ਦੁਖਦ ਘਟਨਾ ਦੇ ਮੰਚਨ ਕਰਕੇ ਉਥੇ ਸ਼ਹੀਦ ਹੋਏ ਨਿਰਦੋਸ਼ ਭਾਰਤੀਆਂ ਨੂੰ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ। ਸਮਾਗਮ ਦੌਰਾਨ ਸੰਸਥਾ ਦੇ ਚੇਅਰਮੈਨ ਗੁਰਚਰਨ ਸਿੰਘ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਸਾਖੀ ਦਾ ਤਿਉਹਾਰ ਸਿੱਖ ਧਰਮ ਲਈ ਬਹੁਤ ਪਵਿੱਤਰ ਤਿਉਹਾਰ ਹੈ। ਉਨ੍ਹਾਂ ਨੇ ਸਭ ਨੂੰ ਇਸ ਅਵਸਰ 'ਤੇ ਵਧਾਈ ਦਿੱਤੀ। ਸੰਸਥਾ ਦੇ ਪ੍ਰਿੰਸੀਪਲ ਕੁਲਦੀਪ ਸਿੰਘ ਨੇ ਵੀ ਬੱਚਿਆਂ ਨੂੰ ਇਸ ਤਿਉਹਾਰ ਬਾਰੇ ਜਾਣਕਾਰੀ ਦਿੱਤੀ ਅਤੇ ਵਧਾਈ ਦਿੱਤੀ ਗਈ। ਇਸ ਮੌਕੇ ਸੰਸਥਾ ਦੇ ਵਾਈਸ ਚੇਅਰਪਰਸਨ ਕੁਸਵੰਤ ਕੌਰ, ਡਾਇਰੈਕਟਰ ਕਿਰਨਜੋਤ ਕੌਰ, ਮੈਨੇਜਰ ਗੁਰਮੀਤ ਸਿੰਘ ਵੱਲੋਂ ਸਭ ਨੂੰ ਵਿਸਾਖੀ ਤੇ ਡਾ. ਅੰਬੇਦਕਰ ਜਯੰਤੀ ਦੀਆਂ ਮੁਬਾਰਕਾਂ ਦਿਤੀਆਂ।

**ਜਗਰਾਉਂ (ਅਮਿਤ ਖੰਨਾ)**-ਸ੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਰ ਸੀ ਸੈ ਸਕੂਲ ਜਗਰਾਉਂ ਵਿਖੇ " ਫਸਲਾਂ ਦੀ ਮੁੱਕ ਗਈ ਰਾਖੀ ਓ ਜੱਟਾ ਆਈ ਵਿਸਾਖੀ' ਦੇ ਮਹਾਵਾਕ ਅਨੁਸਾਰ ਪ੍ਰਿੰਸੀਪਲ ਨੀਲੂ ਨਰੂਲਾ ਦੀ ਅਗਵਾਈ ਅਧੀਨ ਵਿਸਾਖੀ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਜਯੰਤੀ ਮਨਾਈ ਗਈ। ਦਿਵਸ ਦੀ ਸ਼ੁਰੂਆਤ ਵੰਦਨਾ ਅਤੇ ਦੀਪ ਪ੍ਰਜੂਲਿਤ ਕਰਕੇ ਕੀਤੀ ਗਈ। ਉਪਰੰਤ ਵਿਸਾਖੀ ਦੇ ਤਿਉਹਾਰ ਮਨਾਉਣ ਦੇ ਸੰਦਰਭ ਵਿੱਚ ਜਮਾਤ ਪ੍ਰੀ ਨਰਸਰੀ ਤੋਂ ਦੂਸਰੀ ਤੱਕ ਦੇ ਬੱਚੇ ਪੰਜਾਬੀ ਕੱਪੜੇ ਅਤੇ ਪੰਜਾਬੀ ਖਾਣਾ ਲੈ ਕੇ ਆਏ ਹੋਣ ਕਰਕੇ ਬੱਚਿਆਂ ਨੂੰ ਵਿਸਾਖੀ ਨਾਲ ਸੰਬੰਧਤ ਗੀਤ ਜਿਵੇਂ "ਫ਼ਸਲਾਂ ਦੀ ਮੁੱਕ ਗਈ ,ਰਾਖੀ ਓ ਜੱਟਾ ਆਈ ਵਿਸਾਖੀ"," ਚੱਲ ਨੀ ਪਰੇਮੀਏ ਵਿਸਾਖੀ ਚੱਲੀਏ" ਆਦਿ ਗੀਤਾਂ 'ਤੇ ਨੱਚ-ਗਾ ਕੇ ਆਪਣਾ ਮਨੋਰੰਜਨ ਕਰਦਿਆਂ , ਪੰਜਾਬੀ ਖਾਣੇ ਦਾ ਲੁਤਫ਼ ਉਠਾਉਂਦੇ ਹੋਏ ਖੂਬ ਆਨੰਦ ਮਾਣਿਆ। ਫਿਰ ਬਾਲ ਵਰਗ ਦੇ ਬੱਚਿਆਂ ਦੁਆਰਾ ਵਿਸਾਖੀ ਤਿਉਹਾਰ ਨਾਲ ਸੰਬੰਧਤ ਕਵਿਤਾਵਾਂ ਜਿਵੇਂ "ਆਇਆ ਵਿਸਾਖੀ ਦਾ ਤਿਉਹਾਰ, ਪੱਕ ਗਈ ਵਾਢੀ ਦੀ ਫਸਲ" ਆਦਿ ਗਾਇਆ। ਉਪਰੰਤ ਕਿਸ਼ੋਰ ਵਰਗ ਦੇ ਬੱਚਿਆਂ ਦੁਆਰਾ ਡਾਕਟਰ ਭੀਮ ਰਾਓ ਅੰਬੇਦਕਰ ਜਯੰਤੀ ਉੱਪਰ ਕਵਿਤਾਵਾਂ ਅਤੇ ਅੰਬੇਡਕਰ ਜੀ ਦੇ ਜੀਵਨ ਦੇ ਮਹੱਤਵਪੂਰਨ ਪਹਿਲੂਆਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਿੰਸੀਪਲ ਨੀਲੂ ਨਰੂਲਾ ਨੇ ਡਾ. ਭੀਮ ਰਾਓ ਅੰਬੇਡਕਰ ਬਾਰੇ ਦੱਸਿਆ। ਅੰਤ 'ਚ ਸਭ ਨੂੰ ਵਿਸਾਖੀ ਦੇ ਪਾਵਨ ਤਿਉਹਾਰ ਬਾਰੇ ਵਧਾਈਆਂ ਦੇ ਕੇ ਇਸ ਪਵਿੱਤਰ ਦਿਹਾੜੇ ਦਾ ਸਮਾਪਨ ਕੀਤਾ।

**ਬਾਘਾ ਪੁਰਾਣਾ, (ਮਨੀ ਸਿਗਲਾ)** - ਅੱਜ ਇਲਾਕੇ ਦੀ ਨਾਮਵਰ ਸੰਸਥਾ ਪੰਜਾਬ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਵਿਸਾਖੀ ਨਾਲ ਸੰਬੰਧਤ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਸਮੇਂ ਸਕੂਲੀ ਡਾਇਰੈਕਟਰ ਅਜੇਪਾਲ ਸਿੰਘ, ਚੇਅਰਮੈਨ ਆਰ ਕੇ ਗੁਪਤਾ, ਚੇਅਰਮੈਨ ਰਮਨ ਮਿੱਤਲ ਅਤੇ ਪ੍ਰਿੰਸੀਪਲ ਨੀਲਿਮਾ ਅਰੋੜਾ ਮੌਜੂਦ ਸਨ। ਸਕੂਲ ਪ੍ਰਿੰਸੀਪਲ ਨੀਲਿਮਾ ਅਰੋੜਾ ਨੇ ਵਿਸਾਖੀ ਦੀ ਮਹੱਤਤਾ ਦੱਸਦੇ ਹੋਏ ਪ੍ਰੋਗਰਾਮ ਦਾ ਅਗਾਜ਼ ਕੀਤਾ। ਇਸ ਪ੍ਰੋਗਰਾਮ ਦੀ ਸ਼ੁਰੂਆਤ ਪਹਿਲੀ ਤੋਂ ਚੌਥੀ ਕਲਾਸ ਤੱਕ ਦੇ ਨੰਨ੍ਹੇ ਮੁੰਨੇ ਬੱਚਿਆਂ ਨੇ ਫੈਂਸੀ ਡਰੈਸ 'ਚ ਬੋਲੀਆਂ ਅਤੇ ਗੀਤ ਗਾ ਕੇ ਆਪਣੀ ਕਾਰਗੁਜ਼ਾਰੀ ਪੇਸ਼ ਕੀਤੀ। ਇਸ ਤੋਂ ਬਾਅਦ ਸਕੂਲ ਦੇ ਚਾਰੋਂ ਹਾਊਸ ਦੀ ਵੰਡ ਅਨੁਸਾਰ ਬੱਚਿਆਂ ਨੇ ਗਿੱਧਾ ਅਤੇ ਭੰਗੜਾ ਪੇਸ਼ ਕੀਤਾ। ਇਸ ਮੌਕੇ ਬੱਚਿਆਂ ਨੇ ਪੱਖੀਆਂ ਅਤੇ ਫੁਲਕਾਰੀਆਂ ਰਾਹੀਂ ਪੁਰਾਣੇ ਪੰਜਾਬੀ ਸੱਭਿਆਚਾਰ ਦੀ ਯਾਦ ਕਰਵਾਈ। ਆਰਗੈਨਿਕ ਖੇਤੀਬਾੜੀ ਦੇ ਵਿਸ਼ੇ ਉਤੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਬੱਚਿਆਂ ਨੇ ਵਾਦ ਵਿਵਾਦ 'ਚ ਭਾਗ ਲਿਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਸਾਹਿਬਾਨ ਅਤੇ ਪ੍ਰਿੰਸੀਪਲ ਮੈਡਮ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਪਹਿਲੀ, ਦੂਜੀ ਅਤੇ ਤੀਸਰੀ ਪੁਜ਼ੀਸ਼ਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਇਨਾਮ ਵੀ ਦਿੱਤੇ ਗਏ। ਇਸ ਮੌਕੇ ਬਲਵਿੰਦਰ ਸਿੰਘ ਗਰੀਨ ਵਾਲੇ, ਪਰਮਜੀਤ ਸਿੰਘ, ਮੈਡਮ ਰਚਨਾ ਮਿੱਤਲ ਵੀ ਉਚੇਚੇ 'ਤੇ ਤੌਰ ਸ਼ਾਮਲ ਹੋਏ ।

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ )**-ਅੱਜ ਸੰਗਰੂਰ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ਾਲ ਮਾਰਚ ਕੱਢਿਆ ਗਿਆ ਜੋ ਅੰਬੇਡਕਰ ਨਗਰ ਗੁਰੂ ਰਵਿਦਾਸ ਮਹਾਰਾਜ ਦੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਵੱਡਾ ਚੌਕ ਤੋਂ ਲੇਬਰ ਚੌਕ ਤੋਂ ਨਾਨਕੀਆਣਾ ਚੌਕ ਤੋਂ ਪੂਨੀਆਂ ਟਾਵਰ ਤੋਂ ਬਰਨਾਲਾ ਕੈਂਚੀਆਂ ਤੋਂ ਸੁਨਾਮੀ ਗੇਟ ਸ਼ਹੀਦ ਭਗਤ ਸਿੰਘ ਚੌਕ ਹੁੰਦਾ ਹੋਇਆ ਵਾਪਸ ਗੁਰੂ ਰਵਿਦਾਸ ਮਹਾਰਾਜ ਦੇ ਗੁਰਦੁਆਰਾ ਸਾਹਿਬ ਅੰਬੇਡਕਰ ਨਗਰ ਵਿਖੇ ਸਮਾਪਤ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਨੌਜਵਾਨਾਂ ਵੱਲੋਂ ਸ਼ਿਰਕਤ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਸੰਯੁਕਤ ਮੋਰਚਾ ਭਾਰਤ ਦੇ ਸੀਨੀਅਰ ਮੀਤ ਪ੍ਰਧਾਨ ਪਾਲੀ ਸਿੰਘ ਕਮਲ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨੂੰ ਪੰਜਵੀਂ ਕਲਾਸ ਤੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜੀਵਨ ਬਾਰੇ ਅਤੇ ਭਾਰਤ ਦੇ ਸੰਵਿਧਾਨ ਬਾਰੇ ਸਿਲੇਬਸ ਪੜ੍ਹਾਉਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਨੂੰ ਬਾਬਾ ਸਾਹਿਬ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਬਾਬਾ ਸਾਹਿਬ ਇਕੱਲੇ ਗਰੀਬਾਂ ਦੇ ਮਸੀਹਾ ਨਹੀਂ ਸਨ, ਹਰ ਇੱਕ ਭਾਰਤ ਨਿਵਾਸੀ ਦੇ ਮਸੀਹਾ ਬਣ ਕੇ ਦੁਨੀਆ 'ਤੇ ਆਏ ਸਨ ਜਿਨ੍ਹਾਂ ਨੇ ਔਰਤ ਨੂੰ ਬਰਾਬਰਤਾ ਦਾ ਅਧਿਕਾਰ ਦਿਵਾਇਆ। ਇਸ ਮੌਕੇ ਉਨ੍ਹਾਂ ਨਾਲ ਜਗਸੀਰ ਸਿੰਘ ਖੇੜੀ ਚੰਦਵਾ ਪ੍ਰੈਸ, ਅਮਿਤ ਕੁਮਾਰ ਗਰੀਬਾਂ ਮੈਂਬਰ ਸਕੱਤਰ, ਸੁਖਚੈਨ ਸਿੰਘ ਸਾਰੋ ਸਕੱਤਰ, ਹਰਵਿੰਦਰ ਸਿੰਘ ਬਡਰੁੱਖਾਂ ਮੈਂਬਰ, ਖਜ਼ਾਨਚੀ ਵਰਿਆਮ ਸਿੰਘ ਚੰਦੜ ਬਲੇਸਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਅਤੇ ਇਲਾਕੇ 'ਚੋਂ ਆਈਆਂ ਸੰਗਤਾਂ ਹਾਜ਼ਰ ਸਨ।

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)** ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਵੱਲੋਂ ਸਥਾਨਕ ਗਾਂਧੀ ਨਗਰ ਸਥਿਤ ਗੁਰੂਦੁਆਰਾ ਸਾਂਝੀਵਾਲ ਸਾਹਿਬ ਵਿਖੇ ਮੁਫ਼ਤ ਕਟਾਈ ਸਿਲਾਈ ਸੈਂਟਰ ਚਲਾਇਆ ਜਾ ਰਿਹਾ ਹੈ। ਵਿਸਾਖੀ ਅਤੇ ਡਾ. ਅੰਬੇਡਕਰ ਜੈਅੰਤੀ ਦੀ ਖੁਸ਼ੀ ਵਿੱਚ ਟਰੱਸਟ ਦੇ ਚੇਅਰਮੈਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਸਿਖਿਆਰਥਣਾਂ ਨੂੰ ਵਿਸਾਖੀ ਅਤੇ ਜੈਅੰਤੀ ਦੀ ਵਧਾਈ ਦਿੰਦੇ ਹੋਏ ਸ਼ੁੱਭਕਾਮਨਾਵਾਂ ਭੇਟ ਕੀਤੀਆਂ। ਚੇਅਰਮੈਨ ਢੋਸੀਵਾਲ ਨੇ ਕਿਹਾ ਕਿ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਸਲਾ ਪੰਥ ਦੀ ਸਿਰਜਣਾ ਕਰਕੇ ਅਨਿਆਂ ਅਤੇ ਜ਼ੁਲਮ ਖਿਲਾਫ ਲੜਨ ਦੀ ਸਿੱਖਿਆ ਦਿੱਤੀ ਸੀ। ਡਾ. ਅੰਬੇਡਕਰ ਨੇ ਦੇਸ਼ ਦਾ ਸੰਵਿਧਾਨ ਲਿਖ ਕੇ ਸਾਰਿਆਂ ਨੂੰ ਬਰਾਬਰੀ ਦਾ ਅਧਿਕਾਰ ਦਿੱਤਾ। ਇਸ ਮੌਕੇ ਕੁਝ ਸਿਖਿਆਰਥਣਾਂ ਨੇ ਵੀ ਵਿਸਾਖੀ ਅਤੇ ਜੈਅੰਤੀ ਦੀ ਵਧਾਈ ਦਿੱਤੀ। ਫਲ ਵੰਡਣ ਸਮੇਂ ਕਟਾਈ ਸਿਲਾਈ ਟੀਚਰ ਨਵਨੀਤ ਕੌਰ ਤੋਂ ਇਲਾਵਾ ਸਮਿਤਰਾ, ਰੇਨੂੰ ਕੌਰ, ਸੰਜਨਾ, ਕਾਜਲ, ਸਿਮਰਨ, ਅੰਜਲੀ, ਸੰਤੋਸ਼, ਸੋਮਨਾ, ਰਾਜਵੀਰ ਕੌਰ ਅਤੇ ਪੂਜਾ ਆਦਿ ਸਿਖਿਆਰਥਣਾਂ ਸਮੇਤ ਪੀਹੂ, ਏਕਮ, ਯੁਵਰਾਜ, ਪਰਵਿੰਦਰ ਕੌਰ ਅਤੇ ਅਰਸ਼ਦੀਪ ਕੌਰ ਵੀ ਮੌਜੂਦ ਸਨ।

ਇਸੇ ਤਰ੍ਹਾਂ ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਯੂਨਾਈਟਿਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਸਕੂਲ ਦੇ ਪ੍ਰਿੰਸੀਪਲ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ 13 ਅਪ੍ਰੈਲ 2023 ਨੂੰ ਦੇਸ਼ ਭਗਤ ਗਲੋਬਲ ਸਕੂਲ ਦੇ ਵਿਦਿਆਰਥੀਆਂ ਨੇ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ। ਇਸ ਵਾਢੀ ਦੇ ਤਿਉਹਾਰ ਨਾਲ ਵਿਦਿਆਰਥੀਆਂ ਨੂੰ ਜਾਣੂ ਕਰਵਾਉਣ ਲਈ ਯੋਜਨਾਬੱਧ ਗਤੀਵਿਧੀਆਂ ਸਾਰੇ ਸਕੂਲ ਵਿੱਚ ਕੀਤੀਆਂ ਗਈਆਂ। ਇਸ ਗਤੀਵਿਧੀ ਦਾ ਉਦੇਸ਼ ਵਿਦਿਆਰਥੀਆਂ ਨੂੰ ਵਿਸਾਖੀ ਤੇ ਸਾਡੇ ਸੱਭਿਆਚਾਰ ਵਿੱਚ ਇਸ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਤੇ ਉਨ੍ਹਾਂ ਨੂੰ ਵਾਢੀ ਦੇ ਤਿਉਹਾਰ ਦੇ ਜਸ਼ਨ ਵਿੱਚ ਸ਼ਾਮਲ ਕਰਨਾ ਸੀ। ਪ੍ਰਿੰਸੀਪਲ ਪਰਮਪ੍ਰੀਤ ਕੌਰ ਨੇ ਕਿਹਾ ਕਿ ਗਤੀਵਿਧੀਆਂ ਨੂੰ ਵਿਸਾਖੀ ਬਾਰੇ ਜਾਣਨ ਦੀ ਵਿਦਿਆਰਥੀਆਂ ਦੀ ਉਤਸੁਕਤਾ ਨੂੰ ਉਤਸ਼ਾਹਤ ਕਰਨ ਤੇ ਉਨ੍ਹਾਂ ਦੇ ਸਿਰਜਣਾਤਮਕ ਹੁਨਰ ਨੂੰ ਉਤਸ਼ਾਹਤ ਕਰਨ ਲਈ ਸੁਚੇਤ ਤੌਰ 'ਤੇ ਤਿਆਰ ਕੀਤਾ ਗਿਆ ਸੀ। ਸਾਰੇ ਬੱਚਿਆਂ ਦਾ ਸੋਲੋ ਡਾਂਸ ਮੁਕਾਬਲਾ ਕਰਵਾਇਆ ਗਿਆ। ਉਨ੍ਹਾ ਵਿਸਾਖੀ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ 13 ਅਪ੍ਰੈਲ 1699 ਨੂੰ ਸਿੱਖਾਂ ਦੇ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਕੀਤੀ। ਉਨ੍ਹਾ ਦੱਸਿਆ ਕਿ 13 ਅਪ੍ਰੈਲ 1919 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਬਾਰੇ ਵੀ ਦੱਸਿਆ। ਇਸ ਤੋਂ ਇਲਾਵਾ ਬੱਚਿਆਂ ਦਾ ਡਿਸਪਲੇਅ ਬੋਰਡ ਸਜਾਵਟ ਮੁਕਾਬਲਾ ਕਰਵਾਇਆ ਗਿਆ। ਬੱਚਿਆਂ ਨੇ ਵਿਸਾਖੀ ਨਾਲ ਸਬੰਧਤ ਨਮੂਨੇ ਬਣਾਏ। ਬੱਚਿਆਂ ਨੇ ਗਿੱਧੇ ਤੇ ਭੰਗੜੇ ਨਾਲ ਵਿਸਾਖੀ ਮੌਕੇ ਬਹੁਤ ਵਧੀਆ ਰੰਗ ਬੰਨ੍ਹਿਆ। ਇਸ ਮੌਕੇ ਮੇਜਰ ਚੰਦ, ਇੰਚਾਰਜ, ਨਵਦੀਪ ਸਿੰਘ, ਕੈਸ਼ੀਅਰ ਦਿਲਬਾਗ ਸਿੰਘ ਬਾਗੀ, ਸੁਪਰਵਾਈਜ਼ਰ, ਮਾਤਾ ਜਰਨੈਲ ਕੌਰ ਯਾਦਗਾਰੀ ਕਾਲਜ ਆਫ਼ ਨਰਸਿੰਗ ਦੇ ਪ੍ਰਿੰਸੀਪਲ ਰੁਪਿੰਦਰ ਕੌਰ ਬੁੱਟਰ ਤੇ ਸਮੂਹ ਸਟਾਫ ਮੌਜੂਦ ਸਨ।

**ਦੋਰਾਹਾ, (ਹਰਮਿੰਦਰ ਸੇਠ)**-ਮਹਿਤਾ ਗੁਰੂਕੁਲ ਪਬਲਿਕ ਸਕੂਲ ਦੋਰਾਹਾ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਸਪੀਚ ਤੇ ਕਵਿਤਾ ਰਾਹੀਂ ਵਿਸਾਖੀ ਦੇ ਤਿਉਹਾਰ ਬਾਰੇ ਦੱਸਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਡਾਂਸ ਦੇ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਸਕੂਲ ਦੇ ਸਾਰੇ ਵਿਦਿਆਰਥੀ ਤੇ ਸਟਾਫ ਮੈਂਬਰ ਵੀ ਸ਼ਾਮਲ ਸਨ। ਸਕੂਲ ਦੇ ਸਮੂਹ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸ਼੍ਰੀਮਤੀ ਡਿੰਪਲ ਮਹਿਤਾ ਤੇ ਪ੍ਰਿੰਸੀਪਲ ਸ਼੍ਰੀ ਸੁਨੀਲ ਤਿਵਾੜੀ ਵੱਲੋਂ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ ਤੇ ਸਾਰੇ ਵਿਦਿਆਰਥੀਆਂ ਨੂੰ ਭਵਿੱਖ 'ਚ ਹੋਣ ਵਾਲੇ ਮੁਕਾਬਿਲਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

**ਜਗਰਾਉਂ, (ਸੰਜੀਵ ਅਰੋੜਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ 'ਚ ਡਾਇਰੈਕਟਰ ਸ਼ਸ਼ੀ ਜੈਨ ਦੀ ਅਗਵਾਈ 'ਚ ਵਿਸਾਖੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਵਿਸਾਖੀ ਦੇ ਤਿਉਹਾਰ 'ਚ ਤੀਜੀ, ਚੌਥੀ ਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਗਿੱਧਾ, ਭੰਗੜਾ ਪਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਅਧਿਆਪਕਾ ਨੇ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ ਕਿ ਇਹ ਤਿਉਹਾਰ ਫ਼ਸਲ ਦੇ ਪੱਕੜ ਦੀ ਖੁਸ਼ੀ 'ਚ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਪ੍ਰਿੰਸੀਪਲ ਮੈਡਲ ਨੇ ਵਿਸਾਖੀ ਦੇ ਤਿਉਹਾਰ ਤੇ ਡਾ. ਬੀ. ਆਰ. ਅੰਬੇਡਕਰ ਦੇ ਜਨਮ ਦਿਵਸ 'ਤੇ ਚਾਨਣਾ ਪਾਇਆ।

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਮਾਡਰਨ ਸੈਕੂਲਰ ਪਬਲਿਕ ਸਕੂਲ ਧੂਰੀ ਵਿਖੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਵਿਸਾਖੀ ਦਾ ਦਿਹਾੜਾ ਮਨਾਇਆ ਗਿਆ। ਸੰਸਥਾ ਦੇ ਡਿਪਟੀ ਡਾਇਰੈਕਟਰ ਮੈਡਮ ਗੁਰਵਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਵਿਸਾਖੀ ਨਾਲ ਸਬੰਧਤ ਵੱਖ ਵੱਖ ਆਈਟਮਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਸਕੂਲ ਦੇ ਨੰਨ੍ਹੇ ਮੁੰਨੇ ਬੱਚਿਆਂ ਨੇ ਫੈਂਸੀ ਡਰੈੱਸ ਪ੍ਰਤੀਯੋਗਤਾ 'ਚ ਹਿੱਸਾ ਲਿਆ। ਦੂਸਰੀ ਕਲਾਸ ਤੋਂ ਲੈ ਕੇ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੇ ਕਵਿਤਾ ਮੁਕਾਬਲੇ ਵਿੱਚ ਹਿੱਸਾ ਲਿਆ ਤੇ ਵਿਸਾਖੀ ਨਾਲ ਸਬੰਧਤ ਸਲੋਗਨ ਲਿਖੇ। ਛੇਵੀਂ ਕਲਾਸ ਤੋਂ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਨੇ ਵਿਸਾਖੀ ਨਾਲ ਸਬੰਧਤ ਵੱਖ ਵੱਖ ਕਲਚਰਲ ਆਈਟਮਾਂ ਪੇਸ਼ ਕੀਤੀਆਂ। ਪ੍ਰੋਗਰਾਮ ਦੇ ਅੰਤ ਵਿੱਚ ਸੰਸਥਾ ਦੇ ਚੇਅਰਮੈਨ ਹਰਪਾਲ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਵਿਸਾਖੀ ਦੀ ਮਹੱਤਤਾ ਬਾਰੇ ਸਮਝਾਇਆ। ਉਨ੍ਹਾਂ ਦੱਸਿਆ ਕਿ ਸਿਰਫ ਖੇਤੀਬਾੜੀ ਦਾ ਤਿਉਹਾਰ ਹੀ ਨਹੀਂ, ਸਗੋਂ ਪੰਜਾਬ ਦੇ ਲੋਕ ਵਿਸਾਖੀ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਵਜੋਂ ਵੀ ਮਨਾਉਂਦੇ ਹਨ। ਇਸ ਤੋਂ ਇਲਾਵਾ ਸਕੂਲ ਦੇ ਪ੍ਰਿੰਸੀਪਲ ਸੁਨੀਲ ਕਦਮ ਨੇ ਵਿਦਿਆਰਥੀਆਂ ਨੂੰ ਹੌਸਲਾ ਅਫਜ਼ਾਈ ਕੀਤੀ ਤੇ ਉਨ੍ਹਾਂ ਨੂੰ ਵਿਸਾਖੀ ਦੇ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ।

**ਮੱਖੂ (ਰਛਪਾਲ ਸਿੰਘ ਸੰਧੂ)** : ਗੁਰਦੁਆਰਾ ਸਾਹਿਬ ਡੇਰਾ ਬਾਬਾ ਮਸਤ ਕਰਮ ਚੰਦ ਬਾਠਾਂਵਾਲਾ ਮੱਖੂ ਵਿਖੇ ਸੰਗਤਾਂ ਵੱਲੋਂ ਖਾਲਸਾ ਸਾਜਨਾ ਦਿਵਸ, ਵਿਸਾਖੀ ਤੇ ਵੈਸਾਖ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਕਥਾ ਵਾਚਕ ਭਾਈ ਗੁਰਜੰਟ ਸਿੰਘ ਵੱਲੋਂ ਕਥਾ ਤੇ ਰਾਗੀ ਜਥਾ ਭਾਈ




ਅਮਨਦੀਪ ਸਿੰਘ, ਭਾਈ ਕਰਨਦੀਪ ਸਿੰਘ, ਭਾਈ ਹਰਦੀਪ ਸਿੰਘ ਵੱਲੋਂ ਸੰਗਤ ਨੂੰ ਗੁਰੂ ਘਰ ਦਾ ਜਸ ਸੁਣਾ ਕੇ ਨਿਹਾਲ ਕੀਤਾ ਗਿਆ ਤੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਤਰਸੇਮ ਸਿੰਘ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਗੁਰਦੁਆਰਾ ਸਾਹਿਬ ਦੇ ਸੇਵਾਦਾਰ ਫ਼ੁਰਮਾਨ ਸਿੰਘ ਸੰਧੂ ਤੇ ਮੈਨੇਜਰ ਇਕਬਾਲ ਸਿੰਘ ਚੱਬਾ ਵੱਲੋਂ ਸੰਗਤ ਨੂੰ ਖਾਲਸਾ ਸਾਜਨਾ ਦਿਵਸ, ਵਿਸਾਖੀ ਤੇ ਵੈਸਾਖ ਮਹੀਨੇ ਦੀ ਸੰਗਰਾਂਦ ਦੇ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਅਮਰਜੀਤ ਸਿੰਘ ਪੌਪੀ, ਜਗਜੀਤ ਸਿੰਘ, ਸਤਨਾਮ ਸਿੰਘ, ਦਰਸਨ ਸਿੰਘ, ਅਜੈਬ ਸਿੰਘ ਨੰਬਰਦਾਰ, ਨਰਿੰਦਰ ਮਹਿਤਾ ਸਾਬਕਾ ਐਮ ਸੀ, ਜਗਜੀਤ ਸਿੰਘ ਧੁੰਨਾ, ਸੰਤੋਖ ਸਿੰਘ ਫੌਜੀ, ਰਾਜੂ ਕੰਧਾਰੀ, ਡਾ. ਬਲਵੰਤ ਸਿੰਘ ਸਿੱਧੂ ਮੀਤ ਪ੍ਰਧਾਨ ਬੀ ਕੇ ਯੂ ਪੰਜਾਬ ਜ਼ੀਰਾ, ਗੁਰਲਾਲ ਸਿੰਘ ਸਿੱਧੂ ਸੀਹਾਂਪਾੜੀ, ਨਰਿੰਦਰ ਸਿੰਘ ਮੁਮਾਰੇਵਾਲਾ, ਸੁਖਬੀਰ ਸਿੰਘ ਸੀਹਾਂਪਾੜੀ, ਸੁਖਜੀਤ ਸਿੰਘ ਤਲਵੰਡੀ ਆਦਿ ਨੇ ਹਾਜ਼ਰੀ ਲਵਾਈ।

**ਮੱਖੂ (ਰਛਪਾਲ ਸਿੰਘ ਸੰਧੂ)** : ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਮੱਖੂ ਵਿਖੇ ਵਿਸਾਖੀ ਦਾ ਦਿਹਾੜਾ ਤੇ ਡਾ. ਭੀਮ ਰਾਓ ਅੰਬੇਡਕਰ ਜੀ ਦੀ ਜਯੰਤੀ ਮਨਾਈ ਗਈ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਰਾਜ ਕੁਮਾਰ ਠੁਕਰਾਲ ਸਰਪ੍ਰਸਤ, ਡਾ. ਰਾਜੀਵ ਅਹੂਜਾ ਪ੍ਰਧਾਨ, ਰਜਿੰਦਰ ਬੰਸੀਵਾਲ ਮੈਨੇਜਰ ਤੇ ਸਤਪਾਲ ਦੂਆ ਕਮੇਟੀ ਮੈਂਬਰ ਮੌਜੂਦ ਸਨ। ਇਸ ਮੌਕੇ ਬੱਚਿਆਂ ਦੁਆਰਾ ਗਿੱਧਾ, ਡਾਂਸ, ਵਿਸਾਖੀ ਦੇ ਗੀਤ ਤੇ ਡਾ. ਭੀਮ ਰਾਓ ਅੰਬੇਡਕਰ ਜੀ ਦੀ ਜਯੰਤੀ ਮੌਕੇ ਬੱਚਿਆਂ ਦੁਆਰਾ ਕਵਿਤਾ ਤੇ ਉਨ੍ਹਾਂ ਦੇ ਜੀਵਨ ਬਾਰੇ ਦੱਸਿਆ ਗਿਆ। ਸਕੂਲ ਦੇ ਪ੍ਰਿੰਸੀਪਲ ਅਮਨਦੀਪ ਕੌਰ ਵੱਲੋਂ ਬੱਚਿਆਂ ਨੂੰ ਵਿਸਾਖੀ ਦੇ ਮਹੱਤਵ ਤੇ ਡਾ. ਅੰਬੇਡਕਰ ਜੀ ਦੇ ਜੀਵਨ ਅਤੇ ਉਨ੍ਹਾਂ ਦੇ ਵਿਚਾਰਾਂ ਬਾਰੇ ਦੱਸਿਆ। ਸਾਲਾਨਾ ਇਨਾਮ ਵੰਡ ਸਮਾਗਮ ਵਿੱਚ ਹਿੱਸਾ ਲੈਣ ਵਾਲੇ ਤੇ ਪੰਜਵੀਂ ਜਮਾਤ ਦੇ ਪੰਜਾਬ ਬੋਰਡ ਵੱਲੋਂ ਐਲਾਨੇ ਨਤੀਜੇ ਵਿੱਚ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਆਏ ਹੋਏ ਮਹਿਮਾਨਾਂ ਤੇ ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਵੱਲੋਂ ਪੁਰਸਕਾਰ ਦੇ ਕੇ ਸਨਮਾਨਤ ਕਰਕੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਇਆ ਗਿਆ। ਇਸ ਸਮਾਗਮ ਵਿੱਚ ਸਕੂਲ ਦਾ ਸਾਰਾ ਸਟਾਫ ਮੌਜੂਦ ਰਿਹਾ। ਆਖਰ ਵਿੱਚ ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

**ਜਗਰਾਉਂ (ਨਛੱਤਰ ਸੰਧੂ)**-ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਜਗਰਾਉਂ ਵਿਖੇ ਵਿਸਾਖੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਸ਼ੁੱਭ ਦਿਹਾੜੇ ਔਫੀਸੇਟਿੰਗ ਪ੍ਰਿੰਸੀਪਲ ਰਵਿੰਦਰ ਪਾਲ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੀ ਏ ਵੀ ਸਕੂਲ ਵਿੱਚ ਵਿਸਾਖੀ ਦੇ ਤਿਉਹਾਰ 'ਤੇ ਬੱਚੇ ਰੰਗ-ਬਿਰੰਗੇ ਕੱਪੜੇ ਪਾ ਕੇ ਸਮਾਗਮ ਵਿੱਚ ਸ਼ਾਮਲ ਹੋਏ। ਬੱਚਿਆਂ ਦੁਆਰਾ ਵੱਖ-ਵੱਖ ਗਤੀਵਿਧੀਆਂ ਕੀਤੀਆਂ ਗਈਆਂ, ਜਿਵੇਂ ਅੱਠਵੀਂ ਦੀ ਵਿਦਿਆਰਥਣ ਸੁਖਮਨੀ ਤੇ ਨੌਵੀਂ ਜਮਾਤ ਦੀ ਵਿਦਿਆਰਥਣ ਪ੍ਰਭਜੋਤ ਕੌਰ ਵੱਲੋਂ ਵਿਸਾਖੀ ਦੇ ਤਿਉਹਾਰ ਨਾਲ ਸੰਬੰਧਤ ਭਾਸ਼ਣ ਦਿੱਤਾ ਗਿਆ। ਨੱਚਣ ਤੇ ਗਾਉਣ ਦਾ ਰੰਗਾਂ-ਰੰਗ ਪ੍ਰੋਗਰਾਮ ਕੀਤਾ ਗਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਵੱਖ ਵੱਖ ਤਸਵੀਰਾਂ ਵਿੱਚ ਰੰਗ ਭਰੇ ਗਏ। ਔਫਿਸੇਟਿੰਗ ਪ੍ਰਿੰਸੀਪਲ ਮੈਡਮ ਰਵਿੰਦਰਪਾਲ ਕੌਰ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਮਨਾਉਣ ਦੇ ਇਤਿਹਾਸਿਕ ਪਿਛੋਕੜ ਬਾਰੇ ਜਾਣਕਾਰੀ ਦਿੰਦੇ ਹੋਏ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਿਸਾਖੀ ਦੀਆਂ ਵਧਾਈਆਂ ਵੀ ਦਿੱਤੀਆਂ। ਇਸ ਮੌਕੇ ਸ੍ਰੀਮਤੀ ਸਤਵਿੰਦਰ ਕੌਰ ਤੇ ਸ੍ਰੀਮਤੀ ਸੀਮਾ ਬੰਸੀ ਅਤੇ ਸਮੂਹ ਸਟਾਫ ਹਾਜ਼ਰ ਸੀ।

**ਮਲੋਟ, (ਗੁਰਮੀਤ ਸਿੰਘ ਮੱਕੜ)** : ਸਥਾਨਕ ਡੀ.ਏ.ਵੀ. ਸਕੂਲ ਵੱਲੋਂ ਵਿਸਾਖੀ ਦਾ ਤਿਉਹਾਰ, ਖਾਲਸਾ ਪੰਥ ਦਾ ਸਾਜਨਾ ਦਿਵਸ ਤੇ ਸੰਵਿਧਾਨ ਨਿਰਮਾਤਾ ਭੀਮ ਰਾਓ ਅੰਬੇਡਕਰ ਜੀ ਦੀ ਜਯੰਤੀ ਸਮਾਗਮ ਕਰ ਮਨਾਈ ਗਈ। ਸਮਾਗਮ ਦੀ ਅਗਵਾਈ ਪ੍ਰਿੰਸੀਪਲ ਸੰਧਿਆ ਬਠਲਾ ਨੇ ਕੀਤੀ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਸਾਖੀ ਦਾ ਤਿਉਹਾਰ ਫ਼ਸਲਾਂ ਦਾ ਇੱਕ ਮਹੱਤਵਪੂਰਨ ਤਿਉਹਾਰ ਹੈ ਤੇ ਇਸ ਸਮੇਂ ਕਿਸਾਨਾਂ ਦੀ ਫ਼ਸਲ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਖੁਸ਼ੀ ਵਿੱਚ ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਇਹ ਤਿਉਹਾਰ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਨ੍ਹਾ ਦੱਸਿਆ ਕਿ ਪੰਜਾਬ ਵਿੱਚ ਇਸ ਪਵਿੱਤਰ ਦਿਨ ਨੂੰ ਫ਼ਸਲ ਦੀ ਕਟਾਈ ਤੇ ਖਾਲਸਾ ਪੰਥ ਦੀ ਸਾਜਨਾ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾ ਦੱਸਿਆ ਕਿ ਅੱਜ ਦੇ ਦਿਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੀ ਜੈਯੰਤੀ ਮਨਾਈ ਜਾਂਦੀ ਹੈ, ਜਿਨ੍ਹਾਂ ਨੇ ਸੰਵਿਧਾਨ ਦੇ ਨਿਰਮਾਣ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਰਵੀ ਛਾਬੜਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਭਾਰਤ ਤਿਉਹਾਰਾਂ ਦਾ ਦੇਸ਼ ਹੈ ਤੇ ਹਰ ਇੱਕ ਤਿਉਹਾਰ ਤੋਂ ਸਾਨੂੰ ਕੁੱਝ ਨਾ ਕੁੱਝ ਸਿੱਖਣ ਨੂੰ ਮਿਲਦਾ ਹੈ, ਇਸ ਲਈ ਸਾਨੂੰ ਹਰ ਇੱਕ ਤਿਉਹਾਰ ਮਿਲ ਕੇ ਪ੍ਰੇਮ ਤੇ ਭਾਈਚਾਰੇ ਨਾਲ ਮਨਾਉਣਾ ਚਾਹੀਦਾ ਹੈ। ਇਸ ਮੌਕੇ ਸਕੂਲ ਦਾ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਬੀਜੇਪੀ ਮੰਡਲ ਪ੍ਰਧਾਨ ਸਾਗਰ ਸਚਦੇਵਾ ਤੇ ਉਨ੍ਹਾਂ ਦੀ ਟੀਮ ਵੱਲੋਂ ਮਹਾਨ ਸਮਾਜ ਸੁਧਾਰਕ, ਸੰਵਿਧਾਨ ਨਿਰਮਾਤਾ, ਭਾਰਤ ਰਤਨ, ਰਾਜਨੀਤੀ ਗਿਆਤਾ, ਅਰਥ ਸਾਸਤਰੀ, ਬਾਬਾ ਸਾਹਿਬ ਡਾ: ਭੀਮ ਰਾਓ ਜੀ ਅੰਬੇਡਕਰ ਜੀ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਨਮਨ ਕੀਤਾ ਗਿਆ। ਇਸ ਸਬੰਧੀ ਗੱਲਬਾਤ ਕਰਦਿਆਂ ਮੰਡਲ ਪ੍ਰਧਾਨ ਸਾਗਰ ਸਚਦੇਵਾ ਨੇ ਕਿਹਾ ਅੰਬੇਡਕਰ ਸਾਹਿਬ ਨੇ ਦਲਿਤ ਬੋਧੀ ਅੰਦੋਲਨ ਨੂੰ ਪ੍ਰੇਰਿਤ ਕੀਤਾ ਤੇ ਅਛੂਤਾਂ ਵਿਰੁੱਧ ਸਮਾਜਿਕ ਵਿਤਕਰੇ ਵਿਰੁੱਧ ਮੁਹਿੰਮ ਚਲਾਈ। ਮਜ਼ਦੂਰਾਂ, ਕਿਸਾਨਾਂ ਤੇ ਔਰਤਾਂ ਦੇ ਹੱਕਾਂ ਦਾ ਸਮਰਥਨ ਕੀਤਾ। ਅੱਜ ਭਾਰਤ ਵਿੱਚ ਵੀ ਸਤਿਕਾਰਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਬਾਬਾ ਜੀ ਦੇ ਸੰਕਲਪ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਪ੍ਰਯਾਸ, ਸਬਕਾ ਵਿਸਵਾਸ' ਦੇ ਸੰਕਲਪ ਨਾਲ ਅੱਗੇ ਵਧ ਰਹੀ ਹੈ। ਬਾਬਾ ਸਾਹਿਬ ਜੀ ਦੀ ਸੋਚ ਗਰੀਬਾਂ ਦੇ ਜੀਵਨ ਪੱਧਰ ਨੂੰ ਸੁਧਾਰਨਾ, ਵੱਖ-ਵੱਖ ਖੇਤਰਾਂ ਵਿੱਚ ਬਰਾਬਰੀ ਦੇ ਮੌਕਿਆਂ ਨੂੰ ਯਕੀਨੀ ਬਣਾਉਣਾ ਤੇ ਲੋਕਤੰਤਰ ਵਿੱਚ ਜਨਤਕ ਭਾਗੀਦਾਰੀ ਨੂੰ ਉਤਸ਼ਾਹਤ ਕਰਨਾ ਮੋਦੀ ਸਰਕਾਰ ਦੀਆਂ ਨੀਤੀਆਂ ਵਿੱਚ ਪਹਿਲ ਦਾ ਵਿਸ਼ਾ ਹੈ। ਇਸ ਮੌਕੇ ਜ਼ਿਲ੍ਹਾ ਸਕੱਤਰ ਸਾਗਰ ਨਰੂਲਾ, ਟਿੰਕੂ ਖੁਰਾਣਾ ਜਰਨਲ ਸੈਕਟਰੀ, ਵਾਇਸ ਪ੍ਰਧਾਨ ਤਰਸੇਮ ਬਜਾਜ, ਗੋਲਡੀ ਧਵਨ ਵਿਕਰਮ ਮੌਂਗਾ, ਰੁਦਰ ਸ਼ਰਮਾ, ਢੋਲਾ ਸਿੰਘ ਚੇਅਰਮੈਨ ਯੂਥ ਆਗੂ ਸਰਬਜੀਤ ਬਿੰਦ, ਲਵਿਸ਼ ਧਵਨ ਆਦਿ ਹਾਜ਼ਰ ਸਨ।

**ਮੋਗਾ (ਅਮਰਜੀਤ ਬੱਬਰੀ)**-ਭਾਰਤੀਯ ਮਜ਼ਦੂਰ ਸੰਘ ਨਾਲ ਸਬੰਧਤ ਵੱਖ ਵੱਖ ਮਜ਼ਦੂਰ ਜਥੇਬੰਦੀਆਂ ਨੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਦੀ ਅਗਵਾਈ 'ਚ ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ ਦਿਹਾੜਾ ਇਥੇ ਸ਼ਹੀਦ ਭਗਤ ਸਿੰਘ ਮਾਰਕੀਟ ਨੇੜੇ ਸਥਿਤ ਈ ਰਿਕਸ਼ਾ ਸਟੈਂਡ 'ਤੇ ਬੜੀ ਸ਼ਰਧਾ ਭਾਵਨਾ ਤੇ ਜੋਸ਼ੋ ਖਰੋਸ਼ ਨਾਲ ਮਨਾਇਆ। ਇਸ ਮੌਕੇ ਮਿਡ ਡੇ ਮੀਲ ਕੁੱਕ ਯੂਨੀਅਨ ਦੇ ਪ੍ਰਧਾਨ ਕਰਮ ਚੰਦ ਚੰਡਾਲੀਆ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਖਜ਼ਾਨਚੀ ਸਤਨਾਮ ਸਿੰਘ ਚੜਿਕ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਵਰਕਰਾਂ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਚਿੱਤਰ 'ਤੇ ਫੁੱਲ ਮਾਲਾਵਾਂ ਅਰਪਿਤ ਕੀਤੀਆਂ ਤੇ ਉਨ੍ਹਾਂ ਦੇ ਚਿੱਤਰ ਸਨਮੁੱਖ ਨਤਮਸਤਕ ਹੋਏ ਤੇ ਦਰਸਾਏ ਮਾਰਗ 'ਤੇ ਚੱਲਣ ਦਾ ਸੰਕਲਪ ਲਿਆ। ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਬਾਬਾ ਸਾਹਿਬ ਦੀ ਜੀਵਨੀ 'ਤੇ ਵਿਸਤਾਰ ਨਾਲ ਚਾਨਣਾ ਪਾਇਆ ਤੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੇ ਸੰਵਿਧਾਨ ਦੇ ਰਾਹੀਂ ਦੇਸ਼ ਵਿੱਚ ਸਮਾਜਿਕ ਬਰਾਬਰੀ ਤੇ ਸਮਾਜਿਕ ਨਿਆਂ ਦੀ ਜੋਤ ਜਾਗ੍ਰਿਤ ਕੀਤੀ ਸੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਿਉਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹਤ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਮੇਜਰ ਸਿੰਘ ਲੰਡੇ ਕੇ, ਬਾਬਾ ਵਿਸ਼ਵਕਰਮਾ ਰਾਜ ਮਿਸਤਰੀ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸੰਤੋਖ ਸਿੰਘ, ਸਤਨਾਮ ਸਿੰਘ ਚੜਿੱਕ, ਅਨਿਲ ਜ਼ਾਦਾ, ਗੁਰਤੇਜ ਸਿੰਘ, ਰੂਪ ਸਿੰਘ, ਬੂਟਾ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

**ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਸਿਵਲ ਸਰਜਨ ਦਫਤਰ ਫਤਿਹਗੜ੍ਹ ਸਾਹਿਬ ਵਿਖੇ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਸਮਾਗਮ ਕਰਾਇਆ ਗਿਆ। ਇਸ ਮੌਕੇ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਤੇ ਸਮੂਹ ਸਟਾਫ ਨੇ ਬਾਬਾ ਸਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸੰਬੋਧਨ ਕਰਦੇ ਹੋਏ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਬਾਬਾ ਸਾਹਿਬ ਨੇ ਦੇਸ਼ ਦੇ ਹਿੱਤ ਲਈ ਕੰਮ ਕੀਤਾ ਹੈ ਤੇ ਉਨ੍ਹਾਂ ਦੀ ਸੋਚ ਹਮੇਸ਼ਾ ਉਨਤੀ ਦੇ ਰਾਹ ਵੱਲ ਲੈ ਕੇ ਜਾਣ ਲਈ ਪ੍ਰੇਰਣਾ ਦਿੰਦੀ ਹੈ। ਉਨ੍ਹਾਂ ਵੱਲੋਂ ਕਹੇ ਗਏ ਸ਼ਬਦ "ਮੈਂ ਕਿਸੇ ਸਮਾਜ ਦੀ ਤਰੱਕੀ ਨੂੰ ਔਰਤਾਂ ਨੇ ਪ੍ਰਾਪਤ ਕੀਤੀ ਤਰੱਕੀ ਦੀ ਡਿਗਰੀ ਨਾਲ ਮਾਪਦਾ ਹਾਂ।" ਸਮਾਜ ਨੂੰ ਅੱਜ ਵੀ ਔਰਤਾਂ ਨੂੰ ਤਰੱਕੀ ਦੇ ਰਾਹ 'ਤੇ ਤੋਰਨ ਲਈ ਪ੍ਰੇਰਦੇ ਹਨ। ਉਨ੍ਹਾ ਕਿਹਾ ਕਿ ਔਰਤਾਂ ਸਮਾਜ ਦਾ ਅਨਿੱਖੜਵਾਂ ਅੰਗ ਹਨ ਤੇ ਅੱਜ ਦੇ ਅਜੋਕੇ ਸਮੇਂ ਵਿੱਚ ਔਰਤਾਂ ਨੂੰ ਜੋ ਮੁਕਾਮ ਹਾਸਲ ਹੋਏ ਹਨ, ਉਹ ਅਜਿਹੇ ਦੇਸ਼ ਭਗਤਾਂ ਤੇ ਬੁੱਧੀਜੀਵੀਆਂ ਦੇ ਬਾਵਜੂਦ ਹੀ ਹੈ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ: ਸਰੀਤਾ, ਜ਼ਿਲ੍ਹਾ ਸਿਹਤ ਅਫਸਰ ਡਾ: ਨਵਜੋਤ ਕੌਰ, ਜ਼ਿਲ੍ਹਾ ਟੀਕਾਕਰਨ ਅਫਸਰ ਡਾ: ਰਾਜੇਸ਼ ਕੁਮਾਰ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ: ਸੁਰਿੰਦਰ ਸਿੰਘ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਕਰਨੈਲ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸਨ।

**ਲਹਿਰਾਗਾਗਾ (ਪਵਨ ਸ਼ਰਮਾ)**- ਸ਼ਿਵਮ ਕਾਲਜ ਆਫ ਐਜੂਕੇਸ਼ਨ ਖੋਖਰ ਕਲਾਂ ਦੇ ਬੀ. ਐੱਡ ਤੇ ਐੱਮ. ਐੱਡ ਦੇ ਵਿਦਿਆਰਥੀਆਂ ਨੇ ਚੇਅਰਮੈਨ ਸ੍ਰੀ ਅਨਿਲ ਕੁਮਾਰ ਗਰਗ, ਪ੍ਰਧਾਨ ਰਾਹੁਲ ਗਰਗ ਦੀ ਰਹਿਨੁਮਈ ਹੇਠ ਕਾਲਜ ਵਿੱਚ ਰਲ ਮਿਲ ਕੇ ਵਿਸਾਖੀ ਦਾ ਤਿਉਹਾਰ ਮਨਾਇਆ, ਜਿਸ ਵਿਚ ਵਿਦਿਆਰਥੀਆਂ ਨੇ ਪੰਜਾਬੀ ਵਿਰਸੇ ਦੇ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਤੇ ਵੱਖ-ਵੱਖ ਵਿਚਾਰ ਪੇਸ਼ ਕੀਤੇ। ਪ੍ਰਿੰਸੀਪਲ ਰਮਨਦੀਪ ਕੌਰ ਨੇ ਮੈਨੇਜਮੈਂਟ ਨੂੰ ਜੀ ਆਇਆਂ ਕਿਹਾ ਤੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ, ਉਸ ਤੋਂ ਬਾਅਦ ਵਿਦਿਆਰਥੀਆਂ ਨੇ ਰੰਗਾ-ਰੰਗ ਪ੍ਰੋਗਰਾਮ ਦਾ ਆਨੰਦ ਮਾਣਿਆ। ਅਖੀਰ ਵਿੱਚ ਕਾਲਜ ਦੇ ਪ੍ਰਧਾਨ ਰਾਹੁਲ ਗਰਗ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੀ ਵਧਾਈ ਦਿੱਤੀ ਤੇ ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਇਸ ਮੌਕੇ ਲੈਕ: ਬ੍ਰਿਜਲਾਲ ਸਿੰਘ, ਹੀਨਾ ਰਾਣੀ, ਨੀਨਾ ਰਾਣੀ, ਵੀਰਪਾਲ ਕੌਰ, ਡੀ.ਪੀ. ਸੁਖਦੇਵ ਸਿੰਘ, ਕਲਰਕ ਸ਼ਰਨਜੀਤ ਸਿੰਘ, ਰਾਜਵਿੰਦਰ ਕੌਰ ਤੇ ਕਾਲਜ ਦੇ ਸਫਾਈ ਸੇਵਕਾ ਗੁਰਜੀਤ ਕੌਰ ਤੇ ਮਲਕੀਤ ਕੌਰ ਹਾਜ਼ਰ ਸਨ।

**ਅਜੀਤਵਾਲ, (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵੱਲੋਂ ਵਿਸਾਖੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਾਰੇ ਅਧਿਆਪਕ ਪੰਜਾਬੀ ਪਹਿਰਾਵੇ 'ਚ ਸਕੂਲ ਪੁੱਜੇ ਅਤੇ ਛੋਟਾ ਜਿਹਾ ਪ੍ਰੋਗਰਾਮ ਪੇਸ਼ ਕੀਤਾ। ਜਿਸ ਵਿੱਚ ਗਿੱਧਾ , ਭੰਗੜਾ, ਕਾਵਿਤਾਵਾਂ ਅਤੇ ਭਾਸ਼ਣ ਸ਼ਾਮਲ ਸਨ। ਇਸ ਮੌਕੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਵਿਸਾਖੀ ਦਾ ਤਿਉਹਾਰ ਸਿੱਖ ਧਰਮ ਵਿੱਚ ਆਪਣੀ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਸਿੱਖ ਧਰਮ ਵਿੱਚ ਸਿੱਖ ਵਿਸਾਖੀ ਨੂੰ ਨਵੇਂ ਸਾਲ ਦੇ ਰੂਪ ਵਿੱਚ ਮਨਾਉਂਦੇ ਹਨ। ਇਸ ਦਿਨ ਕਿਸਾਨਾਂ ਦੀ ਫ਼ਸਲ ਪੱਕ ਕੇ ਤਿਆਰ ਹੋ ਜਾਂਦੀ ਹੈ ਤੇ ਵਾਢੀ ਕੀਤੀ ਜਾਂਦੀ ਹੈ। ਇਸ ਵਾਢੀ ਦੀ ਖੁਸ਼ੀ ਵਿੱਚ ਵੀ ਇਸ ਤਿਉਹਾਰ ਨੂੰ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸਿੱਖ ਧਰਮ ਦੇ 10ਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਦੇ ਦਿਨ 1699 ਈ: ਨੂੰ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਇਸ ਕਰਕੇ ਵੀ ਵਿਸਾਖੀ ਦਾ ਸਿੱਖ ਧਰਮ ਨਾਲ ਵਿਸ਼ੇਸ਼ ਮਹੱਤਵ ਜੁੜਿਆ ਹੋਇਆ ਹੈ। ਵਿਸਾਖੀ ਵਾਲੇ ਦਿਨ ਸਿੱਖਾਂ ਦੇ ਤਖ਼ਤ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵਿਸ਼ੇਸ਼ ਮੇਲੇ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ 1919 ਈ: ਦੀ ਵਿਸਾਖੀ ਨੂੰ ਜਲਿਆਂਵਾਲੇ ਬਾਗ ਅੰਮ੍ਰਿਤਸਰ ਵਿਖੇ ਇਕੱਠੇ ਹੋਏ ਨਿਹੱਥੇ ਭਾਰਤੀਆਂ ਨੂੰ ਜਨਰਲ ਡਾਇਰ ਨੇ ਗੋਲੀਆਂ ਨਾਲ ਭੁੰਨ ਦਿੱਤਾ ਸੀ। ਇਸ ਸਾਕੇ 'ਚ ਲਗਭਗ 20,000 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚ ਬੱਚੇ, ਔਰਤਾਂ, ਬਜ਼ੁਰਗ ਆਦਿ ਸ਼ਾਮਲ ਸਨ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ, ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਦੇ ਨਾਲ ਸਮੂਹ ਸਕੂਲ ਸਟਾਫ ਹਾਜ਼ਰ ਸੀ।

**ਬਰਨਾਲਾ ( ਰਜਿੰਦਰ ਬਰਾੜ / ਗੁਰਪ੍ਰੀਤ ਸਿੰਘ)**- ਅੱਜ ਟੰਡਨ ਇੰਟਰਨੈਸ਼ਨਲ ਸਕੂਲ ਵਿੱਚ ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਬੱਚਿਆਂ ਦਾ ਰੰਗਾਰੰਗ ਪ੍ਰੋਗਰਾਮ ਵੀ ਕਰਵਾਇਆ ਗਿਆ। ਬੱਚਿਆਂ ਨੇ ਰੰਗ-ਬਿਰੰਗੇ ਕੱਪੜੇ ਪਾ ਕੇ ਸਕੂਲ ਵਿੱਚ ਗੀਤ, ਬੋਲੀਆਂ, ਗਿੱਧਾ, ਭੰਗੜਾ ਆਦਿ ਪੇਸ਼ ਕੀਤਾ। ਸਕੂਲ ਅਧਿਆਪਕ ਨੇ ਬੱਚਿਆਂ ਨੂੰ ਵਿਸਾਖੀ ਦੀ ਮਹੱਤਤਾ ਬਾਰੇ ਦੱਸਿਆ। ਪੰਜਾਬ ਵਿੱਚ ਵਿਸਾਖੀ ਵਾਲੇ ਦਿਨ ਵੱਖ-ਵੱਖ ਥਾਵਾਂ 'ਤੇ ਮੇਲੇ ਲੱਗਦੇ ਹਨ। 1699 ਦੀ ਵਿਸਾਖੀ ਵਾਲੇ ਦਿਨ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਅਤੇ ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀਆਂ ਜਾਤਾਂ ਦੇ ਵਿਤਕਰੇ ਨੂੰ ਖਤਮ ਕੀਤਾ। ਵਿਸਾਖੀ ਦਾ ਦਿਹਾੜਾ ਸਿੱਖ ਸਮਾਜ ਵੱਲੋਂ ਨਵੇਂ ਸਾਲ ਵਜੋਂ ਮਨਾਇਆ ਜਾਂਦਾ ਹੈ। ਸਕੂਲ ਪ੍ਰਿੰਸੀਪਲ ਸਰੁਤੀ ਸ਼ਰਮਾ, ਵਾਈਸ ਪ੍ਰਿੰਸੀਪਲ ਸ਼ਲਾਨੀ ਕੌਸ਼ਲ ਨੇ ਸਮੂਹ ਬੱਚਿਆਂ ਨੂੰ ਵਿਸਾਖੀ ਦੀ ਵਧਾਈ ਦਿੱਤੀ।

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਇੰਟਰਨੈਸ਼ਨਲ ਸਕੂਲ ਮਹਿਲ ਕਲਾਂ ਵਿਖੇ ਸੰਸਥਾ ਦੇ ਚੇਅਰਮੈਨ ਯੋਗਿੰਦਰ ਸ਼ਰਮਾ, ਡਾਇਰੈਕਟਰ ਡਾ: ਚਰਨ ਸਿੰਘ ਭਦੌੜ, ਪ੍ਰਿੰਸੀਪਲ ਸ਼ਿਆਮਾ ਨਾਇਰ ਦੀ ਅਗਵਾਈ ਹੇਠ ਸਮੂਹ ਸਟਾਫ ਦੇ ਸਹਿਯੋਗ ਨਾਲ ਖਾਲਸਾ ਪੰਥ ਦਾ ਸਾਜਨਾ ਦਿਵਸ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰੋਗਰਾਮ ਦੀ ਸ਼ੁਰੂਆਤ ਬੱਚਿਆਂ ਵੱਲੋਂ ਗੁਰਬਾਣੀ ਸ਼ਬਦ ਗਾਇਨ ਨਾਲ ਕੀਤੀ ਗਈ। ਬੱਚਿਆਂ ਨੇ ਗੀਤ, ਸਕਿੱਟਾਂ, ਗਿੱਧਾ, ਭੰਗੜਾ ਪ੍ਰੋਗਰਾਮ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ। ਇਸ ਮੌਕੇ ਨਰਸਰੀ ਦੇ ਬੱਚਿਆਂ ਨੂੰ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਵਿੱਚ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਸੁਪਰੀਮ ਇੰਟਰਨੈਸ਼ਨਲ ਸਕੂਲ ਦੇ ਚੇਅਰਮੈਨ ਯੋਗਿੰਦਰ ਸ਼ਰਮਾ, ਡਾਇਰੈਕਟਰ ਡਾ: ਚਰਨ ਸਿੰਘ ਭਦੌੜ, ਪ੍ਰਿੰਸੀਪਲ ਸ਼ਿਆਮਾ ਨਾਇਰ ਨੇ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀ ਮਹੱਤਤਾ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦਿੰਦਿਆਂ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਤੇ ਇਤਿਹਾਸ ਨਾਲ ਜੁੜਨ ਲਈ ਪ੍ਰੇਰਿਤ ਕੀਤਾ।

ੴ ਵਾਹਿਗੁਰੂ ਜੀ ਕੀ ਫ਼ਤਹ॥

ਸਿੱਖ ਪੰਥ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ

**300 ਸਾਲਾ ਜਨਮ ਦਿਹਾੜੇ ਸੰਬੰਧੀ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ
ਦਿੱਲੀ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ

**ਸਮਾਗਮਾਂ ਦਾ ਵੇਰਵਾ**

- 16 ਅਪ੍ਰੈਲ 2023 ਨੂੰ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਦਿੱਲੀ ਤੋਂ **ਖਾਲਸਾ ਫ਼ਤਹ ਮਾਰਚ** ਆਰੰਭ ਹੋਵੇਗਾ, ਜੋ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਛੋਟੇ ਸਾਹਿਬਜ਼ਾਦੇ ਫ਼ਤਹਿ ਨਗਰ ਦਿੱਲੀ ਵਿਖੇ ਪਹੁੰਚੇਗਾ।
- 17 ਅਪ੍ਰੈਲ 2023 ਨੂੰ ਸ਼ਾਮ 5:00 ਵਜੇ ਤੋਂ ਰਾਤ 12:00 ਵਜੇ ਤੱਕ ਡੀ.ਡੀ.ਏ. ਗਰਾਊਂਡ, ਦਿੱਲੀ ਵਿਖੇ ਗੁਰਮਤਿ ਸਮਾਗਮ ਹੋਣਗੇ, ਜਿਸ ਵਿਚ ਤਖ਼ਤ ਸਾਹਿਬਾਨ ਦੇ ਜਥੇਦਾਰ, ਸਿੰਘ ਸਾਹਿਬਾਨ, ਪੰਥ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਸਰਵਣ ਕਰਵਾਉਣਗੇ।
- 18 ਅਪ੍ਰੈਲ 2023 ਨੂੰ ਸ਼ਾਮ 4:00 ਵਜੇ ਡੀ.ਡੀ.ਏ. ਗਰਾਊਂਡ ਵਿਖੇ ਖ਼ਾਲਸਈ ਖੇਡਾਂ ਹੋਣਗੀਆਂ।
- 20 ਅਪ੍ਰੈਲ 2023 ਨੂੰ ਗੁਰਦੁਆਰਾ ਛੋਟੇ ਸਾਹਿਬਜ਼ਾਦੇ ਫ਼ਤਹਿ ਨਗਰ ਦਿੱਲੀ ਤੋਂ ਖਾਲਸਾ ਫ਼ਤਹ ਮਾਰਚ ਦੀ ਅਗਲੇ ਪੜਾਅ ਲਈ ਰਵਾਨਗੀ ਹੋਵੇਗੀ, ਜੋ ਹਰਿਆਣਾ ਅਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ, ਪਿੰਡਾਂ ਅਤੇ ਕਸਬਿਆਂ ਤੋਂ ਹੁੰਦਾ ਹੋਇਆ 4 ਮਈ 2023 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਪੁੱਜ ਕੇ ਸੰਪੰਨ ਹੋਵੇਗਾ।
- 5 ਮਈ 2023 ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ, ਸ੍ਰੀ ਅੰਮ੍ਰਿਤਸਰ ਵਿਖੇ **ਮੁੱਖ ਸਮਾਗਮ** ਹੋਵੇਗਾ।

ਸਮੂਹ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਸਭਾ ਸੁਸਾਇਟੀਆਂ ਤੇ ਸੰਗਤਾਂ ਨੂੰ ਗੁਰਮਤਿ ਸਮਾਗਮਾਂ 'ਚ ਸ਼ਾਮਲ ਹੋਣ ਦੀ ਅਪੀਲ ਹੈ।

ਸਮੂਹ ਮੈਂਬਰ ਸਾਹਿਬਾਨ
ਸ਼੍ਰੋਮਣੀ ਗੁ:ਪ੍ਰ: ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ।

-ਗੁਰੂ ਪੰਥ ਦੇ ਦਾਸ-
**ਐਡਵੋਕੇਟ ਹਰਜਿੰਦਰ ਸਿੰਘ**
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ: ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ।

16-APRIL-PAGE-9.qxd 4/15/2023 10:23 PM Page 1



# ਅੱਗ ਲੱਗਣ ਨਾਲ ਕਣਕ ਦੀ ਫਸਲ ਤੇ ਕੰਬਾਈਨ ਸੜ ਕੇ ਸੁਆਹ

## ਕਿਸਾਨਾਂ ਨੇ ਕੀਤੀ ਮੁਆਵਜ਼ੇ ਦੀ ਮੰਗ



**ਫਾਜ਼ਿਲਕਾ/ਜਲਾਲਾਬਾਦ (ਕ੍ਰਿਸ਼ਨ ਸਿੰਘ/ਪਰਮਜੀਤ ਢਾਬਾਂ)**-ਪਿੰਡ ਜਲਾ ਲੱਖੇਕੇ ਹਿਠਾੜ (ਧੁਨਕੀਆਂ) ਵਿਖੇ ਫਸਲ ਦੀ ਕਟਾਈ ਕਰ ਰਹੀ ਕੰਬਾਈਨ ਵਿੱਚੋਂ ਅਚਾਨਕ ਅੱਗ ਨਿਕਲਣ ਨਾਲ ਕਰੀਬ ਢਾਈ ਏਕੜ ਕਣਕ ਦੀ ਫਸਲ ਤੇ ਨਾੜ ਸੜ ਕੇ ਸੁਆਹ ਹੋ ਗਿਆ। ਇਸ ਹਾਦਸੇ ਵਿੱਚ ਕੰਬਾਈਨ ਵੀ ਅੱਗ ਦੀ ਲਪੇਟ 'ਚ ਆ ਕੇ ਸੜ ਕੇ ਸੁਆਹ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਗ ਲੱਗਣ ਨਾਲ ਕਿਸਾਨ ਬਲਜਿੰਦਰ ਸਿੰਘ ਪੁੱਤਰ ਪਿੱਪਲ ਸਿੰਘ, ਕਿੱਕਰ ਸਿੰਘ ਪੁੱਤਰ ਦੀਪਲ ਸਿੰਘ ਦੀ 2 ਏਕੜ, ਸੁਰਜੀਤ ਸਿੰਘ ਪੁੱਤਰ ਕੁੰਦਨ ਸਿੰਘ 4 ਕਨਾਲਾਂ ਤੇ ਕਰੀਬ 3 ਏਕੜ ਨਾੜ ਸੜ ਕੇ ਸੁਆਹ ਹੋ ਗਿਆ। ਕਿਸਾਨਾਂ ਨੇ ਦੱਸਿਆ ਕਿ ਅੱਗ ਲੱਗਣ ਉਪਰੰਤ ਫਾਈਰ ਬ੍ਰਿਗੇਡ ਨੂੰ ਸੂਚਿਤ ਕੀਤਾ ਗਿਆ, ਪਰ ਉਸ ਤੋਂ ਪਹਿਲਾਂ ਕਿਸਾਨਾਂ ਨੇ ਪਾਣੀ ਦੀ ਬਾਲਟੀਆਂ ਨਾਲ ਅੱਗ 'ਤੇ ਕਾਬੂ ਪਾ ਲਿਆ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਨਾਲ ਕਰੀਬ 10 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਕਰੀਬ 7 ਲੱਖ ਦੀ ਕੰਬਾਈਨ ਬੁਰੀ ਤਰ੍ਹਾਂ ਨੁਕਸਾਨੀ ਗਈ ਤੇ 2 ਲੱਖ ਰੁਪਏ ਦੇ ਕਰੀਬ ਫਸਲ ਤੇ 1 ਲੱਖ ਰੁਪਏ ਦਾ ਨਾੜ ਦਾ ਨੁਕਸਾਨ ਹੋਇਆ ਹੈ। ਕਿਸਾਨਾਂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਤੁਰੰਤ ਸੜੀ ਹੋਈ ਫਸਲ ਦਾ ਬਣਦਾ ਮੁਆਵਜ਼ਾ ਦੇਵੇ।

# ਸੀ ਪੀ ਆਈ ਜ਼ਿਲ੍ਹਾ ਫਰੀਦਕੋਟ ਵੱਲੋਂ ਜਨ ਸੰਪਰਕ ਮੁਹਿੰਮ ਦਾ ਆਗਾਜ਼ ਅੱਜ

## ਸੀਨੀਅਰ ਸੂਬਾਈ ਆਗੂ ਕਾਮਰੇਡ ਹਰਦੇਵ ਅਰਸ਼ੀ ਕਰਨਗੇ ਸੰਬੋਧਨ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਦੇਸ਼ ਭਰ ਵਿੱਚ ਇੱਕ ਮਹੀਨਾ ਜਨ ਸੰਪਰਕ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ, ਜੋ 15 ਮਈ ਤੱਕ ਜਾਰੀ ਰਹੇਗੀ।

ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ, ਮੀਤ ਸਕੱਤਰ ਗੁਰਨਾਮ ਸਿੰਘ ਤੇ ਬਲਵੀਰ ਸਿੰਘ ਔਲਖ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੁਹਿੰਮ ਦੌਰਾਨ 'ਭਾਜਪਾ ਹਟਾਓ, ਦੇਸ਼ ਬਚਾਓ, ਲੋਕ ਬਚਾਓ, ਸੰਵਿਧਾਨ ਬਚਾਓ' ਦਾ ਨਾਹਰਾ ਲੈ ਕੇ ਜਨਤਾ ਵਿੱਚ ਜਾਇਆ ਜਾਵੇਗਾ। ਜ਼ਿਲ੍ਹਾ ਫਰੀਦਕੋਟ ਵਿੱਚ ਇਸ ਮੁਹਿੰਮ ਦਾ ਆਗਾਜ਼ 16 ਅਪ੍ਰੈਲ ਨੂੰ 11:00 ਵਜੇ ਸੀਨੀਅਰ ਸੂਬਾ ਆਗੂ ਕਾਮਰੇਡ ਹਰਦੇਵ ਅਰਸ਼ੀ ਕਰਨਗੇ। ਕਮਿਊਨਿਸਟ ਆਗੂਆਂ ਨੇ ਦੱਸਿਆ ਕਿ ਇਸ ਸਮੇਂ ਦੇਸ਼ ਅਤਿ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ। ਕੇਂਦਰ 'ਤੇ ਰਾਜ ਕਰਦੀ ਮੋਦੀ ਸਰਕਾਰ ਨੇ ਸੰਵਿਧਾਨ, ਲੋਕਤੰਤਰ ਤੇ ਧਰਮ ਨਿਰਪੱਖਤਾ ਦੇ ਆਦਰਸ਼ਾਂ ਨੂੰ ਛਿੱਕੇ 'ਤੇ ਟੰਗ ਕੇ ਇੱਕ ਪਾਰਟੀ ਦਾ ਤਾਨਾਸ਼ਾਹ ਰਾਜ ਚਲਾ ਰੱਖਿਆ ਹੈ। ਅਸਹਿਮਤੀ ਦੀ ਹਰ ਅਵਾਜ਼ ਨੂੰ ਕੇਂਦਰੀ ਜਾਂਚ ਏਜੰਸੀਆਂ ਦੇ ਡਰਾਵੇ ਨਾਲ ਦਬਾਇਆ ਜਾ ਰਿਹਾ ਹੈ। ਇਸ ਹਾਲਤ ਦਾ ਟਾਕਰਾ ਸਾਰੀਆਂ ਦੇਸ਼ ਭਗਤ, ਸੈਕੂਲਰ ਤੇ ਅੱਗੇ ਵਧੂ ਜਥੇਬੰਦੀਆਂ ਨੂੰ ਇਕੱਠੇ ਹੋ ਕੇ ਕਰਨਾ ਪੈਣਾ ਹੈ। ਆਗੂਆਂ ਨੇ ਪਾਰਟੀ ਦੇ ਸਭ ਮੈਂਬਰਾਂ, ਅਵਾਮੀ ਜਥੇਬੰਦੀਆਂ ਦੇ ਆਗੂਆਂ ਤੇ ਹਮਦਰਦਾਂ ਨੂੰ ਅਪੀਲ ਕੀਤੀ ਕਿ 16 ਅਪ੍ਰੈਲ ਨੂੰ 11 ਵਜੇ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਪਹੁੰਚ ਕੇ ਸੂਬਾਈ ਆਗੂ ਦੇ ਵਿਚਾਰ ਸੁਣਨ ਤਾਂ ਜੋ ਜਨ ਸੰਪਰਕ ਮੁਹਿੰਮ ਦੇ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕੇ।ਇਸ ਮੌਕੇ ਸੁਖਦਰਸ਼ਨ ਸ਼ਰਮਾ, ਹਰਪਾਲ ਸਿੰਘ ਮਚਾਕੀ, ਭਲਵਿੰਦਰ ਸਿੰਘ, ਵੀਰ ਸਿੰਘ ਕੰਮੇਆਣਾ, ਦਰਸ਼ਨ ਸਿੰਘ ਜਿਉਣਵਾਲਾ, ਜਗਤਾਰ ਸਿੰਘ ਭਾਣਾ, ਗੁਰਚਰਨ ਸਿੰਘ ਮਾਨ, ਗੁਰਪ੍ਰੀਤ ਸਿੰਘ, ਸੁਖਜਿੰਦਰ ਸਿੰਘ ਤੂੰਬੜਭੰਨ ਹਾਜ਼ਰ ਸਨ।

# ਫਿਰਕਾਪ੍ਰਸਤਾਂ ਤੋਂ ਦੇਸ਼ ਦੇ ਸੰਵਿਧਾਨ ਨੂੰ ਵੱਡਾ ਖਤਰਾ : ਤੁੰਗਾਂ

**ਸੰਗਰੂਰ (ਪ੍ਰਵੀਨ ਸਿੰਘ)**-ਪਿੰਡ ਤੁੰਗਾਂ ਵਿਖੇ ਦੇਸ਼ ਦੇ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਉਨ੍ਹਾਂ ਦੇ ਜਨਮ ਦਿਹਾੜੇ ਮੌਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਬੋਲਦਿਆਂ ਸੀ.ਪੀ.ਆਈ. (ਐੱਮ) ਦੇ ਤਹਿਸੀਲ ਸਕੱਤਰ ਕਾਮਰੇਡ ਸਤਵੀਰ ਤੁੰਗਾਂ ਨੇ ਕਿਹਾ ਕਿ ਦੇਸ਼ ਦੇ ਪੱਛੜੇ ਤੇ ਕਮਜ਼ੋਰ ਵਰਗਾਂ ਨੂੰ ਉੱਚਾ ਚੁੱਕਣ ਲਈ ਬਾਬਾ ਸਾਹਿਬ ਵੱਲੋਂ ਲਿਖੇ ਗਏ ਸੰਵਿਧਾਨ ਵਿੱਚ ਅਨੇਕਾਂ ਯਤਨ ਕੀਤੇ ਗਏ ਹਨ, ਪਰ ਦੇਸ਼ ਦੀ ਸੱਤਾ 'ਤੇ ਕਾਬਜ਼ ਬੇਈਮਾਨ ਤੇ ਨਖਿੱਧ ਧਿਰਾਂ ਨੇ ਸੰਵਿਧਾਨ ਨੂੰ ਇਮਾਨਦਾਰੀ ਨਾਲ ਲਾਗੂ ਨਹੀਂ ਕੀਤਾ, ਜਿਸ ਕਰਕੇ ਅਜ਼ਾਦੀ ਦੇ 75 ਸਾਲਾਂ ਬਾਅਦ ਵੀ ਗਰੀਬ ਤੇ ਪੱਛੜੇ ਵਰਗਾਂ ਦੇ ਲੋਕ ਦਰ ਦਰ ਠੋਕਰਾਂ ਖਾਣ ਲਈ ਮਜਬੂਰ ਹਨ। ਉਨ੍ਹਾ ਕਿਹਾ ਕਿ ਜਦੋਂ ਤੋਂ ਸੱਤਾ 'ਤੇ ਫਿਰਕਾਪ੍ਰਸਤ ਤਾਕਤਾਂ ਆਰ ਐੱਸ ਐੱਸ ਤੇ ਭਾਜਪਾ ਦਾ ਕਬਜ਼ਾ ਹੋਇਆ ਹੈ, ਉਦੋਂ ਤੋਂ ਸੰਵਿਧਾਨਕ ਸੋਧਾਂ ਦੇ ਨਾਂਅ ਹੇਠ ਸੰਵਿਧਾਨ ਨੂੰ ਤੋੜਨ ਦੇ ਹਮਲੇ ਤੇਜ਼ ਹੋਏ ਹਨ। ਉਨ੍ਹਾ ਕਿਹਾ ਕਿ 44 ਲੇਬਰ ਕਾਨੂੰਨਾਂ ਨੂੰ ਖਤਮ ਕਰਕੇ 4 ਕੋਡ ਰੱਖਣੇ ਦੇਸ਼ ਦੇ ਮਿਹਨਤਕਸ਼ ਮਜ਼ਦੂਰ ਪਰਿਵਾਰਾਂ 'ਤੇ ਵੱਡਾ ਹਮਲਾ ਹੈ।



ਉਨ੍ਹਾ ਕਿਹਾ ਕਿ ਦੇਸ਼ ਦੇ ਕਿਰਤੀ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਇੱਕ ਜੁੱਟ ਹੋ ਕੇ ਆਪਣੀਆਂ ਜਥੇਬੰਦੀਆਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਡਾ. ਸਾਹਿਬ ਵੱਲੋਂ ਰਚੇ ਗਏ ਸੰਵਿਧਾਨ ਨੂੰ ਅੱਜ ਫਿਰਕਾਪ੍ਰਸਤ ਤਾਕਤਾਂ ਤੋਂ ਵੱਡਾ ਖਤਰਾ ਹੈ। ਇਸ ਖਤਰੇ ਨੂੰ ਰੋਕਣ ਲਈ ਮਜ਼ਦੂਰ ਵਰਗ ਨੂੰ ਲਾਮਬੰਦ ਹੋ ਕੇ ਇਸ ਦਾ ਮੁਕਾਬਲਾ ਕਰਨਾ ਹੋਵੇਗਾ। ਇਸ ਮੌਕੇ ਬਾਬਾ ਰਵਿਦਾਸ ਕਮੇਟੀ ਦੇ ਪ੍ਰਧਾਨ ਅਮਰਜੀਤ ਸਿੰਘ, ਕਾਮਰੇਡ ਬੇਅੰਤ ਸਿੰਘ, ਜਗਦੇਵ ਸਿੰਘ, ਹਮੀਰ ਸਿੰਘ, ਕੇਸਰ ਸਿੰਘ ਕੇਸੂ, ਹਰਦਿਆਲ ਸਿੰਘ ਮੈਂਬਰ, ਜਾਗਰ ਸਿੰਘ, ਅਮਰਜੀਤ ਸਿੰਘ, ਤਿਲਕੂ ਸਿੰਘ ਤੇ ਵੱਡੀ ਗਿਣਤੀ 'ਚ ਬੱਚੇ ਵੀ ਹਾਜ਼ਰ ਸਨ।

# ਵਿਸਾਖੀ ਮੌਕੇ ਭਾਈ ਘਨੱਈਆ ਸੇਵਾ ਦਲ ਵੱਲੋਂ ਚਾਹ-ਪਕੌੜਿਆਂ ਦਾ ਲੰਗਰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਖਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ ਭਾਈ ਘਨੱਈਆ ਸੇਵਾ ਦਲ ਰਾਮਪੁਰਾ ਵੱਲੋਂ ਮੌੜ ਸੜਕ, ਪਟਰੋਲ ਪੰਪ ਦੇ ਸਾਹਮਣੇ, ਤਲਵੰਡੀ ਸਾਬੋ ਮੇਲੇ ਨੂੰ ਜਾਣ ਵਾਲੀਆਂ ਸੰਗਤਾਂ ਲਈ ਠੰਢੇ ਪਾਣੀ ਦੀ ਛਬੀਲ ਤੇ ਚਾਹ-ਪਕੌੜਿਆਂ ਦਾ ਲੰਗਰ ਲਾਇਆ। ਇਸ ਦੀ ਜਾਣਕਾਰੀ ਦਿੰਦਿਆਂ ਸੇਵਾ ਦਲ ਦੇ ਪ੍ਰਧਾਨ ਡਾਕਟਰ ਗੁਰਮੇਲ ਸਿੰਘ ਤੇ ਮੀਤ ਪ੍ਰਧਾਨ ਭਗਵਾਨ ਸਿੰਘ ਠੇਕੇਦਾਰ ਨੇ ਦੱਸਿਆ ਕਿ ਤਲਵੰਡੀ ਸਾਬੋ-ਤਖਤ ਸ੍ਰੀ ਦਮਦਮਾ ਸਾਹਿਬ ਜੋੜ ਮੇਲੇ ਨੂੰ ਜਾਣ ਵਾਲੀਆਂ ਸੰਗਤਾਂ ਲਈ ਹਰ ਸਾਲ ਇਸੇ ਸਥਾਨ ਤੇ ਚਾਹ-ਪਕੌੜਿਆਂ ਦਾ ਲੰਗਰ ਲਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸ੍ਰੀ ਹਜ਼ਰ ਸਾਹਿਬ ਤੇ ਮਾਤਾ ਵੈਸ਼ਨੂੰ ਦੇਵੀ ਜਾਣ ਵਾਲੀਆਂ ਟਰੇਨਾਂ ਵਿੱਚ ਸੰਗਤਾਂ ਲਈ ਕਈ ਸਾਲਾਂ ਤੋਂ ਲੰਗਰ ਵਰਤਾਇਆ ਜਾਂਦਾ ਹੈ।

ਉਨ੍ਹਾਂ ਦੱਸਿਆ ਕਰੋਨਾ ਦੇ ਭਿਆਨਕ ਸਮੇਂ ਲਾਕਡਾਊਨ ਦੌਰਾਨ ਵੀ ਇਸ ਸੇਵਾ ਦਲ ਵੱਲੋਂ ਲੋੜਵੰਦ ਲੋਕਾਂ ਲਈ ਘਰ ਘਰ ਲੰਗਰ ਪੁਚਾ ਕੇ ਉਨ੍ਹਾਂ ਦੀ ਮਦਦ ਕੀਤੀ ਗਈ ਸੀ। ਇਸ ਮੌਕੇ ਵੈਦ ਨਿਰੰਜਨ (ਮਿਠੂ ਵੈਦ), ਸਰਪੰਚ ਗੁਰਮੇਲ ਸਿੰਘ ਮਹਿਰਾਜ, ਦਰਸ਼ਨ ਬਾਂਸਲ ਕਾਂਗਰਸ ਆਗੂ, ਪ੍ਰੈੱਸ ਸਕੱਤਰ ਦਰਸ਼ਨ ਜਿੰਦਲ, ਬਲਵਿੰਦਰ ਸਿੰਘ ਕੋਟੜਾ ਪ੍ਰਧਾਨ, ਸੁਰਜੀਤ ਸਿੰਘ ਢਿੱਲੋਂ, ਆਤਮਾ ਸਿੰਘ, ਮੇਲਾ ਸਿੰਘ ਰੇਲਵੇ, ਜੱਸੀ ਸਿੰਘ, ਸੀਰਾ ਸਿੰਘ, ਠਾਕੁਰ ਜੁਲਕਾ, ਅਵਤਾਰ ਸਿੰਘ ਮਿਸਤਰੀ, ਵਿੱਕੀ ਸਿੰਘ, ਸੋਨੀਆ ਰਾਮ, ਮੰਗਲ ਸਿੰਘ, ਮਹਿੰਦਰ ਸਿੰਘ, ਮੱਖਣ ਸਿੰਘ, ਵਰਿੰਦਰ ਸਿੰਘ, ਰਜੇਸ਼ ਕੁਮਾਰ, ਯੋਗੇਸ਼ ਕੁਮਾਰ, ਸ਼ਿਬੂ ਰਾਮ, ਮਨਦੀਪ ਸਿੰਘ, ਸਤਪਾਲ ਸਿੰਘ ਤੇ ਪਰੇਮ ਪਾਲ ਹਾਜ਼ਰ ਸਨ।

## ਕਾਤਰਾਂ

### ਬੋਲੀ ਨਾ ਹੋਣ ਕਾਰਨ ਕਿਸਾਨ ਪ੍ਰੇਸ਼ਾਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)** ਕਿਸਾਨ ਮੰਡੀਆਂ ਵਿੱਚ ਰੁਲ ਰਹੇ ਹਨ ਤੇ ਇੱਥੇ ਛਾਂ ਦਾ ਪ੍ਰਬੰਧ ਨਹੀਂ ਹੈ। ਕਿਸਾਨਾਂ ਵੱਲੋਂ ਪੰਜਾਬ ਸਰਕਾਰ ਤੇ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਕਿਰਤੀ-ਕਿਸਾਨ ਯੂਨੀਅਨ ਜ਼ਿਲ੍ਹਾ ਬਠਿੰਡਾ ਦੇ ਆਗੂ ਅਮਰਜੀਤ ਹਨੀ ਨੇ ਦੱਸਿਆ ਕਿ ਲਹਿਰਾ ਬੇਗਾ ਭੁੱਚੋ ਮੰਡੀ ਵਿੱਚ ਜਾ ਕੇ ਕਿਸਾਨਾਂ ਨਾਲ ਗੱਲਬਾਤ ਕੀਤੀ ਗਈ। ਕਿਸਾਨਾਂ ਨੇ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਲਈ ਛਾਂ ਦਾ ਕੋਈ ਪੱਕਾ ਪ੍ਰਬੰਧ ਨਹੀਂ ਹੈ। ਕਿਸਾਨਾਂ ਨੂੰ ਧੁੱਪ ਵਿੱਚ ਰਹਿਣਾ ਪੈ ਰਿਹਾ ਹੈ। ਮਾਰਕੀਟ ਕਮੇਟੀ ਚੇਅਰਮੈਨ ਅਧਿਕਾਰੀਆਂ ਦਾ ਇਹਦੇ ਵੱਲ ਕੋਈ ਧਿਆਨ ਨਹੀਂ ਹੈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਭੁੱਚੋ ਕਲਾਂ ਕਮੇਟੀ ਦੇ ਪ੍ਰਧਾਨ ਤੇਜਾ ਸਿੰਘ ਹਾਜ਼ਰ ਸਨ।

### ਦਿਹਾਤੀ ਮਜ਼ਦੂਰ ਸਭਾ ਦੀ ਨਰੇਗਾ ਇਕਾਈ ਵੱਲੋਂ ਜੇਤੂ ਰੈਲੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ)** ਮੁਕਤਸਰ ਸਾਹਿਬ ਪਿੰਡ ਜੱਸੇਆਣਾ ਦੇ ਨਰੇਗਾ ਮਜ਼ਦੂਰਾਂ ਦਾ ਕੰਮ ਚਲਵਾਉਣ ਅੱਜ ਨਰੇਗਾ ਅਧਿਕਾਰੀਆਂ ਦਾ ਘਿਰਾਓ ਕਰਨ ਪ੍ਰੋਗਰਾਮ ਕੁਝ ਦਿਨ ਹੀ ਕੰਮ ਦਿੱਤਾ ਗਿਆ ਹੈ। ਪਿੰਡ ਵਿੱਚ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਸੰਯੁਕਤ ਸਕੱਤਰ ਜਗਜੀਤ ਸਿੰਘ ਜੱਸੇਆਣਾ, ਸੁਖਨਿੰਦਰ ਕੌਰ, ਭੀਮਾ ਸਿੰਘ, ਗੁਰਮੀਤ ਸਿੰਘ ਨੇ ਕਿਹਾ ਕਿ ਇਹ ਸੰਘਰਸ਼ ਦੀ ਅੰਸ਼ਕ ਜਿੱਤ ਹੈ, ਇਸ ਲਈ ਇਹ ਕੁਝ ਦਿਨਾਂ ਲਈ ਧਰਨਾ ਪ੍ਰਦਰਸ਼ਨ ਅਤੇ ਘਿਰਾਓ ਮੁਲਤਵੀ ਕਰ ਦਿੱਤਾ ਹੈ, ਜੇਤੂ ਰੈਲੀ ਕੀਤੀ ਗਈ ਹੈ। ਇਹ ਵੀ ਕਿਹਾ ਕਿ ਨਰੇਗਾ ਕਾਮਿਆਂ ਨੂੰ ਜ਼ਿਆਦਾ ਦਿਨ ਕੰਮ ਦਿੱਤਾ ਜਾਵੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਸੰਘਰਸ਼ ਦੁਬਾਰਾ ਆਰੰਭ ਕੀਤਾ ਜਾਵੇਗਾ।

### ਕਣਕ ਦੀ ਖਰੀਦ 'ਚ ਕਟੌਤੀ ਕਰਕੇ ਕਿਸਾਨਾਂ ਨਾਲ ਧੱਕਾ ਕੀਤਾ : ਗਰੇਵਾਲ/ਵੜੈਚ

**ਜਗਰਾਉਂ (ਨਛੱਤਰ ਸੰਧੂ)**-ਅੱਜ ਕੁੱਲ ਹਿੰਦ ਕਿਸਾਨ ਸਭਾ ਦੇ ਜਰਨਲ ਸਕੱਤਰ ਬਲਵੀਰ ਸਿੰਘ ਗਰੇਵਾਲ,ਪ੍ਰਧਾਨ ਰੂਪ ਬਸੰਤ ਸਿੰਘ ਵੜੈਚ ਵੱਲੋਂ ਪ੍ਰੈਸ ਬਿਆਨ ਜਾਰੀ ਕਰਦਿਆਂ ਕੇਂਦਰ ਸਰਕਾਰ ਵੱਲੋਂ ਜੋ ਕਿਸਾਨਾਂ ਦੀ ਕਣਕ ਖਰੀਦੀ ਜਾਂਦੀ ਹੈ, ਉਸ 'ਤੇ ਸਰਕਾਰ ਵੱਲੋਂ ਰੇਟ 'ਚ 10 ਰੁਪਏ ਕਟੌਤੀ ਕਰਕੇ ਖਰੀਦੀ ਜਾ ਰਹੀ ਹੈ ਜੋ ਕਿ ਕਿਸਾਨਾਂ ਨਾਲ ਸਰਾਸਰ ਬੇਇਨਸਾਫੀ ਅਤੇ ਧੱਕਾ ਹੈ। ਕਿਸਾਨ ਤਾਂ ਪਹਿਲਾਂ ਹੀ ਕੁਦਰਤੀ ਮਾਰ ਨਾਲ ਗੜੇਮਾਰੀ ਅਤੇ ਬੇਮੌਸਮੀ ਬਾਰਸ਼ ਕਰਕੇ ਆਪਣੀ ਫਸਲ ਦੇ ਵੱਡੇ ਨੁਕਸਾਨ ਦੀ ਭਰਪਾਈ ਲਈ ਕੇਂਦਰ ਸਰਕਾਰ ਤੋਂ ਵਿਸ਼ੇਸ਼ ਪੈਕੇਜ ਦੀ ਮੰਗ ਕਰ ਰਿਹਾ ਹੈ ਪਰ ਕੇਂਦਰ ਸਰਕਾਰ ਉਸ ਦੀ ਭਰਪਾਈ ਕਰਨ ਦੀ ਬਜਾਏ,ਉਸ ਦੀ ਫਸਲ ਦੀ ਖਰੀਦ ਰੇਟ 'ਤੇ 10 ਰੁਪਏ ਦਾ ਕੱਟ ਲਗਾ ਕੇ ਕਿਸਾਨ ਨਾਲ ਸਰਾਸਰ ਧੱਕਾ ਕਰ ਰਿਹਾ ਹੈ। ਜਿਸ ਦਾ ਕੁੱਲ ਹਿੰਦ ਕਿਸਾਨ ਸਭਾ ਡਟ ਕੇ ਵਿਰੋਧ ਕਰਦਿਆਂ ਕੇਂਦਰ ਸਰਕਾਰ ਨੂੰ ਇਹ ਦੱਸ ਦੇਣਾ ਚਾਹੁੰਦੀ ਹੈ ਕਿ ਸਰਕਾਰ ਆਪਣੇ ਇਸ ਫੈਸਲੇ ਨੂੰ ਤੁਰੰਤ ਵਾਪਸ ਲਵੇ, ਨਹੀ ਤਾ ਕੁੱਲ ਹਿੰਦ ਕਿਸਾਨ ਸਭਾ ਤੁਰੰਤ ਸੰਘਰਸ਼ ਵਿੱਢੇਗੀ।

### ਚੈੱਕ ਬਾਊਂਸ ਦੇ ਮਾਮਲੇ 'ਚ ਬਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫ਼ਿਰੋਜ਼ਪੁਰ ਦੀ ਅਦਾਲਤ ਵੱਲੋਂ ਚੈੱਕ ਬਾਊਂਸ ਦੇ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਬਰੀ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਦੀ ਫ਼ਿਰੋਜ਼ਪੁਰ ਸੈਂਟਰਲ ਕੋਆਪ੍ਰੇਟਿਵ ਬੈਂਕ ਬਰਾਂਚ ਮੁੱਦਕੀ ਨੇ ਬਰਾਂਚ ਮੈਨੇਜਰ ਰਾਹੀਂ ਦਾਇਰ ਮਾਮਲੇ ਵਿੱਚ ਦੱਸਿਆ ਕਿ ਉਸ ਨੇ ਤਲਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਮੁੱਦਕੀ ਨੂੰ ਲੋਨ ਦਿੱਤਾ ਸੀ ਤੇ ਮੁਲਜ਼ਮ ਵੱਲੋਂ ਵਿਆਜ ਪਾ ਕੇ 56 ਹਜ਼ਾਰ 800 ਰੁਪਏ ਦਾ ਚੈੱਕ ਬੈਂਕ ਦੇ ਹੱਕ ਵਿੱਚ ਜਾਰੀ ਕਰ ਦਿੱਤਾ, ਜੋ ਖਾਤੇ ਵਿੱਚ ਲਗਾਉਣ ਤੋਂ ਬਾਅਦ ਬਾਊਂਸ ਹੋ ਗਿਆ। ਇਸ ਮਾਮਲੇ ਵਿੱਚ ਬਚਾਅ ਧਿਰ ਦੇ ਵਕੀਲ ਜਗਤਾਰ ਸਿੰਘ ਸੰਧੂ ਦੀਆਂ ਦਲੀਲਾਂ ਸੁਣਨ ਉਪਰੰਤ ਜੁਡੀਸ਼ੀਅਲ ਮੈਜਿਸਟ੍ਰੇਟ ਫ਼ਸਟ ਕਲਾਸ ਮੈਡਮ ਨਵਜੀਤ ਪਾਲ ਕੌਰ ਦੀ ਅਦਾਲਤ ਨੇ ਨਾਮਜ਼ਦ ਤਲਵਿੰਦਰ ਸਿੰਘ ਨੂੰ ਬਰੀ ਕਰ ਦਿੱਤਾ।

### ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਨਸ਼ੇ ਦੇ ਦੈਂਤ ਨੇ ਇੱਕ ਹੋਰ ਨੌਜਵਾਨ ਦੀ ਜਾਨ ਲੈ ਲਈ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਸ਼ਰਨ ਪੁੱਤਰ ਮਹਿੰਦਰ ਵਾਸੀ ਫੱਤੂ ਵਾਲਾ ਵਜੋਂ ਹੋਈ ਹੈ, ਜਿਸ ਦੀ ਉਮਰ ਕਰੀਬ 19 ਕੁ ਸਾਲ ਦੱਸੀ ਜਾ ਰਹੀ ਹੈ, ਜਿਸ ਨਾਲ ਇਲਾਕੇ 'ਚ ਸੋਗ ਤੇ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਲੋਕ 'ਆਪ' ਸਰਕਾਰ ਨੂੰ ਕੋਸਦੇ ਹੋਏ ਸ਼ਰੇਆਮ ਕਹਿ ਰਹੇ ਹਨ ਕਿ ਸਰਕਾਰਾਂ ਤਾਂ ਬਦਲੀਆਂ, ਪਰ ਨਸ਼ੇ ਦੀ ਵਿੱਕਰੀ ਨੂੰ ਕੋਈ ਠੱਲ੍ਹ ਨਹੀਂ ਪਈ। ਮ੍ਰਿਤਕ ਨੌਜਵਾਨ ਦੇ ਜੀਜੇ ਮਲੂਕਾ ਵਾਸੀ ਝੋਕ ਹਰੀਹਰ ਨੇ ਦੱਸਿਆ ਕਿ ਸ਼ਰਨ ਪਿਛਲੇ ਕੁਝ ਸਮੇਂ ਤੋਂ ਚਿੱਟੇ ਦਾ ਨਸ਼ਾ ਕਰਨ ਦਾ ਆਦੀ ਸੀ, ਜਿਸ ਦਾ ਮਟੀਲੀ ਤੋਂ ਨਸ਼ਾ ਛੁਡਾਉਣ ਸਬੰਧੀ ਇਲਾਜ ਵੀ ਕਰਵਾਇਆ। ਮਹੀਨਾ ਕੁ ਪਹਿਲਾਂ ਹੀ ਨੌਜਵਾਨ ਨਸ਼ਾ ਛੁਡਾਊ ਕੇਂਦਰ ਤੋਂ ਵਾਪਸ ਪਰਤਿਆ ਸੀ ਕਿ ਬੀਤੇ ਦਿਨ ਫਿਰ ਉਸ ਨੇ ਨਸ਼ਾ ਕੀਤਾ ਤੇ ਓਵਰਡੋਜ਼ ਹੋਣ ਕਰਕੇ ਉਹ ਬੇਹੋਸ਼ ਹੋ ਗਿਆ, ਜਿਸ ਨੂੰ ਇਲਾਜ ਲਈ ਪਹਿਲਾਂ ਫ਼ਿਰੋਜ਼ਪੁਰ ਸਿਵਲ ਹਸਪਤਾਲ ਲਿਜਾਇਆ ਗਿਆ, ਉਸ ਉਪਰੰਤ ਫ਼ਰੀਦਕੋਟ ਮੈਡੀਕਲ ਕਾਲਜ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।

### ਅੱਖਾਂ ਦਾ ਮੁਫਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਅੱਜ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਬ੍ਰਹਮਲੀਨ ਸੰਤ ਸ਼੍ਰੋਮਣੀ ਬਾਬਾ ਬੰਸੀ ਵਾਲਾ ਜੀ ਦੇ ਅਸ਼ੀਰਵਾਦ ਸਦਕਾ ਬਾਬਾ ਬੰਸੀ ਵਾਲੇ ਚੈਰੀਟੇਬਲ ਸੁਸਾਇਟੀ ਰਾਮਪੁਰਾ ਫੂਲ ਵੱਲੋਂ ਪਹਿਲੀ ਵਰ੍ਹੇਗੰਢ ਦੀ ਖੁਸ਼ੀ ਵਿੱਚ ਅੱਖਾਂ ਦਾ ਮੁਫਤ ਚੈੱਕਅੱਪ ਤੇ ਆਪ੍ਰੇਸ਼ਨ (ਲੈਂਜ) ਕੈਂਪ 16 ਅਪ੍ਰੈਲ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਬਾਬਾ ਬੰਸੀ ਵਾਲਾ ਚੈਰੀਟੇਬਲ ਹਸਪਤਾਲ, ਬਾਬਾ ਬੰਸੀ ਵਾਲਾ ਮਾਰਗ, ਨੇੜੇ ਕੁਟੀਆ ਪੁਲ, ਰਾਮਪੁਰਾ ਫੂਲ ਵਿਖੇ ਲਾਇਆ ਜਾ ਰਿਹਾ ਹੈ, ਜਿਸ ਵਿੱਚ ਸਿਵਲ ਹਸਪਤਾਲ ਬਰਨਾਲਾ ਦੇ ਅੱਖਾਂ ਦੇ ਮਾਹਰ ਡਾਕਟਰ ਇੰਦੂ ਬਾਂਸਲ ਐੱਮ. ਡੀ. ਤੇ ਡਾਕਟਰ ਅਮੋਲਦੀਪ ਕੌਰ ਐੱਮ. ਡੀ. ਅਤੇ ਉਨ੍ਹਾਂ ਦੀ ਟੀਮ ਮਰੀਜ਼ਾਂ ਦਾ ਚੈੱਕ-ਅੱਪ ਕਰਨਗੇ। ਆਪ੍ਰੇਸ਼ਨ ਲਈ ਚੁਣੇ ਗਏ ਮਰੀਜ਼ਾਂ ਦਾ ਅਪ੍ਰੇਸ਼ਨ ਹਸਪਤਾਲ ਵੱਲੋਂ ਮੁਫਤ ਕੀਤਾ ਜਾਵੇਗਾ, ਦਵਾਈਆਂ ਤੇ ਕਾਲੀਆ ਐਨਕਾਂ ਵੀ ਮੁਫਤ ਦਿੱਤੀਆਂ ਜਾਣਗੀਆਂ।

# ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਨੇ ਡਾ. ਅੰਬੇਡਕਰ ਦੀ ਜੈਅੰਤੀ ਮਨਾਈ

**ਮਾਨਸਾ (ਪਮਾਰ)**- ਬਾਬਾ ਬੂਝਾ ਸਿੰਘ ਯਾਦਗਾਰੀ ਭਵਨ ਮਾਨਸਾ ਵਿਖੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ 132ਵੀਂ ਜਯੰਤੀ ਮਨਾਈ ਗਈ।



ਪ੍ਰੋਗਰਾਮ ਦੀ ਪ੍ਰਧਾਨਗੀ ਕਾਮਰੇਡ ਨਛੱਤਰ ਸਿੰਘ ਖੀਵਾ, ਕਾਮਰੇਡ ਸੁਖਵਿੰਦਰ ਬੋਹਾ, ਕਾਮਰੇਡ ਗੁਰਸੇਵਕ ਮਾਨਬੀਬੜੀਆਂ, ਕਾਮਰੇਡ ਕ੍ਰਿਸ਼ਨਾ ਕੌਰ ਤੇ ਸਾਧੂ ਸਿੰਘ ਫੌਜੀ ਵੱਲੋਂ ਸਾਂਝੇ ਰੂਪ ਵਿੱਚ ਕੀਤੀ ਗਈ। ਇਕੱਠ ਨੂੰ ਸੰਬੋਧਨ ਕਰਦਿਆਂ ਕਾਮਰੇਡ ਸੁਖਦਰਸ਼ਨ ਨੱਤ ਸੂਬਾ ਸਟੈਂਡਿੰਗ ਕਮੇਟੀ ਮੈਂਬਰ ਨੇ ਕਿਹਾ ਕਿ ਡਾ. ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਅਪਣਾਉਣ ਦੀ ਸਖਤ ਜ਼ਰੂਰਤ ਹੈ, ਕਿਉਂਕਿ ਜਿਸ ਮੰਨੂਵਾਦੀ ਵਿਚਾਰਧਾਰਾ ਖਿਲਾਫ ਬਾਬਾ ਸਾਹਿਬ ਨੇ ਆਪਣਾ ਜੀਵਨ ਨਿਛਾਵਰ ਕੀਤਾ, ਅੱਜ ਕੇਂਦਰ ਸਰਕਾਰ ਵੱਲੋਂ ਉਹੀ ਵਿਚਾਰਧਾਰਾ ਆਰ ਐੱਸ ਐੱਸ ਤੋਂ ਸੇਧ ਲੈ ਕੇ ਲਾਗੂ ਕੀਤੀ ਜਾ ਰਹੀ ਹੈ, ਜਿਹੜੀ ਵਿਚਾਰਧਾਰਾ ਲੋਕਾਂ ਨੂੰ ਜਾਤਾਂ ਧਰਮਾਂ ਵਿੱਚ ਵੰਡ ਕੇ ਨਫਰਤ ਦਾ ਪ੍ਰਚਾਰ ਕਰਨਾ ਚਾਹੁੰਦੀ ਹੈ। ਉਨ੍ਹਾਂ ਆਏ ਸਾਥੀਆਂ ਨੂੰ ਡਾ. ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਪੜ੍ਹੋ, ਜੁੜੋ, ਸੰਘਰਸ਼ ਕਰੋ ਦੇ ਪਦ ਚਿੰਨ੍ਹਾਂ 'ਤੇ ਚੱਲਣ ਦੀ ਅਪੀਲ ਵੀ ਕੀਤੀ। ਅੱਜ ਦੇ ਪ੍ਰੋਗਰਾਮ ਨੂੰ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਾਜਵਿੰਦਰ ਰਾਣਾ, ਕਾਮਰੇਡ ਜਸਵੀਰ ਕੌਰ ਨੱਤ, ਆਇਸਾ ਸੂਬਾ ਆਗੂ ਗੁਰਵਿੰਦਰ ਨੰਦਗੜ੍ਹ, ਸੀ ਪੀ ਆਈ ਐੱਮ-ਐੱਲ (ਆਰ ਆਈ) ਆਗੂ ਕਾਮਰੇਡ ਸ਼ਿਵਚਰਨ ਦਾਸ ਸੂਚਨ, ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਗੁਰਮੀਤ ਨੰਦਗੜ੍ਹ ਨੇ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਪਾਰਟੀ ਦੇ ਸ਼ਹਿਰੀ ਸਕੱਤਰ ਕਾਮਰੇਡ ਸੁਰਿੰਦਰ ਪਾਲ ਸ਼ਰਮਾ ਨੇ ਬਾਖੂਬੀ ਨਿਭਾਈ।

# 18 ਨੂੰ ਮਾਨਸਾ 'ਚ ਰੇਲ ਰੋਕੋ ਪ੍ਰੋਗਰਾਮ ਦਾ ਐਲਾਨ

**ਮਾਨਸਾ (ਆਤਮਾ ਸਿੰਘ ਪਮਾਰ)**-ਸਥਨਕ ਤੇਜਾ ਸਿੰਘ ਸੁੰਤਤਰ ਭਵਨ ਵਿਖੇ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਮਨਸਾ ਦੀ ਇਕੱਤਰਤਾ ਦੌਰਾਨ ਮੋਰਚੇ ਦੀ ਸੂਬਾਈ ਲੀਡਰਸ਼ਿਪ ਦੀ ਕਾਲ ਨੂੰ ਲਾਗੂ ਕਰਦਿਆਂ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ 18 ਅਪ੍ਰੈਲ ਨੂੰ ਰੇਲਵੇ ਸਟੇਸ਼ਨ ਮਾਨਸਾ ਵਿਖੇ ਇਕੱਠੇ ਹੋ ਕੇ 12 ਤੋਂ 4 ਵਜੇ ਤੱਕ ਰੇਲਾਂ ਰੋਕੀਆਂ ਜਾਣਗੀਆਂ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਕਣਕ ਦੇ ਖਰੀਦ ਭਾਅ ਵਿੱਚ ਕੀਤੀ ਗਈ ਕਟੌਤੀ ਤੇ ਕਣਕ ਨੂੰ ਬਦਰੰਗ ਕਹਿ ਕੇ ਮੰਡੀਆਂ ਵਿੱਚ ਰੋਲਣ ਦੇ ਰੋਸ ਵਜੋਂ ਰੇਲ ਰੋਕੋ ਪ੍ਰੋਗਰਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਰੋਜ਼ਾਨਾ ਕਿਸਾਨਾਂ ਨੂੰ ਖੇਤੀ ਧੰਦੇ ਤੋਂ ਬਾਹਰ ਕਰਨ ਦੀਆਂ ਸਕੀਮਾਂ ਘੜ ਕੇ ਜ਼ਮੀਨ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇਣਾ ਚਾਹੁੰਦੀ ਹੈ ਤੇ ਆਪਣੇ ਚਹੇਤਿਆਂ ਦੇ ਬਣੇ ਸੈਲੋ, ਕਾਰੋਬਾਰਾਂ ਨੂੰ ਪ੍ਰਫੁਲਤ ਕਰਨ ਲਈ ਕਿਸਾਨਾਂ ਨੂੰ ਨਵੇਂ ਫੁਰਮਾਨ ਸੁਣਾਉਣ ਲਈ ਕਲਮ ਦੀ ਦੁਰਵਰਤੋਂ ਕਰ ਰਹੀ ਹੈ, ਓਥੇ ਪੰਜਾਬ ਸਰਕਾਰ ਵੀ ਅਜੇ ਤੱਕ ਗੜੇਮਾਰੀ ਦੇ ਹੋਏ ਦਾ ਨੁਕਸਾਨ ਦਾ ਮੁਆਵਜ਼ਾ ਦੇਣ ਤੋਂ ਟਾਲਾ ਵੱਟ ਰਹੀ ਹੈ ਅਤੇ ਬਿਆਨਾਂ ਤੱਕ ਹੀ ਸੀਮਤ ਹੈ। ਇਸ ਸਮੇਂ ਪਿੰਡ ਅਤਲਾ ਤੇ ਕੋਟੜਾ ਵਿਖੇ ਬਿਜਲੀ ਮਹਿਕਮੇ ਦੀ ਅਣਗਹਿਲੀ ਕਾਰਨ ਹੋਏ ਸਾਰਟ ਸਰਕਟ ਨਾਲ ਨੁਕਸਾਨੀ ਕਣਕ ਦੇ ਬਣਦੇ ਮੁਆਵਜ਼ੇ ਦੀ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਬਿਜਲੀ ਮਹਿਕਮੇ ਦੇ ਜ਼ਿੰਮੇਵਾਰ ਅਧਿਕਾਰੀਆਂ 'ਤੇ ਕਾਰਵਾਈ ਕਰਕੇ ਜੁਰਮਾਨਾ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਬੀ ਕੇ ਯੂ ਡਕੌਂਦਾ ਦੇ ਆਗੂ ਮਹਿੰਦਰ ਸਿੰਘ ਭੈਣੀਬਾਘਾ, ਇਕਬਾਲ ਸਿੰਘ ਮਾਨਸਾ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਨਰਿੰਦਰ ਕੌਰ ਬੁਰਜ ਹਮੀਰਾ, ਸੁਖਚਰਨ ਦਾਨੇਵਾਲੀਆ, ਬੀ ਕੇ ਯੂ ਲੱਖੋਵਾਲ ਦੇ ਪ੍ਰਸ਼ੋਤਮ ਸਿੰਘ, ਜਮਹੂਰੀ ਕਿਸਾਨ ਸਭਾ ਦੇ ਮੇਜਰ ਸਿੰਘ ਦੂਲੋਵਾਲ, ਅਮਰੀਕ ਸਿੰਘ ਫਫੜੇ ਭਾਈਕੇ, ਬੀ ਕੇ ਯੂ ਕਾਦੀਆਂ ਦੇ ਕੁਲਦੀਪ ਸਿੰਘ ਚੱਕ ਭਾਈਕੇ, ਪਰਮਜੀਤ ਸਿੰਘ ਗਾਗੋਵਾਲ, ਕੁੱਲ ਹਿੰਦ ਕਿਸਾਨ ਸਭਾ ਦੇ ਜੁਗਰਾਜ ਸਿੰਘ ਹੀਰਕੇ, ਜਗਸੀਰ ਸਿੰਘ ਝੁਨੀਰ, ਕਰਾਂਤੀਕਾਰੀ ਕਿਸਾਨ ਯੂਨੀਅਨ ਦੇ ਭਜਨ ਘੁੰਮਣ, ਬੀ ਕੇ ਯੂ ਡਕੌਂਦਾ ਦੇ ਬਲਵਿੰਦਰ ਸ਼ਰਮਾ ਤੇ ਬੀ ਕੇ ਯੂ ਮਾਲਵਾ ਦੇ ਆਗੂ ਮਲਕੀਤ ਸਿੰਘ ਮੀਆਂ, ਸੁਰਜੀਤ ਸਿੰਘ ਮੀਆਂ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਆਗੂਆਂ ਦੀ ਐੱਸ ਡੀ ਓ ਨਾਲ ਮੀਟਿੰਗ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ )**-ਕਿਰਤੀ ਕਿਸਾਨ ਯੂਨੀਅਨ ਬਲਾਕ ਲੌਂਗੋਵਾਲ ਦੇ ਆਗੂਆਂ ਦੀ ਬਿਜਲੀ ਬੋਰਡ ਦੇ ਸੁਨਾਮ ਡਵੀਜ਼ਨ ਦੇ ਐਕਸੀਅਨ ਅਤੇ ਸਬ ਡਵੀਜ਼ਨ ਲੌਂਗੋਵਾਲ ਦੇ ਐਸ ਡੀ ਓ ਸੁਭਾਸ਼ ਕੁਮਾਰ ਨਾਲ ਉਨ੍ਹਾਂ ਦੇ ਲੌਂਗੋਵਾਲ ਦਫਤਰ ਵਿਖੇ ਮੀਟਿੰਗ ਹੋਈ, ਜਿਸ ਵਿਚ ਕਿਸਾਨਾਂ ਨੂੰ ਖੇਤੀ ਮੋਟਰਾਂ ਦੀ ਬਿਜਲੀ ਸੰਬੰਧੀ ਆ ਰਹੀਆਂ ਸਮੱਸਿਆਵਾਂ 'ਤੇ ਚਰਚਾ ਕੀਤੀ ਗਈ। ਯੂਨੀਅਨ ਵੱਲੋਂ ਕਿਸਾਨਾਂ ਦੀਆਂ ਸਮੱਸਿਆਵਾਂ ਦੱਸੀਆਂ ਗਈਆਂ ਤੇ ਕਿਹਾ ਗਿਆ ਕਿ ਜੋ ਹੁਣ ਖੇਤੀ ਮੋਟਰਾਂ ਦੀ ਸਪਲਾਈ ਰਾਤ ਨੂੰ ਇਕ ਵਜੇ ਦਿੱਤੀ ਜਾ ਰਹੀ ਹੈ, ਉਸ ਨੂੰ ਬਦਲ ਕੇ ਸਵੇਰੇ 3 ਵਜੇ ਤੋਂ 7 ਵਜੇ ਤੱਕ ਕੀਤਾ ਜਾਵੇ। ਜਿਨ੍ਹਾਂ ਮੋਟਰਾਂ ਅਤੇ ਟਰਾਂਸਫਾਰਮਰਾਂ ਦੇ ਵਿਚਕਾਰ ਕੋਈ ਡਰੇਨ, ਰਜਵਾਹਾ, ਕੋਈ ਵੱਡੀ ਸੜਕ ਆਉਂਦੀ ਹੈ ਉਨ੍ਹਾਂ 'ਤੇ ਵੱਖਰੇ ਟ੍ਰਾਂਸਫਾਰਮਰ ਰੱਖੇ ਜਾਣ, ਜਿਨ੍ਹਾਂ ਮੋਟਰਾਂ ਦਾ ਲੋਡ ਵਧ ਚੁੱਕਿਆ ਹੈ, ਉਨ੍ਹਾਂ ਦੇ ਟਰਾਂਸਫਾਰਮਰ ਵੱਡੇ ਕੀਤੇ ਜਾਣ, ਸਪਾਰਕਿੰਗ ਕਰਨ ਵਾਲੀਆਂ ਸਵਿੱਚਾਂ ਅਤੇ ਡੈਮੇਜ ਹੋਏ ਖੰਭਿਆਂ ਨੂੰ ਬਦਲਿਆ ਜਾਵੇ। ਜਿਸ 'ਤੇ ਅਧਿਕਾਰੀਆਂ ਨੇ ਕਣਕ ਦੀ ਵਾਢੀ ਤੋਂ ਫੌਰੀ ਬਾਅਦ ਇਹ ਮਸਲੇ ਹੱਲ ਕਰਨ ਦਾ ਭਰੋਸਾ ਦਿੱਤਾ । ਵਫਦ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ , ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ, ਵਿੱਤ ਸਕੱਤਰ ਬਲਵਿੰਦਰ ਸਿੰਘ ਸਾਹੋਕੇ ਅਤੇ ਦਰਸ਼ਨ ਸਿੰਘ ਅਤੇ ਸਤੀਸ਼ ਕੁਮਾਰ ਸ਼ਾਮਲ ਸਨ।

# ਪੈਸਟੀਸਾਈਡ ਯੂਨੀਅਨ ਨੇ ਖੇਤੀਬਾੜੀ ਮੰਤਰੀ ਦੇ ਬਿਆਨ ਦੇ ਵਿਰੋਧ 'ਚ ਦੁਕਾਨਾਂ ਰੱਖੀਆਂ ਬੰਦ

**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਖੇਤੀਬਾੜੀ ਮੰਤਰੀ ਵੱਲੋਂ ਖਾਦ ਤੇ ਕੀੜੇਮਾਰ ਦਵਾਈਆਂ ਦੇ ਡੀਲਰਾਂ ਨੂੰ ਬਦਨਾਮ ਕਰਨ ਤੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਡੀਲਰਾਂ ਨਾਲ ਕੀਤੀ ਗਈ ਧੱਕੇਸ਼ਾਹੀ ਦੇ ਵਿਰੋਧ ਵਿੱਚ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਪੰਜਾਬ ਬੰਦ ਦੀ ਕਾਲ ਦਾ ਗੁਰੂ ਹਰਸਹਾਏ ਦੇ ਸਮੂਹ ਡੀਲਰਾਂ ਨੇ ਭਰਵਾਂ ਸਮਰਥਨ ਕੀਤਾ। ਉਨ੍ਹਾਂ ਨੇ ਆਪਣੀਆਂ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਪੰਜਾਬ ਸਰਕਾਰ ਤੇ ਖੇਤੀਬਾੜੀ ਵਿਭਾਗ ਗੁਰਦਾਸਪੁਰ ਦੇ ਵਿਰੁੱਧ ਰੋਸ ਜ਼ਾਹਰ ਕੀਤਾ। ਬੰਦ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਵਿਕਾਸ ਗਲਹੋਤਰਾ ਨੇ ਦੱਸਿਆ ਕਿ ਬੇਮੌਸਮੀ ਬਾਰਿਸ਼ ਕਾਰਨ ਖਰਾਬ ਹੋਈ ਕਣਕ ਦੀ ਫਸਲ ਦਾ ਮੁਆਇਨਾ ਕਰਨ ਲਈ ਬੀਤੇ ਦਿਨੀਂ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਹਰੂਵਾਲ ਦਾ ਦੌਰਾ ਕੀਤਾ ਗਿਆ ਸੀ, ਜਿਸ ਦੌਰਾਨ ਖੇਤੀਬਾੜੀ ਮੰਤਰੀ ਵੱਲੋਂ ਪੰਜਾਬ ਭਾਰਤ ਦੇ ਖਾਦ ਬੀਜ ਤੇ ਕੀੜੇਮਾਰ ਦਵਾਈਆਂ ਦੇ ਡੀਲਰਾਂ ਪ੍ਰਤੀ ਨਿੰਦਣਯੋਗ ਸ਼ਬਦਾਵਲੀ ਵਰਤੀ ਗਈ ਸੀ, ਜਿਸ ਕਰਕੇ ਸਮੁੱਚੇ ਭਾਈਚਾਰੇ 'ਚ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਦੁਕਾਨਦਾਰ ਵਿਕਾਸ ਗਲਹੋਤਰਾ, ਪ੍ਰਵੀਨ ਗੁਪਤਾ, ਜਸ ਗਿਰਧਰ, ਸੁਭਾਸ਼ ਧਵਨ, ਰੋਹਿਤ ਸੋਨੀ, ਜੋਗਾ ਬੇਦੀ ਮੌਜੂਦ ਸਨ।

# ਦਰਸ਼ਨ ਰਾਮ ਨਮਿੱਤ ਅੰਤਮ ਅਰਦਾਸ ਅੱਜ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਸੋਹਣ ਲਾਲ (ਹੌਲਦਾਰ ਪੰਜਾਬ ਹੋਮ ਗਾਰਡ), ਸੁਖਵਿੰਦਰ ਕੁਮਾਰ ਸ਼ਰਮਾ 'ਬੱਗਾ' (ਠੇਕੇਦਾਰ ਨਿਊਜ਼ ਪੇਪਰ ਏਜੰਸੀ) ਤੇ ਮੋਹਨ ਲਾਲ 'ਨਿੱਕਾ' (ਮੈਨੇਜਰ ਐੱਨ. ਜੀ. ਕੇ. ਟਰਾਂਸਪੋਰਟ) ਵਾਸੀਅਨ ਪਿੰਡ ਲਹਿਰਾ ਮੁਹੱਬਤ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦ ਬੀਤੇ ਦਿਨੀਂ ਉਨ੍ਹਾਂ ਦੇ ਪਿਤਾ ਸ੍ਰੀ ਦਰਸ਼ਨ ਰਾਮ 'ਰਿਟਾ. ਹੌਲਦਾਰ' (66) ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਦਿਹਾਂਤ 'ਤੇ ਵੱਖ ਵੱਖ ਸਿਆਸੀ, ਧਾਰਮਿਕ ਤੇ ਸਮਾਜ ਸੇਵੀ ਆਗੂਆਂ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਡੂੰਘੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ।

ਸਵ: ਦਰਸ਼ਨ ਰਾਮ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ ਤੇ ਸ਼ਰਧਾਂਜਲੀ ਸਮਾਗਮ 16 ਅਪ੍ਰੈਲ 2023 (ਐਤਵਾਰ) ਨੂੰ ਪਿੰਡ ਲਹਿਰਾ ਮੁਹੱਬਤ (ਜ਼ਿਲ੍ਹਾ ਬਠਿੰਡਾ) ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਦੇ ਸਾਹਮਣੇ ਨਵੇਂ ਪੰਡਾਲ ਵਿੱਚ ਦੁਪਹਿਰ 12:30 ਵਜੇ ਹੋਵੇਗਾ।

# ਟੀ ਐੱਲ ਐੱਫ ਸਕੂਲ 'ਚ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਮੋਗਾ (ਅਮਰਜੀਤ ਬੱਬਰੀ)**-ਸ਼ਹਿਰ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਦਿ ਲਰਨਿੰਗ ਫੀਲਡ ਏ ਗਲੋਬਲ ਸਕੂਲ (ਟੀ.ਐੱਲ.ਐੱਫ.) ਵਿਖੇ ਜਲ੍ਹਿਆਂਵਾਲਾ ਬਾਗ ਵਿੱਚ ਸ਼ਹੀਦ ਹੋਏ ਲੋਕਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇਸ ਦੌਰਾਨ ਸਕੂਲ ਦੀ ਪ੍ਰਾਥਨਾ ਸਭਾ ਵਿੱਚ ਚੇਅਰਮੈਨ ਇੰਜੀ. ਜਨੇਸ਼ ਗਰਗ, ਚੇਅਰਪਰਸਨ ਡਾ. ਮੁਸਕਾਨ ਗਰਗ, ਪ੍ਰਿੰਸੀਪਲ ਬਿੰਨੀ ਕੌਰ ਆਹਲੂਵਾਲੀਆ, ਸਮੂਹ ਸਟਾਫ ਤੇ ਵਿਦਿਆਥੀਆਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਵਿਦਿਆਰਥੀਆਂ ਵੱਲੋਂ ਜਲ੍ਹਿਆਂਵਾਲਾ ਬਾਗ ਦੀ ਘਟਨਾ 'ਤੇ ਸਕਿੱਟ ਤੇ ਕੋਰਿਓਗ੍ਰਾਫੀ ਪੇਸ਼ ਕੀਤੀ ਗਈ। ਸਕੂਲ ਪ੍ਰਿੰਸੀਪਲ ਬਿੰਨੀ ਕੌਰ ਆਹਲੂਵਾਲੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼ਹੀਦ ਸਾਡੇ ਕੌਮ ਦਾ ਸਰਮਾਇਆ ਹੁੰਦੇ ਹਨ ਤੇ ਇਨ੍ਹਾਂ ਨੂੰ ਸਮੇਂ-ਸਮੇਂ 'ਤੇ ਯਾਦ ਕਰਨਾ ਕੌਮਾਂ ਦਾ ਫਰਜ਼ ਹੁੰਦਾ ਹੈ। ਅੱਜ ਦੇ ਸਮੇਂ ਵਿੱਚ ਜਦ ਨੌਜਵਾਨ ਪੀੜ੍ਹੀ ਦੇ ਅੱਗੇ ਇਸ ਸ਼ਹਾਦਤ ਦਾ ਜ਼ਿਕਰ ਕੀਤਾ ਜਾਂਦਾ ਹੈ, ਤਦ ਉਨ੍ਹਾਂ ਦਾ ਮਨ ਕ੍ਰੋਧ ਨਾਲ ਭਰ ਆਉਂਦਾ ਹੈ ਅਤੇ ਅੱਖਾਂ ਵਿੱਚ ਹੰਝੂ ਆ ਜਾਂਦੇ ਹਨ। ਇਸ ਕਾਂਡ ਨੂੰ ਹੋਏ ਬੇਸ਼ੱਕ ਅੱਜ 104 ਸਾਲ ਹੋ ਗਏ, ਪਰ ਅੱਜ ਵੀ



ਇਸ ਘਟਨਾ ਨੂੰ ਯਾਦ ਕਰਕੇ ਮਨ ਦੁੱਖ ਨਾਲ ਭਰ ਆਉਂਦਾ ਹੈ। ਇਸ ਮੌਕੇ ਸਕੂਲ ਚੇਅਰਮੈਨ ਇੰਜੀ. ਜਨੇਸ਼ ਗਰਗ ਨੇ ਕਿਹਾ ਕਿ ਸਾਨੂੰ ਇਹ ਆਜ਼ਾਦੀ ਸ਼ਹਾਦਤ ਦੇ ਬਾਅਦ ਮਿਲੀ ਹੈ, ਜਿਸ ਨੂੰ ਅਸੀਂ ਆਪਣੇ ਦੇਸ਼ ਦੀ ਅਖੰਡਤਾ ਨੂੰ ਬਣਾਏ ਰੱਖਦੇ ਹੋਏ ਸੰਭਾਲ ਕੇ ਰੱਖਣਾ ਚਾਹੀਦਾ। ਚੇਅਰਮੈਨ ਇੰਜੀ. ਜਨੇਸ਼ ਗਰਗ ਨੇ ਕਿਹਾ ਕਿ ਸਕੂਲ ਵੱਲੋਂ ਸਮੇਂ-ਸਮੇਂ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ ਜਾਗਰੂਕ ਕਰਨ ਲਈ ਅਜਿਹੀ ਐਕਟੀਵਿਟੀ ਕਰਵਾਈ ਜਾਂਦੀ ਹਨ, ਜਿਸ ਨਾਲ ਵਿਦਿਆਰਥੀਆਂ ਦਾ ਸਿੱਖਿਆ ਦੇ ਨਾਲ ਬੌਧਿਕ ਵਿਕਾਸ ਵੀ ਹੋ ਸਕੇ। ਇਸ ਮੌਕੇ ਸਕੂਲ ਦਾ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਸਰਸਵਤੀ ਜੀਨੀਅਸ ਸਕੂਲ 'ਚ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਸਮਾਗਮ

**ਜੈਤੋ (ਸਤੀਸ਼ ਕੁਮਾਰ ਭੀਰੀ)**- ਜੈਤੋ ਦੀ ਸਿਰਮੌਰ ਵਿੱਦਿਅਕ ਸੰਸਥਾ ਸਰਸਵਤੀ ਜੀਨੀਅਸ ਵੱਲੋਂ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ ਅਤੇ ਇਸ ਦੇ ਨਾਲ ਹੀ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਮੈਡਮ ਵੀਰਪਾਲ ਅਤੇ ਡਾ. ਬੀ ਕੇ ਨੇ ਵਿਸਾਖੀ ਦੇ ਤਿਉਹਾਰ ਬਾਰੇ ਜਾਣਕਾਰੀ ਦੇਣ ਦੇ ਨਾਲ ਹੀ ਡਾ. ਬੀ ਆਰ ਅੰਬੇਡਕਰ ਵੱਲੋਂ ਸਮਾਜ ਸੁਧਾਰ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਵੀ ਚਾਨਣਾ ਪਾਇਆ ਗਿਆ। ਇਸ ਮੌਕੇ ਪ੍ਰੀ ਪ੍ਰਾਇਮਰੀ ਦੇ ਨਿੱਕੇ-ਨਿੱਕੇ ਬੱਚਿਆਂ ਨੇ ਪੰਜਾਬੀ ਲੋਕ ਨਾਚ ਨਾਲ ਨੱਚ ਕੇ ਸਾਰਿਆਂ ਦਾ ਮਨ ਮੋਹ ਲਿਆ। ਇਸ ਤੋਂ ਬਾਅਦ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਵੱਲੋਂ ਗਿੱਧੇ ਅਤੇ ਭੰਗੜੇ ਦੀ ਪੇਸ਼ਕਾਰੀ ਕੀਤੀ ਗਈ। ਪ੍ਰਿੰਸੀਪਲ ਅੰਜੂ ਡੋਗਰਾ ਅਤੇ ਮੈਨੇਜਰ ਅਸ਼ੋਕ ਅਰੋੜਾ ਨੇ ਸਕੂਲ ਦੇ ਸਮੂਹ ਬੱਚਿਆਂ ਨੂੰ ਵਿਸਾਖੀ ਦੇ ਤਿਉਹਾਰ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਡਾ. ਬੀ ਆਰ ਅੰਬੇਡਕਰ ਵਾਂਗੂੰ ਸਮਾਜਕ ਉਨੰਤੀ ਦੇ ਕਾਰਜਾਂ 'ਚ ਭਾਗੀਦਾਰੀ ਦਿਖਾਉਣ ਲਈ ਉਤਸ਼ਾਹਤ ਕੀਤਾ। ਮੈਨੇਜਮੈਂਟ ਮੈਂਬਰਾਂ ਨੇ ਵੀ ਬੱਚਿਆਂ ਨੂੰ ਵਿਸਾਖੀ ਦੀ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

# ਪ੍ਰੈੱਸ ਕਲੱਬ ਦਫਤਰ ਵਿਖੇ ਪੱਤਰਕਾਰਾਂ ਵੱਲੋਂ ਡਾ. ਅੰਬੇਡਕਰ ਨੂੰ ਸ਼ਰਧਾਂਜਲੀਆਂ

## ਬਾਬਾ ਸਾਹਿਬ ਜੀ ਦੇ ਗਰੀਬਾਂ, ਜ਼ਰੂਰਤਮੰਦਾਂ ਤੇ ਆਮ ਨਾਗਰਿਕਾਂ ਲਈ ਕੀਤੇ ਗਏ ਕਾਰਜਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ : ਪ੍ਰਧਾਨ ਗੁਰਪ੍ਰੀਤ ਸੰਧੂ

**ਮਮਦੋਟ (ਹਰਪਾਲ ਸਿੰਘ ਸੋਢੀ)**-ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਦੇ 132ਵੇਂ ਜਨਮ ਦਿਨ ਮੌਕੇ ਪ੍ਰੈੱਸ ਕਲੱਬ ਮਮਦੋਟ ਦੇ ਦਫਤਰ ਵਿਖੇ ਉਨ੍ਹਾਂ ਨੂੰ ਸ਼ਰਧਾਜ਼ਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਪ੍ਰੈੱਸ ਕਲੱਬ



ਮਮਦੋਟ (ਰਜਿ.) ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸੰਧੂ, ਵਾਈਸ ਪ੍ਰਧਾਨ ਜੋਗਿੰਦਰ ਸਿੰਘ ਭੋਲਾ, ਮੀਤ ਪ੍ਰਧਾਨ ਰਵਿੰਦਰ ਸਿੰਘ ਕਾਲਾ, ਚੇਅਰਮੈਨ ਹਰਪਾਲ ਸਿੰਘ ਨੀਟਾ ਸੋਢੀ, ਵਾਈਸ ਚੇਅਰਮੈਨ ਤੇ ਦਫਤਰ ਇੰਚਾਰਜ ਡਾ. ਨਿਰਵੈਰ ਸਿੰਘ ਸਿੰਧੀ, ਸਰਪ੍ਰਸਤ ਬਲਦੇਵ ਰਾਜ ਸ਼ਰਮਾ, ਜਰਨਲ ਸਕੱਤਰ ਜਸਬੀਰ ਸਿੰਘ ਕੰਬੋਜ, ਬਗੀਚਾ ਸਿੰਘ, ਤੇਜਿੰਦਰ ਢੀਂਗਰਾ, ਖਜ਼ਾਨਚੀ ਹਰਪ੍ਰੀਤ ਸਿੰਘ ਹੈਪੀ, ਰਾਜਿੰਦਰ ਸਿੰਘ ਹਾਂਡਾ, ਜਸਵੰਤ ਸਿੰਘ ਕੰਬੋਜ, ਸੰਜੀਵ ਮਦਾਨ, ਦੀਪ ਸੋਨੀ, ਲੱਕੀ ਨਰੂਲਾ, ਬਾਬਾ ਨਿਸ਼ਾਨ ਸਿੰਘ ਖਾਲਸਾ, ਬਲਜੀਤ ਸਿੰਘ, ਕੰਵਲ ਗਿੱਲ ਸੋਨੂੰ ਆਦਿ ਨੇ ਬਾਬਾ ਸਾਹਿਬ ਦੇ ਸਰੂਪ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਪ੍ਰਧਾਨ ਗੁਰਪ੍ਰੀਤ ਸਿੰਘ ਸੰਧੂ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਜਿੱਥੇ ਭਾਰਤੀ ਸੰਵਿਧਾਨ ਨੂੰ ਬਣਾਉਣ ਵਿੱਚ ਵੱਡਮੁੱਲਾ ਯੋਗਦਾਨ ਪਾਇਆ, ਉੱਥੇ ਹੀ ਉਨ੍ਹਾਂ ਨੇ ਦੇਸ਼ ਅੰਦਰ ਲੋਕਾਂ ਨੂੰ ਸਮਾਜਿਕ ਬਰਾਬਰਤਾ ਤੇ ਆਪਸੀ ਭਾਈਚਾਰੇ ਦਾ ਵੀ ਸੰਦੇਸ਼ ਦਿੱਤਾ। ਉਨ੍ਹਾਂ ਸੰਵਿਧਾਨ ਦੀ ਰਚਨਾ ਕਰਕੇ ਸਾਰਿਆਂ ਨੂੰ ਬਰਾਬਰਤਾ ਦਾ ਅਧਿਕਾਰ ਦੇ ਕੇ ਦੇਸ਼ ਨੂੰ ਲੋਕਤੰਤਰਿਕ ਲੀਹਾਂ 'ਤੇ ਤੋਰਿਆ। ਉਨ੍ਹਾ ਕਿਹਾ ਕਿ ਬਾਬਾ ਸਾਹਿਬ ਜੀ ਦੇ ਗਰੀਬਾਂ, ਜ਼ਰੂਰਤਮੰਦਾਂ ਤੇ ਆਮ ਨਾਗਰਿਕਾਂ ਲਈ ਕੀਤੇ ਗਏ ਕਾਰਜਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾ ਕਿਹਾ ਕਿ ਡਾ. ਅੰਬੇਡਕਰ ਜੀ ਵੱਲੋਂ ਦਰਸਾਏ ਰਸਤੇ 'ਤੇ ਚੱਲਣਾ ਹੀ, ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਸੰਕਲਪ ਸੁਸਾਇਟੀ ਦੁਆਰਾ ਮੁਫ਼ਤ ਕੰਪਿਊਟਰ ਕੋਰਸਾਂ ਲਈ ਦਾਖਲਾ ਸ਼ੁਰੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** 'ਸੰਕਲਪ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ (ਰਜਿ:)' ਦੁਆਰਾ ਕੋਟਕਪੂਰਾ ਰੋਡ ਨੇੜੇ ਸਰਕਾਰੀ ਕਾਲਜ ਲੰਬੇ ਸਮੇਂ ਤੋਂ ਚੱਲ ਰਹੇ 'ਸੰਕਲਪ ਕੰਪਿਊਟਰਸ' ਵਿਖੇ ਅਗਲੇ ਹਫਤੇ ਤੋਂ ਮੁਫ਼ਤ ਕੰਪਿਊਟਰ ਟ੍ਰੇਨਿੰਗ ਸ਼ੁਰੂ ਕੀਤੀ ਜਾ ਰਹੀ ਹੈ। ਸੰਸਥਾ ਦੇ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਇਹ ਕੋਰਸ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੀ ਅਗਵਾਈ ਹੇਠ ਡਾਇਰੈਕਟੋਰੇਟ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ,ਚੰਡੀਗੜ੍ਹ ਦੇ ਸਹਿਯੋਗ ਨਾਲ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਆਖਿਆ ਕਿ ਇਹ ਕੋਰਸ ਗਰੀਬ, ਲੋੜਵੰਦ ਬੱਚਿਆਂ ਤੇ ਇਸਤਰੀਆਂ ਨੂੰ ਬਿਲਕੁਲ ਮੁਫ਼ਤ ਕਰਾਏ ਜਾਣਗੇ। ਇਨ੍ਹਾਂ ਤਿਮਾਹੀ ਤੇ ਛਿਮਾਹੀ ਕੋਰਸਾਂ ਨੂੰ ਪੂਰਾ ਕਰਨ ਤੋਂ ਬਾਅਦ ਸਿਖਿਆਰਥੀਆਂ ਨੂੰ ਬਕਾਇਦਾ ਆਈ.ਐੱਸ.ਓ ਮਾਨਤਾ ਪ੍ਰਾਪਤ ਸਰਟੀਫਿਕੇਟ ਦਿੱਤੇ ਜਾਣਗੇ। ਕੋਰਸ ਕਰਨ ਦੇ ਚਾਹਵਾਨ ਵਿੱਦਿਅਕ ਯੋਗਤਾ (ਘੱਟੋ-ਘੱਟ) ਅੱਠਵੀਂ ਪਾਸ ਦਾ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟਫਿਕੇਟ ਤੇ ਦੋ ਤਾਜ਼ਾ ਪਾਸਪੋਰਟ ਸਾਈਜ਼ ਫੋਟੋਆਂ ਸਮੇਤ ਸੰਸਥਾ ਦੇ ਮੁੱਖ ਦਫ਼ਤਰ ਕੋਟਕਪੂਰਾ ਰੋਡ ਨੇੜੇ ਮਾਡਲ ਸ੍ਰੀ ਮੁਕਤਸਰ ਸਾਹਿਬ ਵਿਖੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਕੋਰਸ ਕਰਨ ਤੋ ਬਾਅਦ ਵਿਦਿਆਰਥੀ ਸਰਕਾਰੀ ਜਾਂ ਪ੍ਰਾਈਵੇਟ ਨੌਕਰੀ ਤੋ ਇਲਾਵਾ ਆਪਣਾ ਖੁਦ ਦਾ ਇੰਟਰਨੈੱਟ ਕੈਫੇ ਜਾਂ ਆਨਲਾਈਨ ਬਿਜ਼ਨੈੱਸ ਵੀ ਕਰ ਸਕਦੇ ਹਨ।

# ਆਪਣੇ ਹਲਕੇ ਦੀਆਂ ਮੁਸ਼ਕਲਾਂ ਦਾ ਹੱਲ ਕਰਵਾਉਣਾ ਮੇਰੀ ਜ਼ਿੰਮੇਵਾਰੀ : ਮਾਨ

**ਸੰਗਰੂਰ, (ਪ੍ਰਵੀਨ ਸਿੰਘ)**-ਲੋਕ ਸਭਾ ਹਲਕਾ ਸੰਗਰੂਰ ਦਾ ਮੈਂਬਰ ਪਾਰਲੀਮੈਂਟ ਹੋਣ ਦੇ ਨਾਤੇ ਆਪਣੇ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਵਾਉਣਾ ਮੇਰੀ ਜ਼ਿੰਮੇਵਾਰੀ ਹੈ। ਇਸ ਲਈ ਪੂਰੀ ਕੋਸ਼ਿਸ਼ ਰਹਿੰਦੀ ਹੈ ਕਿ ਵੱਧ ਤੋਂ ਵੱਧ ਪ੍ਰੋਜੈਕਟਾਂ ਤਹਿਤ ਕੇਂਦਰ ਤੋਂ ਹਲਕੇ ਲਈ ਪੈਸਾ ਲਿਆ ਸਕਾਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਲੋਕ ਸਭਾ ਹਲਕਾ ਸੰਗਰੂਰ ਦੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਆਪਣੀ ਬੱਗੂਆਣਾ (ਸੰਗਰੂਰ) ਸਥਿਤ ਰਿਹਾਇਸ਼ 'ਤੇ ਵੱਖ-ਵੱਖ ਥਾਵਾਂ ਤੋਂ ਮਿਲਣ ਲਈ ਪਹੁੰਚੇ ਹਲਕਾ ਨਿਵਾਸੀਆਂ ਨਾਲ ਮੁਲਾਕਾਤ ਸਮੇਂ ਕੀਤਾ। ਇਸ ਮੌਕੇ ਉਨ੍ਹਾ ਸ਼ਹਿਰ ਦੇ ਵਪਾਰੀ ਭਾਈਚਾਰੇ ਵੱਲੋਂ ਸ਼ਹਿਰ 'ਚ ਨਵੇਂ ਸੀਵਰੇਜ ਸੰਬੰਧੀ ਸੌਂਪੇ ਗਏ ਮੰਗ ਪੱਤਰ ਨੂੰ ਅਮਲੀ ਕਾਰਵਾਈ ਹਿੱਤ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਸਟੀਮੇਟ ਤੇ ਪ੍ਰੋਜ਼ਲ ਤਿਆਰ ਕਰਵਾਉਣ ਲਈ ਭੇਜਿਆ ਗਿਆ, ਤਾਂ ਜੋ ਉਪਰੋਕਤ ਪ੍ਰੋਜੈਕਟ ਨੂੰ ਪਾਸ ਕਰਵਾ ਕੇ ਲੋਕਾਂ ਨੂੰ ਰਾਹਤ ਪ੍ਰਦਾਨ ਕੀਤੀ ਜਾ ਸਕੇ। ਮਾਨ ਨੇ ਦੱਸਿਆ ਕਿ ਸ਼ਹਿਰ ਸੰਗਰੂਰ ਤੋਂ ਜੋ ਸੰਗਤ ਮਿਲਣ ਆ ਰਹੀ ਹੈ, ਉਨ੍ਹਾਂ ਵਿੱਚ ਜ਼ਿਆਦਾਤਰ ਸੀਵਰੇਜ ਪ੍ਰਬੰਧ ਸੁਚਾਰੂ ਨਾ ਹੋਣ ਦੀ ਦਿੱਕਤ ਲੈ ਕੇ ਆਉਂਦੇ ਹਨ। ਲਗਭਗ ਸ਼ਹਿਰ ਦੇ ਹਰੇਕ ਵਾਰਡ ਦੇ ਲੋਕ ਸੀਵਰੇਜ ਸਮੱਸਿਆ ਤੋਂ ਦੁਖੀ ਹਨ। ਖਾਸ ਕਰਕੇ ਸ਼ਹਿਰ ਦੇ ਵਪਾਰੀ ਵਰਗ ਨੂੰ ਮੁਸ਼ਕਲ ਆਉਂਦੀ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਸਹਿਰ ਦੇ ਵਪਾਰੀ ਭਾਈਚਾਰੇ ਵੱਲੋਂ ਪੰਜਾਬ ਪ੍ਰਦੇਸ ਵਪਾਰ ਮੰਡਲ ਸੰਗਰੂਰ ਦੀ ਅਗਵਾਈ ਹੇਠ ਸਹਿਰ ਵਿੱਚ ਨਵਾਂ ਸੀਵਰੇਜ ਪਾਉਣ ਸੰਬੰਧੀ ਮੰਗ ਪੱਤਰ ਸੌਂਪਿਆ ਗਿਆ ਸੀ, ਜਿਸ ਵਿੱਚ ਦੱਸਿਆ ਗਿਆ ਹੈ ਕਿ ਸ਼ਹਿਰ ਦੀ ਕੋਰਟ ਕੰਪਲੈਕਸ ਰੋਡ, ਵੱਡੇ ਡਾਕਖਾਨੇ ਕੋਲ, ਪਟਿਆਲਾ ਗੇਟ ਬਾਜ਼ਾਰ, ਸੁਨਾਮੀ ਗੇਟ ਬਾਜ਼ਾਰ ਸਮੇਤ ਵੱਖ-ਵੱਖ ਥਾਵਾਂ 'ਤੇ ਸੀਵਰੇਜ ਵਿਵਸਥਾ ਬੁਰੀ ਤਰ੍ਹਾਂ ਡਾਵਾਂਡੋਲ ਹੈ। ਮਾਨ ਨੇ ਕਿਹਾ ਕਿ ਲੋਕਾਂ ਦੀਆਂ ਮੁਸ਼ਕਲਾਂ ਤੇ ਮੰਗਾਂ ਜਾਨਣ ਲਈ ਪਾਰਟੀ ਦੇ ਆਗੂਆਂ ਤੇ ਵਰਕਰਾਂ ਵੱਲੋਂ ਹਰ ਮੁਹੱਲੇ- ਹਰ ਪਿੰਡ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ । ਬਿਨਾਂ ਕਿਸੇ ਪੱਖਪਾਤ ਤੋਂ ਗ੍ਰਾਂਟਾਂ ਵੀ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਪੀ ਏ ਸੀ ਮੈਂਬਰ ਬਹਾਦਰ ਸਿੰਘ ਭਸੌੜ, ਜ਼ਿਲ੍ਹਾ ਪ੍ਰਧਾਨ ਜਥੇਦਾਰ ਹਰਜੀਤ ਸਿੰਘ ਸੰਜੂਮਾਂ, ਜਥੇਬੰਦਕ ਸਕੱਤਰ ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਰਣਦੀਪ ਸਿੰਘ ਸਮੇਤ ਹੋਰ ਆਗੂ ਵੀ ਹਾਜ਼ਰ ਸਨ ।

# ਵਿਸਾਖੀ 'ਤੇ ਗਗੜਾ 'ਚ ਧੀਆਂ ਦੇ ਰਾਖੇ ਸੰਸਥਾ ਦਾ ਗਠਨ

**ਕੋਟ ਈਸੇ ਖਾਂ (ਅਰੋੜਾ)**- ਅਜੋਕੇ ਸਮੇਂ ਦੀ ਭੱਜ-ਦੌੜ ਤੇ ਅਸਹਿਣਸ਼ੀਲਤਾ ਕਾਰਨ ਸਮਾਜ ਅੰਦਰ ਬਹੁਤੇ ਰਿਸ਼ਤੇ ਤਾਰ-ਤਾਰ ਹੁੰਦੇ ਜਾ ਰਹੇ ਹਨ ਤੇ ਝਗੜਿਆਂ ਕਾਰਨ ਸਾਡੇ ਧੀਆਂ-ਪੁੱਤਾਂ ਨੂੰ ਕਈ ਤਰ੍ਹਾਂ ਦੇ ਦੁੱਖ ਸਹਿਣੇ ਪੈਂਦੇ ਹਨ। ਇਸੇ ਗੱਲ ਨੂੰ ਭਾਂਪਦਿਆਂ ਸਮਾਜਸੇਵੀ ਚਿੰਤਕ ਵਿਸਾਖੀ ਦੇ ਪਵਿੱਤਰ ਦਿਹਾੜੇ ਮੌਕੇ ਪਿੰਡ ਭਾਗਪੁਰ ਗਗੜਾ ਵਿਖੇ ਹੋਈ ਇਕੱਤਰਤਾ ਦੌਰਾਨ ਧੀਆਂ ਦੇ ਰਾਖੇ ਸੂਬਾ ਪੱਧਰੀ ਸੰਸਥਾ ਦਾ ਗਠਨ ਹੋਇਆ, ਜਿਸ ਦੇ ਚੇਅਰਮੈਨ ਸੁਖਵਿੰਦਰ ਸਿੰਘ ਦਾਤੇਵਾਲ ਅਤੇ ਪ੍ਰਧਾਨ ਗੁਰਮੀਤ ਸਿੰਘ ਗਗੜਾ ਵੱਲੋਂ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਰੱਖਿਆ ਗਿਆ, ਜਿਸ ਵਿੱਚ ਇਲਾਕੇ ਦੀ ਪ੍ਰਸਿੱਧ ਧਾਰਮਿਕ ਸ਼ਖਸੀਅਤ ਬਾਬਾ ਮਹਿੰਦਰ ਸਿੰਘ ਜਨੇਰ ਤੋਂ ਇਲਾਵਾ ਹੋਰ ਨਾਮਵਰ ਸ਼ਖਸੀਅਤਾਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਕੱਤਰ ਹੋਈਆਂ। ਸਮਾਗਮ ਸਮੇਂ ਸੰਬੋਧਨ ਕਰਦਿਆਂ ਬਾਬਾ ਮਹਿੰਦਰ ਸਿੰਘ ਜਨੇਰ, ਸਾਬਕਾ ਡੀ ਪੀਆਰ ਓ ਗਿਆਨ ਸਿੰਘ, ਮਹਿੰਦਰਪਾਲ ਲੂੰਬਾ ਰੂਰਲ ਐਨ ਜੀ ਓ, ਸਾਬਕਾ ਚੇਅਰਮੈਨ ਵਿਜੇ ਕੁਮਾਰ ਧੀਰ, ਅਸ਼ਵਨੀ ਕੁਮਾਰ ਪਿੰਟੂ ਪ੍ਰਧਾਨ ਅਰੋੜਾ ਮਹਾਂਸਭਾ, ਬਲਰਾਮ ਸ਼ਰਮਾ ਬੈਬੀ, ਪਰਮਜੀਤ ਸਿੰਘ ਧਰਮ ਸਿੰਘ ਵਾਲਾ, ਨਿਹਾਲ ਸਿੰਘ ਤਲਵੰਡੀ ਭੰਗੇਰੀਆਂ, ਬਿੰਦਰ ਮਨੀਲਾ, ਗੁਰਮੀਤ ਸਿੰਘ ਦਾਤੇਵਾਲ ਸਟੇਜ ਸਕੱਤਰ ਆਦਿ ਨੇ ਸੁਖਵਿੰਦਰ ਸਿੰਘ ਦਾਤੇਵਾਲ ਤੇ ਗੁਰਮੀਤ ਗਗੜਾ ਨੂੰ ਇਸ ਨੇਕ ਕਾਰਜ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਅਤੇ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ ਤੇ ਇਸ ਨੇਕ ਕਾਰਜ ਲਈ ਵੱਧ ਤੋਂ ਵੱਧ ਸਾਥ ਦਿੱਤਾ ਜਾਵੇਗਾ। ਅਖੀਰ 'ਚ ਸੰਸਥਾ ਦੇ ਚੇਅਰਮੈਨ ਦਾਤੇਵਾਲ ਤੇ ਪ੍ਰਧਾਨ ਗਗੜਾ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਧੀਆਂ ਪੁੱਤਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸੰਸਥਾ ਦੇ ਮੁੱਖ ਕੰਮ ਇਲਾਕੇ ਅਤੇ ਵਿਦੇਸ਼ੀ ਧੀਆਂ-ਪੁੱਤਾਂ, ਪਤੀ-ਪਤਨੀ ਦੇ ਵਿਗੜੇ ਰਿਸ਼ਤਿਆਂ 'ਚ ਖੁਸ਼ਹਾਲੀ ਲਿਆਉਣਾ ਅਤੇ ਲੋੜ ਪੈਣ 'ਤੇ ਮੁਫਤ ਕਾਨੂੰਨੀ ਸਹਾਇਤਾ ਦਿਵਾ ਕੇ ਸਮੱਸਿਆਵਾਂ ਹੱਲ ਕਰਵਾਉਣਾ ਹੈ। ਸਮਾਗਮ ਦੌਰਾਨ ਐਡਵੋਕੇਟ ਰਾਜਪਾਲ ਸ਼ਰਮਾ ਕਾਨੂੰਨੀ ਸਲਾਹਕਾਰ , ਰਣਜੀਤ ਰਾਣਾ ਸਾਬਕਾ ਸਰਪੰਚ ਮਸੀਤਾਂ, ਇਕਬਾਲ ਸਿੰਘ ਢੋਲੇਵਾਲਾ, ਕੁਲਵਿੰਦਰ ਕਿੰਦਾ ਦਾਤੇਵਾਲ, ਨੀਲਾ ਮੋਗਾ, ਜਸਵੀਰ ਸਿੰਘ ਸ਼ੀਰਾ ਖੋਸਾ, ਕੌਂਸਲਰ ਸੁਮੀਤ ਬਿੱਟੂ ਮਲਹੋਤਰਾ, ਜੋਧ ਸਿੰਘ ਮਸੀਤਾਂ, ਕਰਨਪਾਲ ਭੁੱਲਰ ਭਗਤ ਪੂਰਨ ਸਿੰਘ ਸੇਵਾ ਸੰਸਥਾ, ਗੁਰਪ੍ਰੀਤ ਸਿੰਘ ਭੁੱਲਰ, ਨਿਸ਼ਾਨ ਸਿੰਘ ਮੂਸੇਵਾਲਾ, ਸੁਰਜੀਤ ਸਿੰਘ ਰਾਮਗੜ੍ਹ, ਗੁਰਬਚਨ ਸਿੰਘ ਢੇਸੀ, ਹਰਭਿੰਦਰ ਸਿੰਘ ਜਾਨੀਆਂ, ਜੋਗਿੰਦਰ ਸਿੰਘ ਸੰਧੂ, ਚਰਨਜੀਤ ਸਿੰਘ ਮੂਸੇਵਾਲਾ, ਗੁਰਮਿੰਦਰਜੀਤ ਬਬਲੂ ਮੋਗਾ, ਸੁੱਖ ਗਿੱਲ ਭਾਕਿਯੂ, ਰੇਸ਼ਮ ਸਿੰਘ ਨੰਬਰਦਾਰ, ਗੁਰਭੇਜ ਸਿੰਘ ਕਾਦਰਵਾਲਾ, ਅਮਨ ਗਾਬਾ, ਪਰਮਜੀਤ ਸਿੰਘ ਧਰਮਕੋਟ, ਭਗਵੰਤ ਸਿੰਘ ਭੰਤਾ ਸਤਿੰਦਰਪਾਲ ਸੈਕਟਰੀ, ਤਰਸੇਮਪਾਲ ਸਿੰਘ ਪ੍ਰਧਾਨ ਨਾਮਦੇਵ ਸਭਾ, ਰਿੰਕੂ ਵਾਲੀਆ, ਜਰਨੈਲ ਧਾਲੀਵਾਲ, ਗੁਰਚਰਨ ਸਿੰਘ ਲਲਿਹਾਂਦੀ, ਸੂਬੇਦਾਰ ਚਰਨ ਸਿੰਘ, ਨਾਇਬ ਸਿੰਘ, ਲਖਵੀਰ ਸਿੰਘ ਰੰਡਿਆਲਾ, ਕਰਨੈਲ ਸਿੰਘ ਹੇਰ, ਬੱਬੂ ਧਾਲੀਵਾਲ, ਦਰਸ਼ਨ ਲਾਲ ਸੀਕਰੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਮਾਜ ਸੇਵੀ ਲੋਕ ਹਾਜ਼ਰ ਸਨ।



# ਸੰਤ ਨਿਰੰਕਾਰੀ ਮਿਸ਼ਨ ਦੁਆਰਾ ਵਿਸ਼ਵ-ਵਿਆਪੀ ਖ਼ੂਨਦਾਨ ਮੁਹਿੰਮ



**ਸਮਾਣਾ (ਇਕਬਾਲ ਸਿੰਘ ਬੱਲ)**- ਮਨੁੱਖਤਾ ਦੇ ਮਸੀਹਾ ਬਾਬਾ ਗੁਰਬਚਨ ਸਿੰਘ ਦੀ ਪਵਿੱਤਰ ਯਾਦ 'ਚ 24 ਅਪ੍ਰੈਲ ਦਾ ਦਿਹਾੜਾ 'ਮਾਨਵ ਏਕਤਾ ਦਿਵਸ' ਵਜੋਂ ਸਮੁੱਚੇ ਨਿਰੰਕਾਰੀ ਜਗਤ ਵੱਲੋਂ ਭਾਰਤ ਅਤੇ ਦੂਰ-ਦੁਰਾਡੇ ਦੇਸ਼ਾਂ ਵਿੱਚ ਖ਼ੂਨਦਾਨ ਕੈਂਪ ਲਗਾ ਕੇ ਮਨਾਇਆ ਜਾਂਦਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਤ ਨਿਰੰਕਾਰੀ ਮਿਸ਼ਨ ਦੀ ਸਮਾਜਿਕ ਸ਼ਾਖਾ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਭਾਰਤ ਵਿੱਚ ਸਥਾਪਤ ਨਿਰੰਕਾਰੀ ਮਿਸ਼ਨ ਦੀਆਂ ਲਗਭਗ ਸਾਰੀਆਂ ਬ੍ਰਾਂਚਾਂ ਦੇ ਨਾਲ-ਨਾਲ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਖ਼ੂਨਦਾਨ ਕੈਂਪ ਵਰਗੀ ਮਹਾਨ ਮੁਹਿੰਮ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਵਿੱਚ ਸਾਰੇ ਖ਼ੂਨਦਾਨੀ ਸਵੈ-ਇੱਛਾ ਨਾਲ ਮਨੁੱਖਤਾ ਦੀ ਭਲਾਈ ਲਈ ਸ਼ਾਮਲ ਹੋ ਕੇ ਖ਼ੂਨਦਾਨ ਕਰਨਗੇ। ਬਾਬਾ ਗੁਰਬਚਨ ਸਿੰਘ ਨੇ ਸੱਚ ਨੂੰ ਅਨੁਭਵ ਕਰਕੇ ਮਨੁੱਖਾ ਜੀਵਨ ਨੂੰ ਹਰ ਤਰ੍ਹਾਂ ਦੇ ਭਰਮਾਂ ਤੋਂ ਮੁਕਤ ਕੀਤਾ; ਇਸ ਦੇ ਨਾਲ ਹੀ ਸਮਾਜ ਦੀ ਉੱਨਤੀ ਲਈ ਕਈ ਭਲਾਈ ਸਕੀਮਾਂ ਚਲਾਈਆਂ ਗਈਆਂ, ਜਿਨ੍ਹਾਂ ਵਿੱਚ ਸਾਦਾ ਵਿਆਹ, ਨਸ਼ਾ ਮੁਕਤੀ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ। ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਉਸ ਦੌਰ ਤੋਂ ਬਾਅਦ ਬਾਬਾ ਹਰਦੇਵ ਸਿੰਘ ਦੇ ਪ੍ਰੇਰਨਾਦਾਇਕ ਸੰਦੇਸ਼ ਰਾਹੀਂ ਸਮੂਹ ਸੰਗਤਾਂ ਨੂੰ ਇੱਕ ਨਵੀਂ ਸਕਾਰਾਤਮਕ ਸੇਧ ਮਿਲੀ। ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਜੋਗਿੰਦਰ ਸੁਖੀਜਾ ਨੇ ਪ੍ਰੋਗਰਾਮ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤ ਵਿੱਚ ਸਥਾਪਤ ਸੰਤ ਨਿਰੰਕਾਰੀ ਮਿਸ਼ਨ ਦੇ 99 ਜ਼ੋਨਾਂ ਦੀਆਂ ਲਗਭਗ ਸਾਰੀਆਂ ਸਾਖਾਵਾਂ ਵਿੱਚ ਇਹ ਮੈਗਾ-ਮੁਹਿੰਮ ਚਲਾਈ ਜਾਵੇਗੀ।

ਇਨ੍ਹਾਂ ਸਾਰੇ ਖ਼ੂਨਦਾਨ ਕੈਂਪਾਂ ਵਿੱਚ ਖ਼ੂਨਦਾਨ ਕਰਨ ਤੋਂ ਪਹਿਲਾਂ ਚੈਕਅੱਪ ਅਤੇ ਸਫਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਖ਼ੂਨਦਾਨੀਆਂ ਲਈ ਰਿਫਰੈਸ਼ਮੈਂਟ ਦਾ ਵੀ ਪੁਖਤਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇੰਡੀਅਨ ਰੈੱਡ ਕਰਾਸ ਸੁਸਾਇਟੀ ਅਤੇ ਸਰਕਾਰੀ ਹਸਪਤਾਲਾਂ ਤੋਂ ਯੋਗ ਅਤੇ ਸਿਖਲਾਈ ਪ੍ਰਾਪਤ ਟੀਮਾਂ ਖ਼ੂਨਦਾਨ ਕੈਂਪਾਂ ਵਿੱਚ ਖ਼ੂਨ ਇਕੱਠਾ ਕਰਨ ਲਈ ਆਉਣਗੀਆਂ। ਨਿਸਚਤ ਰੂਪ ਵਿੱਚ ਲੋਕ ਕਲਿਆਣ ਲਈ ਚਲਾਇਆ ਗਿਆ ਇਹ ਮਹਾਂ-ਅਭਿਆਨ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਦੀਆਂ ਸੇਵਾ ਪ੍ਰਤੀ ਸਿੱਖਿਆਵਾਂ ਨੂੰ ਦਰਸਾਉਂਦੇ ਹੋਏ ਏਕੱਤਵ ਅਤੇ ਮਾਨਵਤਾ ਦਾ ਦੈਵੀ ਸੰਦੇਸ਼ ਫੈਲਾ ਰਿਹਾ ਹੈ, ਜਿਸ ਵਿੱਚ ਨਿਰੰਕਾਰੀ ਜਗਤ ਦਾ ਹਰ ਪ੍ਰਾਣੀ ਪ੍ਰੇਰਨਾ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਸਫਲਾ ਬਣਾ ਰਿਹਾ ਹੈ।

## ਸੜਕ ਹਾਦਸੇ 'ਚ ਦੋ ਸਕੂਲੀ ਬੱਚਿਆਂ ਸਮੇਤ ਪੰਜ ਜ਼ਖ਼ਮੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ,ਊਂਕਾਰ ਸਿੰਘ)**-ਟਾਂਡਾ-ਸ੍ਰੀ ਹਰਗੋਬਿੰਦਪੁਰ ਸੜਕ ਰੜਾ ਮੋੜ 'ਤੇ ਸਵੇਰੇ 2 ਮੋਟਰਸਾਈਕਲਾਂ ਵਿਚਕਾਰ ਹੋਈ ਆਹਮੋ-ਸਾਹਮਣੇ ਟੱਕਰ ਵਿਚ 2 ਸਕੂਲੀ ਬੱਚਿਆਂ ਸਮੇਤ 5 ਲੋਕ ਜਖਮੀ ਹੋ ਗਏ, ਜਿਨ੍ਹਾਂ ਨੂੰ 108 ਨੰਬਰ ਐਂਬੂਲੈਂਸ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮੁਨਕਾਂ ਦੀ ਐਂਬੂਲੈਂਸ ਨੇ ਸਰਕਾਰੀ ਹਸਪਤਾਲ ਟਾਂਡਾ ਪਹੁੰਚਾਇਆ। ਇਹ ਹਾਦਸਾ ਸਵੇਰੇ ਕਰੀਬ 8.30 ਵਜੇ ਉਸ ਸਮੇਂ ਵਾਪਰਿਆ ਜਦੋਂ ਬਲਵੀਰ ਸਿੰਘ ਪੁੱਤਰ ਰਾਮ ਸਿੰਘ ਵਾਸੀ ਪਿੰਡ ਰੜਾ ਆਪਣੀਆਂ ਪੁੱਤਰੀਆਂ ਨੂੰ ਸਰਕਾਰੀ ਸਕੂਲ ਰੜਾ ਤੇ ਸਰਕਾਰੀ ਮਿਡਲ ਸਕੂਲ ਰੜਾ ਛੱਡਣ ਜਾ ਰਿਹਾ ਸੀ ਕਿ ਰੜਾ ਮੋੜ ਨਜਦੀਕ ਸਾਹਮਣੇ ਤੋਂ ਆ ਰਹੇ ਮੋਟਰਸਾਈਕਲ ਵਿੱਚ ਟੱਕਰ ਹੋ ਗਈ ਹਾਦਸੇ ਦੌਰਾਨ ਬਲਵੀਰ ਸਿੰਘ, ਉਸ ਦੀ ਪੁੱਤਰੀ ਸੁੱਖਪ੍ਰੀਤ (9) ਤੇ ਜਸਪ੍ਰੀਤ ਕੌਰ (12) ਤੇ ਦੂਸਰੇ ਮੋਟਰਸਾਈਕਲ ਸਵਾਰ ਪਵਨ ਤੇ ਉਸ ਦੀ ਪਤਨੀ ਲਛਮੀ ਜਖਮੀ ਹੋ ਗਏ। ਜਖਮੀ ਹੋਏ ਛੋਟੇ ਬੱਚਿਆਂ ਦੀ ਹਾਲਤ ਨੂੰ ਗੰਭੀਰ ਦੇਖਦੇ ਹੋਏ ਹੁਸ਼ਿਆਰਪੁਰ ਰੈਫਰ ਕੀਤਾ ਗਿਆ ਹੈ। ਇਸ ਸਬੰਧੀ ਟਾਂਡਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

## ਬਾਬਾ ਸਾਹਿਬ ਦਾ ਜਨਮ ਦਿਨ ਧੂਮਧਾਮ ਨਾਲ ਮਨਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਨਵਾਂ ਪਿੰਡ ਸੌਕੀਆ ਵਿਖੇ ਬਾਬਾ ਸਾਹਿਬ ਜੀ ਦਾ ਜਨਮ ਦਿਨ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਵੱਲੋਂ ਆਪਣੇ ਰਹਿਬਰ ਬਾਰੇ ਬਹੁਤ ਹੀ ਸੁਝਵਾਨ ਤਰੀਕੇ ਨਾਲ ਆਪਣੇ ਵਿਚਾਰ ਪੇਸ਼ ਕੀਤੇ ਗਏ। ਮਨਪ੍ਰੀਤ ਕੌਰ ਕੋਮਲਪ੍ਰੀਤ ਕੌਰ ਮਨਪ੍ਰੀਤ ਚੁੰਬਰ ਨੇ ਬਾਬਾ ਸਾਹਿਬ ਜੀ ਦੀ ਜੀਵਨੀ 'ਤੇ ਚਾਨਣਾ ਪਾਉਂਦੇ ਹੋਏ ਆਪਣੇ ਰਹਿਬਰ ਨੂੰ ਯਾਦ ਕੀਤਾ। ਇਸ ਮੌਕੇ ਮਲਕੀਤ ਚੁੰਬਰ ਨੇ ਬਾਬਾ ਸਾਹਿਬ ਜੀ ਦੇ ਮਿਸ਼ਨ 'ਤੇ ਚੱਲਣ ਲਈ ਸਮਾਜ ਨੂੰ ਅਪੀਲ ਕੀਤੀ ਤਾਂ ਕਿ ਅਸੀਂ ਉਹਨਾਂ ਦੇ ਦਿੱਤੇ ਹੋਏ ਅਧਿਕਾਰਾਂ ਨੂੰ ਤਾਂ ਮਾਣ ਰਹੇ ਪਰ ਉਨ੍ਹਾਂ ਦੀ ਕੀਤੀ ਕੁਰਬਾਨੀ ਦਾ ਮੁੱਲ ਨਹੀਂ ਮੋੜ ਪਾ ਰਹੇ। ਉਹਨਾਂ ਦੇ ਮਿਸ਼ਨ ਨੂੰ ਸਮਰਪਿਤ ਹੋ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਸੁੱਤੇ ਸਮਾਜ ਨੂੰ ਜਗਾਉਣ ਲਈ ਆਪਣੀ ਪੂਰੀ ਜ਼ਿੰਦਗੀ ਲਾ ਦਿੱਤੀ ਪਰ ਅਸੀਂ ਵੋਟਾਂ ਵੇਲੇ ਦੂਜੀਆਂ ਪਾਰਟੀਆਂ ਦੇ ਝੂਠੇ ਲਾਰਿਆਂ ਵਿੱਚ ਆ ਕੇ ਆਪਣੀ ਕੀਮਤੀ ਵੋਟ ਨੂੰ ਗੁਆ ਲੈਂਦੇ ਹਾਂ ਕਿਉਂਕਿ ਬਾਬਾ ਸਾਹਿਬ ਜੀ ਨੇ ਸਾਨੂੰ ਵੋਟ ਦਾ ਅਧਿਕਾਰ ਲੈ ਕੇ ਦਿੱਤਾ ਸੀ ਤਾਂ ਕਿ ਉਸ ਨੂੰ ਮਤਦਾਨ ਕਿਹਾ ਸੀ ਪਰ ਅਸੀਂ ਵੋਟਾਂ ਵੇਲੇ ਮਤਦਾਨ ਕਰਦਿਆਂ ਆਪਣੇ ਅਤੇ ਬੇਗਾਨੇ ਦੀ ਪਹਿਚਾਣ ਭੁੱਲ ਜਾਂਦੇ ਹਾਂ ਜਿਸ ਦਿਨ ਤੁਸੀ ਪਹਿਚਾਣ ਕਰਨ ਵਾਲੇ ਬਣ ਗਏ ਤੁਹਾਡਾ ਰਾਜ ਆਉਣ ਤੋਂ ਕੋਈ ਰੋਕ ਨਹੀਂ ਸਕਦਾ। ਇਸ ਮੌਕੇ ਮਹਿੰਦਰ ਪਾਲ ਪ੍ਰਧਾਨ ਨੇ ਆਏ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਵੱਧ ਚੜ੍ਹ ਕੇ ਬਾਬਾ ਸਾਹਿਬ ਜੀ ਭਵਨ ਦੀ ਉਸਾਰੀ ਲਈ ਯੋਗਦਾਨ ਪਾਉਣ ਦੀ ਅਪੀਲ ਕੀਤੀ ਗਈ। ਇਸ ਮੌਕੇ ਕਮੇਟੀ ਮੈਂਬਰ ਪੁਸ਼ਪਾ ਸਰਪੰਚ, ਕਰਮਜੀਤ ਕੌਰ ਪੰਚ ਨਿੰਦਰੋ ਪੰਚ , ਸੋਮ ਨਾਥ ਪੰਚ ਰਾਜੂ ਪੰਚ,ਦਰਸ਼ਨ ਮੈਹਿਮੀ, ਬਲਵੀਰ ਮੈਹਿਮੀ, ਵਰਿੰਦਰ ਮੈਹਿਮੀ, ਸੁਖਵਿੰਦਰ ਚੁੰਬਰ ਸੁਰਿੰਦਰ ਪਾਲ, ਲਖਵੀਰ, ਡੇਵਿਡ ਮਸੀਹ ਸੇਰਾਂ ਚੁੰਬਰ, ਪਰਮਜੀਤ ਕੜਲਾ, ਸਨ ਪਰਦੀਪ ਕੜਲਾ, ਤਰਸੇਮ ਚੁੰਬਰ,ਸੋਮ ਰਾਜ, ਮਨੋਜ ਕੁਮਾਰ, ਬਿਕਰਮ, ਸੁਖਵਿੰਦਰ ਕੁਮਾਰ,ਹਰਦੀਪ ਕੁਮਾਰ,ਜੰਗ ਬਹਾਦਰ, ਸੋਮ ਨਾਥ ਸੁੰਮਨ,ਹਰੀ ਰਾਮ,ਮਹਿਰ ਚੰਦ,ਜੀਤ ਸਿੰਘ ਅਤੇ ਵੱਡੀ ਗਿਣਤੀ ਵਿੱਚ ਲੋਕ ਹਾਜਰ ਸਨ।

## ਸੀ ਜੀ ਸੀ ਲਾਂਡਰਾਂ ਨੇ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਮੋਹਾਲੀ (ਗੁਰਜੀਤ ਬਿੱਲਾ)**-ਸੀਜੀਸੀ ਲਾਂਡਰਾਂ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ। ਤਿਉਹਾਰ ਨੂੰ ਮਨਾਉਣ ਲਈ ਕਈ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ ਸੀ। ਇਨ੍ਹਾਂ ਵਿੱਚ ਭੰਗੜਾ, ਗਿੱਧਾ, ਪਹਾੜੀ ਨਾਟੀ ਦੇ ਨਾਲ-ਨਾਲ ਹਰਿਆਣਾ ਅਤੇ ਰਾਜਸਥਾਨ ਦੇ ਲੋਕ ਨਾਚਾਂ ਦੇ ਰੂਪ ਵਿੱਚ ਜੀਵੰਤ ਸੱਭਿਆਚਾਰਕ ਪੇਸ਼ਕਾਰੀਆਂ ਸਾਮਲ ਸਨ। ਪ੍ਰਤਿਭਾਸ਼ਾਲੀ ਸੀਜੀਸੀ ਦੇ ਇੱਕ ਵਿਦਿਆਰਥੀ ਸਮੂਹ ਦੁਆਰਾ ਸ਼ਬਦ ਕੀਰਤਨ ਦੀ ਪੇਸ਼ਕਾਰੀ ਨਾਲ ਤਿਉਹਾਰ ਹੋਰ ਵੀ ਅਨੰਦਮਈ ਮਾਹੌਲ ਵਿੱਚ ਲੀਨ ਹੋ ਗਿਆ। ਵਿਸਾਖੀ ਦੀ ਭਾਵਨਾ ਨੂੰ ਯਾਦ ਕਰਦੇ ਹੋਏ, ਜੋ ਕਿ ਪੰਜਾਬ ਵਿੱਚ ਫਸਲਾਂ ਦੀ ਵਾਢੀ ਦੀ ਸ਼ੁਰੂਆਤ ਦਾ ਜਸ਼ਨ ਮਨਾਉਂਦੀ ਹੈ, ਵਿਦਿਆਰਥੀਆਂ ਨੇ ਰਵਾਇਤੀ ਪਹਿਰਾਵੇ ਪਹਿਨੇ ਹੋਏ ਸਨ। ਉਹਨਾਂ ਨੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਨਿਮਰ ਸ਼ਰਧਾਂਜਲੀ ਵੀ ਭੇਟ ਕੀਤੀ। ਸਮਾਗਮ ਦੀ ਸਮਾਪਤੀ ਡੀਨ ਵਿਦਿਆਰਥੀ ਭਲਾਈ, ਸੀਜੀਸੀ ਲਾਂਡਰਾਂ ਦੇ ਧੰਨਵਾਦ ਦੇ ਮਤੇ ਨਾਲ ਹੋਈ, ਜਿਸ ਨੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਹਮੇਸ਼ਾ ਆਸ਼ਾਵਾਦੀ ਅਤੇ ਸਕਾਰਾਤਮਕ ਰਹਿਣ ਲਈ ਉਤਸ਼ਾਹਿਤ ਕੀਤਾ, ਜੋ ਕਿ ਵਿਸਾਖੀ ਦੇ ਤਿਓਹਾਰ ਦਾ ਮੁੱਖ ਸੰਦੇਸ਼ ਹੈ।

## ਸਰਕਾਰੀ ਕਾਲਜ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ ਟਾਂਡਾ ਵਿਖੇ ਕਾਲਜ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਪ੍ਰਿੰਸੀਪਲ ਬਲਵਿੰਦਰ ਸਿੰਘ ਦੀ ਅਗਵਾਈ ਵਿੱਚ ਕਰਵਾਏ ਗਏ ਇਸ ਸਮਾਰੋਹ ਦੌਰਾਨ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਨੂੰ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਅਤੇ ਜ਼ਿੰਦਗੀ ਵਿਚ ਉੱਚੇ ਮੁਕਾਮ ਹਾਸਲ ਕਰਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਪ੍ਰਿੰਸੀਪਲ ਬਲਵਿੰਦਰ ਸਿੰਘ ਅਤੇ ਵਾਈਸ ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ਨੇ ਅਕਾਦਮਿਕ, ਖੇਡਾ, ਸਭਿਆਚਾਰ ਅਤੇ ਹੋਰ ਵੱਖ- ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਰੋਲ ਆਫ ਆਨਰ, ਕਾਲਜ ਕਲਰ, ਮੈਰਿਟ ਸਰਟੀਫਿਕੇਟ ਅਤੇ ਇਨਾਮ ਦੇ ਕੇ ਸਨਮਾਨਤ ਕੀਤਾ। ਇਸ ਤੋਂ ਪਹਿਲਾਂ ਸਕੂਲ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਕੀਤਾ ਅਤੇ ਪ੍ਰਿੰਸੀਪਲ ਬਲਵਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਸਭਨਾਂ ਦਾ ਧੰਨਵਾਦ ਕੀਤਾ। ਇਸ ਇਨਾਮ ਵੰਡ ਸਮਾਰੋਹ ਵਿੱਚ ਐਨ.ਸੀ.ਸੀ ਦੀ ਸੀਨੀਅਰ ਅਫਸਰ ਹਰਪ੍ਰੀਤ ਨੇ ਰੋਲ ਆਫ ਆਨਰ ਪ੍ਰਾਪਤ ਕੀਤਾ। ਯੂਥ ਫੈਸਟੀਵਲ ਵਿੱਚ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵਿੱਚੋਂ ਬੀ.ਏ ਸਮੈਸਟਰ ਦੀ ਵਿਦਿਆਰਥਣ ਜਸਮੀਤ ਕੌਰ, ਬੀ ਏ ਸਮੈਸਟਰ ਦੂਜਾ ਦੇ ਵਿਦਿਆਰਥੀ ਪਰਮਜੀਤ ਸਿੰਘ , ਗੌਰਵ ,ਮਨਰਾਜ ਅਤੇ ਬੀ.ਏ ਸਮੈਸਟਰ ਦੂਜਾ ਦੇ ਜਨਸਿਰ ਨੇ ਕਾਲਜ ਕਲਰ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਵੱਖ-ਵੱਖ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਕੇਸਵ ਸਿੰਘ ਸੈਣੀ, ਪੀ. ਟੀ. ਪ੍ਰਧਾਨ ਅਮਨਪ੍ਰੀਤ ਸਿੰਘ, ਲੰਬਰਦਾਰ ਸੁਰਜੀਤ ਸਿੰਘ, ਪ੍ਰੋ.ਗਮਿੰਦਰਜੀਤ ਕੌਰ, ਪ੍ਰੋ. ਸੋਨੀਆਂ ਚਾਹਲ, ਪ੍ਰੋ. ਦੀਪਕ ਕਪੂਰ, ਪ੍ਰੋ. ਰਾਜੇਸ਼ ਕੁਮਾਰ, ਪ੍ਰੋ. ਵਿਜੈਪਾਲ, ਪ੍ਰੋ. ਰੁਬਿਨ, ਪ੍ਰੋ. ਸੋਨਿਕਾ ਉਹਰੀ, ਪ੍ਰੋ. ਨਵਜੀਤ ਕੌਰ, ਪ੍ਰੋ. ਤਜਵਿੰਦਰ ਕੌਰ ਚੀਮਾ, ਪ੍ਰੋ. ਮਨਮੋਹਨ ਸਿੰਘ, ਪ੍ਰੋ. ਗੁਰਦੇਵ, ਪ੍ਰੋ. ਜਗਜੀਤ ਸਿੰਘ, ਪ੍ਰੋ. ਸੈਫਾਲੀ ਵਾਲੀਆ ਪਰਮਿੰਦਰ ਕੌਰ, ਪ੍ਰੋ. ਮਲਕੀਤ ਸਿੰਘ, ਪ੍ਰੋ. ਹਰਮੇਸ਼ ਸਿੰਘ, ਪ੍ਰੋ. ਵਿਨੇ ਕੁਮਾਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਜੈਸਮੀਨ, ਪ੍ਰੋ. ਮਨਿੰਦਰ ਸਿੰਘ ਮੰਡ, ਪ੍ਰੋ. ਰਿੰਪੀ ਢੱਡਾ , ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਸੋਨੀਆ, ਪ੍ਰੋ. ਨਵਨੀਤ ਕੌਰ, ਪ੍ਰੋ. ਸਰਬਜੀਤ, ਪ੍ਰੋ. ਕੁਲਵਿੰਦਰ ਕੌਰ, ਪ੍ਰੋ. ਵਰਿੰਦਰ, ਜਰਨੈਲ ਸਿੰਘ ਨੰਗਲ ਖੂੰਗਾ, ਜਸਵੀਰ ਸਿੰਘ ਨੰਗਲ ਖੂੰਗਾ, ਰਜਿੰਦਰ ਸਿੰਘ ਚੌਹਾਨ, ਚੌਧਰੀ ਭੁਪਿੰਦਰ ਸਿੰਘ, ਵਿਜੈਪਾਲ ਐਕਸੀਅਨ, ਸੁਖਵਿੰਦਰ ਸਿੰਘ, ਸੁਰਜੀਤ ਸਿੰਘ, ਅਮਨ, ਕਸ਼ਮੀਰ ਸਿੰਘ, ਹਰਜੀਤ ਕੌਰ ਆਦਿ ਵੀ ਹਾਜ਼ਰ ਸਨ।

## 90 ਗਰਾਮ ਨਸ਼ੀਲੇ ਪਦਾਰਥ ਸਮੇਤ ਕਾਬੂ

**ਮਾਹਿਲਪੁਰ (ਸਫਰੀ)**-ਦਲਜੀਤ ਸਿੰਘ ਖੱਖ ਉਪ ਕਪਤਾਨ ਪੁਲਸ ਗੜ੍ਹਸ਼ੰਕਰ ਦੀ ਅਗਵਾਈ ਹੇਠ ਐੱਸ ਆਈ ਬਲਜਿੰਦਰ ਸਿੰਘ ਮੱਲ੍ਹੀ ਇੰਚਾਰਜ ਥਾਣਾ ਮਾਹਿਲਪੁਰ ਦੀ ਨਸ਼ਾ ਵਿਰੋਧੀ ਮੁਹਿੰਮ ਨੂੰ ਉਸ ਸਮੇਂ ਸਫਲਤਾ ਮਿਲੀ ਜਦੋਂ ਉਹ ਥਾਣੇਦਾਰ ਰਾਮ ਲਾਲ ਸਮੇਤ ਚੈਕਿੰਗ ਦੌਰਾਨ ਪਿੰਡ ਪਥਰਾਲਾ ਨੇੜੇ ਇਕ ਵਿਅਕਤੀ ਨੂੰ ਰੋਕ ਕੇ ਚੈਕਿੰਗ ਦੌਰਾਨ 90 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕੀਤਾ। ਇਸ ਵਿਅਕਤੀ ਦੀ ਪਹਿਚਾਣ ਯੋਗਰਾਜ ਪੁੱਤਰ ਰਾਮ ਲਾਲ ਵਾਸੀ ਹਾਰਟਾ ਵਡਾਲਾ ਥਾਣਾ ਮੇਹਟੀਆਨਾ ਵਜੋਂ ਹੋਈ ਹੈ। ਦੋਸ਼ੀ ਖਿਲਾਫ ਥਾਣਾ ਮਾਹਿਲਪੁਰ ਨੇ ਐਨ ਡੀ ਪੀ ਸੀ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜਨ ਸੰਪਰਕ ਦੇ ਦੂਸਰੇ ਦਿਨ ਸੀ ਪੀ ਆਈ ਵੱਲੋਂ ਸ਼ਹੀਦਾਂ ਦੇ ਬੁੱਤ 'ਤੇ ਪ੍ਰਦਰਸ਼ਨ



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)** ਭਾਰਤੀ ਕਮਿਊਨਿਸਟ ਪਾਰਟੀ ਦੇ ਸੱਦੇ 'ਤੇ ਇੱਕ ਮਹੀਨੇ ਦੇ ਜਨ ਸੰਪਰਕ ਪ੍ਰੋਗਰਾਮ ਦੇ ਤਹਿਤ ਜ਼ਿਲ੍ਹਾ ਲੁਧਿਆਣਾ ਇਕਾਈ ਨੇ ਜਗਰਾਓਂ ਪੁਲ ਤੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਬੁੱਤ 'ਤੇ ਹਾਰ ਪਾ ਕੇ ਅਤੇ ਲੋਕਤੰਤਰ ਤੇ ਧਰਮ ਨਿਰਪੱਖਤਾ ਦੀ ਰਾਖੀ ਲਈ ਪ੍ਰਣ ਕਰਕੇ ਪ੍ਰਦਰਸ਼ਨ ਕੀਤਾ। ਕਾਮਰੇਡ ਡੀ. ਪੀ. ਮੌੜ ਜ਼ਿਲ੍ਹਾ ਸਕੱਤਰ ਨੇ ਕਿਹਾ ਕਿ ਪਿਛਲੇ 9 ਸਾਲਾਂ ਵਿੱਚ ਜਦੋਂ ਤੋਂ ਮੋਦੀ ਦੀ ਅਗਵਾਈ ਵਾਲੀ ਭਾਜਪਾ ਦੀ ਸਰਕਾਰ ਕੇਂਦਰ ਵਿਚ ਸੱਤਾਰੂੜ ਹੈ, ਦੇਸ਼ ਵਿੱਚ ਭਾਈਚਾਰਕ ਸਾਂਝ ਨੂੰ ਖੇਰੂੰ ਖੇਰੂੰ ਕਰਨ ਦੀਆਂ ਸਾਜ਼ਿਸ਼ਾਂ ਚੱਲ ਰਹੀਆਂ ਹਨ ਅਤੇ ਕੱਟੜਪੰਥੀ ਹਿੰਦੂ ਰਾਸ਼ਟਰ ਦੀ ਸਥਾਪਨਾ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਸਾਡੇ ਅਜ਼ਾਦੀ ਘੁਲਾਟੀਆਂ ਦੀ ਧਰਮ ਨਿਰਪੱਖ ਤੇ ਲੋਕਤੰਤਰਿਕ ਸੋਚ ਦੇ ਬਿਲਕੁਲ ਉਲਟ ਹੈ। ਦੇਸ਼ ਦੀ ਸੰਪਤੀ ਅਡਾਨੀ, ਅੰਬਾਨੀ ਵਰਗੇ ਚੰਦ ਕਾਰਪੋਰੇਟਾਂ ਨੂੰ ਲੁਟਾਈ ਜਾ ਰਹੀ ਹੈ। ਮਹਿੰਗਾਈ ਕਾਰਨ ਹਾਹਾਕਾਰ ਮਚੀ ਹੈ, ਰਸੋਈ ਗੈਸ, ਪੈਟਰੋਲ ਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਪਿਛਲੇ 9 ਸਾਲਾਂ ਵਿੱਚ ਦੋ ਤੋਂ ਤਿੰਨ ਗੁਣਾ ਵਧ ਗਈਆਂ ਹਨ। ਲੋਕਾਂ ਦੀ ਆਮਦਨੀ ਘਟ ਗਈ ਹੈ। ਠੇਕੇਦਾਰੀ ਪ੍ਰਬੰਧ ਅਧੀਨ ਰੋਜ਼ਗਾਰ ਦੀ ਗਾਰੰਟੀ ਸਮਾਪਤ ਹੋ ਗਈ ਹੈ। ਲੋਕ ਆਰਥਿਕ ਤੌਰ 'ਤੇ ਔਖੇ ਹੋ ਗਏ ਹਨ। ਅੱਜ ਲੋੜ ਹੈ ਕਿ ਸਮੂਹ ਲੋਕਤੰਤਰ ਦੇ ਧਰਮ ਨਿਰਪੱਖਤਾ 'ਤੇ ਵਿਸ਼ਵਾਸ ਰੱਖਣ ਵਾਲੀਆਂ ਪਾਰਟੀਆਂ ਤੇ ਲੋਕ ਇੱਕ ਮੁੱਠ ਹੋ ਕੇ ਅਗਲੇ ਸਾਲ ਆਉਂਦੀਆਂ ਚੋਣਾਂ ਵਿੱਚ ਭਾਜਪਾ ਨੂੰ ਚੱਲਦਾ ਕਰਨ। ਇਸ ਮੌਕੇ ਕਾਮਰੇਡ ਚਮਕੌਰ ਸਿੰਘ, ਐੱਮ. ਐੱਸ. ਭਾਟੀਆ, ਰਮੇਸ਼ ਰਤਨ, ਵਿਜੇ ਕੁਮਾਰ, ਅਵਤਾਰ ਛਿੱਬੜ, ਡਾ: ਗੁਲਜਾਰ ਪੰਧੇਰ, ਐੱਸ. ਪੀ. ਸਿੰਘ, ਸਤਨਾਮ ਸਿੰਘ, ਮਲਕੀਤ ਮਾਲੜਾ, ਰਾਜਪਾਲ ਵਰਮਾ, ਕਾਮਰੇਡ ਸਰੋਜ, ਕਰਤਾਰ ਰਾਮ ਹਾਜ਼ਰ ਸਨ।

## ਮਾਮੂਲੀ ਤਕਰਾਰ ਤੋਂ ਬਾਅਦ ਝਗੜੇ 'ਚ ਇਕ ਮੌਤ

**ਮਾਹਿਲਪੁਰ (ਸਫਰੀ)**-ਥਾਣਾ ਮਾਹਿਲਪੁਰ ਅਧੀਨ ਪੈਂਦੇ ਪਿੰਡ ਸਰਦੁਲਾਪੁਰ ਵਿਖੇ ਬੀਤੀ ਰਾਤ ਕੋਈ ਸਾਢੇ ਕੁ ਅੱਠ ਵਜੇ ਛੋਟੀ ਜਿਹੀ ਗੱਲ ਤੋਂ ਹੋਈ ਤਕਰਾਰ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ। ਥਾਣਾ ਮਾਹਿਲਪੁਰ ਦੀ ਪੁਲਸ ਨੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਹਰਮੇਸ਼ ਲਾਲ ਪੁੱਤਰ ਕੁੰਦਨ ਲਾਲ ਵਾਸੀ ਸਰਦੁੱਲਾ ਪੁਰ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੀ ਪਤਨੀ ਦੀ ਕੋਈ 20 ਕੁ ਸਾਲ ਪਹਿਲਾਂ ਇਕ ਬੇਟੀ ਨੂੰ ਜਨਮ ਦੇਣ ਤੋਂ ਬਾਅਦ ਮੌਤ ਹੋ ਗਈ ਸੀ। ਉਸ ਤੋਂ ਥੋੜ੍ਹੇ ਸਮੇਂ ਬਾਅਦ ਹਰਮੇਸ਼ ਲਾਲ ਨੇ ਦੂਸਰੀ ਸ਼ਾਦੀ ਕਰ ਲਈ। ਇਸ ਦੂਸਰੀ ਪਤਨੀ ਮੀਨਾ ਨੇ ਤਿੰਨ ਬੱਚਿਆਂ ਨੂੰ ਜਨਮ ਦਿੱਤਾ। ਜਿਨ੍ਹਾਂ ਵਿਚ ਦੋ ਬੇਟੀਆਂ ਅਤੇ ਇੱਕ ਬੇਟਾ ਹੈ। ਹਰਮੇਸ਼ ਦੇ ਘਰ ਦੀ ਹਾਲਤ ਬਹੁਤੀ ਵਧੀਆ ਨਾ ਹੋਣ ਕਾਰਨ ਬਜ਼ੁਰਗ ਭੂਆ ਬਿਮਲਾ ਦੇਵੀ ਨੇ 14 ਕੁ ਸਾਲ ਤੋਂ ਪਹਿਲੇ ਵਿਆਹ ਦੀ ਬੇਟੀ ਜੂਹੀ ਨੂੰ ਆਪਣੇ ਕੋਲ ਰੱਖਿਆ ਹੋਇਆ ਹੈ। ਬਜ਼ੁਰਗ ਬਿਮਲਾ ਦੇਵੀ ਆਪਣੇ ਭਤੀਜਿਆਂ ਕੋਲ ਸਰਦੁਲਾਪੁਰ ਹੀ ਰਹਿੰਦੀ ਹੈ। ਕੁਝ ਦਿਨ ਪਹਿਲਾਂ ਹਰਮੇਸ਼ ਅਤੇ ਉਸ ਦੀ ਪਤਨੀ ਨੇ ਜੂਹੀ ਨੂੰ ਭੂਆ ਕੋਲੋਂ ਵਾਪਸ ਲੈਣ ਦੀ ਮੰਗ ਕੀਤੀ ,ਪਰ ਜੂਹੀ ਵਾਪਸ ਨਹੀਂ ਜਾਣਾ ਚਹੁੰਦੀ ਸੀ। ਲੜਾਈ ਝਗੜੇ ਤੋਂ ਡਰਦੀ ਬਜ਼ੁਰਗ ਵਿਮਲਾ ਦੇਵੀ ਨੇ ਜੂਹੀ ਨੂੰ ਉਸ ਦੀ ਸਕੀ ਮਾਸੀ ਕੋਲ ਲੁਧਿਆਣੇ ਭੇਜ ਦਿੱਤਾ। ਜਿਸ 'ਤੇ ਹਰਮੇਸ਼ ਨੇ ਆਪਣੀ ਭੂਆ ਅਤੇ ਚਚੇਰੇ ਭਰਾਵਾਂ ਦੇ ਘਰ ਜਾ ਕੇ ਗਾਲੀ ਗਲੋਚ ਕੀਤਾ। ਬੀਤੀ ਰਾਤ ਹਰਮੇਸ਼ ਦੇ ਚਚੇਰੇ ਭਰਾਵਾਂ ਕਮਲਜੀਤ, ਮਨਜਿੰਦਰ, ਹਰਜਿੰਦਰ ਤੇ ਉਨ੍ਹਾਂ ਦੀਆਂ ਪਤਨੀਆਂ ਨੇ ਹਰਮੇਸ਼ ਦੇ ਘਰ ਜਾ ਕਿ ਉਸਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਨਤੀਜੇ ਵਜੋਂ ਹਰਮੇਸ਼ ਦੀ ਮੌਤ ਹੋ ਗਈ। ਥਾਣਾ ਮਾਹਿਲਪੁਰ ਦੀ ਪੁਲਸ ਨੇ ਪੰਜਾਂ 'ਤੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੋਸ਼ੀ ਫਰਾਰ ਦੱਸੇ ਜਾ ਰਹੇ ਹਨ।

# ਪੁਰਾਣੇ ਟੈਂਡਰ 'ਤੇ ਮਾਲ ਦੀ ਢੋਆ-ਢੁਆਈ ਨਹੀਂ ਕੀਤੀ ਜਾਵੇਗੀ : ਸਮੂਹ ਟਰੱਕ ਅਪ੍ਰੇਟਰ



**ਜ਼ੀਰਾ (ਪਰਮਜੀਤ ਸਿੰਘ ਧੰਜੂ)** ਮੱਲਾਂਵਾਲਾ ਟਰੱਕ ਯੂਨੀਅਨ ਵਿੱਚ ਟਰੱਕ ਯੂਨੀਅਨ ਦੇ ਪ੍ਰਧਾਨ ਚਾਨਣ ਸਿੰਘ ਫੌਜੀ ਦੀ ਅਗਵਾਈ ਹੇਠ ਆੜ੍ਹਤੀਏ ਤੇ ਟਰੱਕ ਆਪ੍ਰੇਟਰਾਂ ਵਿਚਕਾਰ ਮੀਟਿੰਗ ਹੋਈ, ਜਿਸ ਵਿੱਚ ਫੈਸਲਾ ਲਿਆ ਗਿਆ ਕਿ ਜਿੰਨੀ ਦੇਰ ਤੱਕ ਟਰੱਕ ਆਪ੍ਰੇਟਰਾਂ ਦਾ ਬਕਾਇਆ ਅਤੇ ਮਾਲ ਦੀ ਢੋਆ-ਢੁਆਈ ਦਾ ਸਹੀ ਰੇਟ ਨਹੀਂ ਮਿਲਦਾ, ਉਨੀ ਦੇਰ ਤੱਕ ਮਾਲ ਦੀ ਢੋਆ-ਢੁਆਈ ਨਹੀਂ ਕੀਤੀ ਜਾਵੇਗੀ। ਮਾਲ ਦੀ ਢੋਆ-ਢੁਆਈ ਦਾ ਜੋ ਟੈਂਡਰ ਹੋਇਆ ਹੈ, ਉਸ ਦਾ ਰੇਟ ਕਾਫੀ ਘੱਟ ਹੈ। ਟਰੱਕ ਆਪ੍ਰੇਟਰਾਂ ਦੀ ਸਰਕਾਰ ਪਾਸੋਂ ਮੰਗ ਹੈ ਕਿ ਪੁਰਾਣੇ ਟੈਂਡਰ ਨੂੰ ਰੱਦ ਕਰਕੇ ਮਾਲ ਦੀ ਢੋਆ-ਢੁਆਈ ਦਾ ਨਵਾਂ ਟੈਂਡਰ ਕੀਤਾ ਜਾਵੇ, ਕਿਉਂਕਿ ਤੇਲ ਦਾ ਰੇਟ ਬਹੁਤ ਜ਼ਿਆਦਾ ਹੋਣ ਕਰਕੇ ਟਰੱਕ ਮਾਲਕਾਂ ਨੂੰ ਇਸ ਮਹਿੰਗਾਈ ਦੇ ਯੁੱਗ ਵਿੱਚ ਮਾਲ ਦੀ ਢੋਆ-ਢੁਆਈ ਦਾ ਵਾਜਬ ਰੇਟ ਨਾ ਮਿਲਣ ਕਰਕੇ ਟਰੱਕ ਆਪ੍ਰੇਟਰਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੌਕੇ ਬਲਦੇਵ ਸਿੰਘ ਜੋਸਨ, ਮਨਜੀਤ ਸਿੰਘ, ਨਛੱਤਰ ਸਿੰਘ, ਰਵੀ ਸੇਠੀ, ਰਾਕੇਸ਼ ਝੁੱਟੇ, ਕੁਲਭੂਸ਼ਣ ਧਵਨ, ਰੋਸ਼ਨ ਲਾਲ ਬਿੱਟਾ, ਬਲਦੇਵ ਸਿੰਘ, ਸਤਨਾਮ ਸਿੰਘ ਸਾਬਕਾ ਸਰਪੰਚ, ਮਹਿੰਦਰ ਪਾਲ ਮੋਗਾ, ਸੁਰਿੰਦਰ ਕੁਮਾਰ ਮੋਗਾ, ਨਰੰਜਣ ਸਿੰਘ, ਸਤਪਾਲ ਗਰੋਵਰ, ਪਵਨ ਕੁਮਾਰ, ਇੰਦਰ ਜੀਤ ਸਿੰਘ ਮੱਲ੍ਹੀ, ਕਾਬਲ ਸਿੰਘ ਮੱਲ੍ਹੀ, ਪਰਮਜੀਤ ਸਿੰਘ ਅਲੀਪੁਰ, ਵੇਦ ਪ੍ਰਕਾਸ, ਤਰਸੇਮ ਸਿੰਘ ਜੋਸਨ, ਸੁਖਵਿੰਦਰ ਸਿੰਘ, ਮੇਜਰ ਸਿੰਘ, ਸੁਰਜੀਤ ਸਿੰਘ, ਦਰਸ਼ਨ ਦਾਤੀ, ਸੁਖਜੀਤ ਸਿੰਘ, ਸਾਜਨ, ਲਖਵਿੰਦਰ ਸਿੰਘ, ਜੱਗਾ ਸਿੰਘ, ਬਲਵਿੰਦਰ ਸਿੰਘ, ਪ੍ਰਦੀਪ ਕੁਮਾਰ ਆਦਿ ਸਮੇਤ ਟਰੱਕ ਆਪ੍ਰੇਟਰਾਂ ਹਾਜ਼ਰ ਸਨ।

# ਦਮਨਕਾਰੀ ਕਾਲੇ ਕਾਨੂੰਨ ਤੁਰੰਤ ਖਾਰਜ ਕੀਤੇ ਜਾਣ : ਸੁਖਬੀਰ ਬਾਦਲ

**ਖਾਲਸਾ ਪੰਥ ਦੇ ਮਗਰ ਪੈਣ 'ਤੇ ਆਪ ਸਰਕਾਰ ਦੀ ਕੀਤੀ ਜ਼ੋਰਦਾਰ ਨਿੰਦਾ**



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਨੇ ਮੰਗ ਕੀਤੀ ਕਿ ਲੋਕਤੰਤਰ ਵਿਰੋਧੀ ਤੇ ਦਮਨਕਾਰੀ ਸਾਰੇ ਕਾਲੇ ਕਾਨੂੰਨਾਂ ਜਿਵੇਂ ਕਿ ਐੱਨ ਐੱਸ ਏ, ਯੂ ਏ ਪੀ ਏ ਆਦਿ ਨੂੰ ਤੁਰੰਤ ਖਾਰਜ ਕੀਤਾ ਜਾਵੇ ਤੇ ਮੰਗ ਕੀਤੀ ਕਿ ਇਨ੍ਹਾਂ ਨੂੰ ਖਾਰਜ ਕਰਨ ਤੱਕ ਪੰਜਾਬ ਵਿੱਚ ਆਪ ਸਰਕਾਰ ਵੱਲੋਂ ਇਨ੍ਹਾਂ ਦੀ ਘੋਰ ਦੁਰਵਰਤੋਂ 'ਤੇ ਤੁਰੰਤ ਰੋਕ ਲਗਾਈ ਜਾਵੇ। ਸ੍ਰ. ਬਾਦਲ ਨੇ ਕਿਹਾ ਕਿ ਇਹ ਘੋਰ ਦੁਰਵਰਤੋਂ ਦੇਸ਼ ਭਗਤ ਸਿੱਖਾਂ ਖਿਲਾਫ ਆਮ ਆਦਮੀ ਪਾਰਟੀ ਦੇ ਕੌਮੀ ਆਗੂਆਂ ਦੀ ਨਫਰਤ ਦਾ ਪ੍ਰਤੀਕ ਹੈ। ਉਨ੍ਹਾ ਕਿਹਾ ਕਿ ਇਹ ਆਪ ਸਰਕਾਰ ਵੱਲੋਂ ਪੰਜਾਬੀਆਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਅਯੋਗਤਾ ਤੇ ਨਾਕਾਮੀ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਦਾ ਵੀ ਯਤਨ ਹੈ। ਅਕਾਲੀ ਦਲ ਦੇ ਮੁਖੀ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਇਸ ਸਬੰਧੀ ਪੱਤਰ ਲਿਖ ਕੇ ਇਨ੍ਹਾਂ ਕਾਲੇ ਕਾਨੂੰਨ ਰੱਦ ਕਰਨ ਲਈ ਉਨ੍ਹਾਂ ਦੇ ਦਖਲ ਦੀ ਮੰਗ ਕੀਤੀ ਤੇ ਕਿਹਾ ਕਿ ਇਨ੍ਹਾਂ ਕਾਲੇ ਕਾਨੂੰਨਾਂ ਦੇ ਮਾਮਲੇ ਵਿੱਚ ਤਜਰਬਾ ਤੇ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਸਾਡੇ ਦੇਸ਼ ਦੇ ਅਕਸ 'ਤੇ ਉਲਟ ਪ੍ਰਭਾਵ ਦੇ ਮੱਦੇਨਜ਼ਰ ਅਜਿਹਾ ਕਰਨਾ ਲਾਜ਼ਮੀ ਹੈ।

ਸ੍ਰ. ਬਾਦਲ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਇਸ ਨੇ ਕਾਲੇ ਕਾਨੂੰਨਾਂ ਦੀ ਦੁਰਵਰਤੋਂ ਖਾਲਸਾ ਪੰਥ ਖਾਸ ਤੌਰ 'ਤੇ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣ ਵਾਸਤੇ ਕੀਤੀ ਹੈ। ਉਨ੍ਹਾ ਕਿਹਾ ਕਿ ਸਿੱਖ ਪਰਿਵਾਰ ਦੇ ਨਿਰਦੋਸ਼ ਬਜ਼ੁਰਗਾਂ, ਔਰਤਾਂ ਤੇ ਬੱਚਿਆਂ ਨੂੰ ਦਮਨਕਾਰੀ ਨੀਤੀਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਸ੍ਰ. ਬਾਦਲ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਨਿਰਦੋਸ਼ ਸਿੱਖ ਲੋਕਾਂ ਖਾਸ ਤੌਰ 'ਤੇ ਨੌਜਵਾਨਾਂ ਨੂੰ ਇਨ੍ਹਾਂ ਕਾਲੇ ਕਾਨੂੰਨਾਂ ਦੀ ਦੁਰਵਰਤੋਂ ਕਰ ਕੇ ਸ਼ਿਕਾਰ ਬਣਾਉਣ ਦਾ ਨਵਾਂ ਰਿਕਾਰਡ ਬਣਾਇਆ ਹੈ।

ਉਨ੍ਹਾ ਨੇ ਰਾਜ ਸਰਕਾਰ ਵੱਲੋਂ ਮਾਸੂਮ ਤੇ ਦੇਸ਼ ਭਗਤ ਸਿੱਖ ਕੌਮ ਦੇ ਖਿਲਾਫ ਇਸ ਤਰੀਕੇ ਫੜੋ ਫੜੀ ਦੀ ਮੁਹਿੰਮ ਵਿੱਢਣ ਦੀ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਸਿਰਫ ਸ਼ੱਕ ਦੇ ਆਧਾਰ 'ਤੇ ਸਿੱਖ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਰਹੀ ਹੈ ਤੇ ਉਨ੍ਹਾਂ ਖਿਲਾਫ ਐੱਨ ਐੱਸ ਏ ਵਰਗੇ ਦਮਨਕਾਰੀ ਕਾਨੂੰਨਾਂ ਤਹਿਤ ਕੇਸ ਦਰਜ ਕਰ ਰਹੀ ਹੈ ਤੇ ਉਨ੍ਹਾਂ ਨੂੰ ਡਿਬਰੂਗੜ੍ਹ ਵਰਗੀਆਂ ਦੂਰ ਦੁਰਾਡੀਆਂ ਥਾਵਾਂ 'ਤੇ ਭੇਜ ਰਹੀ ਹੈ। ਅਕਾਲੀ ਦਲ ਦੇ ਮੁਖੀ ਨੇ ਕਿਹਾ ਕਿ ਇਨ੍ਹਾਂ ਸਭ ਗੱਲਾਂ ਨੇ ਪੰਜਾਬੀਆਂ ਨੂੰ ਅੰਗਰੇਜ਼ਾਂ ਦੇ ਰਾਜ ਵੇਲੇ ਦਾ ਕਾਲਾ ਪਾਣੀ ਚੇਤੇ ਕਰਵਾ ਦਿੱਤਾ ਹੈ। ਉਨ੍ਹਾ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਇਨ੍ਹਾਂ ਕਾਨੂੰਨਾਂ ਨੂੰ ਖਾਰਜ ਕਰਨ ਵਿੱਚ ਤੁਰੰਤ ਦਖਲ ਦੀ ਮੰਗ ਕੀਤੀ। ਉਨ੍ਹਾ ਕਿਹਾ ਕਿ ਹੋਰ ਗੱਲਾਂ ਤੋਂ ਇਲਾਵਾ ਇਨ੍ਹਾਂ ਕਾਨੂੰਨਾਂ ਦੀ ਸੱਤਾਧਾਰੀ ਪਾਰਟੀ ਵੱਲੋਂ ਸਿਆਸੀ ਵਿਰੋਧੀਆਂ ਖਾਸ ਤੌਰ 'ਤੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਖਿਲਾਫ ਦੁਰਵਰਤੋਂ ਕੀਤੀ ਜਾ ਰਹੀ ਹੈ। ਸ੍ਰ. ਬਾਦਲ ਨੇ ਦੇਸ਼ ਵਿੱਚ ਕਾਲੇ ਕਾਨੂੰਨਾਂ ਦੇ ਇਤਿਹਾਸ ਨੂੰ ਚੇਤੇ ਕਰਦਿਆਂ ਕਿਹਾ ਕਿ ਪੰਜਾਬੀਆਂ ਖਾਸ ਤੌਰ 'ਤੇ ਸਿੱਖਾਂ ਤੇ ਉਨ੍ਹਾਂ ਦੇ ਲੋਕਤੰਤਰੀ ਢੰਗ ਨਾਲ ਚੁਣੇ ਹੋਏ ਪ੍ਰਤੀਨਿਧਾਂ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਾਂਗਰਸ ਦੀਆਂ ਸਰਕਾਰਾਂ ਵੇਲੇ ਖਾਸ ਤੌਰ 'ਤੇ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੰਸੀ ਵੇਲੇ ਇਨ੍ਹਾਂ ਕਾਲੇ ਕਾਨੂੰਨਾਂ ਦਾ ਸ਼ਿਕਾਰ ਹੋਣਾ ਪਿਆ ਹੈ। ਉਨ੍ਹਾ ਨੇ ਆਪਣੇ ਪੱਤਰ ਵਿੱਚ ਲਿਖਿਆ ਹੈ ਕਿ ਅੱਜ ਅਸੀਂ ਵੇਖ ਰਹੇ ਹਾਂ ਕਿ ਉਹੀ ਕਾਲੇ ਕਾਨੂੰਨ ਵੱਖਰੇ ਰੂਪ ਵਿੱਚ ਸਾਹਮਣੇ ਆ ਗਏ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਦੀ ਦੁਰਵਰਤੋਂ ਇੰਨੀ ਜ਼ਿਆਦਾ ਹੋ ਰਹੀ ਹੈ ਕਿ ਸੰਵਿਧਾਨ ਤਹਿਤ ਲੋਕਾਂ ਨੂੰ ਮਿਲੇ ਮੌਲਿਕ ਅਧਿਕਾਰ ਤੇ ਲੋਕਤੰਤਰੀ ਆਜ਼ਾਦੀ ਵੀ ਗੰਭੀਰ ਖਤਰੇ ਵਿੱਚ ਆ ਗਈ ਹੈ।

# ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਨੇ ਡਾ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ



**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)** ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਮੰਡਲ ਯੂਨਿਟ ਅੱਡਾ ਦਾਖਾ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਯੂਨੀਅਨ ਦੇ ਦਫਤਰ ਵਿੱਚ ਮਨਾਇਆ ਗਿਆ। ਇਸ ਸਮੇਂ ਪ੍ਰਧਾਨ ਹਰਦਿਆਲ ਸਿੰਘ ਘੁਮਾਣ ਮੰਡਲ ਸਕੱਤਰ, ਦਰਸ਼ਨ ਸਿੰਘ ਸਰਕਲ ਸਕੱਤਰ, ਬਲਵਿੰਦਰ ਸਿੰਘ ਭੰਗੂ, ਸਤੀਸ਼ ਕੁਮਾਰ, ਹਰਭਜਨ ਸਿੰਘ ਖੰਡੂਰ, ਜਸਮੇਲ ਸਿੰਘ ਮੋਹੀ, ਗੁਰਦੇਵ ਸਿੰਘ ਪੁੜੈਣ, ਸੂਬਾਈ ਆਗੂ ਬਲਵੀਰ ਸਿੰਘ ਮਾਨ ਪੰਜਾਬ, ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਸਾਥੀ ਗੁਰਮੇਲ ਸਿੰਘ ਮੈਲਡੇ ਉਪਰੋਕਤ ਆਗੂਆਂ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਸੰਘਰਸ਼ਮਈ ਜੀਵਨ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਭੀਮ ਡਾਕਟਰ ਰਾਓ ਅੰਬੇਡਕਰ ਨੇ ਬਚਪਨ ਤੋਂ ਲੈ ਕੇ ਸਮਾਜ ਵਿੱਚ ਫੈਲੇ ਛੂਆ ਛਾਤ ਆਰਥਿਕ ਤੇ ਸਮਾਜਿਕ ਨਾਬਰਾਬਰੀ ਨੂੰ ਆਪਣੇ ਜੀਵਨ ਵਿੱਚ ਹੰਢਾਇਆ। ਇਨ੍ਹਾਂ ਕੁਰੀਤੀਆਂ ਤੇ ਸਮਾਜ ਅੰਦਰ ਔਰਤ ਨੂੰ ਬਰਾਬਰ ਹੱਕ ਤੇ ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਖਤਮ ਕਰਨ ਲਈ ਜੀਵਨ ਭਰ ਸੰਘਰਸ਼ ਕੀਤਾ। ਉਨ੍ਹਾਂ ਪੱਛੜੇ ਤੇ ਸੋਸ਼ਿਤ ਸਮਾਜ ਨੂੰ ਪੜ੍ਹਨ ਤੇ ਜੁੜਨ ਅਤੇ ਸੰਘਰਸ਼ ਕਰਨ ਦਾ ਰਾਹ ਦਿਖਾਇਆ। ਆਜ਼ਾਦੀ ਤੋਂ ਬਾਅਦ ਸੰਵਿਧਾਨ ਨਿਰਮਾਣ ਕਮੇਟੀ ਦੇ ਚੇਅਰਮੈਨ ਬਣਾਏ ਗਏ। ਚੇਅਰਮੈਨ ਹੁੰਦੇ ਹੋਏ ਦਿਨ-ਰਾਤ ਇੱਕ ਕਰਕੇ ਸੰਵਿਧਾਨ ਤਿਆਰ ਕਰਕੇ ਕਮੇਟੀ ਨੂੰ ਸੌਂਪਿਆ। ਬਲਵੀਰ ਸਿੰਘ ਮਾਨ ਨੇ ਕਿਹਾ ਕਿ ਸਮਾਜ ਨੂੰ ਬਾਬਾ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ ਤਾਂ ਕਿ ਸਾਰਿਆਂ ਨੂੰ ਬਰਾਬਰ ਦੇ ਅਧਿਕਾਰ ਮਿਲ ਸਕਣ। ਇਸ ਮੌਕੇ ਬਾਬਾ ਸਾਹਿਬ ਜੀ ਦਾ ਜਨਮ ਦਿਨ ਮਨਾਉਂਦਿਆਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਲੱਖ ਲੱਖ ਵਧਾਈ ਦਿੱਤੀ।

# ਚੰਨੀ 'ਤੇ ਕੰਗ ਦਾ ਸ਼ਬਦੀ ਹਮਲਾ

**ਜਿਨ੍ਹਾਂ ਗਰੀਬਾਂ ਦੀਆਂ ਵੋਟਾਂ ਲਈਆਂ, ਉਨ੍ਹਾਂ ਲਈ ਕੁਝ ਨਹੀਂ ਕੀਤਾ, ਸਗੋਂ ਆਪਣੇ ਮਹਿਲ ਬਣਾਏ**

**ਚੰਡੀਗੜ੍ਹ (ਗੁਰਜੀਤ ਬਿੱਲਾ)**-ਕਾਂਗਰਸ ਅਤੇ ਉਨ੍ਹਾਂ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਵਰ੍ਹਦਿਆਂ ਆਮ ਆਦਮੀ ਪਾਰਟੀ (ਆਪ) ਨੇ ਕਿਹਾ ਕਿ ਚੰਨੀ ਤੁਸ਼ਟੀਕਰਨ ਦੀ ਰਾਜਨੀਤੀ ਕਰ ਰਹੇ ਹਨ, ਪਰ ਉਨ੍ਹਾ ਨੂੰ ਇਸ ਦਾ ਕੋਈ ਫਾਇਦਾ ਨਹੀਂ ਹੋਣ ਵਾਲਾ, ਕਿਉਂਕਿ ਪੰਜਾਬ ਦੇ ਲੋਕ ਸੱਚਾਈ ਜਾਣਦੇ ਹਨ ਅਤੇ ਪਹਿਲਾਂ ਹੀ ਉਸ ਨੂੰ ਨਕਾਰ ਦਿੱਤਾ ਹੈ। ਸ਼ਨੀਵਾਰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਚੰਨੀ ਸਿਰਫ ਮੁੱਖ ਮੰਤਰੀ ਹੀ ਨਹੀਂ ਸਨ, ਸਗੋਂ ਇਸ ਤੋਂ ਪਹਿਲਾਂ ਉਹ ਵਿਰੋਧੀ ਧਿਰ ਦੇ ਨੇਤਾ, ਕੈਬਨਿਟ ਮੰਤਰੀ ਅਤੇ ਖਰੜ ਨਗਰ ਨਿਗਮ ਦੇ ਪ੍ਰਧਾਨ ਵੀ ਸਨ, ਪਰ ਹੁਣ ਜਦੋਂ ਵਿਜੀਲੈਂਸ ਉਸ ਦੇ ਭ੍ਰਿਸ਼ਟਾਚਾਰ ਬਾਰੇ ਪੁੱਛਗਿੱਛ ਕਰਨ ਜਾ ਰਹੀ ਹੈ ਤਾਂ ਉਹ ਗਰੀਬ ਵਿਅਕਤੀ ਦਾ ਪੱਤਾ ਖੇਡ ਰਿਹਾ ਹੈ। ਕੰਗ ਨੇ ਚੰਨੀ 'ਤੇ ਚੁਟਕੀ ਲੈਂਦਿਆਂ ਪੁੱਛਿਆ ਕਿ ਕਿਹੜਾ ਗਰੀਬ ਬੰਦਾ ਵਿਦੇਸ਼ 'ਚ ਮਹੀਨਿਆਂਬੱਧੀ ਬਿਤਾਉਂਦਾ ਹੈ ਜਾਂ ਅਮਰੀਕਾ ਤੋਂ ਇਲਾਜ ਕਰਵਾ ਕੇ ਆਪਣੇ ਬੇਟੇ ਦੇ 5 ਸਟਾਰ ਮੈਰਿਜ ਫੰਕਸ਼ਨ ਕਰਦਾ ਹੈ। ਉਹਨਾ ਕਿਹਾ ਕਿ ਮਾਨ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਲਹਿਰ ਨੂੰ ਇੱਕ ਸਾਲ ਹੋ ਗਿਆ ਹੈ ਅਤੇ ਹੁਣ ਤੱਕ ਕਈ ਭ੍ਰਿਸ਼ਟ ਨੇਤਾਵਾਂ ਅਤੇ ਅਫਸਰਾਂ ਖਿਲਾਫ ਕਾਰਵਾਈ ਕੀਤੀ ਜਾ ਚੁੱਕੀ ਹੈ। ਉਹਨਾ ਕਿਹਾ ਕਿ ਵਿਸਾਖੀ ਅਤੇ ਅੰਬੇਡਕਰ ਜਯੰਤੀ ਦੇ ਮੌਕੇ 'ਤੇ ਚੰਨੀ ਵੱਲੋਂ ਉਨ੍ਹਾ ਨੂੰ ਗਰੀਬ ਅਤੇ ਐੱਸ ਸੀ ਭਾਈਚਾਰੇ ਨਾਲ ਸੰਬੰਧਤ ਹੋਣ ਦਾ ਡਰਾਮਾ ਨਿੰਦਣਯੋਗ ਹੈ। ਇਹ ਗੁਰੂ ਸਾਹਿਬ ਦੇ ਉਪਦੇਸ਼ ਦੇ ਉਲਟ ਹੈ, ਜਿਹਨਾਂ ਸਾਨੂੰ ਬਰਾਬਰਤਾ ਦਾ ਉਪਦੇਸ਼ ਦਿੱਤਾ ਅਤੇ ਡਾ: ਅੰਬੇਡਕਰ ਦੇ ਸੰਵਿਧਾਨ ਨੇ ਸਾਰਿਆਂ ਲਈ ਬਰਾਬਰੀ ਦੇ ਅਧਿਕਾਰ ਅਤੇ ਮੌਕੇ ਯਕੀਨੀ ਬਣਾਏ। ਇਨ੍ਹਾਂ ਲੋਕਾਂ ਨੇ ਗਰੀਬ ਲੋਕਾਂ ਦੀਆਂ ਵੋਟਾਂ ਲਈਆਂ ਅਤੇ ਫਿਰ ਉਨ੍ਹਾਂ ਲਈ ਕੁਝ ਨਹੀਂ ਕੀਤਾ, ਪਰ ਭ੍ਰਿਸ਼ਟਾਚਾਰ ਦੀ ਬਦੌਲਤ ਇਹ ਹੁਣ ਕਰੋੜਪਤੀ ਹਨ ਅਤੇ ਆਪਣੇ ਮਹਿਲਾਂ ਦੇ ਮਾਲਕ ਹਨ। ਕੰਗ ਨੇ ਕਿਹਾ ਕਿ ਜੇਕਰ ਚੰਨੀ ਸੱਚਮੁੱਚ ਹੀ ਐੱਸ ਸੀ ਭਾਈਚਾਰੇ ਦਾ ਹਮਦਰਦ ਸੀ ਤਾਂ ਉਸ ਨੇ ਐੱਸ ਸੀ ਵਜ਼ੀਫਾ ਘੁਟਾਲੇ ਲਈ ਜ਼ਿੰਮੇਵਾਰ ਆਗੂਆਂ ਤੇ ਅਧਿਕਾਰੀਆਂ ਖਿਲਾਫ ਕੋਈ ਕਾਰਵਾਈ ਕਿਉਂ ਨਹੀਂ ਕੀਤੀ। ਚੰਨੀ ਨੇ ਆਪਣੇ ਹਲਕੇ ਚਮਕੌਰ ਸਾਹਿਬ ਤੋਂ ਇੱਕ ਵੀ ਐੱਸ ਸੀ ਭਾਈਚਾਰੇ ਦੇ ਆਗੂ ਨੂੰ ਅੱਗੇ ਕਿਉਂ ਨਹੀਂ ਲਿਆਂਦਾ।

# ਕੈਂਸਰ ਰੋਕੋ ਸੁਸਾਇਟੀ ਨੇ 57 ਕੈਂਸਰ ਪੀੜਤਾਂ ਨੂੰ ਦਿੱਤੇ ਸਹਾਇਤਾ ਰਾਸ਼ੀ ਦੇ ਚੈੱਕ



**ਫਰੀਦਕੋਟ/ਕੋਟਕਪੂਰਾ (ਐਲਗਜੈਂਡਰ ਡਿਸੂਜਾ/ਸ਼ਾਮ ਲਾਲ ਚਾਵਲਾ)**-ਮਨੁੱਖਤਾ ਤੇ ਵਾਤਾਵਰਨ ਦੀ ਸੇਵਾ ਨੂੰ ਸਮਰਪਤ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਵੱਲੋਂ ਲੋੜਵੰਦ 57 ਕੈਂਸਰ ਪੀੜਤ ਮਰੀਜ਼ਾਂ ਨੂੰ ਇਲਾਜ ਲਈ ਸਹਾਇਤਾ ਰਾਸ਼ੀ ਦੇ ਚੈੱਕ ਦਿੱਤੇ ਗਏ। ਸਥਾਨਕ ਗੁਰਦੁਆਰਾ ਸਾਹਿਬ ਬਾਬਾ ਵਿਸ਼ਵਕਰਮਾ ਜੀ ਵਿਖੇ ਰੱਖੇ ਸਮਾਗਮ 'ਚ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਸ਼ਾਮਲ ਹੋਏ। ਉਨ੍ਹਾਂ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸੇਵਾ ਕਾਰਜਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸਾਨੂੰ ਲੋੜਵੰਦਾਂ ਦੀ ਰਲ-ਮਿਲ ਕੇ ਮੱਦਦ ਕਰਨੀ ਚਾਹੀਦੀ ਹੈ। ਸਪੀਕਰ ਸੰਧਵਾਂ ਨੇ ਮੰਨਿਆ ਕਿ ਜਿੱਥੇ ਸੁਸਾਇਟੀ ਵੱਲੋਂ ਵਾਤਾਵਰਣ ਦੀ ਸੰਭਾਲ ਲਈ ਵਧੀਆ ਕਾਰਜ ਕੀਤੇ ਜਾ ਰਹੇ ਹਨ, ਉੱਥੇ ਪਹਿਲੇ ਦਿਨ ਤੋਂ ਹੀ ਸੁਸਾਇਟੀ ਨੇ ਬੇਵੱਸ, ਲਾਚਾਰ, ਮੁਥਾਜ, ਜ਼ਰੂਰਤਮੰਦ ਤੇ ਵੱਖ ਵੱਖ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਦੀ ਅਵਾਜ਼ ਬਣ ਕੇ ਉਨ੍ਹਾਂ ਨੂੰ ਆਉਂਦੀਆਂ ਮੁਸ਼ਕਲਾਂ ਤੇ ਪ੍ਰੇਸ਼ਾਨੀਆਂ ਦੇ ਹੱਲ ਲਈ ਮੋਹਰੀ ਰੋਲ ਨਿਭਾਇਆ ਹੈ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਪੰਜਾਬ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਪ੍ਰਦੂਸ਼ਤ ਹੋ ਰਹੇ ਵਾਤਾਵਰਨ ਨੂੰ ਬਚਾਉਣਾ ਵੀ ਸਮੇਂ ਦੀ ਮੁੱਖ ਲੋੜ ਹੈ। ਇਸ ਲਈ ਸਾਨੂੰ ਰਲ-ਮਿਲ ਕੇ ਜ਼ਹਿਰੀਲੇ ਹੋ ਰਹੇ ਧਰਤੀ, ਹਵਾ ਤੇ ਪਾਣੀ ਨੂੰ ਬਚਾਉਣ ਵਾਸਤੇ ਵੀ ਕਾਰਜ ਜਾਰੀ ਰੱਖਣੇ ਚਾਹੀਦੇ ਹਨ। ਸੁਸਾਇਟੀ ਦੇ ਕਾਰਜਕਾਰੀ ਪ੍ਰਧਾਨ ਮੱਘਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਹ ਮਰੀਜ਼ ਫਰੀਦਕੋਟ, ਬਠਿੰਡਾ, ਸੰਗਰੂਰ, ਬਰਨਾਲਾ, ਫਿਰੋਜ਼ਪੁਰ, ਫਾਜ਼ਿਲਕਾ, ਮੋਗਾ, ਲੁਧਿਆਣਾ, ਮੁਕਤਸਰ ਆਦਿ ਜ਼ਿਲ੍ਹਿਆਂ ਨਾਲ ਸਬੰਧਤ ਹਨ, ਇਹ ਸਾਰੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਵਿਖੇ ਜ਼ੇਰੇ ਇਲਾਜ ਹਨ। ਇਸ ਮੌਕੇ ਹਰਵਿੰਦਰ ਸਿੰਘ ਮਰਵਾਹ, ਮਨਪ੍ਰੀਤ ਸਿੰਘ ਮਣੀ ਧਾਲੀਵਾਲ, ਹਰੀਸ਼ ਵਰਮਾ, ਰਜਿੰਦਰ ਸਿੰਘ ਬਰਾੜ, ਜਗਜੀਵਨ ਸਿੰਘ, ਅਰੁਣਜੀਤ ਸਿੰਘ, ਜਗਤਾਰ ਸਿੰਘ ਗਿੱਲ, ਗੁਰਪ੍ਰੀਤ ਸਿੰਘ ਮਾਨ ਮੌੜ, ਵਜਿੰਦਰ ਵਿਨਾਇਕ, ਗੁਰਮੀਤ ਸਿੰਘ ਸੰਧੂ, ਸਾਬਕਾ ਮੈਨੇਜਰ ਯੋਗੇਸ਼ ਗਰਗ ਤੇ ਮਨਦੀਪ ਸਿੰਘ ਆਦਿ ਹਾਜ਼ਰ ਸਨ।

...ਸਫ਼ਾ 5 ਦੇ ਬਾਕੀ

### ਮਾਨ ਸਮੇਤ ਸਾਰੇ ਕੈਬਨਿਟ...

ਸਕਦਾ। ਅਸੀਂ ਚਟਾਨ ਵਾਂਗ ਉਨ੍ਹਾਂ ਦੇ ਨਾਲ ਹਾਂ। ਹਰਪਾਲ ਸਿੰਘ ਚੀਮਾ ਨੇ ਕਿਹਾ—ਅਰਵਿੰਦ ਕੇਜਰੀਵਾਲ ਨੇ ਅਡਾਨੀ ਅਤੇ ਭਾਜਪਾ ਦੇ ਗੱਠਜੋੜ ਨੂੰ ਸਾਬਤ ਕਰ ਦਿੱਤਾ ਹੈ, ਇਸ ਲਈ ਸੀ ਬੀ ਆਈ ਉਨ੍ਹਾਂ ਦੇ ਮਗਰ ਲੱਗੀ ਹੈ। ਸਾਡੇ ਨੇਤਾ ਬਹਾਦਰ ਹਨ। ਕੁਲਤਾਰ ਸਿੰਘ ਸੰਧਵਾਂ ਨੇ ਕਿਹਾ—ਬਾਬਾ ਸਾਹਿਬ ਦੀ ਸੋਚ 'ਤੇ ਚੱਲਣ ਵਾਲੇ ਇਮਾਨਦਾਰ ਰਾਜਨੀਤੀ ਦੇ ਨਾਇਕ ਅਰਵਿੰਦ ਕੇਜਰੀਵਾਲ ਨੂੰ ਕੇਂਦਰ ਸਰਕਾਰ ਸੀ ਬੀ ਆਈ ਸੰਮਨਾਂ ਰਾਹੀਂ ਡਰਾ-ਧਮਕਾ ਕੇ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਚੁੱਕੇ ਜਾ ਰਹੇ ਕ੍ਰਾਂਤੀਕਾਰੀ ਕਦਮਾਂ ਨੂੰ ਰੋਕ ਨਹੀਂ ਸਕਦੀ। ਡਾ: ਬਲਬੀਰ ਸਿੰਘ ਨੇ ਕਿਹਾ—ਮੈਨੂੰ ਸਪੱਸ਼ਟ ਤੌਰ 'ਤੇ ਉਹ ਸਮਾਂ ਯਾਦ ਹੈ, ਜਦੋਂ ਅਰਵਿੰਦ ਕੇਜਰੀਵਾਲ ਨੇ ਆ ਕੇ ਸਥਾਪਤ ਰਾਜਨੀਤੀ ਨੂੰ ਹਿਲਾ ਕੇ ਰੱਖ ਦਿੱਤਾ ਸੀ। ਜਦ ਭਾਰਤ ਦੀ ਰਾਜਨੀਤਕ ਪ੍ਰਣਾਲੀ ਨੂੰ ਲੈ ਕੇ ਪੂਰੀ ਤਰ੍ਹਾਂ ਭਰਮ ਅਤੇ ਅਵਿਸ਼ਵਾਸ ਸੀ। ਅਨਮੋਲ ਗਗਨ ਮਾਨ ਨੇ ਕਿਹਾ—ਅਰਵਿੰਦ ਕੇਜਰੀਵਾਲ ਨੂੰ ਰੋਕਣ ਦੀਆਂ ਭਾਜਪਾ ਸਰਕਾਰ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋਣਗੀਆਂ। ਹਰਜੋਤ ਸਿੰਘ ਬੈਂਸ ਨੇ ਕਿਹਾ—ਅਰਵਿੰਦ ਕੇਜਰੀਵਾਲ ਸਿਰਫ ਇੱਕ ਨਾਂਅ ਨਹੀਂ, ਉਹ ਇੱਕ ਅਜਿਹਾ ਇਨਕਲਾਬ ਹੈ, ਜਿਸ ਨੂੰ ਭਾਰਤ ਵੇਖ ਰਿਹਾ ਹੈ।

ਅਮਨ ਅਰੋੜਾ ਨੇ ਕਿਹਾ—ਅਰਵਿੰਦ ਕੇਜਰੀਵਾਲ ਇੱਕ ਆਮ ਆਦਮੀ ਹੋਣ ਦੇ ਬਾਵਜੂਦ ਸਦੀਆਂ ਪੁਰਾਣੀਆਂ ਤਾਕਤਵਰ ਪਾਰਟੀਆਂ ਤੇ ਸਰਕਾਰਾਂ ਨੂੰ ਚੁਣੌਤੀ ਦੇਣ, ਲੜਨ ਅਤੇ ਡੇਗਣ ਦੀ ਹਿੰਮਤ ਰੱਖਦਾ ਹੈ। ਕੁਲਦੀਪ ਧਾਲੀਵਾਲ ਨੇ ਕਿਹਾ—ਕੇਂਦਰ ਸਰਕਾਰ ਦੀ ਸੀ ਬੀ ਆਈ ਅਰਵਿੰਦ ਕੇਜਰੀਵਾਲ ਦਾ ਕੁਝ ਨਹੀਂ ਵਿਗਾੜ ਸਕੇਗੀ।

### ਮੈਂ ਬੇਈਮਾਨ ਤਾਂ ਦੁਨੀਆ...

ਕੇਜਰੀਵਾਲ ਭ੍ਰਿਸ਼ਟ ਹੈ ਤਾਂ ਇਸ ਦੁਨੀਆ 'ਚ ਕੋਈ ਵੀ ਇਮਾਨਦਾਰ ਨਹੀਂ ਹੈ। ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ, ਮਨੀਸ਼ ਸਿਸੋਦੀਆ 'ਤੇ 14 ਫੋਨ ਨਸ਼ਟ ਕਰਨ ਦਾ ਦੋਸ਼ ਹੈ। ਹੁਣ ਈ ਡੀ ਕਹਿ ਰਹੀ ਹੈ ਕਿ ਉਸ 'ਚੋਂ 4 ਫੋਨ ਉਸ ਕੋਲ ਹਨ ਅਤੇ ਸੀ ਬੀ ਆਈ ਕਹਿ ਰਹੀ ਹੈ ਕਿ 1 ਫੋਨ ਉਸ ਕੋਲ ਹੈ। ਜੇਕਰ ਮਨੀਸ਼ ਨੇ ਉਹ ਫੋਨ ਨਸ਼ਟ ਕਰ ਦਿੱਤੇ ਤਾਂ ਉਨ੍ਹਾਂ (ਸੀ ਬੀ ਆਈ ਅਤੇ ਈ ਡੀ) ਨੂੰ ਫੋਨ ਕਿਵੇਂ ਮਿਲੇ? ਇਹ ਏਜੰਸੀਆਂ ਅਦਾਲਤ 'ਚ ਝੂਠ ਬੋਲ ਰਹੀਆਂ ਹਨ। ਭਾਜਪਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਜਲਦੀ ਹੀ ਜੇਲ੍ਹ 'ਚ ਮਨੀਸ਼ ਸਿਸੋਦੀਆ ਦੇ ਨਾਲ ਹੋਣਗੇ। ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਦੋਸ਼ ਲਾਇਆ ਕਿ ਭਾਜਪਾ ਅਰਵਿੰਦ ਕੇਜਰੀਵਾਲ ਨੂੰ 'ਮਨਘੜਤ' ਆਬਕਾਰੀ ਨੀਤੀ ਕੇਸ 'ਚ ਗ੍ਰਿਫਤਾਰ ਕਰਨ ਦੀ ਸਾਜ਼ਿਸ਼ ਰਚ ਰਹੀ ਹੈ।

### ਮੋਦੀ ਸਰਕਾਰ ਤੋਂ ਛੁਟਕਾਰਾ ..

ਨੂੰ ਚਲਦਾ ਕਰਕੇ ਛੁਟਕਾਰਾ ਪਾਇਆ ਜਾਵੇ। ਉਨ੍ਹਾ ਕਿਹਾ ਕਿ ਇਸ ਸਰਕਾਰ ਨੇ ਅਡਾਨੀ ਦੇ ਦਸ ਲੱਖ ਕਰੋੜ ਰੁਪਏ ਮੁਆਫ ਕਰ ਦਿੱਤੇ ਹਨ, ਬੈਂਕ, ਹਵਾਈ ਅੱਡੇ, ਬੰਦਰਗਾਹਾਂ ਸਭ ਸਰਮਾਏਦਾਰਾਂ ਨੂੰ ਵੇਚ ਦਿੱਤੇ ਹਨ। ਲੋਕਾਂ ਨੂੰ ਧਰਮਾਂ, ਜਾਤਾਂ ਦੇ ਨਾਂਅ 'ਤੇ ਲੜਾਇਆ ਜਾ ਰਿਹਾ ਹੈ। ਇਸ ਸੰਵਿਧਾਨ ਤੇ ਦੇਸ਼ ਵਿਰੋਧੀ ਸਰਕਾਰ ਨੂੰ ਚਲਦਾ ਕਰਕੇ ਹੀ ਦੇਸ਼ ਬਚਾਇਆ ਜਾ ਸਕਦਾ ਹੈ। ਅੱਜ ਤੋਂ ਸੀ ਪੀ ਆਈ ਦੇ 'ਮੋਦੀ ਭਜਾਓ, ਦੇਸ਼ ਬਚਾਓ' ਪ੍ਰੋਗਰਾਮ ਦੀ ਸ਼ੁਰੂਆਤ ਇਸ ਸਮਾਗਮ ਤੋਂ ਸ਼ੁਰੂ ਕਰਦੇ ਹਾਂ, ਇਹ ਹੀ ਕਾਮਰੇਡ ਸੁੱਜੋਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਦਾ ਹਾਜ਼ਰ ਸਾਥੀਆਂ ਵੱਲੋਂ ਸਮਰਥਨ ਕੀਤਾ ਗਿਆ। ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ ਨੇ ਕਿਹਾ ਕਿ ਕਾਮਰੇਡ ਸੁੱਜੋਂ ਦੇ ਦੱਸੇ ਰਾਹ 'ਤੇ ਚੱਲ ਕੇ ਹੀ ਮਜ਼ਦੂਰਾਂ ਤੇ ਕਿਸਾਨਾਂ ਦੇ ਮਸਲਿਆਂ ਸੰਬੰਧੀ ਪੰਜਾਬ ਸਰਕਾਰ ਵੱਲੋਂ ਧਾਰਨ ਕੀਤੀ ਲਮਕਾਊ ਨੀਤੀ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਕਿਸਾਨਾਂ ਦੀ ਖਰਾਬ ਫਸਲ ਦਾ ਮੁਆਵਜ਼ਾ ਕਿਸਾਨਾਂ ਦੇ ਨਾਲ-ਨਾਲ ਮਜ਼ਦੂਰਾਂ ਨੂੰ ਵੀ ਮਿਲਣਾ ਚਾਹੀਦਾ। ਉਨ੍ਹਾ ਕਿਹਾ ਕਿ ਫਰਜ਼ੀ ਰਾਸ਼ਨ ਕਾਰਡਾਂ ਦੇ ਨਾਂਅ ਹੇਠ ਬਹੁਤ ਸਾਰੇ ਲੋੜਵੰਦਾਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ, ਉਹ ਰਾਸ਼ਨ ਕਾਰਡ ਬਣਾਏ ਜਾਣ। ਨਰੇਗਾ ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਤੇ ਦਿਹਾੜੀ ਸੱਤ ਸੌ ਰੁਪਏ ਕੀਤੀ ਜਾਵੇ।

ਸਮਾਗਮ ਵਿੱਚ ਜਸਵਿੰਦਰ ਸਿੰਘ ਭੰਗਲ, ਨਰਿੰਦਰ ਕੁਮਾਰ ਕਾਲੀਆ, ਬਲਜਿੰਦਰ ਸਿੰਘ, ਰਾਮ ਲਾਲ ਚੱਕ ਗੁਰੂ, ਸੁਰਿੰਦਰ ਸਿੰਘ ਬੈਂਸ, ਪਰਮਜੀਤ ਸਿੰਘ, ਕਮਲਜੀਤ ਸਨਾਵਾ, ਪਰਵਿੰਦਰ ਮੇਨਕਾ, ਨਰੰਜਣ ਦਾਸ ਮੇਹਲੀ, ਜਗਤਾਰ ਸਿੰਘ, ਦਸੌਂਧਾ ਸਿੰਘ, ਬਲਵੀਰ ਸਿੰਘ ਮਹਿਤਪੁਰ, ਗੁਰਮੁਖ ਸਿੰਘ ਫਰਾਲਾ, ਸੀਲਾ ਸੰਘਾ ਸਾਥੀਆਂ ਸਮੇਤ, ਗੁਰਬਖਸ ਕੌਰ ਰਾਹੋਂ, ਜਸਵਿੰਦਰ ਲਾਲ, ਗੁਰਿੰਦਰ ਲਾਲ ਰਾਹੋਂ, ਉਪਿੰਦਰ ਸਿੰਘ ਰਾਣਾ, ਜੋਗਿੰਦਰ ਸਿੰਘ ਚਣਕੋਈ ਤੇ ਮਹਿੰਗਾ ਸਿੰਘ ਫਿਰਨੀ ਮਜਾਰਾ ਆਦਿ ਸਾਥੀਆਂ ਸਮੇਤ ਹਾਜ਼ਰ ਸਨ।

### ਫਿਰਕਾਪ੍ਰਸਤ ਮਨੂੰਵਾਦੀ...

ਸਾਹਿਬ ਨੂੰ ਯਾਦ ਕਰਦਿਆਂ ਕਿਹਾ ਕਿ ਸਤੀ ਪ੍ਰਥਾ ਖਤਮ ਕਰਨ, ਜਾਤੀ ਪ੍ਰਥਾ ਦੇ ਵਿਰੋਧ ਕਰਨ ਕਰਕੇ ਅਨੇਕਾਂ ਤਸੀਹੇ ਝੱਲ ਕੇ ਦੇਸ਼ ਦੇ ਹਰ ਵਰਗ ਨੂੰ ਸਮਾਜਕ ਬਰਾਬਰਤਾ ਲਈ ਸੰਵਿਧਾਨ ਦਾ ਨਿਰਮਾਣ ਕਰਕੇ ਹਰ ਵਰਗ ਦਾ ਮਾਣ-ਸਨਮਾਨ ਬਹਾਲ ਕੀਤਾ, ਪਰੰਤੂ ਸਮੇਂ ਦੀਆਂ ਹਾਕਮ ਜਮਾਤਾਂ (ਆਰ ਐੱਸ ਐੱਸ) ਦੇਸ਼ ਦੇ ਸੰਵਿਧਾਨ ਨੂੰ ਖਤਰਾ ਪੈਦਾ ਕਰਕੇ ਧਰਮ ਅਤੇ ਜਾਤੀ ਖਿਲਵਾੜ ਰਾਹੀਂ ਸੰਵਿਧਾਨ ਨੂੰ ਤੋੜ ਰਹੀ ਹੈ, ਜਿਸ ਦੇ ਖਿਲਾਫ ਹਰ ਇੱਕ ਭਾਰਤੀ ਨੂੰ ਲਾਮਬੰਦੀ ਕਰਕੇ ਭਾਜਪਾ ਭਜਾਓ- ਸੰਵਿਧਾਨ ਬਚਾਓ-ਦੇਸ਼ ਬਚਾਓ ਦੇ ਨਾਹਰੇ ਨੂੰ ਬੁਲੰਦ ਕਰਨਾ ਚਾਹੀਦਾ ਹੈ, ਤਾਂ ਕਿ ਹਰ ਗਰੀਬ, ਪੱਛੜਿਆ ਵਰਗ ਤੇ ਘੱਟ ਗਿਣਤੀਆਂ 'ਤੇ ਹੋ ਰਹੇ ਅੱਤਿਆਚਾਰ ਨੂੰ ਨੱਥ ਪਾਈ ਜਾ ਸਕੇ। ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਸੱਦਾ ਦਿੰਦਿਆ ਕਿਹਾ ਕਿ ਸੀ ਪੀ ਆਈ ਦੇ ਸੱਦੇ 'ਤੇ 14 ਅਪ੍ਰੈਲ ਤੋਂ 15 ਮਈ ਤੱਕ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਜਨਤਕ ਕਰਨ ਲਈ ਪੂਰੇ ਦੇਸ਼ ਦੇ ਹਰ ਕਸਬੇ, ਸ਼ਹਿਰ ਤੇ ਪਿੰਡਾਂ ਵਿੱਚ ਪਦ ਯਾਤਰਾ ਕੀਤੀ ਜਾਵੇਗੀ। ਪਾਰਟੀ ਦੀ ਜ਼ਿਲ੍ਹਾ ਇਕਾਈ ਵੱਲੋਂ ਇਸੇ ਤਹਿਤ ਬੁਢਲਾਡਾ ਤੇ ਮਾਨਸਾ ਵਿਚ ਰੈਲੀਆ ਕੀਤੀਆਂ ਜਾਣਗੀਆਂ ਅਤੇ ਪ੍ਰੋਗਰਾਮ ਦੀ ਸਫਲਤਾ ਲਈ ਤਿਆਰੀਆਂ ਜੰਗੀ ਪੱਧਰ 'ਤੇ ਕੀਤੀਆਂ ਜਾ ਰਹੀਆਂ ਹਨ। ਪ੍ਰੋਗਰਾਮ ਕਾਕਾ ਸਿੰਘ ਅਤੇ ਬਲਦੇਵ ਸਿੰਘ ਬਾਜੇਵਾਲਾ ਦੀ ਪ੍ਰਧਾਨਗੀ ਮੰਡਲ ਹੇਠ ਹੋਇਆ। ਹੋਰਨਾਂ ਤੋਂ ਇਲਾਵਾ ਖੁਸ਼ਪਿੰਦਰ ਚੌਹਾਨ, ਨਰੇਸ਼ ਬੁਰਜ ਹਰੀ, ਸੁਖਦੇਵ ਪੰਧੇਰ, ਨਰਿੰਦਰ ਕੌਰ, ਕ੍ਰਿਸ਼ਨ ਜੋਗਾ, ਸੁਖਦੇਵ ਮਾਨਸਾ, ਮੰਗਤ ਭੀਖੀ, ਗੁਰਦਿਆਲ ਦਲੇਲ ਸਿੰਘ ਵਾਲਾ, ਗੁਰਪਿਆਰ ਫੱਤਾ, ਹਰਨੇਕ ਢਿੱਲੋਂ, ਰਾਜਵਿੰਦਰ ਸਿੰਘ, ਮਨਦੀਪ ਭੀਖੀ, ਕੇਵਲ ਐੱਮ ਸੀ, ਹਰਨੇਕ ਬੱਪੀਆਣਾ, ਸਾਧੂ ਰਾਮ, ਨਿਰਮਲ ਮਾਨਸਾ ਤੇ ਦਰਸ਼ਨ ਮਾਨਸ਼ਾਹੀਆ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

### ਅੰਮ੍ਰਿਤਪਾਲ ਦਾ ਸਾਥੀ...

ਅਕਾਊਂਟ 'ਤੇ ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਇੱਕ ਪੋਸਟ ਸ਼ੇਅਰ ਕੀਤੀ ਸੀ। ਕਪੂਰਥਲਾ ਕੋਰਟ 'ਚ ਪ੍ਰੈਕਟਿਸ ਕਰਨ ਵਾਲਾ ਰਾਜਦੀਪ ਸਿੰਘ ਜੋ ਕਿ ਪਿੱਛੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਉਪਮੰਡਲ ਦਸੂਹਾ ਦੇ ਪਿੰਡ ਬਾਬਕ ਦਾ ਰਹਿਣ ਵਾਲਾ ਹੈ ਕਿ ਗ੍ਰਿਫ਼ਤਾਰੀ ਨੂੰ ਕਪੂਰਥਲਾ ਬਾਰ ਐਸੋਸੀਏਸ਼ਨ ਨੇ ਗੈਰ ਕਾਨੂੰਨੀ ਕਰਾਰ ਦਿੰਦੇ ਹੋਏ ਹੜਤਾਲ ਕਰ ਦਿੱਤੀ ਹੈ। ਬਾਰ ਐਸੋਸੀਏਸ਼ਨ ਨੇ ਕਿਹਾ ਕਿ ਅੱਜ ਕੋਰਟ 'ਚ ਕੋਈ ਵਕੀਲ ਨਹੀਂ ਜਾਵੇਗਾ।

### 500 ਦਿਨ ਗੁਫ਼ਾ...

ਪੜ੍ਹਨੀ ਸ਼ੁਰੂ ਕੀਤੀ ਸੀ, ਉਹ ਖ਼ਤਮ ਨਹੀਂ ਹੋਈ। ਪ੍ਰੈੱਸ ਕਾਨਫਰੰਸ ਦੌਰਾਨ ਬੀਏਟ੍ਰਿਜ ਨੇ ਦੱਸਿਆ ਕਿ ਉਹ ਗੁਫ਼ਾ 'ਚ ਕਸਰਤ, ਪੇਂਟਿੰਗ ਅਤੇ ਟੋਪੀ ਬੁਣਨ ਦਾ ਕੰਮ ਕਰਦੀ ਸੀ। ਇਸ ਤੋਂ ਇਲਾਵਾ ਉਸ ਨੇ 60 ਕਿਤਾਬਾਂ ਪੜ੍ਹੀਆਂ ਅਤੇ 1000 ਲੀਟਰ ਪਾਣੀ ਪੀਤਾ। ਸ਼ੁਰੂਆਤ 'ਚ ਉਹ ਹਰ ਦਿਨ ਗਿਣਦੀ ਸੀ, ਪਰ ਫਿਰ 65 ਦਿਨ ਬਾਅਦ ਉਸ ਨੇ ਇਹ ਕਰਨਾ ਛੱਡ ਦਿੱਤਾ। ਉਸ ਨੇ ਕਿਹਾ ਕਿ ਦੂਜੇ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਉਹ ਡਾਕਟਰ ਕੋਲ ਜਾਵੇਗੀ, ਤਾਂ ਜੋ ਉਸ ਦੇ ਸਰੀਰ ਅਤੇ ਦਿਮਾਗ 'ਚ ਆਏ ਬਦਲਾਅ 'ਤੇ ਸਟੱਡੀ ਕੀਤੀ ਜਾ ਸਕੇ। ਫਲੈਮਿਨੀ ਜਦ ਗੁਫ਼ਾ 'ਚ ਗਈ ਤਾਂ ਉਹ 48 ਸਾਲ ਦੀ ਸੀ। ਉਸ ਨੇ 20 ਨਵੰਬਰ 2021 ਨੂੰ ਇਸ ਚੈਲੰਜ ਦੀ ਸ਼ੁਰੂਆਤ ਕੀਤੀ ਸੀ। ਫਲੈਮਿਨੀ ਦੀ ਟੀਮ ਨੇ ਦੱਸਿਆ ਕਿ ਉਸ ਨੇ ਸਭ ਤੋਂ ਲੰਮੇ ਸਮੇਂ ਤੱਕ ਗੁਫ਼ਾ 'ਚ ਰਹਿਣ ਦਾ ਪੁਰਾਣਾ ਰਿਕਾਰਡ ਤੋੜ ਦਿੱਤਾ ਹੈ। ਇਸ ਟੀਚੇ ਦਾ ਮਕਸਦ ਇਨਸਾਨ ਦੇ ਦਿਮਾਗ ਅਤੇ ਉਸ ਦੇ ਸਵੇਰੇ ਜਾਗਣ ਤੋਂ ਲੈ ਕੇ ਰਾਤ ਸੌਣ ਤੱਕ ਦੀ ਪੂਰੀ ਰੂਟੀਨ ਨੂੰ ਮਾਨੀਟਰ ਕਰਨਾ ਸੀ। ਬੀਏਟ੍ਰਿਜ ਨੇ ਕਿਹਾ ਕਿ 50 ਦਿਨਾਂ ਦੇ ਚੈਲੰਜ ਦੌਰਾਨ ਉਸ ਨੂੰ ਸਭ ਤੋਂ ਜ਼ਿਆਦਾ ਪ੍ਰੇਸ਼ਾਨੀ ਉਦੋਂ ਮਹਿਸੂਸ ਹੋਈ, ਜਦ ਕੀੜੇ ਗੁਫ਼ਾ 'ਚ ਆ ਜਾਂਦੇ। ਇਸ ਦੌਰਾਨ ਫਲੈਮਿਨੀ ਨੇ ਆਪਣੀ ਟੀਮ ਨੂੰ ਕਿਸੇ ਵੀ ਹਾਲਤ 'ਚ ਸੰਪਰਕ ਨਾ ਕਰਨ ਨੂੰ ਕਿਹਾ ਸੀ। ਉਸ ਨੇ ਆਪਣੀ ਟੀਮ ਨੂੰ ਨਿਰਦੇਸ਼ ਦਿੱਤਾ ਸੀ ਕਿ ਪਰਵਾਰ 'ਚ ਕਿਸੇ ਦੀ ਮੌਤ ਹੋਣ ਵਰਗੇ ਗੰਭੀਰ ਕਾਰਨ 'ਤੇ ਵੀ ਉਸ ਨਾਲ ਸੰਪਰਕ ਨਾ ਕੀਤਾ ਜਾਵੇ।

### ਵਾਵਰੋਲੇ ਕਾਰਨ...

ਉਤਾਰਿਆ ਗਿਆ। ਜ਼ਿਕਰਯੋਗ ਹੈ ਕਿ ਹਾਦਸਾ ਵਾਪਰਨ ਤੋਂ ਬਚੀ ਬਿਜਲੀ ਸਪਲਾਈ ਦੀ ਇਹ ਉਹ ਸਪਲਾਈ ਲਾਈਨ ਹੈ, ਜਿਹੜੀ ਅਕਸਰ ਹੀ ਖਰਾਬ ਰਹਿੰਦੀ ਹੈ ਅਤੇ ਦੂਜੇ-ਚੌਥੇ ਦਿਨ ਇਸ ਦੀ ਮੁਰੰਮਤ ਕਰਨ ਦੀ ਨੌਬਤ ਮੁੜ-ਮੁੜ ਆਉਂਦੀ ਹੈ। ਮੇਲਾ ਵਿਸਾਖੀ ਮੌਕੇ ਹਰ ਸਾਲ ਲਗਭਗ ਇਕ ਪੰਦਰਵਾੜਾ ਜਦੋਂ ਕਣਕ ਕਟਾਈ ਦੀ ਰੁੱਤ ਹੁੰਦੀ ਹੈ, ਉਦੋਂ ਇਸ ਸਪਲਾਈ ਲਾਈਨ ਨਾਲ ਸੰਬੰਧਤ ਖਪਤਕਾਰਾਂ ਨੂੰ ਰੱਬ ਦੇ ਰਹਿਮ ਉਪਰ ਹੀ ਬਿਨਾਂ ਬਿਜਲੀ-ਪਾਣੀ ਤੋਂ ਗੁਜ਼ਾਰਾ ਕਰਨਾ ਪੈਂਦਾ ਹੈ। ਕੀ ਸਰਕਾਰ ਜਾਂ ਮਹਿਕਮੇ ਦੇ ਉੱਚ ਅਧਿਕਾਰੀ ਲੋਕਾਂ ਦੀ ਇਸ ਸਮੱਸਿਆ ਦਾ ਕੋਈ ਸਥਾਈ ਤੇ ਪੱਕਾ ਹੱਲ ਲੱਭਣਗੇ, ਇਹ ਸਵਾਲ ਹਾਲੇ ਤੱਕ ਭਵਿੱਖ ਦੇ ਗਰਭ ਵਿੱਚ ਹੈ।

### ਪੀ ਆਰ ਟੀ ਸੀ ਵਰਕਰਜ਼...

ਜਾਦੂਗਿਰੀ ਦੇ ਚੱਕਰ ਵਿੱਚ ਉਲਝਾਅ ਕੇ ਅਤੇ ਗੁੰਮਰਾਹ ਕਰਕੇ ਵਰਕਰਾਂ ਦੇ 1010 ਸਾਲ ਤੋਂ ਪੈਂਡਿੰਗ ਪਏ ਬਕਾਏ ਅਤੇ ਲੇਟ ਲਾਗੂ ਕੀਤੇ ਪੇਅ ਕਮਿਸ਼ਨ ਦੇ 6 ਮਹੀਨੇ ਦਾ ਬਕਾਇਆ ਦੇਣ ਤੋਂ ਇਨਕਾਰ ਕਰਵਾ ਦਿੱਤਾ ਗਿਆ, ਜਦ ਕਿ ਪੀ.ਆਰ.ਟੀ.ਸੀ. ਨੂੰ ਜੋ 95 ਕਰੋੜ ਰੁਪਿਆ ਮਿਲਿਆ ਸੀ, ਉਸ ਵਿੱਚੋਂ ਬਚਦਾ 3032 ਕਰੋੜ ਰੁਪਿਆ ਵਰਕਰਾਂ ਦੀਆਂ ਅਦਾਇਗੀਆਂ ਕਰਨ ਲਈ ਨਹੀਂ ਵਰਤਿਆ ਜਾ ਰਿਹਾ। ਸੇਵਾ-ਮੁਕਤ ਹੋਏ ਕਰਮਚਾਰੀਆਂ ਨੂੰ ਇਕ ਸਾਲ ਦੇ ਅਰਸੇ ਤੋਂ ਬਾਅਦ ਵੀ ਸਤੰਬਰ 2022 ਤੱਕ ਦੇ ਅੱਧੇ ਬਕਾਏ ਦਿੱਤੇ ਜਾ ਰਹੇ ਹਨ। ਇਸੇ ਤਰ੍ਹਾਂ ਪੇ ਕਮਿਸ਼ਨ ਦੀ ਰਿਪੋਰਟ ਲਾਗੂ ਹੋਣ ਦੀ ਮਿਤੀ ਤੋਂ ਵਧੀ ਤਨਖਾਹ ਦਾ ਵੀ 6 ਮਹੀਨੇ ਦਾ ਅੱਧਾ ਏਰੀਅਰ ਦਿੱਤਾ ਜਾ ਰਿਹਾ ਹੈ, ਜਿਹੜਾ ਕਿ ਵਰਕਰਾਂ ਨੂੰ ਕਿਸੇ ਤਰ੍ਹਾਂ ਵੀ ਪ੍ਰਵਾਨ ਨਹੀਂ ਹੈ।

ਐਕਸ਼ਨ ਕਮੇਟੀ ਨੇ ਚੇਅਰਮੈਨ ਪੀ.ਆਰ.ਟੀ.ਸੀ. ਤੋਂ ਮੰਗ ਕੀਤੀ ਹੈ ਕਿ ਮੈਨੇਜਿੰਗ ਡਾਇਰੈਕਟਰ ਨੂੰ ਹਦਾਇਤ ਕੀਤੀ ਜਾਵੇ ਕਿ ਸੋਮਵਾਰ ਨੂੰ ਵਰਕਰਾਂ ਦੇ ਬਕਾਏ ਪੂਰੇ ਦੇ ਪੂਰੇ ਹਰ ਹਾਲਤ ਵਿੱਚ ਖਾਤਿਆਂ ਵਿੱਚ ਪਾਏ ਜਾਣ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ 18 ਅਪ੍ਰੈਲ ਨੂੰ ਸੈਂਕੜਿਆਂ ਦੀ ਗਿਣਤੀ ਵਿੱਚ ਮੁੱਖ ਦਫਤਰ ਦੇ ਸਾਹਮਣੇ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ ਜਾਵੇਗਾ ਅਤੇ ਅਗਲਾ ਐਕਸ਼ਨ ਪ੍ਰੋਗਰਾਮ ਦਿੱਤਾ ਜਾਵੇਗਾ।

### ਜਾਪਾਨ ਦੇ ਪ੍ਰਧਾਨ...

ਇੱਕ ਰੈਲੀ 'ਚ ਭਾਸ਼ਣ ਦੇਣ ਪਹੁੰਚੇ ਸਨ। ਉਹ ਇਸ ਮਹੀਨੇ 'ਚ ਹੋਣ ਵਾਲੀਆਂ ਉਪ ਚੋਣਾਂ ਲਈ ਆਪਣੀ ਪਾਰਟੀ ਲਿਬਰਲ ਡੈਮੋਕ੍ਰੇਟਿਕ ਦੇ ਉਮੀਦਵਾਰਾਂ ਦੇ ਸਮਰਥਨ 'ਚ ਭਾਸ਼ਣ ਦੇਣ ਵਾਲੇ ਸਨ। ਪ੍ਰਧਾਨ ਮੰਤਰੀ ਨੂੰ ਵਾਕਾਯਾਮਾ ਪ੍ਰੀਫੈਕਚਰ ਪੁਲਸ ਹੈੱਡਕੁਆਰਟਰ ਲਿਜਾਇਆ ਗਿਆ। ਇਹ ਹਮਲਾ ਅਜਿਹੇ ਸਮੇਂ ਹੋਇਆ ਹੈ, ਜਦੋਂ 19-21 ਮਈ ਦੇ ਜੀ-7 ਸੰਮੇਲਨ ਤੋਂ ਪਹਿਲਾਂ ਜਾਪਾਨ 'ਚ ਇਸ ਹਫਤੇ ਦੇ ਅੰਤ ਵਿੱਚ ਸਮੂਹ ਦੀਆਂ ਮੰਤਰੀ ਪੱਧਰੀ ਮੀਟਿੰਗਾਂ ਸ਼ੁਰੂ ਹੋਣ ਵਾਲੀਆਂ ਹਨ। ਉਨ੍ਹਾ ਦੇ ਭਾਸ਼ਣ ਤੋਂ ਪਹਿਲਾਂ ਹੀ ਧਮਾਕਾ ਹੋਇਆ, ਹਾਲਾਂਕਿ ਪੂਰੇ ਘਟਨਾਕ੍ਰਮ ਦੇ ਕੁਝ ਦੇਰ ਬਾਅਦ ਪ੍ਰਧਾਨ ਮੰਤਰੀ ਕਿਸ਼ਿਦਾ ਨੇ ਆਪਣਾ ਭਾਸ਼ਣ ਪੂਰਾ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

16-April-PAGE-11-Majha-2023.qxd 4/15/2023 10:22 PM Page 1



# ਰਾਵੀ ਦਰਿਆ 'ਤੇ ਦੋ ਪਲਟੂਨ ਪੁਲਾਂ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਭਾਰਤ ਪਾਕਿਸਤਾਨ ਦੇ ਸਰਹੱਦੀ ਖੇਤਰ ਵਿੱਚ ਰਾਵੀ ਦਰਿਆ ਉਤੇ ਦੋ ਪਲਟੂਨ ਪੁਲਾਂ ਦੀ ਸ਼ੁਰੂਆਤ ਕੀਤੀ, ਜਿਸ ਨਾਲ ਕਿਸਾਨਾਂ ਅਤੇ ਜੁਆਨਾਂ ਨੂੰ ਰਾਵੀ ਦਰਿਆ ਤੋਂ ਪਾਰ ਖੇਤੀ ਤੇ ਦੇਸ਼ ਦੀ ਸੁਰੱਖਿਆ ਕਰਨ ਵਿੱਚ ਵੱਡੀ ਮਦਦ ਮਿਲੇਗੀ। ਪਿੰਡ ਦਰਿਆ ਮੂਸਾ ਅਤੇ ਕੋਟ ਰਜਾਦਾ ਵਿਖੇ ਪਲਟੂਨ ਪੁਲਾਂ ਦੇ ਉਦਘਾਟਨ ਕਰਨ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਵੇਲੇ ਸਾਡਾ ਵੱਡਾ ਰਕਬਾ ਰਾਵੀ ਦਰਿਆ ਤੋਂ ਪਾਰ ਰਹਿ ਗਿਆ, ਜਿੱਥੇ ਸਾਡੇ ਕਿਸਾਨਾਂ ਅਤੇ ਦੇਸ਼ ਦੀ ਸੁਰੱਖਿਆ ਕਰਦੇ ਜੁਆਨਾਂ ਨੂੰ ਲਗਾਤਾਰ ਜਾਣਾ ਪੈਂਦਾ ਹੈ, ਪਰ ਸਾਡੀਆਂ ਹੁਣ ਤੱਕ ਆਈਆਂ ਸਰਕਾਰਾਂ ਨੇ ਇਸ ਅਹਿਮ ਮੁੱਦੇ ਵੱਲ ਵੀ ਧਿਆਨ ਨਹੀਂ ਦਿਤਾ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਆਪਣੇ ਪਹਿਲੇ ਸਾਲ ਦੇ ਕਾਰਜਕਾਲ ਵਿੱਚ ਹੀ ਕਰੀਬ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਦੋ ਪਲਟੂਨ ਪੁਲਾਂ ਦੀ ਉਸਾਰੀ ਕਰ ਦਿੱਤੀ ਹੈ, ਜਿਸ ਨਾਲ ਕਿਸਾਨ ਆਪਣੇ ਟਰੈਕਟਰ, ਟਰਾਲੀਆਂ, ਕੰਬਾਈਨਾਂ ਅਤੇ ਹੋਰ ਖੇਤੀ ਅਸਾਨੀ ਨਾਲ ਦਰਿਆ ਤੋਂ ਪਾਰ ਲਿਜਾ ਕੇ ਖੇਤੀ ਕਰ ਸਕਣਗੇ। ਇਸ ਤੋਂ ਇਲਾਵਾ ਬੀਐੱਸਐੱਫ ਦੇ ਜਵਾਨ ਦੇਸ਼ ਦੀ ਹੱਦ ਦੀ ਰਾਖੀ ਲਈ ਆਪਣੀ ਜੀਪਾਂ ਅਤੇ ਹੋਰ ਗੱਡੀਆਂ ਲੰਘਾ ਸਕਣਗੇ। ਉਨ੍ਹਾਂ ਕਿਹਾ ਕਿ ਮੈਂ ਇੱਥੇ ਪੱਕੇ ਪੁੱਲ ਦੀ ਉਸਾਰੀ ਕਰਨਾ ਚਾਹੁੰਦਾ ਸੀ ਅਤੇ ਇਸ ਲਈ ਦਿੱਲੀ ਜਾ ਕੇ ਗੱਲਬਾਤ ਵੀ ਕੀਤੀ ਸੀ ਪਰ ਸਰਹੱਦ ਨੇੜੇ ਪੈਂਦੀ ਹੋਣ ਕਾਰਨ ਉਨ੍ਹਾਂ ਪੱਕੇ ਪੁੱਲ ਦੀ ਉਸਾਰੀ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਹੁਣ ਪੁਲਾਂ ਦੀ ਮਜਬੂਤੀ ਲਈ ਇਨ੍ਹਾਂ ਨੇੜੇ ਸਪਰਮ ਵੀ ਬਣਾਏ ਜਾਣਗੇ, ਜਿਨ੍ਹ ਉਤੇ ਦੋ ਤੋਂ ਤਿੰਨ ਕਰੋੜ ਰੁਪਏ ਦੀ ਲਾਗਤ ਆਵੇਗੀ।

ਉਨ੍ਹਾਂ ਕਿਹਾ ਕਿ ਪੁਲਾਂ ਦੀ ਉਸਾਰੀ ਨਾਲ ਰਾਵੀ ਪਾਰ ਦੇ ਇਲਾਕੇ ਵਿੱਚ ਜ਼ਮੀਨਾਂ ਦੀਆਂ ਕੀਮਤਾਂ ਵਧਣਗੀਆਂ, ਕਿਸਾਨ ਦੀ ਖੇਤੀ ਸੌਖੀ ਹੋਵੇਗੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦੇਸ਼ ਦੇ ਕਿਸਾਨ ਅਤੇ ਦੇਸ਼ ਦੇ ਜੁਆਨਾਂ ਨਾਲ ਖੜੀ ਹੈ। ਇਸ ਮੌਕੇ ਰਜੀਵ ਮੈਦਾਨ, ਚਰਨਜੀਤ ਸਿੰਘ ਸਿੱਧੂ, ਗੁਰਜੰਟ ਸਿੰਘ ਸੋਹੀ, ਗੁਰਦੀਪ ਸਿੰਘ ਰੰਧਾਵਾ, ਬੀਡੀਪੀਓ ਸੁਖਜੀਤ ਸਿੰਘ ਬਾਜਵਾ, ਐਕਸੀਅਨ ਦਿਆਲ ਸ਼ਰਮਾ, ਹਰਬੀਰ ਸਿੰਘ ਬੱਬਲੂ, ਮਨਜਿੰਦਰ ਸਿੰਘ ਮੱਤੇਵਾਲ, ਪ੍ਰਧਾਨ ਸਵਿੰਦਰ ਸਿੰਘ ਮਾਨ, ਜਸਪਾਲ ਸਿੰਘ, ਰਾਜਵਿੰਦਰ ਸਿੰਘ ਰਾਜਾ ਰਮਦਾਸ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# 255 ਗ੍ਰਾਮ ਹੈਰੋਇਨ ਸਮੇਤ ਔਰਤ ਕਾਬੂ, ਮਾਮਲਾ ਦਰਜ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਜ਼ਿਲ੍ਹਾ ਤਰਨ ਤਾਰਨ ਦੇ ਐੱਸਐੱਸਪੀ ਗੁਰਮੀਤ ਸਿੰਘ ਚੌਹਾਨ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ ਨੂੰ ਉਸ ਵਕਤ ਵੱਡੀ ਸਫਲਤਾ ਹਾਸਿਲ ਹੋਈ ਜਦੋਂ ਥਾਣਾ ਸਭਰਾਂ ਦੀ ਪੁਲਸ ਨੇ ਪ੍ਰੈਸ ਕਾਨਫਰੰਸ ਵਿੱਚ 255 ਗ੍ਰਾਮ ਹੈਰੋਇਨ ਸਮੇਤ ਇੱਕ ਔਰਤ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੁਲਸ ਥਾਣਾ ਸਭਰਾ ਦੇ ਐੱਸਐੱਚਓ ਕੇਵਲ ਸਿੰਘ ਨੇ ਦੱਸਿਆ ਕਿ ਵਿਸਾਖੀ ਦੇ ਦਿਹਾੜੇ ਦੀ ਆਮਦ 'ਤੇ ਪਿੰਡ ਭਾਊਵਾਲ ਦੇ ਨਜ਼ਦੀਕ ਪੁਲਸ ਪਾਰਟੀ ਵੱਲੋਂ ਕੀਤੀ ਗਈ ਨਾਕਾਬੰਦੀ ਦੌਰਾਨ ਇੱਕ ਔਰਤ ਜਿਸ ਦਾ ਨਾਮ ਅਮਰਜੀਤ ਕੌਰ ਪਤਨੀ ਹਰਪਾਲ ਸਿੰਘ ਵਾਸੀ ਪਿੰਡ ਤੂਤ ਹੈ, ਨੂੰ 255 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਹੈਰੋਇਨ ਸਮੇਤ ਫੜੀ ਗਈ ਉਕਤ ਔਰਤ ਖਿਲਾਫ ਥਾਣਾ ਸਭਰਾ ਵਿੱਚ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

# ਪਠਾਨਕੋਟ ਕਾਲਜ ਆਫ ਐਜੂਕੇਸ਼ਨ ਪਠਾਨਕੋਟ ਦਾ ਬੀ ਐੱਡ ਦਾ ਨਤੀਜਾ ਸੌ ਫ਼ੀਸਦੀ



ਗੁਰਦਾਸਪੁਰ (ਜਨਕ ਮਹਾਜਨ)-ਪਠਾਨਕੋਟ ਕਾਲਜ ਆਫ ਐਜੂਕੇਸ਼ਨ ਪਠਾਨਕੋਟ ਵਿਖੇ ਪੜ੍ਹ ਰਹੇ ਬੀ.ਐੱਡ. ਦੇ ਵਿਦਿਆਰਥੀਆਂ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਸੈਸ਼ਨ 2022-24 ਦੇ ਪਹਿਲੇ ਸਮੈਸਟਰ ਦੀ ਪ੍ਰੀਖਿਆ ਦਾ ਨਤੀਜਾ ਐਲਾਨਿਆ ਗਿਆ। ਇਸ ਪ੍ਰੀਖਿਆ ਵਿੱਚ ਕਾਲਜ ਦਾ ਨਤੀਜਾ 100% ਰਿਹਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਪ੍ਰੀਤੀ ਨੇ 350 ਅੰਕ ਲੈ ਕੇ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਜਲੀ ਕਟਾਰੀਆ ਨੇ 338 ਅੰਕ ਲੈ ਕੇ ਦੂਜਾ ਸਥਾਨ ਤੇ ਰਿਯਾ ਨੇ 326 ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ।

ਉਨ੍ਹਾਂ ਦੱਸਿਆ ਕਿ ਕਾਲਜ ਦੇ ਬਾਕੀ ਵਿਦਿਆਰਥੀਆਂ ਨੇ ਵੀ ਵਧੀਆ ਅੰਕ ਲੈ ਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ। ਕਾਲਜ ਮੈਨੇਜਮੈਂਟ ਕਮੇਟੀ ਮੈਂਬਰ ਡਾ. ਵਿਨੋਦ ਮਹਾਜਨ ਨੇ ਕਾਲਜ ਦਾ ਚੰਗਾ ਨਤੀਜਾ ਆਉਣ 'ਤੇ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਗਾਂਹ ਵੀ ਮਿਹਨਤ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਜਿਸ ਨਾਲ ਕਾਲਜ ਅਤੇ ਆਪਣੇ ਮਾਂ-ਬਾਪ ਦਾ ਨਾਂਅ ਰੌਸ਼ਨ ਹੋ ਸਕੇ। ਇਸ ਮੌਕੇ ਪ੍ਰੋ: ਰਜਨੀਸ਼ ਬਾਲਾ, ਉਮਾ ਸ਼ਰਮਾ, ਅਤੁਲ ਅਗਰਵਾਲ, ਅਨੂ ਸੈਣੀ, ਗੀਤਾਂਜਲੀ, ਜਯੋਤੀ, ਨਿਧੀ, ਪੂਜਾ ਅਤੇ ਸੁਮਨ ਆਦਿ ਹਾਜ਼ਰ ਸਨ।

# ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੁਖਮਿੰਦਰ ਸਿੰਘ ਵਿੱਦਿਆ ਸਕੱਤਰ ਸ਼੍ਰੋਮਣੀ ਕਮੇਟੀ ਦੀ ਸੁਯੋਗ ਅਗਵਾਈ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਵਿਸਾਖੀ ਦਾ ਦਿਹਾੜਾ ਮਨਾਉਂਦੇ ਹੋਏ ਸਮੂਹ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਸੰਗਤ ਰੂਪ ਵਿੱਚ ਗੁਰਬਾਣੀ ਦੇ ਜਾਪ ਕੀਤੇ ਗਏ। ਉਪਰੰਤ ਕਾਲਜ ਵਿਦਿਆਰਥੀ ਮਨਬੀਰ ਸਿੰਘ ਅਤੇ ਜਸਪਾਲ ਸਿੰਘ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ ਅਤੇ ਖਾਲਸੇ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਖਾਲਸਾ ਦਿਵਸ ਸਬੰਧੀ ਭਾਸ਼ਣ ਅਤੇ ਕਵਿਤਾ ਮੁਕਾਬਲੇ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਭਾਸ਼ਣ ਮੁਕਾਬਲੇ 'ਚ ਨਵਤਰਨਪ੍ਰੀਤ ਕੌਰ, ਕੋਮਲਪ੍ਰੀਤ ਕੌਰ, ਜਸ਼ਨਪ੍ਰੀਤ ਕੌਰ, ਸਹਿਦੀਪ ਕੌਰ ਮੋਹਰੀ ਰਹੀਆਂ। ਕਵਿਤਾ ਉਚਾਰਨ ਵਿੱਚ ਅਮਨਪ੍ਰੀਤ ਕੌਰ ਨੇ ਪਹਿਲਾ ਅਤੇ ਜਸਪ੍ਰੀਤ ਕੌਰ ਨੇ ਦੂਸਰਾ ਸਥਾਨ। ਦਸਤਾਰ ਮੁਕਾਬਲੇ ਵਿੱਚ ਅਰਸ਼ਦੀਪ ਸਿੰਘ ਨੇ ਪਹਿਲਾ, ਹਰਪ੍ਰੀਤ ਸਿੰਘ ਨੇ ਦੂਜਾ ਅਤੇ ਪ੍ਰਭਜੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਖਾਲਸਾ ਸਾਜਨਾ ਦਿਵਸ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀ ਵਰਗ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿ ਕੇ ਉੱਚੀ ਪਰਵਾਜ਼ ਭਰਨ ਦੀ ਗੱਲ ਆਖੀ।

ਉਨ੍ਹਾਂ ਨੇ ਸਮਾਗਮ ਦੇ ਕੋਆਰਡੀਨੇਟਰ ਅਤੇ ਪ੍ਰਬੰਧਕ ਪ੍ਰੋ. ਹਰਜੀਤ ਕੌਰ, ਪ੍ਰੋ. ਹਰਪ੍ਰੀਤ ਕੌਰ ਅਤੇ ਪ੍ਰੋ. ਸ਼ਰਨਜੀਤ ਕੌਰ ਦੀ ਉਚੇਚੇ ਤੌਰ 'ਤੇ ਸ਼ਲਾਘਾ ਕਰਦੇ ਹੋਏ ਭਵਿੱਖ ਵਿੱਚ ਅਜਿਹੇ ਉਪਰਾਲੇ ਜਾਰੀ ਰੱਖਣ ਲਈ ਕਿਹਾ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਸਮਾਗਮ ਵਿੱਚ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਸਰਕਾਰੀ ਦਰੱਖਤ ਕੱਟਣ ਦੇ ਦੋਸ਼ 'ਚ ਦੋ ਵਿਅਕਤੀ ਨਾਮਜ਼ਦ

ਗੁਰਦਾਸਪੁਰ : ਦੀਨਾਨਗਰ ਥਾਣੇ ਦੀ ਪੁਲਸ ਵੱਲੋਂ ਜੰਗਲਾਤ ਵਿਭਾਗ ਦੇ ਅਧਿਕਾਰੀ ਦੀ ਸ਼ਿਕਾਇਤ ਤੇ ਸਰਕਾਰੀ ਦਰੱਖਤ ਕੱਟਣ ਦੇ ਦੋਸ਼ ਹੇਠ ਦੋ ਵਿਅਕਤੀਆਂ ਖਿਲਾਫ ਨਾਮ ਸਮੇਤ ਅਤੇ 10—15 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਵਣ ਰੇਂਜ ਅਫਸਰ ਗੁਰਦਾਸਪੁਰ ਸਤਨਾਮ ਸਿੰਘ ਨੇ ਪੁਲਸ ਨੂੰ ਦਿੱਤੀ ਲਿਖਤੀ ਸ਼ਿਕਾਇਤ ਵਿਚ ਦੱਸਿਆ ਕਿ ਉਨ੍ਹਾਂ ਨੂੰ ਫੀਲਡ ਸਟਾਫ ਵਣ ਵਿਭਾਗ ਵਲੋਂ ਰਿਪੋਰਟ ਬੀਤੇ ਦਿਨ ਸਵੇਰੇ ਸਾਢੇ ਦਸ ਵਜੇ ਦੇ ਕਰੀਬ ਮਿਲੀ ਸੀ ਕਿ ਅੱਪਰਬਾਰੀ ਦੁਆਬ ਨਹਿਰ ਆਰ ਡੀ 103 ਤੋਂ 104 ਖੱਬੇ ਪਾਸੇ ਪਿੰਡ ਧਮਰਾਈ ਦੇ ਨਜ਼ਦੀਕ ਨੂਰ ਮੁਹੰਮਦ ਪੁੱਤਰ ਨੂਰ ਬਖਸ਼, ਮਸਕੀਨ ਪੁੱਤਰ ਨੂਰ ਮੁਹੰਮਦ ਵਾਸੀਆਨ ਧਮਰਾਈ ਅਤੇ 10/15 ਅਣਪਛਾਤੇ ਵਿਅਕਤੀ ਰੁੱਖਾਂ ਦੀ ਕਟਾਈ ਕਰ ਰਹੇ ਹਨ। ਇਸ ਬਾਰੇ ਸੂਚਨਾ ਮਿਲਣ 'ਤੇ ਵਣ ਗਾਰਡ ਹਰਪਾਲ ਸਿੰਘ ਅਤੇ ਵਣ ਬਲਾਕ ਅਫਸਰ ਦੀਨਾਨਗਰ ਕਮਲਦੀਪ ਸਿੰਘ ਨੇ ਮੌਕੇ 'ਤੇ ਪੁੱਜ ਕੇ ਦੇਖਿਆ ਕਿ ਉਕਤ ਵਿਅਕਤੀ ਦਰੱਖਤ ਵੱਢ ਕੇ ਛੋਟੇ-ਛੋਟੇ ਟੁੱਕੜੇ ਕਰ ਰਹੇ ਸਨ। ਜਦੋਂ ਦੋਸ਼ੀਆਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਨ੍ਹਾਂ ਸਟਾਫ ਨਾਲ ਬਹਿਸਬਾਜ਼ੀ ਅਤੇ ਧੱਕਾ-ਮੁੱਕੀ ਕੀਤੀ ਅਤੇ ਮੌਕੇ ਤੋਂ ਭੱਜ ਗਏ। ਉੱਕਤ ਦੋਸ਼ੀ ਇੱਕ ਰੁੱਖ ਅਰਜਨ ਅਤੇ 4 ਰੁੱਖ ਸ਼ੀਸ਼ਮ ਦੇ ਵੱਢ ਕੇ ਚੋਰੀ ਕਰਕੇ ਲੈ ਗਏ ਹਨ। ਦੀਨਾਨਗਰ ਥਾਣੇ ਦੇ ਐੱਸਐੱਚਓ ਮੇਜਰ ਸਿੰਘ ਨੇ ਦੱਸਿਆ ਕਿ ਵਣ ਰੇਂਜ ਅਧਿਕਾਰੀ ਵੱਲੋਂ ਮਿਲੀ ਸ਼ਿਕਾਇਤ ਦੇ ਆਧਾਰ 'ਤੇ ਨੂਰ ਮੁਹੰਮਦ ਅਤੇ ਮਸਕੀਨ ਸਮੇਤ 10—15 ਅਣਪਛਾਤੇ ਵਿਅਕਤੀਆਂ ਦੇ ਖਿਲਾਫ ਵੱਖ-ਵੱਖ ਬਣਦੀਆਂ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕਰਕੇ ਏਐੱਸਆਈ ਬਲਦੇਵ ਸਿੰਘ ਨੂੰ ਮਾਮਲੇ ਦੀ ਤਫਤੀਸ਼ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

# ਖੇਤ ਹਾਦਸੇ ਦੇ ਸ਼ਿਕਾਰ ਕਿਸਾਨ ਦੇ ਪਰਿਵਾਰ ਨੂੰ ਮੁਆਵਜ਼ੇ ਦਾ ਚੈੱਕ ਭੇਟ



ਜੰਡਿਆਲਾ ਗੁਰੂ/ਤਰਸਿੱਕਾ (ਹਰਿੰਦਰ ਪਾਲ ਸਿੰਘ/ਤਰਸੇਮ ਸਿੰਘ ਸਾਧਪੁਰ)-ਸੰਨ 2012 ਵਿੱਚ ਪਿੰਡ ਵਡਾਲਾ ਜੌਹਲ ਦੇ ਖੇਤਾਂ ਵਿੱਚ ਵਾਪਰੇ ਹਾਦਸੇ ਕਾਰਨ ਮਾਰੇ ਗਏ ਦਰਸ਼ਨ ਸਿੰਘ ਦੇ ਪਰਿਵਾਰ ਨੂੰ ਗਿਆਰਾਂ ਸਾਲ ਬਾਅਦ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਮਾਰਕੀਟ ਕਮੇਟੀ ਦੇ ਦਫਤਰ ਬੁਲਾ ਕੇ ਦੋ ਲੱਖ ਰੁਪਏ ਦਾ ਚੈੱਕ ਦਿੱਤਾ। ਇਸ ਮੌਕੇ ਉਨ੍ਹਾਂ ਪਰਿਵਾਰ ਵੱਲੋਂ ਆਏ ਮਾਤਾ ਮਨਜੀਤ ਕੌਰ ਨੂੰ ਚੈੱਕ ਸੌਂਪਦੇ ਕਿਹਾ ਕਿ ਮੈਨੂੰ ਦੁੱਖ ਹੈ ਕਿ ਸਮੇਂ ਦੀਆਂ ਸਰਕਾਰਾਂ ਤੁਹਾਡੇ ਨਾਲ ਇਨਸਾਫ ਨਹੀਂ ਕਰ ਸਕੀਆਂ। ਉਨ੍ਹਾਂ ਕਿਹਾ ਕਿ ਪੀੜਤ ਵਿਅਕਤੀ ਦੇ ਪਰਿਵਾਰ ਨੂੰ ਜੋ ਮੁਆਵਜ਼ਾ ਦੋ ਮਹੀਨਿਆਂ ਦੇ ਅੰਦਰ-ਅੰਦਰ ਮਿਲ ਜਾਣਾ ਚਾਹੀਦਾ ਸੀ ਉਹ ਦੋ ਸਰਕਾਰਾਂ ਬੀਤ ਜਾਣ ਬਾਅਦ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅਤੇ ਖੇਤ ਮਜ਼ਦੂਰ ਜੋ ਹੱਡ ਭੰਨਵੀਂ ਮਿਹਨਤ ਕਰਕੇ ਦੇਸ਼ ਵਾਸੀਆਂ ਦਾ ਪੇਟ ਭਰਦੇ ਹਨ, ਦੇ ਪਰਿਵਾਰ ਦੀ ਲੋੜ ਵੇਲੇ ਬਾਂਹ ਫੜਨਾ ਸਾਡਾ ਕੌਮੀ ਫਰਜ਼ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਾਡੀ ਕੋਸ਼ਿਸ਼ ਰਹੇਗੀ ਕਿ ਅਸੀਂ ਕਿਸੇ ਨਾਲ ਵੀ ਅਜਿਹਾ ਅਨਿਆਂ ਨਹੀਂ ਹੋਣ ਦਿਆਂਗੇ।

# ਮਾਤਾ ਸਰੂਪਿੰਦਰ ਪਾਲ ਕੌਰ ਸਹੋਤਾ ਨੂੰ ਨਿੱਘੀ ਸ਼ਰਧਾਂਜਲੀ



ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੀ ਮਾਤਾ ਸਰੂਪਿੰਦਰ ਪਾਲ ਕੌਰ ਸਹੋਤਾ ਜੋ ਬੀਤੇ ਦਿਨੀਂ ਕੈਨੇਡਾ ਵਿੱਚ ਦਿਲ ਦੀ ਹਰਕਤ ਬੰਦ ਹੋਣ 'ਤੇ ਸਦੀਵੀ ਵਿਛੋੜਾ ਦੇ ਗਏ ਸੀ, ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਕਪੂਰ ਫਾਰਮ ਪੁਰਾਣਾ ਹੁਸ਼ਿਆਰਪੁਰ ਰੋਡ ਜਲੰਧਰ ਵਿਖੇ ਪਾਏ ਗਏ। ਭੋਗ ਉਪਰੰਤ ਵਿਸ਼ਾਲ ਸ਼ਰਧਾਂਜਲੀ ਸਮਾਗਮ ਵਿੱਚ ਵੱਖ-ਵੱਖ ਸਿਆਸੀ ਅਤੇ ਗੈਰ-ਸਿਆਸੀ ਪਾਰਟੀਆ ਦੇ ਪਹਿਲੀ ਕਤਾਰ ਦੇ ਆਗੂਆਂ, ਧਾਰਮਿਕ ਤੇ ਪੂਜਣਯੋਗ ਅਹਿਮ ਸ਼ਖਸੀਅਤਾਂ ਨੇ ਵੀ ਮਾਤਾ ਜੀ ਨੂੰ ਬੇਅੰਤ ਸ਼ਰਧਾਂਜਲੀਆਂ ਭੇਟ ਕੀਤੀਆਂ।

ਇਸ ਮੌਕੇ ਹਲਕਾ ਖਡੂਰ ਸਾਹਿਬ ਤੋਂ ਚੇਅਰਮੈਨ ਸੁਬੇਗ ਸਿੰਘ ਧੁੰਨ, ਚੇਅਰਮੈਨ ਬਾਬਾ ਸਾਹਿਬ ਸਿੰਘ ਗੁੱਜਰਪੁਰਾ, ਸਰਪੰਚ ਤੇਜਿੰਦਰ ਸਿੰਘ ਮੋਹਨਪੁਰ, ਸਰਪੰਚ ਗੁਰਪ੍ਰੀਤ ਸਿੰਘ ਕਾਹਲਵਾਂ, ਸਰਪੰਚ ਜਗਤਾਰ ਸਿੰਘ ਉੱਪਲ, ਸਰਪੰਚ ਮਹਿੰਦਰ ਸਿੰਘ ਚੰਬਾ ਕਲਾਂ, ਸਰਪੰਚ ਮਨਦੀਪ ਸਿੰਘ ਘੜਕਾ, ਸਰਪੰਚ ਬਲਬੀਰ ਸਿੰਘ ਸ਼ਾਹ ਕਰਮੂੰਵਾਲਾ, ਸਰਪੰਚ ਗੁਰਤੇਜ ਸਿੰਘ ਸੰਗਤਪੁਰਾ, ਸਰਪੰਚ ਰਸਪਾਲ ਸਿੰਘ ਧੁੰਨ, ਅਰੂੜ ਕੁਮਾਰ ਸਾਬਕਾ ਸਰਪੰਚ, ਸਰਪੰਚ ਸੁਖਵੰਤ ਸਿੰਘ ਰੱਤੋਕੇ, ਸਰਪੰਚ ਲਖਬੀਰ ਸਿੰਘ, ਚੇਅਰਮੈਨ ਕੁਲਵੰਤ ਸਿੰਘ, ਕੁਲਵੰਤ ਸਿੰਘ ਲਹਿਰ, ਰਣਜੀਤ ਸਿੰਘ ਰਾਣਾ ਆੜ੍ਹਤੀਆ, ਰਾਕੇਸ਼ ਕੁਮਾਰ ਬਿੱਲਾ ਆੜ੍ਹਤੀਆ, ਮਨਦੀਪ ਸਿੰਘ ਮਨੀ, ਰਾਏ ਦਵਿੰਦਰ ਸਿੰਘ ਸਾਬਕਾ ਸਰਪੰਚ, ਨਿਸ਼ਾਨ ਸਿੰਘ ਵੜਿੰਗ, ਬਲਬੀਰ ਸਿੰਘ ਸਰਪੰਚ ਭੱਠਲ ਭਾਈ ਕੇ, ਬਾਬਾ ਪਰਗਟ ਸਿੰਘ ਲੂਆਂ ਸਾਹਿਬ ਵਾਲੇ, ਗੁਲਵਿੰਦਰ ਸਿੰਘ ਸੰਧੂ ਰਾਣੀ ਵਲਾਹ, ਸੁਖਦੇਵ ਸਿੰਘ ਖਾਨ ਰਜਾਦਾ, ਅਨਿਲ ਕੁਮਾਰ ਬਬਲੀ ਸ਼ਾਹ, ਹਲਕੇ ਦੇ ਪੰਚਾਂ-ਸਰਪੰਚਾਂ ਤੇ ਪਤਵੰਤਿਆਂ ਨੇ ਮਾਤਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਮਾਤਾ ਜੀ ਇੱਕ ਨੇਕ ਦਿਲ ਇਨਸਾਨ ਸਨ। ਇਸ ਮੌਕੇ ਸਟੇਜ ਸੈਕਟਰੀ ਦੇ ਫਰਜ਼ ਜਸਵਿੰਦਰ ਸਿੰਘ ਸਿਆਸੀ ਸਕੱਤਰ ਨੇ ਬਾਖੂਬੀ ਨਿਭਾਏ। ਸਾਰਾ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਪਿੰਡ ਖੋਖਰ ਫੌਜੀਆਂ 'ਚ ਪਈਆਂ ਸੱਭਿਆਚਾਰਕ ਪ੍ਰੋਗਰਾਮ ਦੀਆਂ ਧਮਾਲਾਂ



ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਵਿਸਾਖੀ ਮੌਕੇ ਪਿੰਡ ਖੋਖਰ ਫੌਜੀਆ ਵਿਖੇ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਵੈੱਲਫੇਅਰ ਕਲੱਬ ਰਜਿ: ਨਹਿਰੂ ਯੁਵਾ ਕੇਂਦਰ ਗੁਰਦਾਸਪੁਰ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਗਿੱਧੇ ਅਤੇ ਭੰਗੜੇ ਦੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਿਸ ਵਿੱਚ ਪਿੰਡ ਦੇ ਨੌਜਵਾਨ ਬੱਚਿਆਂ ਨੇ ਰਵਾਇਤੀ ਪੁਸ਼ਾਕਾਂ ਪਾ ਕੇ ਜਿੱਥੇ ਪੰਜਾਬੀ ਦੇ ਲੋਕ ਨਾਚ ਗਿੱਧਾ ਅਤੇ ਭੰਗੜੇ ਦੀ ਪੇਸ਼ਕਾਰੀ ਕੀਤੀ ਉਥੇ ਪਿੰਡ ਦੇ 90 ਸਾਲਾ ਅੰਤਰਰਾਸ਼ਟਰੀ ਭੰਗੜਾ ਕੋਚ ਮਾਸਟਰ ਹਰਭਜਨ ਸਿੰਘ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਦੇ ਭੰਗੜੇ ਦੀਆਂ ਕਲਾਵਾਂ ਨੇ ਮੇਲੇ ਵਿੱਚ ਰੰਗ ਭਰ ਦਿੱਤਾ। ਇਸ ਮੌਕੇ ਕਲੱਬ ਦੇ ਪ੍ਰਧਾਨ ਸਿਮਰਨਦੀਪ ਸਿੰਘ ਨੇ ਬੱਚਿਆਂ ਨੂੰ ਵਿਸਾਖੀ ਦੇ ਦਿਨ ਦੀ ਮਹਤੱਤਾ ਦੱਸਦੇ ਹੋਏ ਕਿਹਾ ਕਿ ਇਸ ਦਿਨ 1699 ਈ ਨੂੰ ਵਿਸਾਖੀ ਵਾਲੇ ਦਿਨ ਦਸਮ ਪਿਤਾ ਸ੍ਰੀ ਗੋਬਿੰਦ ਸਿੰਘ ਮਹਾਰਾਜ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ ਅਤੇ ਇਸ ਦਿਨ ਫਸਲਾਂ ਦੀ ਵਾਢੀ ਵੀਂ ਸ਼ੁਰੂ ਹੁੰਦੀ ਹੈ ਇਸ ਲਈ ਇਹ ਦਿਨ ਸਿੱਖ ਕੌਮ ਲਈ ਬੜੀ ਮਹੱਤਤਾ ਰੱਖਦਾ ਹੈ। ਉਨ੍ਹਾਂ ਇਸ ਦਿਨ ਨੂੰ ਕਿਸਾਨਾਂ ਦੀ ਮਿਹਨਤ ਨਾਲ ਜੋੜਦੇ ਹੋਏ ਕਿਹਾ ਕਿ ਸਾਨੂੰ ਸਾਰਿਆਂ ਨੂੰ ਵੀ ਸਖਤ ਮਿਹਨਤ ਕਰਨੀ ਚਾਹੀਦੀ ਹੈ ਅਤੇ ਆਪਣੇ ਸਿੱਖੀ ਸਰੂਪ ਨਾਲ ਜੁੜਨਾ ਚਾਹੀਦਾ ਹੈ। ਇਸ ਮੌਕੇ ਮਾਸਟਰ ਹਰਭਜਨ ਸਿੰਘ ਅੰਤਰਰਾਸ਼ਟਰੀ ਭੰਗੜਾ ਕੋਚ, ਤੇਜਪ੍ਰਤਾਪ ਸਿੰਘ ਕਾਹਲੋਂ ਨੈਸ਼ਨਲ ਐਵਾਰਡੀ, ਜਸਬੀਰ ਸਿੰਘ ਪਲੇਸਮੈਂਟ ਅਫਸਰ ਪੋਲੀਟੈਕਨਿਕ ਕਾਲਜ ਬਟਾਲਾ ਪਹੁੰਚੇ ਖਾਸ ਤੌਰ 'ਤੇ ਪਹੁੰਚੇ। ਇਨ੍ਹਾਂ ਤੋਂ ਇਲਾਵਾ ਕਲੱਬ ਪ੍ਰਧਾਨ ਸਿਮਰਨਦੀਪ ਸਿੰਘ, ਗੁਰਪ੍ਰੀਤ ਸਿੰਘ ਹੁੰਦਲ, ਪਲਵਿੰਦਰ ਸਿੰਘ ਪੰਨੂ, ਹਰਸਿਮਰਨ ਸਿੰਘ, ਰਣਬੀਰ ਸਿੰਘ, ਜਤਿੰਦਰ ਸਿੰਘ, ਕਰਮਜੀਤ ਸਿੰਘ, ਨਿਰਮਲਜੀਤ ਜੋਤੀ, ਅਨਿਲ ਕੁਮਾਰ ਅਤੇ ਬਹੁਤ ਸਾਰੇ ਲੋਕ ਹਾਜ਼ਰ ਸਨ।

# ਕੇਂਦਰੀ ਮੰਦਰ ਭਗਵਾਨ ਵਾਲਮੀਕਿ ਵਿਖੇ ਡਾ. ਭੀਮ ਰਾਓ ਅੰਬੇਡਕਰ ਦੀ ਮੂਰਤੀ ਸਥਾਪਿਤ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)—ਕੇਂਦਰੀ ਮੰਦਰ ਭਗਵਾਨ ਵਾਲਮੀਕਿ ਕੋਰਟ ਰੋਡ ਮੁੱਖ ਸੇਵਾਦਾਰ ਬਾਬਾ ਨਿੰਦਰ, ਚੇਅਰਮੈਨ ਸੌਰਭ ਆਦਿਵਾਲ ਦੀ ਅਗਵਾਈ ਹੇਠ ਸਮੂਹ ਵਾਲਮੀਕਿ ਸਮਾਜ ਦੇ ਸਹਿਯੋਗ ਸਦਕਾ ਡਾ. ਭੀਮ ਰਾਓ ਅੰਬੇਡਕਰ ਦੀ ਜਯੰਤੀ ਤੇ ਮੰਦਰ ਵਿਚ ਮੂਰਤੀ ਸਥਾਪਿਤ ਕੀਤੀ ਗਈ। ਇਸ ਮੌਕੇ ਪ੍ਰਧਾਨ ਰਾਹੁਲ ਕੁਮਾਰ, ਵਾਈਸ ਪ੍ਰਧਾਨ ਸੰਦੀਪ ਕੁਮਾਰ, ਖਜ਼ਾਨਚੀ ਅਭਿਜੀਤ ਨੇ ਦੱਸਿਆ ਕਿ ਅੱਜ ਸਮੂਹ ਵਾਲਮੀਕਿ ਸਮਾਜ ਦੇ ਸਹਿਯੋਗ ਨਾਲ ਡਾ. ਭੀਮ ਰਾਓ ਅੰਬੇਡਕਰ ਜੀ ਦੀ ਪ੍ਰਤਿਮਾ ਸਥਾਪਿਤ ਕੀਤੀ ਗਈ ਹੈ ਜਿਸ ਵਿਚ ਦਿਲਬਾਗ ਸਿੰਘ ਪੀ. ਏ. ਲਾਲਜੀਤ ਸਿੰਘ ਭੁੱਲਰ ਟਰਾਂਸਪੋਰਟ ਮੰਤਰੀ ਪੰਜਾਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਦਿਲਬਾਗ ਸਿੰਘ ਪੀ. ਏ ਨੇ ਡਾ. ਭੀਮ ਰਾਓ ਅੰਬੇਡਕਰ ਦੀ ਮੂਰਤੀ ਦਾ ਰਿਬਨ ਕੱਟ ਕੇ ਉਦਘਾਟਨ ਕੀਤਾ। ਇਸ ਮੌਕੇ ਦਿਲਬਾਗ ਸਿੰਘ ਪੀ. ਏ. ਲਾਲਜੀਤ ਸਿੰਘ ਭੁੱਲਰ ਟਰਾਂਸਪੋਰਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਸਮੂਹ ਵਾਲਮੀਕਿ ਸਮਾਜ ਵੱਲੋਂ ਡਾ. ਭੀਮ ਰਾਓ ਅੰਬੇਡਕਰ ਨੇ ਆਪਣਾ ਸਾਰਾ ਜੀਵਨ ਲੋਕਾਂ ਦੀ ਭਲਾਈ ਲਈ ਲਗਾਇਆ ਹੈ। ਭਾਰਤ ਦੇ ਔਰਤਾਂ ਨੂੰ ਸਨਮਾਨ, ਨੌਜਵਾਨਾਂ ਨੂੰ ਰੋਜ਼ਗਾਰ, ਦਲਿਤਾਂ ਲਈ ਆਵਾਜ਼ ਬੁਲੰਦ ਵੀ ਡਾ. ਭੀਮ ਰਾਓ ਅੰਬੇਡਕਰ ਨੇ ਉਠਾਈ ਹੈ। ਇਸ ਮੌਕੇ ਦਿਲਬਾਗ ਸਿੰਘ ਨੇ ਕਿਹਾ ਕਿ ਸਾਨੂੰ ਉਨ੍ਹਾਂ ਵੱਲੋਂ ਪੜ੍ਹਾਈ ਕਰਨ, ਗਿਆਨ ਪ੍ਰਾਪਤ ਕਰਨ, ਸੰਗਠਿਤ ਹੋਣ ਅਤੇ ਸੰਘਰਸ਼ ਕਰਨ ਲਈ ਪ੍ਰੇਰਣਾ ਦਿੱਤੀ ਗਈ ਹੈ। ਜਯੰਤੀ ਮੌਕੇ ਮੰਦਰ ਵਿਖੇ ਰਾਹੁਲ ਕੁਮਾਰ ਪ੍ਰਧਾਨ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਮੰਦਰ ਵਿਖੇ ਵਿਸ਼ੇਸ਼ ਤੌਰ ਤੇ ਪਹੁੰਚੇ ਭੈਣ ਹਰਪਿੰਦਰ ਕੌਰ ਉਸਮਾ ਕੌਮੀ ਪ੍ਰਧਾਨ ਗੁਰੂ ਗਿਆਨ ਨਾਥ ਵਾਲਮੀਕਿ ਧਰਮ ਸਮਾਜ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਮੰਦਰ ਵਿਖੇ ਪਹੁੰਚੇ ਸਾਰੇ ਪਤਵੰਤਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਕੁਲਵੰਤ ਸਿੰਘ ਕਲਸੀ ਸੀਨੀਅਰ ਮੀਤ ਪ੍ਰਧਾਨ ਨਗਰ ਕੌਂਸਲ, ਅਵਤਾਰ ਸਿੰਘ ਢਿੱਲੋਂ ਮੀਡੀਆ ਇੰਚਾਰਜ, ਰਾਕੇਸ਼ ਕੁਮਾਰ ਕਮਲ ਕੌਂਸਲਰ, ਡੀ. ਐੱਸ. ਪੀ ਸਤਨਾਮ ਸਿੰਘ, ਐੱਸ. ਐੱਚ. ਓ. ਥਾਣਾ ਸਿਟੀ ਪੱਟੀ ਪਰਮਜੀਤ ਸਿੰਘ, ਐੱਸ. ਐੱਚ. ਓ. ਸਦਰ ਥਾਣਾ ਪੱਟੀ, ਮੁਖਤਿਆਰ ਸਿੰਘ ਪ੍ਰਧਾਨ, ਧਰਮਬੀਰ ਸਿੰਘ ਧੰਨੋਆ, ਗੁਰਸੇਵਕ ਸਿੰਘ, ਇੰਦਰਜੀਤ ਸਿੰਘ ਗੋਪੀ, ਅਸ਼ਵਨੀ ਕੁਮਾਰ ਕੌਂਸਲਰ, ਬਲਕਾਰ ਸਿੰਘ ਸੋਹਲ, ਦਵਿੰਦਰਜੀਤ ਸਿੰਘ ਮੰਡ ਕੌਂਸਲਰ, ਸੂਰਜ ਕੁਮਾਰ, ਗੁਰਭੇਜ ਸਿੰਘ, ਰਾਜੇਸ਼ ਆਦਿਵਾਲ ਰੇਡੀਓਗ੍ਰਾਫਰ, ਕਰਨ ਬੇਦੀ, ਅਜੈ ਕੁਮਾਰ ਪ੍ਰਧਾਨ, ਰੋਹਿਤ ਕੁਮਾਰ ਲੱਕੀ, ਰਾਜ ਕੁਮਾਰ ਰਾਜੂ ਪ੍ਰਧਾਨ, ਬਿੱਲਾ ਜ਼ੋਸਨ, ਸੁਰਿੰਦਰ ਕੁਮਾਰ ਜੂਲੀ ਪ੍ਰਧਾਨ, ਰਾਜ ਕੁਮਾਰ ਰਾਜਾ, ਸੋਹਨ ਲਾਲ ਕਾਕਾ, ਰਾਮ ਲਾਲ ਜੱਜ, ਲੇਖ ਰਾਜ ਆਦਿ ਹਾਜ਼ਰ ਸਨ।

# ਜੀ ਐੱਨ ਡੀ ਯੂ ਕਾਲਜ ਪੱਟੀ ਦਾ ਬੀਐੱਸਸੀ ਇਕਨਾਮਿਕਸ ਦਾ ਨਤੀਜਾ ਸ਼ਾਨਦਾਰ

ਬਲਦੇਵ ਸਿੰਘ ਸੰਧੂ/ਸ਼ਮਸੇਰ ਸਿੰਘ ਯੋਧਾ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਬੀਐੱਸਸੀ. ਇਕਨਾਮਿਕਸ ਸਮੈਸਟਰ ਤੀਜੇ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ। ਇਨ੍ਹਾਂ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਦੇ ਵਿਦਿਆਰਥੀਆਂ ਨੇ ਹਮੇਸ਼ਾ ਦੀ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਰਜਿੰਦਰ ਕੁਮਾਰ ਮਰਵਾਹ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਨੀਆ ਕੌਰ 74 ਪ੍ਰਤੀਸ਼ਤ ਅੰਕ ਹਾਸਲ ਕਰਕੇ ਕਾਲਜ ਵਿਚੋਂ ਪਹਿਲੇ ਸਥਾਨ 'ਤੇ ਰਹੀ। ਮਨਪ੍ਰੀਤ ਕੌਰ ਨੇ 70% ਪ੍ਰਤੀਸ਼ਤ ਅੰਕ ਹਾਸਿਲ ਕਰਕੇ ਦੂਜਾ ਅਤੇ ਪ੍ਰੀਤੀ ਅਤੇ ਮੁਸਕਾਨ ਨੇ 67 ਪ੍ਰਤੀਸ਼ਤ ਅੰਕ ਹਾਸਿਲ ਕਰਕੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਡਾ. ਮਰਵਾਹ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਅਤੇ ਜ਼ਿੰਦਗੀ ਵਿੱਚ ਸਫਲਤਾ ਹਾਸਲ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਕਾਲਜ ਦੇ ਨਤੀਜੇ ਹਮੇਸ਼ਾ ਵਧੀਆ ਆਉਂਦੇ ਹਨ। ਇਸ ਨਾਲ ਵਿਦਿਆਰਥੀਆਂ ਨੂੰ ਹੋਰ ਵੀ ਉਤਸ਼ਾਹ ਮਿਲਦਾ ਹੈ। ਇਸ ਮੌਕੇ ਅਸਿ. ਪ੍ਰੋ. ਤਨਬੀਰ ਕੌਰ, ਅਸਿ. ਪ੍ਰੋ. ਅਵਤਾਰ ਸਿੰਘ, ਅਸਿ. ਪ੍ਰੋ. ਰਵਿੰਦਰ ਸਿੰਘ, ਅਸਿ. ਪ੍ਰੋ. ਪ੍ਰਿਤਪਾਲ ਸਿੰਘ, ਅਸਿ. ਪ੍ਰੋ. ਹੇਮਰਾਜ, ਅਸਿ. ਪ੍ਰੋ. ਨੀਰਜ ਬਾਲਾ, ਜਸਦੇਵ ਸਿੰਘ ਅਤੇ ਹੋਰ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿਖੇ ਖਾਲਸਾ ਸਾਜਨਾ ਦਿਵਸ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਗੁ: ਸ੍ਰੀ ਦਰਬਾਰ ਸਾਹਿਬ ਸ੍ਰੀ ਤਰਨ ਤਾਰਨ ਵਿਖੇ ਸੰਗਰਾਂਦ ਅਤੇ ਖਾਲਸਾ ਸਾਜਨਾ ਦਿਵਸ ਵਿਸਾਖੀ ਦਾ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮੈਨੇਜਰ ਧਰਵਿੰਦਰ ਸਿੰਘ ਮਾਣੋਚਾਹਲ ਦੇ ਯੋਗ ਪ੍ਰਬੰਧਾਂ ਹੇਠ ਮਨਾਇਆ ਗਿਆ। ਇਸ ਸਮੇਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤੇ ਅਤੇ ਸ੍ਰੀ ਦਰਬਾਰ ਸਾਹਿਬ ਅੰਦਰ ਨਤਮਸਤਕ ਹੋ ਕੇ ਮਨ ਬਿਰਤੀ ਇਕਾਗਰ ਕਰਕੇ ਗੁਰਬਾਣੀ ਕੀਰਤਨ ਸਰਵਣ ਕੀਤਾ, ਹਜ਼ੂਰੀ ਰਾਗੀ ਜਥਿਆਂ ਵੱਲੋਂ ਸਾਰਾ ਦਿਨ ਗੁਰਬਾਣੀ ਦੇ ਰਸਭਿੰਨੇ ਸ਼ਬਦ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਨਗਰ ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਰਣਬੀਰ ਸਿੰਘ ਦੇ ਰਾਗੀ ਜਥੇ ਵੱਲੋ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ ਅਤੇ ਭਾਈ ਗੁਰਜੰਟ ਸਿੰਘ ਹੈੱਡ ਗ੍ਰੰਥੀ ਵੱਲੋ ਖਾਲਸਾ ਸਾਜਨਾ ਦਿਵਸ ਦੀ ਮਹੱਤਤਾ ਸਬੰਧੀ ਸੰਗਤਾ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਉਪਰੰਤ ਸਾਰਾ ਦਿਨ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਅਨੇਕਾ ਰਾਗੀ, ਢਾਡੀ ਅਤੇ ਕਵੀਸ਼ਰੀ ਜੱਥਿਆਂ ਵੱਲੋਂ ਸੰਗਤਾਂ ਨੂੰ ਸਾਰਾ ਦਿਨ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ।

ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਸਮੇਂ ਧਰਵਿੰਦਰ ਸਿੰਘ ਮਾਣੋਚਹਾਲ ਮੈਨੇਜਰ, ਦਿਲਬਾਗ ਸਿੰਘ ਸਹਾਬਪੁਰ ਭਾਈ ਗੁਰਪ੍ਰੀਤ ਸਿੰਘ ਝਬਾਲ, ਭਾਈ ਸੁਰਿੰਦਰ ਸਿੰਘ ਖਜਾਨਚੀ, ਬਲਜਿੰਦਰ ਸਿੰਘ ਅਕਾਊਂਟੈਂਟ, ਮਨਮੋਹਨਜੀਤ ਸਿੰਘ, ਕੁਲਜੀਤ ਸਿੰਘ, ਰਸਾਲ ਸਿੰਘ, ਹਰਪਾਲ ਸਿੰਘ, ਮੰਗਲ ਸਿੰਘ ਆਦਿ ਸਮੇਤ ਸਮੁੱਚਾ ਸਟਾਫ, ਸੰਗਤਾਂ ਅਤੇ ਕਲਗੀਧਰ ਸੇਵਕ ਜਥੇ ਦੇ ਸੇਵਾਦਾਰ ਹਾਜ਼ਰ ਸਨ।

# ਸਰਬੱਤ ਦਾ ਭਲਾ ਟਰੱਸਟ ਨੇ ਇੱਕ ਹੋਰ ਲੈਬ ਤੇ ਡਾਇਗਨੌਸਟਿਕ ਸੈਂਟਰ ਖੋਲ੍ਹਿਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ. ਪੀ. ਸਿੰਘ ਓਬਰਾਏ ਦੀ ਸਰਪ੍ਰਸਤੀ ਹੇਠ ਟਰੱਸਟ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਦੇ 400 ਸਾਲਾ ਆਗਮਨ ਪੁਰਬ ਨੂੰ ਸਮਰਪਿਤ ਖੋਲ੍ਹੇ ਜਾ ਰਹੇ 'ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰਾਂ' ਦੀ ਲੜੀ ਤਹਿਤ ਗੁਰੂ ਨਗਰੀ ਦੇ ਭਗਤਾਂ ਵਾਲਾ ਖੇਤਰ 'ਚ ਸ਼ਹੀਦ ਊਧਮ ਸਿੰਘ ਫਾਊਂਡੇਸ਼ਨ ਦੇ ਸਹਿਯੋਗ ਸਦਕਾ ਟਰੱਸਟ ਦੀ ਅੰਮ੍ਰਿਤਸਰ 'ਚ ਦੂਸਰੀ ਲੈਬੋਰਟਰੀ ਦਾ ਉਦਘਾਟਨ ਟਰੱਸਟ ਮੁੱਖੀ ਡਾ. ਓਬਰਾਏ ਅਤੇ ਵਿਧਾਇਕ ਡਾ. ਅਜੈ ਗੁਪਤਾ ਵੱਲੋਂ ਕੀਤਾ ਗਿਆ ਜਦ ਕਿ ਸਮਾਗਮ 'ਚ ਕੈਬਨਿਟ ਮੰਤਰੀ ਡਾ. ਨਿੱਝਰ ਦੇ ਓ. ਐੱਸ. ਡੀ. ਮਨਪ੍ਰੀਤ ਸਿੰਘ ਅਤੇ ਟਰੱਸਟੀ ਡਾ. ਸਤਨਾਮ ਸਿੰਘ ਨਿੱਜਰ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ।

ਟਰੱਸਟ ਮੁੱਖੀ ਡਾ. ਓਬਰਾਏ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਫਾਊਂਡੇਸ਼ਨ ਵੱਲੋਂ ਤਿਆਰ ਕੀਤੇ ਗਏ ਇਸ ਹਸਪਤਾਲ਼ ਅੰਦਰ ਫਾਊਂਡੇਸ਼ਨ ਦੇ ਸਹਿਯੋਗ ਨਾਲ ਲੈਬੋਰਟਰੀ ਤੋਂ ਇਲਾਵਾ ਬਹੁਤ ਹੀ ਜਲਦ ਆਧੁਨਿਕ ਡੈਂਟਲ ਕਲੀਨਿਕ ਅਤੇ ਫਿਜ਼ੀਓਥੈਰੇਪੀ ਸੈਂਟਰ ਵੀ ਸ਼ੁਰੂ ਹੋ ਜਾਵੇਗਾ। ਡਾ.ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਹੁਣ ਤੱਕ ਪੰਜਾਬ ਤੇ ਹਰਿਆਣਾ ਸਮੇਤ ਹੋਰਨਾਂ ਸੂਬਿਆਂ 'ਚ ਖੋਲ੍ਹੀਆਂ ਜਾ ਚੁੱਕੀਆਂ 80 ਦੇ ਕਰੀਬ ਲੈਬਾਰਟਰੀਆਂ ਅੰਦਰ ਹਰ ਮਹੀਨੇ ਲਗਭਗ 70 ਹਜ਼ਾਰ ਲੋਕ ਕੇਵਲ ਲਾਗਤ ਦਰਾਂ 'ਤੇ ਆਪਣੇ ਟੈਸਟ ਕਰਵਾ ਰਹੇ ਹਨ। ਇਸ ਸਮਾਗਮ ਦੌਰਾਨ ਟਰੱਸਟ ਦੇ ਮੈਡੀਕਲ ਡਾਇਰੈਕਟਰ ਡਾ. ਡੀ. ਐਸ. ਗਿੱਲ, ਰਵਿੰਦਰ ਰੌਬਿਨ, ਮਾਝਾ ਜ਼ੋਨ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਸੁਖਦੀਪ ਸਿੱਧੂ, ਮਨਪ੍ਰੀਤ ਸੰਧੂ, ਨਵਜੀਤ ਘਈ, ਸ਼ੀਸ਼ਪਾਲ ਲਾਡੀ, ਜਗਦੇਵ ਸਿੰਘ ਛੀਨਾ, ਹਰਦੀਪ ਸਿੰਘ ਖਲਚੀਆਂ, ਕੈਪਟਨ ਵਿਜੈ ਸ਼ਰਮਾ, ਮਨਿੰਦਰਪਾਲ ਸਿੰਘ ਪਲਾਸੌਰ, ਡਾ. ਸੰਜੀਵ ਅਰੋੜਾ, ਕੰਵਰ ਜਗਦੀਪ ਸਿੰਘ, ਹਰਸ਼ਰਨ ਸਿੰਘ, ਤਰਸੇਮ ਪਾਲ, ਸੁਖਦੇਵ ਸਿੰਘ, ਪਰਮਜੀਤ ਸਿੰਘ, ਸਵਰਨ ਸਿੰਘ, ਹਰਭਜਨ ਸਿੰਘ, ਸੁਰਿੰਦਰ ਸਿੰਘ, ਦੀਵਾਨ ਸਿੰਘ, ਸੰਤੋਖ ਸਿੰਘ, ਸੁਰਿੰਦਰ ਪਾਲ ਸਿੰਘ, ਕਾਮਰੇਡ ਲਖਬੀਰ ਸਿੰਘ ਆਦਿ ਵੀ ਉਚੇਚੇ ਤੌਰ 'ਤੇ ਮੌਜੂਦ ਸਨ।

# ਕਣਕ ਨੂੰ ਅੱਗ ਤੋਂ ਬਚਾਉਣ ਲਈ ਕਿਸਾਨ ਭਰਾ ਸਹਿਯੋਗ ਕਰਨ : ਐੱਸ ਡੀ ਓ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪਾਵਰਕਾਮ ਸਬ ਡਵੀਜ਼ਨ ਡੇਰਾ ਬਾਬਾ ਨਾਨਕ ਦੇ ਐੱਸਡੀਓ ਇੰਜ: ਤਰਲੋਕ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 66 ਕੇਵੀ ਡੇਰਾ ਬਾਬਾ ਨਾਨਕ, 66 ਕੇਵੀ ਸਾਹਪੁਰ ਜਾਜਨ, 66 ਕੇਵੀ ਸ਼ਹਿਜ਼ਾਦਾ ਖੁਰਦ, 66 ਕੇਵੀ ਅਗਵਾਨ ਅਧੀਨ ਆਉਂਦੇ ਸਮੁਚੇ ਪਿੰਡਾਂ ਦੇ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੇ ਖੇਤਾਂ ਵਿੱਚ ਬਿਜਲੀ ਵਿਭਾਗ ਵਲੋਂ ਲਗਾਏ ਟਰਾਂਸਫਾਰਮਰਾਂ ਦੇ ਹੇਠੋਂ ਇੱਕ ਇੱਕ ਮਰਲੇ ਵਿੱਚੋਂ ਕਣਕ ਵੱਢ ਕੇ ਉਸ ਥਾਂ ਦੀ ਗੋਡੀ ਕਰਕੇ ਰੱਖਣ। ਉਨ੍ਹਾਂ ਅੱਗੇ ਕਿਹਾ ਕਿ ਜਿਵੇਂ ਕਣਕ ਦੀ ਵਾਢੀ ਵਿਸਾਖੀ ਤੋਂ ਸ਼ੁਰੂ ਹੋ ਗਈ ਹੈ, ਜਿਨ੍ਹਾਂ ਕਿਸਾਨਾਂ ਦੀਆਂ ਪੈਲੀਆਂ ਵਿੱਚ ਟਰਾਂਸਫਾਰਮਰ ਲੱਗੇ ਹਨ, ਉਨ੍ਹਾਂ ਖੇਤਾਂ 'ਚ ਟਰਾਂਸਫਾਰਮਰ ਦੇ ਆਲੇ ਦੁਆਲੇ ਆਪਣੀ ਕਣਕ ਦੀ ਵਾਢੀ ਸਮੇਂ ਸਿਰ ਕਰ ਲੈਣ, ਕਿਉਂਕਿ ਕਿਸੇ ਵੇਲੇ ਵੀ ਬਿਜਲੀ ਦੇ ਸਪਾਰਕ ਹੋਣ ਨਾਲ ਕੋਈ ਵੀ ਹਾਦਸਾ ਵਾਪਰ ਸਕਦਾ ਹੈ। ਇਸ ਲਈ ਉਨ੍ਹਾਂ ਵਲੋਂ ਕਿਸਾਨਾਂ ਨੂੰ ਹਦਾਇਤ ਦਿੱਤੀ ਜਾਂਦੀ ਹੈ ਕਿ ਉਹ ਜਲਦ ਤੋਂ ਜਲਦ ਆਪਣੀ ਫਸਲ ਨੂੰ ਟਰਾਂਸਫਾਰਮਰ ਦੇ ਨੇੜੇ ਤੋਂ ਵੱਢ ਲੈਣ। ਉਨ੍ਹਾਂ ਨੇ ਕਿਸਾਨ ਭਰਾਵਾਂ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਟਿਊਬਵੈਲਾਂ ਦੇ ਚੁਬੱਚਿਆਂ 'ਚ ਪਾਣੀ ਵੀ ਭਰ ਕੇ ਰੱਖਿਆ ਜਾਵੇ ਤੇ ਖੇਤਾਂ 'ਚੋਂ ਲੰਘਦੀਆਂ ਢਿੱਲੀਆਂ ਤਾਰਾਂ ਦੀ ਸੂਚਨਾ ਨਜ਼ਦੀਕੀ ਬਿਜਲੀ ਘਰ 'ਚ ਦਿੱਤੀ ਜਾਵੇ ਤਾਂ ਜੋ ਸਮੇਂ ਤੋਂ ਪਹਿਲਾਂ ਇਨ੍ਹਾਂ ਹਾਦਸਿਆਂ ਨੂੰ ਰੋਕਿਆ ਜਾ ਸਕੇ। ਇਸ ਮੌਕੇ ਜੇਈ ਬਲਵਿੰਦਰ ਸਿੰਘ, ਸੀਸੀ ਜਰਨੈਲ ਸਿੰਘ ਠੇਠਰਕੇ, ਜੇਈ ਬਲਦੇਵ ਰਾਜ, ਜੇਈ ਰਜਿੰਦਰ ਸਿੰਘ, ਜੇਈ ਚੰਦਰਮੋਹਨ ਮਹਾਜਨ, ਜੇਈ ਰਜਵੰਤ ਸਿੰਘ, ਲਾਇਨਮੈਨ ਗੁਰਬਿੰਦਰਜੀਤ ਸਿੰਘ, ਆਰਏ ਲਖਵਿੰਦਰ ਸਿੰਘ, ਜੇਈ ਹਰਜੀਤ ਸਿੰਘ, ਜੇਈ ਹੀਰਾ ਲਾਲੂ ਤੋਂ ਇਲਾਵਾ ਵਿਭਾਗ ਦੇ ਹੋਰ ਸਾਥੀ ਕਰਮਚਾਰੀ ਵੀ ਹਾਜ਼ਰ ਸਨ।




# ਨਰੇਗਾ ਮਜ਼ਦੂਰ ਯੂਨੀਅਨ ਨੇ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਕੀਤਾ ਨਮਨ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਜੀ ਦਾ 132ਵਾਂ ਜਨਮ ਦਿਵਸ ਅੱਜ ਨਰੇਗਾ ਮਜ਼ਦੂਰ ਯੂਨੀਅਨ ਬਲਾਕ ਮਜੀਠਾ ਦੇ ਮਜ਼ਦੂਰਾਂ ਨੇ ਸਾਥੀ ਸੇਵਾ ਸਿੰਘ ਤੇ ਸਰਬਜੀਤ ਸਿੰਘ ਸ਼ੁਭ ਮੱਝਵਿੰਡ ਦੀ ਅਗਵਾਈ ਹੇਠ ਪਿੰਡ ਮੁੱਘੋਸੋਹੀ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਸੰਬੋਧਨ ਕਰਦੇ ਹੋਏ ਸਾਥੀ ਲਖਵਿੰਦਰ ਸਿੰਘ ਗੋਪਾਲਪੁਰਾ ਨੇ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਕਿਹਾ ਕਿ ਕਿਹਾ ਇੱਕ ਸਾਧਾਰਣ ਪਰਿਵਾਰ ਪੈਦਾ ਹੋਏ ਬਾਬਾ ਸਾਹਿਬ ਨੇ ਬੇਹੱਦ ਔਕੜਾਂ ਦਾ ਸਾਹਮਣਾ ਕੀਤਾ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਦੱਬੇ ਕੁੱਚਲੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਅਤੇ ਸਮਾਜਿਕ ਬਰਾਬਰਤਾ ਲਈ ਲਗਾ ਦਿੱਤਾ। ਉਨ੍ਹਾਂ ਕਿਹਾ ਕਿ ਡਾ. ਸਾਹਿਬ ਦੀਆਂ ਸਿੱਖਿਆਵਾਂ ਹਮੇਸ਼ਾ ਸਾਡਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਸਾਨੂੰ ਬਾਬਾ ਸਾਹਿਬ ਵੱਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਸਮਾਜ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਨਰੇਗਾ ਮਜ਼ਦੂਰ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੇ ਮੁੱਖ ਸਲਾਹਕਾਰ ਸਾਥੀ ਬਲਕਾਰ ਦੁਧਾਲਾ ਨੇ ਕਿਹਾ ਕਿ ਡਾਕਟਰ ਸਾਹਿਬ ਭੀਮ ਰਾਓ ਅੰਬੇਡਕਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਜਾਤ ਪਾਤ ਦਾ ਨਾਸ਼ ਕਰਨ ਅਤੇ ਸਮਾਜਿਕ ਬਰਾਬਤਾ ਲਿਆਉਣ ਲਈ ਪੁਰਜ਼ੋਰ ਯਤਨ ਕੀਤੇ ਪਰ ਕੁੱਝ ਕੁ ਸਵਾਰਥੀ ਲੋਕਾਂ ਨੇ ਗਰੀਬ ਤੇ ਕਿਰਤੀ ਲੋਕਾਂ ਨੂੰ ਫਿਰ ਪੁਜਾਰੀਵਾਦ ਅਤੇ ਜਾਤ ਪ੍ਰਥਾ ਵਿੱਚ ਆਪਣੀ ਸੌੜੀ ਰਾਜਨੀਤੀ ਵਾਸਤੇ ਉਲਝਾ ਕੇ ਰੱਖ ਦਿੱਤਾ ਹੈ। ਇਸ ਵਕਤ ਕਿਰਤੀ ਕਿਸਾਨ ਮਜ਼ਦੂਰ ਤੇ ਨੌਜਵਾਨ ਵਰਗ ਨੂੰ ਏਕਤਾ ਕਰਕੇ ਆਪਣਾ ਰਾਜ ਸਥਾਪਤ ਕਰਨ ਦੀ ਲੋੜ ਹੈ। ਇਸ ਮੌਕੇ ਕੁਲਵਿੰਦਰ ਕੌਰ, ਸਰਬਜੀਤ ਕੌਰ,ਪਰਮਜੀਤ ਕੌਰ ਪੰਮੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਮੈਜੀਸ਼ੀਅਨ ਸੇਵਾ ਸਿੰਘ ਨੇ ਡਾ: ਅੰਬੇਡਕਰ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਯਾਦੂ ਦੇ ਟਰਿੱਕਾਂ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਕਰਦੇ ਵਹਿਮਾਂ ਭਰਮਾਂ ਤੋਂ ਦੂਰ ਰਹਿਣ ਅਤੇ ਬਾਬਾ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ 'ਤੇ ਜ਼ੋਰ ਦਿੱਤਾ। ਸਾਥੀ ਸਰਬਜੀਤ ਸਿੰਘ ਸ਼ੁਭ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਵਾ ਦਲਬੀਰ ਕੌਰ, ਪੰਮੀ, ਸ਼ਾਂਤੀ ਦੇਵੀ, ਕੰਸੋ, ਲਖਵਿੰਦਰ ਕੌਰ ਤੇ ਰਾਜ ਕੌਰ ਗੋਪਾਲਪੁਰਾ ਅਤੇ ਹੋਰ ਸਾਥੀ ਔਰਤਾਂ ਵੀ ਹਾਜ਼ਰ ਸਨ।

# ਭੇਦ ਭਰੇ ਹਾਲਾਤ 'ਚ ਗਰੀਬ ਕਿਸਾਨ ਦੀ ਅੱਧਾ ਕਿੱਲਾ ਕਣਕ ਅੱਗ ਦੀ ਭੇਟ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਜਾਣਕਾਰੀ ਦਿੰਦੇ ਹੋਏ ਪਿੰਡ ਪੰਜਵੜ ਕਲਾਂ ਦੇ ਗੁ: ਡੇਰਾ ਸੰਤਸਰ ਦੇ ਮੌਜੂਦਾ ਮੁਖੀ ਜਥੇਦਾਰ ਸੰਤ ਬਾਬਾ ਸੁਲੱਖਣ ਸਿੰਘ ਦੇ ਸਪੁੱਤਰ ਸਾਬਕਾ ਸਰਪੰਚ ਬਾਬਾ ਗੁਲਾਬਬੀਰ ਸਿੰਘ ਨੇ ਦੱਸਿਆ ਕਿ ਪਿੰਡ ਪੰਜਵੜ ਖੁਰਦ ਵਿਖੇ ਇਕ ਗਰੀਬ ਕਿਸਾਨ ਦੀ ਪੱਕੀ ਕਣਕ ਨੂੰ ਕਿਸੇ ਸ਼ਰਾਰਤੀ ਅਨਸਰ ਵੱਲੋਂ ਅੱਗ ਲਗਾ ਦਿੱਤੀ ਜਿਸ ਨਾਲ ਕਿਸਾਨ ਦੀ ਅੱਧਾ ਕਿੱਲਾ ਕਣਕ ਸੜ ਕੇ ਸੁਆਹ ਹੋ ਗਈ। ਇਹ ਘਟਨਾ ਬਹੁਤ ਮੰਦਭਾਗੀ ਕਿਸੇ ਦੀ ਪੱਕੀ ਫਸਲ ਨੂੰ ਅੱਗ ਲਾ ਦੇਣੀ ਮੈਂ ਇਸ ਗੱਲ ਦੀ ਬਹੁਤ ਨਿੰਦਾ ਕਰਦਾ ਹਾਂ। ਸਾਬਕਾ ਸਰਪੰਚ ਗੁਲਾਬਬੀਰ ਸਿੰਘ ਨੇ ਦੱਸਿਆ ਕੇ ਜਿਹੜੇ ਕਿਸਾਨ ਦੀ ਕਣਕ ਨੂੰ ਅੱਗ ਲਾਈ ਗਈ ਹੈ ਉਸ ਨਾਲ ਸਾਡੀ ਜ਼ਮੀਨ ਵੀ ਲੱਗਦੀ ਹੈ। ਪਿਛਲੇ ਤਿੰਨ ਚਾਰ ਸਾਲਾਂ ਤੋਂ ਲਗਾਤਾਰ ਸਾਡੀ ਕਣਕ ਨੂੰ ਵੀ ਅੱਗ ਲਾ ਕੇ ਬਹੁਤ ਨੁਕਸਾਨ ਕਰ ਦਿੱਤਾ ਸੀ। ਬੰਦਿਆਂ ਦੀ ਸ਼ਨਾਖਤ ਕਰਕੇ ਉਨ੍ਹਾਂ ਉੱਪਰ ਪਰਚਾ ਵੀ ਦਰਜ ਕਰਾਇਆ ਸੀ ਪਰ ਉਸ ਤੋਂ ਬਾਅਦ ਵੀ ਇਸੇ ਮਹੀਨੇ ਵਿੱਚ ਨਾੜ ਨੂੰ ਅੱਗ ਲਗਾ ਕੇ ਸਾਡਾ 40 ਕਿੱਲੇ ਨਾੜ ਸਾੜ ਕੇ ਸੁਆਹ ਕਰ ਦਿੱਤਾ ਤੇ ਬਹੁਤ ਭਾਰੀ ਨੁਕਸਾਨ ਹੋਇਆ। ਇਸ ਵਾਰ ਵੀ ਉਸੇ ਤਰ੍ਹਾਂ ਕਿਸੇ ਸ਼ਰਾਰਤੀ ਅਨਸਰ ਨੇ ਸਾਡੇ ਨਾਲ ਲੱਗਦੀ ਪੱਕੀ ਕਣਕ ਨੂੰ ਅੱਗ ਲਾ ਦਿੱਤੀ ਤੇ ਅੱਧਾ ਕਿੱਲਾ ਕਣਕ ਸੜ ਗਈ ਹੈ ਤੇ ਪਿੰਡ ਵਾਲਿਆਂ ਨੇ ਬੜੇ ਜ਼ੋਰ ਨਾਲ ਅੱਗ 'ਤੇ ਕਾਬੂ ਪਾਇਆ ਨਹੀਂ ਤਾਂ ਬਹੁਤ ਨੁਕਸਾਨ ਹੋ ਸਕਦਾ ਸੀ। ਇਤਲਾਹ ਥਾਣਾ ਝਬਾਲ ਵਿਖੇ ਦੇ ਦਿੱਤੀ ਹੈ। ਸਾਬਕਾ ਸਰਪੰਚ ਨੇ ਆਖਿਆ ਕਿ ਜਿਹੜਾ ਵੀ ਇਹੋ ਜਿਹੀ ਮਾੜੀ ਹਰਕਤ ਕਰਦਾ ਫੜਿਆ ਗਿਆ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

# ਖਾਲੜਾ ਸਰਹੱਦ ਨੇੜੇ ਲੱਗੀ ਅੱਗ ਨਾਲ 9 ਏਕੜ ਕਣਕ ਦੀ ਫਸਲ ਸੜ ਕੇ ਹੋਈ ਸੁਆਹ

## *ਪੀੜਤ ਕਿਸਾਨਾਂ ਨੇ ਸਰਕਾਰ ਪਾਸੋਂ ਮੁਆਵਜ਼ੇ ਦੀ ਕੀਤੀ ਮੰਗ*



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ ) ਸਰਹੱਦੀ ਕਸਬਾ ਖਾਲੜਾ ਨੇੜੇ ਖੇਤਾਂ ਵਿੱਚ ਲੱਗੀ ਅੱਗ ਕਾਰਨ ਕਿਸਾਨਾਂ ਦੀ 9 ਏਕੜ ਦੇ ਲਗਭਗ ਕਣਕ ਦੀ ਫਸਲ ਸੜ ਕੇ ਸਵਾਹ ਹੋ ਜਾਣ ਦੀ ਖਬਰ ਸਾਹਮਣੇ ਆਈ ਹੈ ।ਪ੍ਰਾਪਤ ਜਾਣਕਾਰੀ ਅਨੁਸਾਰ ਭਾਰਤ ਪਾਕਿਸਤਾਨ ਬਾਰਡਰ ਨੇੜੇ ਦੁਪਹਿਰ ਤੋਂ ਬਾਅਦ ਅੱਗ ਲੱਗਣ ਦੀ ਇਹ ਘਟਨਾ ਵਾਪਰੀ ਹੈ ।ਪੀੜਤ ਕਿਸਾਨ ਜੈਮਲ ਸਿੰਘ ਅਤੇ ਗੁਰਜੰਟ ਸਿੰਘ ਨੇ ਦੱਸਿਆ ਕਿ ਬਿਜਲੀ ਦੀਆਂ ਤਾਰਾਂ ਵਿੱਚੋਂ ਹੋਏ ਸ਼ਾਟ ਸਰਕਟ ਨਾਲ ਕਣਕ ਦੀ ਫਸਲ ਨੂੰ ਇੱਕ ਦਮ ਅੱਗ ਲੱਗ ਗਈ ਅਤੇ ਵੇਖਦਿਆਂ ਹੀ ਵੇਖਦਿਆਂ ਅਸਮਾਨ ਛੂਹਦੀਆਂ ਅੱਗ ਦੀਆ ਲਪਟਾ ਨੇ ਕਿਸਾਨਾਂ ਦੀ 9 ਏਕੜ ਕਣਕ ਦੀ ਫਸਲ ਸਾੜ ਕੇ ਸੁਆਹ ਕਰ ਦਿੱਤੀ ਹੈ। ਕਿਸਾਨਾਂ ਦੀ ਫਸਲ ਨੂੰ ਅੱਗ ਲੱਗੀ ਵੇਖ ਕੇ ਸਰਹੱਦ ਤੇ ਤੈਨਾਤ ਬੀਐਸਐਫ ਦੇ ਜਵਾਨ ਕਿਸਾਨਾਂ ਦੀ ਮਦਦ ਲਈ ਅੱਗ ਬਝਾਉਣ ਆ ਗਏ ।ਜਿੰਨਾ ਵਿੱਚ ਪਾਣੀ ਸਪਲਾਈ ਕਰਨ ਵਾਲੇ ਟੈਂਕਰ ਦੇ ਡਰਾਇਵਰ ਵੱਲੋਂ ਬੜੀ ਬਹਾਦਰੀ ਦਿਖਾਉਂਦਿਆਂ ਅੱਗ 'ਤੇ ਕਾਬੂ ਪਾਉਣ ਲਈ ਜੀਅ ਤੋੜ ਯਤਨ ਕੀਤੇ ਗਏ ।ਕਿਸਾਨਾਂ ਅਤੇ ਬੀਐਸਐਫ ਦੇ ਜਵਾਨਾਂ ਵੱਲੋਂ ਕੀਤੇ ਉਪਰਾਲੇ ਨਾਲ ਅੱਗ ਤਾਂ ਬੁੱਝ ਗਈ ਪਰ ਕਿਸਾਨ ਗੁਰਜੰਟ ਸਿੰਘ ਪੁੱਤਰ ਘਸੀਟਾ ਸਿੰਘ ਖਾਲੜਾ ਦੀ 3 ਏਕੜ ਅਤੇ ਜੈਮਲ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਡੱਲ ਦੀ 6 ਏਕੜ ਫਸਲ ਸੜ ਗਈ ਹੈ। ਇਸ ਅੱਗ ਦੀ ਲਪੇਟ 'ਚ ਆਉਣ ਨਾਲ ਕਿਸਾਨ ਜੈਮਲ ਸਿੰਘ ਦੇ ਪੈਰ ਦੀਆਂ ਉਗਲੀਆਂ ਵੀ ਝੁਲਸ ਗਈਆਂ ।ਇਸ ਸੰਬੰਧੀ ਗੱਲਬਾਤ ਕਰਦਿਆਂ ਕਿਸਾਨ ਗੁਰਜੰਟ ਸਿੰਘ ਨੇ ਕਿਹਾ ਕਿ ਇਹ ਅੱਗ ਖੇਤਾਂ ਵਿੱਚੋਂ ਲੰਘਦੀ 11 ਕੇ.ਵੀ ਲਾਈਨ ਤੋਂ ਸ਼ਾਟ ਸਰਕਟ ਹੋਕੇ ਲੱਗੀ ਹੈ ।ਉਥੇ ਹੀ ਇਸ ਮੌਕੇ ਕਿਸਾਨ ਪਿਆਰਾ ਸਿੰਘ ਨੇ ਕਿਹਾ ਕਿ ਕਿਸਾਨ ਜੈਮਲ ਸਿੰਘ ਨੇ ਜਮੀਨ ਠੇਕੇ ਤੇ ਲੈਕੇ ਕਣਕ ਬੀਜੀਂ ਸੀ, ਜਿਸ ਦੀ 6 ਏਕੜ ਫਸਲ ਸੜ ਗਈ ਹੈ ।ਪੀੜਤ ਕਿਸਾਨਾਂ ਅਤੇ ਆਪ ਆਗੂ ਸੋਨੀ ਖਾਲੜਾ, ਨਿੰਦ ਖੰਨਾ ਖਾਲੜਾ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਇਲਾਵਾ ਹਲਕਾ ਵਿਧਾਇਕ ਸਰਵਨ ਸਿੰਘ ਧੁੰਨ ਪਾਸੋ ਮੰਗ ਕੀਤੀ ਹੈ ਕਿ ਅੱਗ ਨਾਲ ਸੜਕੇ ਤਬਾਹ ਹੋਈ ਕਣਕ ਦੀ ਫਸਲ ਦਾ ਮੁਆਵਜਾ ਦਿੱਤਾ ਜਾਵੇ ।ਇਸ ਮੌਕੇ ਨੰਬਰਦਾਰ ਗੁਰਦੇਵ ਸਿੰਘ, ਗਿਆਨ ਸਿੰਘ ਖਾਲੜਾ, ਸੁੱਖਾ ਸਿੰਘ ਖਾਲੜਾ, ਰਨਜੀਤ ਸਿੰਘ ਖਾਲੜਾ, ਆਦਿ ਹਾਜਰ ਸਨ ।



*ਸਵੈ-ਕਥਨ : ਕਵਿਤਾ/ਗਜ਼ਲ ਲਿਖਣਾ ਮੇਰੇ ਲਈ ਇੱਕ ਸੱਚਾ, ਸੁੱਚਾ ਤੇ ਬਹੁਤ ਹੀ ਮੁਕੱਦਸ ਕਾਰਜ ਹੈ। ਮੇਰੇ ਲਈ ਸ਼ਬਦ, ਦੁਨੀਆ ਦੀ ਸਭ ਤੋਂ ਪਵਿੱਤਰ ਤੇ ਕੀਮਤੀ ਸ਼ੈਅ ਨੇ। ਗਾਉਣ ਦਾ ਸ਼ੌਕ ਤਾਂ ਮੈਨੂੰ ਬਚਪਨ ਤੋਂ ਹੀ ਸੀ, ਪਰ ਪਤਾ ਨਹੀਂ ਉਹ ਕਿਹੜੀ ਸੁਲੱਖਣੀ ਘੜੀ ਸੀ, ਜਦੋਂ ਸ਼ਬਦਾਂ ਨਾਲ ਗੂੜ੍ਹੀ ਸਾਂਝ ਪੈ ਗਈ। ਉਹ ਜਿਵੇਂ ਕਹਿੰਦੇ ਨੇ ਕਿ ਜਿੱਥੇ ਸ਼ਬਦ ਨੇ, ਉਥੇ ਹੀ ਸੰਸਾਰ ਹੈ। ਸੱਚਮੁੱਚ ਹੁਣ ਇਉਂ ਹੀ ਲੱਗਦਾ ਹੈ ਕਿ ਜਿੱਥੇ ਸ਼ਬਦ ਨੇ, ਸੱਚੀਓਂ ਉਥੇ ਹੀ ਸੰਸਾਰ ਹੈ।*

*ਦੁੱਖ, ਉਦਾਸੀ ਤੇ ਤਨਹਾਈ ਵਿੱਚ ਸ਼ਬਦ ਹੀ ਮੇਰਾ ਆਸਰਾ ਬਣਦੇ ਤੇ ਧਿਰ ਬਣ ਕੇ ਮੇਰੇ ਨਾਲ ਖਲੋਂਦੇ ਨੇ...*

*ਮੈਂ ਇਹ ਦਾਅਵਾ ਨਹੀਂ ਕਰਦਾ ਕਿ ਮੇਰੀ ਕਵਿਤਾ, ਮੇਰੀ ਗਜ਼ਲ ਵਿੱਚ ਹਰ ਰੰਗ ਹਾਜ਼ਰ ਹੈ, ਕਿਉਂਕਿ ਮੈਂ ਕਦੇ ਵੀ ਧਾਰ ਕੇ ਨਹੀਂ ਲਿਖਿਆ ਕਿ ਕਿਹੜੀ ਰਚਨਾ ਕਿਹੜੇ ਰੰਗ ਵਿੱਚ ਲਿਖਣੀ ਹੈ। ਸਮਾਜ ਵਿੱਚ, ਸੁਸਾਇਟੀ ਵਿੱਚ ਜੋ ਚੰਗਾ-ਮਾੜਾ ਵਾਪਰਦਾ ਹੈ, ਮਨ ਨੂੰ ਝੰਜੋੜਦਾ ਹੈ, ਓਹੀ ਮੇਰੇ ਸ਼ੇਅਰਾਂ ਵਿੱਚ, ਮੇਰੀ ਕਵਿਤਾ ਵਿੱਚ ਢਲ ਜਾਂਦਾ ਹੈ।*

# ਤ੍ਰੈਲੋਚਨ ਲੋਚੀ ਦੀਆਂ ਨਵੀਆਂ ਗਜ਼ਲਾਂ



ਮੈਨੂੰ ਪਰਖਣ ਆਏ ਸੀ ਜੋ ਚਾਵਾਂ ਨਾਲ।
ਝੂੰਮਣ ਲੱਗੇ ਮੇਰੀਆਂ ਹੀ ਕਵਿਤਾਵਾਂ ਨਾਲ।

ਨਿੱਤ ਬੁਝਾਉਣ ਉਹ ਦੀਵੇ, ਮੈਂ ਫਿਰ ਬਾਲ ਦਿਆਂ,
ਅੱਜ-ਕੱਲ੍ਹ ਮੇਰਾ ਇੱਟ ਖੜਿੱਕਾ 'ਵਾਵਾਂ ਨਾਲ।

ਤੇਰੀ ਥਾਲੀ ਵਿੱਚ ਹੀ ਚੁੰਝਾਂ ਮਾਰ ਗਏ,
ਕੀ ਖੱਟਿਆ ਤੂੰ ਯਾਰੀ ਲਾ ਕੇ ਕਾਂਵਾਂ ਨਾਲ।

ਧੁੱਪਾਂ ਵਿੱਚ ਨਾ ਤੁਰਨਾ ਔਖਾ ਹੋ ਜਾਵੇ,
ਏਡਾ ਵੀ ਨਾ ਰਿਸ਼ਤਾ ਰੱਖੀਂ ਛਾਂਵਾਂ ਨਾਲ।

ਭਰਮ ਹੈ ਤੇਰਾ, ਤੇਰੇ ਲਈ ਕੋਈ ਹੋਰ ਲੜੂ,
ਲੜਨਾ ਪੈਂਦੈਂ ਆਪਣੀਆਂ ਹੀ ਬਾਹਵਾਂ ਨਾਲ।

ਜਿਸ ਥਾਂ ਲੋਚੀ ਤੇਰੀਆਂ ਗਜ਼ਲਾਂ ਟਹਿਲਦੀਆਂ,
ਬੜਾ ਹੀ ਮੋਹ ਜਿਹਾ ਆਉਂਦੈ ਉਹਨਾਂ ਰਾਵ੍ਹਾਂ ਨਾਲ।

(2)

ਕਿਨਾਰੇ ਆਪਣੇ ਹੀ ਜੋ ਖੋਰਦੀ ਹੈ।
ਨਦੀ ਉਹ ਜਾਪਦਾ ਭਟਕੀ ਹੋਈ ਹੈ।

ਨਹੀਂ ਇਹ ਸ਼ਹਿਰ ਤੇਰੇ ਮੇਚ ਆਉਣਾ,
ਤੇਰੇ ਬੋਲਾਂ 'ਚ ਏਨੀ ਸਾਦਗੀ ਹੈ।

ਹਨੇਰਾ ਕੰਬਦਾ ਥਰ ਥਰ ਹੈ ਫਿਰਦਾ,
ਕਿ ਇੱਕ ਬੱਚੇ ਦੇ ਹੱਥ ਵਿੱਚ ਫੁੱਲਝੜੀ ਹੈ।

ਵਿਕਾਊ ਬੰਦਿਆਂ ਦੀ ਥੋੜ ਕਿੱਥੇ,
ਖਰੀਦਣ ਵਾਲਿਆਂ ਦੀ ਹੀ ਕਮੀ ਹੈ।

ਮੈਂ ਅਪਣਾ ਦਰਦ ਗਜ਼ਲਾਂ ਨੂੰ ਸੁਣਾਵਾਂ,
ਕਿਸੇ ਦੇ ਵਾਸਤੇ ਇਹ ਦਿਲਲਗੀ ਹੈ।

ਮੈਂ ਉਸ ਨੂੰ ਮਿਲਣ ਲਈ ਬਿਹਬਲ ਜੁਗਾਂ ਤੋਂ,
ਮੈਂ ਮਾਰੂਥਲ ਤੇ ਉਹ ਚੰਚਲ ਨਦੀ ਹੈ।

ਨਹੀਂ ਨਿਭਣਾ ਤੂੰ ਲੋਚੀ ਨਾਲ ਜਿੰਦੇ,
ਕਿ ਉਸ ਦੇ ਪੈਰੀਂ ਤਾਂ ਆਵਾਰਗੀ ਹੈ।

(3)

ਜਿੱਤੇ ਹਾਰੇ ਇੱਕੋ ਜਿਹੇ ਨੇ।
ਹਾਕਮ ਸਾਰੇ ਇੱਕੋ ਜਿਹੇ ਨੇ।

ਜਿੱਥੋਂ ਮਰਜ਼ੀ ਦੇਖ ਲਵੀਂ ਤੂੰ,
ਚੰਨ ਸਿਤਾਰੇ ਇੱਕੋ ਜਿਹੇ ਨੇ।

ਲਾਚਾਰਾਂ ਦੀ ਹੂਕ ਨਈਂ ਸੁਣਦੇ,
ਮਹਿਲ ਮੁਨਾਰੇ ਇੱਕੋ ਜਿਹੇ ਨੇ।

ਜਾਬਰ ਸਾਹਵੇਂ ਮੂੰਹ ਨਾ ਖੋਲ੍ਹਣ,
ਲੋਕ ਕਿਉਂ ਸਾਰੇ ਇੱਕੋ ਜਿਹੇ ਨੇ।

ਪੱਕੇ ਘਰਾਂ ਦੇ ਵੱਖਰੇ ਨਕਸ਼ੇ,
ਕੱਚੇ ਢਾਰੇ ਇੱਕੋ ਜਿਹੇ ਨੇ।

ਸੱਜਣ ਜਾਂ ਫਿਰ ਦੁਸ਼ਮਣ ਰੋਵੇ,
ਹੰਝੂ ਖਾਰੇ ਇੱਕੋ ਜਿਹੇ ਨੇ।

ਕੁਲ ਦੁਨੀਆ ਵਿੱਚ ਹਰ ਥਾਂ ਲੋਚੀ,
ਦੁੱਖਾਂ ਮਾਰੇ ਇੱਕੋ ਜਿਹੇ ਨੇ ।

(4)

ਘਰਾਂ ਵਿੱਚ ਰੌਸ਼ਨੀ ਹੁੰਦੇ ਵੀ।
ਨਹੀਂ ਹੁੰਦਾ ਕੋਈ ਹੁੰਦੇ ਹੋਏ ਵੀ।

ਬੜਾ ਪਿਆਸਾ ਹਾਂ ਮੇਰੇ ਦੋਸਤੋ ਮੈਂ,
ਸ਼ਹਿਰ ਦੇ ਵਿੱਚ ਨਦੀ ਹੁੰਦੇ ਹੋਏ ਵੀ।

ਇਹ ਅੰਦਰੋਂ ਕਿਉਂ ਨਹੀਂ ਸ਼ੈਤਾਨ ਮਰਦਾ,
ਨਿਰੰਤਰ ਬੰਦਗੀ ਹੁੰਦੇ ਹੋਏ ਵੀ।

ਕਦੇ ਨਾ ਆਦਮੀ ਦੀ ਖੈਰ ਮੰਗੇ,
ਇਹ ਬੰਦਾ ਆਦਮੀ ਹੁੰਦੇ ਹੋਏ ਵੀ।

ਸਦਾ ਮਿਲਦਾ ਹੈ ਲੋਚੀ ਮੁਸਕੁਰਾ ਕੇ,
ਕਿ ਅੱਖੀਆਂ ਵਿੱਚ ਨਮੀ ਹੁੰਦੇ ਹੋਏ ਵੀ।

(5)

ਕਿਉਂ ਉਜਾੜਾ ਕਰ ਰਹੇ ਹੋ ਮਹਿਕਦੇ ਗੁਲਜ਼ਾਰ ਦਾ।
ਵਿਹੜਿਆਂ ਵਿਚਕਾਰ ਦੱਸੋ ? ਕੰਮ ਕੀ ਦੀਵਾਰ ਦਾ।

ਤੂੰ ਕਵੀ ਹੈਂ, ਸੱਚ ਦਾ ਤੂੰ ਹੀ ਤਾਂ ਪਹਿਰੇਦਾਰ ਏਂ,
ਭੁੱਲ ਕੇ ਮੋਹਰਾ ਨਾ ਬਣ ਬੈਠੀਂ ਕਿਸੇ ਦਰਬਾਰ ਦਾ।

ਉਹ ਤਾਂ ਤੇਰੇ ਸ਼ਬਦ ਸੀ, ਅੰਬਰ 'ਚ ਉੱਡੇ ਇਸ ਤਰ੍ਹਾਂ,
ਪੈ ਗਿਆ ਸਾਨੂੰ ਭੁਲੇਖਾ ਪੰਛੀਆਂ ਦੀ ਡਾਰ ਦਾ।

ਲਾਜ਼ਮੀ ਉਸ ਨੂੰ ਮੁਹੱਬਤ ਦਾ ਪਤਾ ਹੈ ਮਿਲ ਗਿਆ,
ਬਿਨ ਵਜ੍ਹਾ ਜੋ ਪਾਣੀਆਂ 'ਤੇ ਫੁੱਲ ਸੂਹੇ ਤਾਰਦਾ।

ਬੀਤਿਆ ਜੋ ਵਕਤ ਲੋਚੀ, ਬਹੁਤ ਪਿੱਛੇ ਰਹਿ ਗਿਆ,
ਸੁਪਨਿਆਂ ਵਿੱਚ ਫੇਰ ਵੀ ਇਹ ਕੌਣ ਹਾਕਾਂ ਮਾਰਦਾ।

(6)

ਮੁਹੱਬਤ ਨੂੰ ਮੈਂ ਏਦਾਂ ਮਾਣਦਾ ਹਾਂ।
ਚੰਦੋਆ ਸਭ ਦੇ ਸਿਰ 'ਤੇ ਤਾਣਦਾ ਹਾਂ।

ਮੈਂ ਦੌੜਾਂ ਪੁਰਸਕਾਰਾਂ ਦੇ ਲਈ ਕਿਉਂ,
ਜੇ ਆਪਣੀ ਕਵਿਤਾ ਦੇ ਮੈਂ ਹਾਣਦਾ ਹਾਂ।

ਤੁਸੀਂ ਐ ਹਾਕਮੋ ! ਕੀ ਗੁਲ ਖਿੜਾਉਂਦੇ,
ਤੁਹਾਨੂੰ ਪੋਟਾ ਪੋਟਾ ਜਾਣਦਾ ਹਾਂ।

ਤੁਸੀਂ ਨਾ ਸਮਝਿਓ ਨਾਦਾਨ ਏਨਾ,
ਮੈਂ ਇਸ ਨੂੰ, ਉਸ ਨੂੰ, ਸਭ ਨੂੰ ਸਿਆਣਦਾ ਹਾਂ।

ਬੜੀ ਹੀ ਸ਼ਹਿਰ ਅੰਦਰ ਭੀੜ ਫਿਰਦੀ,
ਮੈਂ ਇੱਕ ਚਿਹਰੇ ਨੂੰ ਪਰ ਪਹਿਚਾਣਦਾ ਹਾਂ।

ਤੂੰ ਖੁਦ ਨੂੰ ਓਨਾ ਕਿੱਥੇ ਜਾਣਦਾ ਏਂ,
ਮੈਂ ਜਿੰਨਾ ਤੈਨੂੰ ਲੋਚੀ ਜਾਣਦਾ ਹਾਂ।

(7)

ਚਲੋ ਹੈਰਾਨ ਹੋ ਕੇ ਦੇਖਦੇ ਹਾਂ।
ਕਿ ਅੱਜ ਇਨਸਾਨ ਹੋ ਕੇ ਦੇਖਦੇ ਹਾਂ।

ਕੋਈ ਤਾਂ ਜ਼ਿੰਦਗੀ ਵਿੱਚ ਰੰਗ ਹੋਵੇ,
ਕਿਸੇ ਦੀ ਜਾਨ ਹੋ ਕੇ ਦੇਖਦੇ ਹਾਂ।

ਫਕੀਰੀ ਵੇਸ ਵੀ ਆਪਣੀ ਜਗ੍ਹਾ ਹੈ,
ਕਦੇ ਸੁਲਤਾਨ ਹੋ ਕੇ ਦੇਖਦੇ ਹਾਂ।

ਤੇਰੇ ਦਰ 'ਤੇ ਨੇ ਝੁਕਦੇ ਸੀਸ ਕਿੰਨੇ,
ਤੇਰੇ ਦਰਬਾਨ ਹੋ ਕੇ ਦੇਖਦੇ ਹਾਂ।

ਕਿਵੇਂ ਚਿਣਦੈਂ ਤੂੰ ਲੋਚੀ ਹਰਫ ਸੋਹਣੇ,
ਤੇਰੇ ਮਹਿਮਾਨ ਹੋ ਕੇ ਦੇਖਦੇ ਹਾਂ।

(8)

ਤੇਰਾ ਚਿਹਰਾ ਦੇਖ ਰਿਹਾ ਹਾਂ।
ਜਿਉਂ ਗੁਲਦਸਤਾ ਦੇਖ ਰਿਹਾ ਹਾਂ।

ਜਾਂ ਤਾਂ ਦੁਨੀਆ ਸਿੱਧੀ ਨਹੀਂ, ਜਾਂ,
ਮੈਂ ਹੀ ਉਲਟਾ ਦੇਖ ਰਿਹਾ ਹਾਂ।

ਮੇਰੀ ਹਉਮੈਂ ਕੰਬਣ ਲੱਗੀ,
ਸੂਰਜ ਡੁੱਬਦਾ ਦੇਖ ਰਿਹਾ ਹਾਂ।

ਤਨ ਤੇ ਮਨ ਤਾਂ ਦੋਵੇਂ ਮੈਲੇ,
ਫਿਰ ਕਿਉਂ ਸ਼ੀਸ਼ਾ ਦੇਖ ਰਿਹਾ ਹਾਂ।

ਕਿੱਥੇ ਲੋਚੀ ਪੰਖ ਪੰਖੇਰੂ,
ਅੰਬਰ ਸੁੰਨਾ ਦੇਖ ਰਿਹਾ ਹਾਂ।

# ਗੁਰਚਰਨ ਸੱਗੂ ਦਾ ਸਨਮਾਨ

**ਫਰੀਦਕੋਟ**-ਮਾਤਾ ਕਰਤਾਰ ਕੌਰ ਲਾਇਬ੍ਰੇਰੀ ਵਿੱਚ 11 ਅਪ੍ਰੈਲ ਦਾ ਦਿਨ ਇੱਕ ਹੋਰ ਯਾਦਗਾਰੀ ਬਣ ਗਿਆ, ਜਦ ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ ਨੂੰ ਸਮਰਪਿਤ ਸੰਸਥਾ ਬਾਬਾ ਫਰੀਦ ਲਿਟਰੇਰੀ ਮੰਚ ਦੇ ਪ੍ਰਧਾਨ ਸ੍ਰੀ ਨਿੰਦਰ ਘੁਗਿਆਣਵੀ ਨੇ ਲਾਇਬ੍ਰੇਰੀ ਆ ਕੇ ਸੰਸਥਾ ਵੱਲੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਲਈ ਗੁਰਚਰਨ ਸੱਗੂ ਨੂੰ ਫੁਲਕਾਰੀ ਤੇ ਮਾਣ ਪੱਤਰ ਭੇਟ ਕੀਤਾ। ਇਸ ਮੌਕੇ ਗੁਰਚਰਨ ਸੱਗੂ ਨੇ ਬੋਲਦਿਆਂ ਕਿਹਾ ਕਿ ਉਹ ਤਕਰੀਬਨ ਸੱਠ ਸਾਲ ਪਹਿਲਾਂ ਇਸ ਪਿੰਡ ਦੀ ਮਿੱਟੀ ਨੂੰ ਛੱਡ ਗਏ ਸਨ, ਪਰ ਇਸ ਪਿੰਡ ਦੀ ਮਿੱਟੀ ਦੀਆਂ ਯਾਦਾਂ ਦਾ ਸੁਰਮਾ ਅੱਜ ਵੀ ਉਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਰਿਹਾ ਹੈ ਤੇ ਅੱਜ ਪੰਜਾਬੀ ਸਾਹਿਤ ਵਿੱਚ ਜੋ ਉਨ੍ਹਾਂ ਦਾ ਨਾਂਅ ਬਣਿਆ ਹੈ, ਇਹ ਸਿਰਫ ਤੇ ਸਿਰਫ ਉਨ੍ਹਾਂ ਦੇ ਪਿਤਾ ਦੀ ਹੀ ਦੇਣ ਹੈ, ਜਿਨ੍ਹਾਂ ਦੀਆਂ ਕਵਿਤਾਵਾਂ ਵਿੱਚ ਦੇਸ਼ ਭਗਤੀ ਤੇ ਪੀਰਾਂ-ਫਕੀਰਾਂ ਦਾ ਜਜ਼ਬਾ ਭਰਿਆ ਹੁੰਦਾ ਸੀ। ਇਸੇ ਤਰ੍ਹਾਂ ਇਹ ਲਾਇਬ੍ਰੇਰੀ ਉਨ੍ਹਾਂ ਦੀ ਮਾਤਾ ਦੀ ਦੇਣ ਹੈ, ਜਿਨ੍ਹਾਂ ਸਿਰ 'ਤੇ ਮਸ਼ੀਨ ਚੁੱਕੀ ਘਰੋ-ਘਰੀ ਜਾ ਕੇ ਸਿਲਾਈ ਦਾ ਕੰਮ ਕਰਕੇ ਉਨ੍ਹਾਂ ਦੀ ਪਾਲਣਾ-ਪੋਸ਼ਣਾ ਕੀਤੀ ਤੇ ਇਹ ਮਾਤਾ ਜੀ ਦੀ ਮਿਹਨਤ ਹੀ ਉਨ੍ਹਾਂ ਨੂੰ ਦੁਬਾਰਾ ਪਿੰਡ ਦੀ ਮਿੱਟੀ ਵਿੱਚ ਖਿੱਚ ਲਿਆਈ ਹੈ।

ਸ੍ਰੀ ਨਿੰਦਰ ਘੁਗਿਆਣਵੀ ਨੇ ਬੋਲਦਿਆਂ ਕਿਹਾ ਕਿ ਗੁਰਚਰਨ ਸੱਗੂ ਪਿਛਲੇ ਕਈ ਦਹਾਕਿਆਂ ਤੋਂ ਇੰਗਲੈਂਡ ਵਿੱਚ ਰਹਿੰਦੇ ਹੋਏ ਪੰਜਾਬੀ ਸਾਹਿਤ ਦੀ ਸੇਵਾ ਕਰ ਰਹੇ ਹਨ। ਉਹ ਇੰਗਲੈਂਡ ਵਿੱਚ ਪੰਜਾਬੀ ਦੀਆਂ ਦੋ ਵੱਡੀਆਂ ਅਖਬਾਰਾਂ 'ਦੇਸ ਪਰਦੇਸ' ਤੇ 'ਪੰਜਾਬ ਟਾਈਮਜ਼' ਦੇ ਸੰਪਾਦਕ ਰਹੇ ਹਨ ਤੇ ਆਪਣਾ ਇਕ ਸਾਹਿਤਕ ਪਰਚਾ 'ਸਵੇਰਾ' ਵੀ ਪ੍ਰਕਾਸ਼ਿਤ ਕਰਦੇ ਰਹੇ ਹਨ ਤੇ ਇਸ ਦੇ ਨਾਲ ਹੀ ਕਈ ਕਿਤਾਬਾਂ ਦੇ ਲੇਖਕ ਹਨ ਜਿਨ੍ਹਾਂ ਵਿੱਚੋਂ ਬਹੁ-ਚਰਚਿਤ ਵਾਰਤਕ 'ਵੇਖਿਆ ਸ਼ਹਿਰ ਬੰਬਈ' ਹੈ, ਜਿਸ ਕਿਤਾਬ ਦਾ ਹਰ ਘਰ ਵਿੱਚ ਹੋਣਾ ਜ਼ਰੂਰੀ ਹੈ। ਉਨ੍ਹਾਂ ਹੋਰ ਅੱਗੇ ਬੋਲਦਿਆਂ ਕਿਹਾ ਕਿ ਅੱਜ ਜਦ ਸਾਡੇ ਬੱਚੇ ਕਿਤਾਬਾਂ ਤੋਂ ਦੂਰ ਹੋ ਰਹੇ ਹਨ ਤਾਂ ਇਹੋ ਜਿਹੀਆਂ ਲਾਇਬ੍ਰੇਰੀਆਂ ਪਿੰਡਾਂ ਵਿੱਚ ਖੋਲ੍ਹਣਾ ਬਹੁਤ ਹੀ ਲਾਭਦਾਇਕ ਹੈ ਅਤੇ ਗੁਰਚਰਨ ਸੱਗੂ ਨੇ ਆਪਣੀ ਮਾਤਾ ਦੀ ਯਾਦ ਵਿੱਚ ਇਹ ਲਾਇਬ੍ਰੇਰੀ ਖੋਲ੍ਹ ਕੇ ਬਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਹੈ।

# ਅੱਗੇ ਹੋਰ ਕੀ ਹੋਵੇਗਾ ?

## ਡਾਇਰੀ ਦਾ ਪੰਨਾ

**ਨਿੰਦਰ ਘੁਗਿਆਣਵੀ**

ਚਿੱਠੀਆਂ ਤੋਂ ਚੱਲਦੇ ਫੋਨਾਂ ਉਤੇ ਆਏ। ਮੋਬਾਈਲ ਫੋਨ 'ਤੇ, ਫਿਰ ਵਟਸਐਪ ਕਾਲਾਂ 'ਤੇ ਹੁਣ ਮੈਸਿਜ਼। ਮੈਸਿਜ਼ ਵੀ ਲੰਗੜੇ ਹੋਣ ਲੱਗੇ ਨੇ, ਜਿਵੇਂ ਸਤਿ ਸ੍ਰੀ ਅਕਾਲ, ਧੰਨਵਾਦ, ਓਕੇ, ਟੇਕ ਕੇਅਰ

ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਉਦਾਹਰਣਾਂ ਨੇ,

ਲੰਮੇ ਝਮੇਲੇ ਵਿਚ ਨਾ ਪਵਾਂ।

ਆਪਣੇ ਅੰਦਰ ਝਾਤੀ ਮਾਰੀ ਤੇ ਪੁੱਛਿਆ ਕਿ ਤੂੰ ਵੀ ਤੇ ਸੰਖੇਪਤਾ ਵਿਚ ਆ ਗਿਆ ਏਂ ? ਜਾਂ ਕਾਹਲ ਬਣ ਗਈ ਏ ? ਜੁਆਬ ਕੋਈ ਨਹੀਂ ਮਿਲਿਆ।

ਅੱਗੇ ਕੀ ਹੋਰ ਲੰਗੜੇ ਹੋਣਗੇ ਸ਼ਬਦ ? ਸਾਡੀਆਂ ਭਾਵਨਾਵਾਂ, ਜੋ ਅਸੀਂ ਇਨ੍ਹਾਂ ਸ਼ਬਦਾਂ ਰਾਹੀਂ ਬਿਆਨਦੇ ਜਾਂ ਪੇਸ਼ ਕਰਦੇ ਹਾਂ, ਕੀ ਸੁੰਗੜ ਸੁੱਕੜ ਜਾਣਗੀਆਂ ?

ਇਹੋ ਜਿਹੀ ਚੁੱਪ-ਚੁਪੀਤੀ ਸੰਖੇਪਤਾ ਕਿਹੋ ਜਿਹੇ ਦਿਨ ਲਿਆਵੇਗੀ ! ਇਉਂ ਕਰਦੇ-ਕਰਦੇ ਅਸੀਂ ਇਕ ਦਿਨ ਗੂੰਗੇ ਤਾਂ ਨਹੀਂ ਹੋ ਜਾਵਾਂਗੇ ?

(24 ਦਸੰਬਰ, 2019 ਦੀ ਆਥਣ)

-ਵਕਤ ਨਾ ਮੇਰਾ
ਨਾ ਤੇਰਾ-

***** ******* *****

ਕਿਸੇ ਕੋਲ ਵਕਤ ਨਹੀਂ ਇਸ ਵਕਤ ! ਵਕਤ ਵਕਤ ਕੀ ਬਾਤ ਹੈ ਭਾਈ !

ਹਾਂ, ਇਹ ਸੱਚ ਹੈ ਕਿ ਵਕਤ ਭੱਜ ਰਿਹੈ ਸਰਪਟ ਕੋਤਲ ਘੋੜੇ ਵਾਂਗਰ !

ਕਿਸੇ ਹੱਥ ਵਾਂਗ ਨਹੀਂ ਹੈ ਵਕਤ ਦੀ, ਵਕਤ ਹੱਥ ਹੈ ਆਪਣੀ ਵਾਂਗ।

ਮੈਂ ਵਕਤ ਨਾਲ ਗੱਲ ਕਰਨੀ ਚਾਹੀ, ਤਾਂ ਓਸ ਆਖਿਆ "ਚੁੱਪ ਕਰ ਰਹਿ, ਮੇਰੇ ਕੋਲ ਵਕਤ ਨਹੀਂ ਤੇਰੇ ਨਾਲ ਗੱਲ ਕਰਨ ਦਾ ਪਰ ਮੈਂ ਵਕਤ ਆਂ, ਮੇਰੀ ਵੁੱਕਤ ਜਾਣੋ ਜਣਨੀ ਜਣਿਓਂ ।

ਵਕਤੋ ਵਕਤੀ ਹੋਇਆ ਵਕਤ,
ਵਕਤ ਨਾਲ ਅਗਾਂਹ ਲੰਘ ਗਿਐ ਘੂਰੀਆਂ ਵਟਦਾ ਹੋਇਆ ਮੈਨੂੰ।
ਮੈਂ ਹਾਲੋਂ ਬੇਹਾਲ।
ਨੀਂਦਰ ਢੂੰਡਾਂ ਵਕਤ ਦੇ ਨਾਲ !!

****

(9:32, ਰਾਤ, 2 ਦਸੰਬਰ, 2019)

ਲਾਲ ਹਨੇਰੀ ਕਮਬਖਤ ! ਆਥਣ ਘੇਰੀ।

ਰੁੱਖ ਪੁੱਟੇ। ਖੰਭੇ ਸੁੱਟੇ। ਪੰਛੀ ਉੱਡੇ। ਵੇਲਾਂ ਵੱਲਾਂ ਲੁੜਕੀਆਂ। ਨਿੰਬੂ ਦੇ ਬੂਟੇ 'ਚੋਂ ਆਲ੍ਹਣਾ ਉਡਾਇਆ, ਸਣੇ ਬੋਟਾਂ ਚਿੜੀ ਨਾ ਲੱਭੀ। ਮੂੰਹ ਵਲੇਟ, ਤੰਗਲੀ ਫੜੀ, ਕਣਕ ਦੇ ਨਾੜ ਸਾੜਦਾ ਕਿਸਾਨ ਮੋਟਰ ਦੀ ਕੋਠੜੀ ਵੰਨੀਂ ਭੱਜਿਆ। ਬੱਦਲ ਗੱਜਿਆ। ਟਟੀਰੀ ਕੁਰਲਾਵੇ। ਟੁੱਟੀ ਸੜਕ ਉਤੇ ਲਿਫ ਲਿਫ ਜਾਂਦੇ

ਸਫੈਦਿਆਂ ਦੀ ਸਾਂ-ਸਾਂ ਸਹਿਮ ਪਈ ਪਾਵੇ।

----

ਕਿਣ ਮਿਣ ਕਿਣ ਮਿਣ।

ਮੋਟੀਆਂ ਕਣੀਆਂ। ਧੂੜ ਜਮਾਈ। ਸਾਲਾਂ ਪਿੱਛੋਂ ਸਤਰੰਗੀ ਪੀਂਘ ਨੇ ਅਲਖ ਜਗਾਈ।

ਹਰ ਕੋਈ ਇਕ-ਦੂਜੇ ਨੂੰ ਆਖੇ, ਲੌਕ ਡਾਊਨ ਨੇ ਵਾਤਾਵਰਣ ਧੋਤਾ, ਤਦੇ ਹੀ ਏਹ ਪੀਂਘ ਦਿਸੀ ਹੈ। ਕੋਰੋਨਾ ਦੇ ਮਾੜੇ-ਚੰਗੇ ਪੱਖਾਂ ਦੇ ਘਾਟੇ-ਵਾਧੇ ਗਿਣਾਉਂਦੇ, ਮੂੰਹਾਂ ਉਤੇ ਕੱਪੜੇ ਲਪੇਟੀ ਬੰਦੇ, ਗਲੀਆਂ 'ਚ ਖਲੋ

ਕਨਸੋਆਂ ਲੈਂਦੇ ਵੰਨ-ਸੁਵੰਨੀਆਂ।

ਪੁਲਸ ਦੀ ਗੱਡੀ ਦੇ ਹੂਟਰ ਤੋਂ ਡਰਦੇ, ਅਣ ਮੰਨਿਆਂ ਹੁੰਗਾਰਾ ਜਿਹਾ ਭਰਦੇ। ਮੌਸਮ ਸਾਫ ਹੋਣ ਦੇ ਕਿਆਫੇ ਲਾਉਂਦੇ।

ਗੁਰੂ ਘਰ ਬਾਬੇ ਰਹਿਰਾਸ ਦਾ ਪਾਠ ਹੈ ਛੋਹਿਆ। ਨਿੰਬੂ ਦੇ ਬੂਟੇ ਲਾਗੇ ਚਿੜੀ ਚੀਕਦੀ, ਬੋਟ ਭਾਲਦੀ !

ਕਿਹੋ ਜਿਹੇ ਦਿਨ ਹਨ। ਸਮਝੋਂ ਬਾਹਰੇ। ਕੁਦਰਤੇ ਤੇਰੇ ਵਾਰੇ ਨਿਆਰੇ !

(6 ਮਈ, 2020, ਆਥਣੇ)

****

ਝੁੱਗੀਆਂ 'ਚੋਂ ਲੰਗਰ ਲੈਣ ਆਈਆਂ, ਭੁੱਖੀਆਂ ਬਾਲੜੀਆਂ ਨੂੰ ਉਨ੍ਹਾਂ ਹੱਥੀਂ ਫੜੀਆਂ ਥਾਲੀਆਂ ਨੇ ਪੁੱਛਿਆ-ਕੱਲ੍ਹ ਵੀ ਆਪਾਂ ਮੁੜੀਆਂ ਸਾਂ, ਲਗਦੈ ਕਿ ਅੱਜ ਵੀ ਖਾਲੀ ਮੁੜਨਾ ਪੈਣਾ। ਦੱਸੋ, ਕਦ ਲੰਗਰ ਮਿਲੂ ਥੋਨੂੰ ?

ਥਾਲੀਆਂ ਬਾਹਲੀਆਂ ਕਾਹਲੀਆਂ,

ਨੰਨ੍ਹੀਆਂ ਨਿਆਣੀਆਂ ਵਾਂਗਰ ਭੁੱਖ ਨੇ ਸਤਾਈਆਂ। ਲੰਗਰ ਵਰਤਾਉਂਦੇ ਪਤਵੰਤਿਆਂ ਵੱਲ ਝਾਕਦੀਆਂ, ਨੰਗੇ ਪੈਰੀਂ ਖਲੋਤੀਆਂ ਕੁੜੀਆਂ ਕੁਸਕੀਆਂ-ਥਾਲੀਓ, ਸੱਚ ਆਖੀਏ ਤਾਂ ਸਾਨੂੰ ਲੰਗਰ ਉਦੋਂ ਮਿਲੂਗਾ, ਜਦ ਸਾਡੇ ਮੰਮੀ ਪਾਪਾ ਦੀ ਵੋਟ ਬਣੂੰਗੀ। ਚਲੋ ਚਲੋ, ਝੁੱਗੀਆਂ ਨੂੰ ਚੱਲੀਏ, ਕਿਸੇ ਹੋਰ ਦਾ ਹੋਕਾ ਉਡੀਕੀਏ, ਲੰਗਰ ਲੈ ਲੋ ਲੰਗਰ, ਭੁੱਖੇ ਢਿੱਡ ਕੋਈ ਨਾ ਸੌਂਵੇਂ।

(ਮੇਰਾ ਮੁਲਕ ਮਹਾਨ)

18-4-2020

**ਮੋਬਾ. 94174-21700**

ਸਫ਼ਾ 3 ਦੀ ਬਾਕੀ

## ਨਵ-ਨਿਰਮਾਣ ਦੀ ਸ਼ਾਇਰੀ ...

ਕਵੀ ਸਮਾਜਕ ਬਦਲਾਓ ਦਾ ਇਛੁੱਕ ਹੈ। ਜੇਕਰ ਸਮਾਜ ਵਿਚ ਬਦਲਾਓ ਨਹੀਂ ਆਉਂਦਾ, ਤਾਂ ਇਕੱਲੇ-ਇਕਹਿਰੇ ਬੰਦੇ ਚੰਗਾ ਸਮਾਜਕ ਢਾਂਚਾ ਨਹੀਂ ਉਸਾਰ ਸਕਦੇ। ਕਵੀ ਝੂਠ 'ਤੇ ਉੱਸਰੇ ਮੌਜੂਦਾ ਪ੍ਰਬੰਧ ਨੂੰ ਘਣ ਵਰਗੀ ਜ਼ੋਰਦਾਰ ਸੱਟ ਨਾਲ ਢਹਿ-ਢੇਰੀ ਕਰਨਾ ਚਾਹੁੰਦਾ ਹੈ। ਕਵੀ ਨੂੰ ਪਤਾ ਹੈ ਕਿ ਸੱਤਾ 'ਤੇ ਬੈਠੇ ਲੋਕ ਸੱਪ ਹਨ, ਜੋ ਸੱਤਾ ਦੀਆਂ ਸ਼ਾਖਾਵਾਂ 'ਤੇ ਨਾਗ-ਕੁੰਡਲੀ ਮਾਰ ਕੇ ਬੈਠੇ ਹਨ। ਲੁਟੇਰੀ ਨਾਗ-ਕੁੰਡਲੀ ਹੁਣ ਕੇਵਲ ਇਕ ਮੁਲਕ ਤੱਕ ਸੀਮਤ ਨਹੀਂ, ਬਲਕਿ ਇਹ ਸਾਰੀ ਧਰਤੀ ਤੱਕ ਫੈਲ ਚੁੱਕੀ ਹੈ। ਕਵੀ ਭੁੱਖਾਂ, ਤ੍ਰੇਹਾਂ, ਲੁੱਟਾਂ, ਖੋਹਾਂ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਰੱਖਦਾ ਹੈ, ਕਿਉਂਕਿ ਅਜੋਕੇ ਮਨੁੱਖ ਦੇ ਸੰਕਟ ਹੋਰ ਵੀ ਡੂੰਘੇ ਹੁੰਦੇ ਜਾ ਰਹੇ ਹਨ। ਪਿੰਡਾਂ ਨੂੰ ਸ਼ਹਿਰ ਨਿਗਲ ਰਹੇ ਨੇ, ਨੌਜਵਾਨ ਵਰਗ ਬਾਹਰਲੇ ਮੁਲਕਾਂ ਵੱਲ ਭੱਜ ਰਿਹਾ ਹੈ। ਅਜਿਹੀ ਸਮਾਜਕ ਵਿਵਸਥਾ 'ਚ ਜਗਿਆਸੂ ਲੋਕ ਖ਼ੁਦ ਚੇਤਨ ਹੋ ਕੇ ਦੂਜਿਆਂ ਨੂੰ ਵੀ ਚੇਤਨ ਕਰ ਰਹੇ ਨੇ। ਇਸ ਚੇਤਨਤਾ ਲਈ ਕਵੀ ਸ਼ਬਦ ਸੰਸਾਰ ਤੋਂ ਮਾਰਗ ਪ੍ਰਾਪਤ ਕਰਦਾ ਹੈ, ਉਹ ਜੋਸ਼ ਤੇ ਹੋਸ਼ ਨਾਲ ਤਬਦੀਲੀ ਕਰਨ ਦਾ ਹਾਮੀ ਹੈ। ਸਮਾਜਕ ਬਰਾਬਰੀ ਲਿਆਉਣ ਲਈ ਕਵੀ ਪ੍ਰਤੀਬੱਧ ਜਾਪਦਾ ਹੈ :

ਟੋਏ-ਟਿੱਬੇ ਪੱਧਰੇ ਕਰਨੇ ਹਨ, ਮੈਂ ਵਾਅਦਾ ਕੀਤਾ ਹੈ
'ਸ਼ੈਦਾ' ਇਕ ਦਿਨ ਲਾਜ਼ਿਮ ਇਹ ਵਾਅਦਾ ਪੁੱਗੇਗਾ, ਸੋਚ ਰਿਹਾਂ
(ਪੰਨਾ-28)

ਕਵੀ ਸਿਰਫ਼ ਤੇ ਸਿਰਫ਼ ਮਨੁੱਖ-ਪੱਖੀ ਹੀ ਨਹੀਂ, ਬਲਕਿ ਉਹ ਜੀਵ-ਜੰਤੂਆਂ, ਪਸ਼ੂ-ਪੰਛੀਆਂ, ਬਨਸਪਤੀ ਨੂੰ ਪਿਆਰ ਕਰਦਾ ਹੈ। ਇਸ ਕਰ ਕੇ ਉਸ ਦੀ ਗ਼ਜ਼ਲ 'ਚ ਕੁਦਰਤ, ਵਾਤਾਵਰਣ ਅਤੇ ਅਧਿਆਤਮਿਕਤਾ ਦਾ ਡੂੰਘਾ ਝਲਕਾਰਾ ਮਿਲਦਾ ਹੈ। ਉਹ ਮਨ ਦੀ ਮੈਲ ਦੂਰ ਲਈ ਪ੍ਰੇਰਿਤ ਕਰਦਾ ਹੈ। ਮਨ ਦੀ ਸਵੱਛਤਾ ਨਾਲ ਹੀ ਮਨੁੱਖ ਮੁਕਤੀ ਦੇ ਮੁਕਾਮ ਤੱਕ ਪਹੁੰਚ ਸਕਦਾ ਹੈ। ਇਸ ਕਰ ਕੇ ਕਵੀ ਨੇਕੀ ਕਰਨ ਲਈ ਕਹਿੰਦਾ ਹੈ ਤੇ ਉਸ ਨੂੰ ਭੁੱਲ ਜਾਣ ਵੀ ਤਾਕੀਦ ਕਰਦਾ ਹੈ। ਸਪੱਸ਼ਟ ਹੈ ਕਿ ਕਵੀ 'ਤੇ ਧਾਰਮਕ ਗ੍ਰੰਥਾਂ ਦਾ ਪ੍ਰਭਾਵ ਹੈ। ਇਹ ਧਾਰਮਕ ਗ੍ਰੰਥਾਂ ਦਾ ਪ੍ਰਭਾਵ ਹੀ ਹੈ ਕਿ ਉਹ ਅਨੇਕਾਂ ਉਲਝਣਾਂ ਦੇ ਬਾਵਜੂਦ ਆਸ ਦਾ ਪੱਲਾ ਨਹੀਂ ਛੱਡਦਾ ਅਤੇ ਗੁਣਵੰਤੇ ਬਣ ਜਾਣ ਲਈ ਤੱਤਪਰ ਹੈ। ਕਵੀ ਦੇ ਮਨ ਅੰਦਰ ਸਬਰ, ਸੰਤੋਖ ਅਤੇ ਸ਼ੁਕਰਾਨਾ ਦੇਖਿਆ ਜਾ ਸਕਦਾ ਹੈ :

ਕਿਰਤ ਕਰਾਂ ਮੈਂ ਦਸ ਨਹੁੰਆਂ ਦੀ, ਵੰਡ ਛਕਾਂ ਤੇ ਸ਼ੁਕਰ ਕਰਾਂ
ਸੋਚ ਰਿਹਾ ਹਾਂ, ਹੋਰ ਵਧੇਰੇ ਖ਼ੁਸ਼ੀਆਂ ਚਾਵਾਂ ਦੀ ਕੀ ਲੋੜ (ਪੰਨਾ-48)

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜੋਕੇ ਮਨੁੱਖ ਦੀਆਂ ਲਾਲਸਾਵਾਂ ਵਧ ਗਈਆਂ ਹਨ। ਇਸ ਵਰਤਾਰੇ ਕਰ ਕੇ ਹੀ ਉਹ ਹਵਾ, ਪਾਣੀ, ਧਰਤੀ ਦੇ ਕੁਦਰਤੀਪਣ ਨੂੰ ਵਿਗਾੜ ਰਿਹਾ ਹੈ। ਵਾਤਾਵਰਣ ਪਲੀਤ ਕਰ ਰਿਹਾ ਹੈ। ਕਵੀ ਦਾ ਅਨੁਮਾਨ ਹੈ ਕਿ ਜੇਕਰ ਅਜਿਹਾ ਹੀ ਵਰਤਾਰਾ ਜਾਰੀ ਰਿਹਾ ਤਾਂ ਇਕ ਦਿਨ ਸਭ ਕੁਝ ਖ਼ਤਮ ਹੋ ਸਕਦਾ ਹੈ। ਪਰਲੋ ਵੀ ਆ ਸਕਦੀ ਹੈ। ਕਿਉਂ ਜੋ ਮਨੁੱਖ ਕੁਦਰਤ ਦੀਆਂ ਦਾਤਾਂ ਦੀ ਕਦਰ ਨਹੀਂ ਕਰ ਰਿਹਾ। ਮਨੁੱਖ ਰੁੱਖ ਵੱਢ ਰਿਹਾ ਹੈ, ਜੰਗਲ ਉਜਾੜ ਰਿਹਾ ਹੈ, ਜਿਸ ਨਾਲ ਜੀਵ-ਜੰਤੂਆਂ, ਪਸ਼ੂ-ਪੰਛੀਆਂ ਦੀਆਂ ਅਨੇਕਾਂ ਪ੍ਰਜਾਤੀਆਂ ਖ਼ਤਮ ਹੋ ਰਹੀਆਂ ਹਨ। ਬਿਰਖਾਂ ਦੀ ਅਣਹੋਂਦ ਕਾਰਨ ਵਾਤਾਵਰਣ 'ਚ ਕਈ ਕਿਸਮ ਦੀਆਂ ਮਾਰੂ ਤਬਦੀਲੀਆਂ ਆ ਰਹੀਆਂ ਹਨ। ਕਵੀ ਚਾਹੁੰਦਾ ਹੈ ਕਿ ਕੁਦਰਤ ਦੀ ਰੱਖਿਆ ਕਰਨ ਦੇ ਨਾਲ ਹੀ ਮਨੁੱਖ ਸੁਰੱਖਿਅਤ ਹੋ ਸਕਦਾ ਹੈ। ਕੁਦਰਤ ਨੇ ਮਨੁੱਖ ਨੂੰ ਅਨੇਕਾਂ ਦਾਤਾਂ ਤੇ ਸੁਗ਼ਾਤਾਂ ਬਖ਼ਸ਼ੀਆਂ ਨੇ, ਫੇਰ ਵੀ ਮਨੁੱਖ ਨਾਸ਼ੁਕਰਾ ਹੈ। ਕਵੀ ਦਾ ਬੰਦੇ ਨੂੰ ਨਿਵੇਦਨ ਹੈ ਕਿ ਬੰਦਾ ਕੁਦਰਤ ਦੀ ਗੋਦ 'ਚ ਰਹੇ ਤੇ ਅਨੰਦ ਮਾਣੇ। ਕੁਦਰਤ ਨਾਲ ਸੁਰ-ਤਾਲ ਬਣਾਵੇ :

ਕੁਦਰਤ ਸਭ ਨੂੰ ਮੁੱਠੀ-ਮੁੱਠੀ ਵੰਡਦੀ ਹੈ ਅੰਬਰ ਦਾ ਟੁਕੜਾ
ਅਕਲਾਂ ਬਾਝੋਂ ਪਰ ਇਹ ਵਿਰਲੇ-ਟਾਵੇਂ ਨੂੰ ਫ਼ਲ਼ਦਾ ਹੁੰਦੈ
(ਪੰਨਾ-60)

ਪਾਣੀ ਦੀ ਅਰਥੀ ਨੂੰ ਚੁੱਕੀ, ਲੋਕੀਂ ਮੜੀਆਂ ਵੰਨੀ ਜਾਵਣ
ਮੁੜ ਨਾ ਲੱਭੇਗਾ ਫਿਰ 'ਸ਼ੈਦਾ', ਨਾ ਹੰਝੂ ਨਾ ਹਾਸਾ ਪਾਣੀ
(ਪੰਨਾ-76)

ਵਰਤਮਾਨ ਦੌਰ ਦਾ ਕਵੀ ਨੇ ਮਾਰਮਿਕ ਵਿਸ਼ਲੇਸ਼ਣ ਕੀਤਾ ਹੈ। ਉਸ ਦੇ ਸਮੁੱਚੇ ਕਾਵਿ 'ਚ ਨਵ-ਨਿਰਮਾਣ ਦਾ ਹੋਕਾ ਹੈ। ਉਹ ਮੱਸਿਆ ਦੇ ਹਨੇਰਿਆਂ ਨੂੰ ਏਕਮ ਦਾ ਹੋਕਾ ਦੇਣ ਵਾਲਾ ਗ਼ਜ਼ਲਕਾਰ ਹੈ। ਜੇਕਰ ਕਵੀ ਦੇ ਹੋਕੇ ਨੂੰ ਨਾ ਸਮਝਿਆ ਗਿਆ ਤਾਂ ਅਜੋਕੇ ਦੌਰ ਦੀ ਸੱਤਾ, ਪੱਛਮੀ ਸਭਿਅਤਾ ਉਸ ਨੂੰ ਨਿਗਲ ਲਵੇਗੀ। ਕਵੀ ਇਸ ਪ੍ਰਸਥਿਤੀ ਸੰਬੰਧੀ ਚਿੰਤਨ ਪੇਸ਼ ਕਰਦਾ ਹੈ ਤੇ ਚੇਤਾਵਨੀ ਵੀ ਦਿੰਦਾ ਹੈ :

ਬਹੁਤ ਜ਼ਹਿਰੀਲੇ ਅਜਗਰ ਦੇ ਹਵਾਲੇ ਕਰ ਲਿਆ ਖ਼ੁਦ ਨੂੰ
ਅਸੀਂ ਪੀਜ਼ਾ ਤੇ ਬਰਗਰ ਦੇ ਹਵਾਲੇ ਕਰ ਲਿਆ ਖ਼ੁਦ ਨੂੰ
(ਪੰਨਾ-85)

ਕਵੀ ਦਾ ਵਧੇਰੇ ਜ਼ੋਰ ਇਹ ਹੈ ਕਿ ਮਨੁੱਖ ਆਪਣੀ ਹਵਸ, ਲਾਲਚ ਤੇ ਲਾਲਸਾ ਨੂੰ ਕੰਟਰੋਲ ਕਰੇ, ਆਪਣੇ ਅੰਦਰ ਮਮਤਾ ਤੇ ਸਮਤਾ ਵਾਲੀ ਦ੍ਰਿਸ਼ਟੀ ਲੈ ਕੇ ਆਵੇ। ਕਵੀ ਜਦੋਂ ਘਰੋਂ ਸੰਜੀਵਨੀ ਬੂਟੀ ਲੱਭਦਾ ਹੈ, ਤਦ ਲਗਦੈ ਉਸ 'ਤੇ ਸੂਫ਼ੀ ਮੱਤ ਦਾ ਪ੍ਰਭਾਵ ਹੈ। ਜਦੋਂ ਮਨ 'ਚ ਸੁਰਗ ਦਾ ਬਗ਼ੀਚਾ ਦੇਖਦਾ ਹੈ, ਤਦ ਪਾਠਕ ਨੂੰ ਖ਼ਲੀਲ ਜਿਬਰਾਨ ਦਾ ਪੈਗ਼ੰਬਰ ਦਾ ਬਗ਼ੀਚਾ ਯਾਦ ਆਉਂਦਾ ਹੈ। ਕਵੀ ਦੇ ਚੇਤਨ-ਅਵਚੇਤਨ 'ਚ ਗੁਰੂ ਤੇਗ਼ ਬਹਾਦਰ ਜੀ ਦੀ ਫ਼ਿਲਾਸਫ਼ੀ ਹੈ, ਜਦੋਂ ਉਹ ਲਿਖਦਾ ਹੈ ਕਿ 'ਡਰੋ ਨ ਖ਼ੁਦ ਹੀ, ਤੇ ਡਰਾਓ ਨਾ ਕਿਸੇ ਨੂੰ ਵੀ'। ਮਹਾਤਮਾ ਬੁੱਧ, ਗੁਰੂ ਨਾਨਕ ਦੇਵ ਉਸ ਦੀਆਂ ਸਿਮਰਤੀਆਂ 'ਚ ਵਸੇ ਹੋਏ ਹਨ। ਉਹ ਬਹੁ-ਪੱਖੀ ਚਿੰਤਨ ਨਾਲ ਸਤਯੁੱਗ ਲਿਆਉਣਾ ਚਾਹੁੰਦਾ ਹੈ :

ਛਿਣ ਜੋ ਅੱਜ ਨੇ ਨਾਲ਼ ਤੁਹਾਡੇ, 'ਸ਼ੈਦਾ' ਉਹਨਾਂ ਨੂੰ ਹੀ ਮਾਣੋਂ
(ਪੰਨਾ-58)

ਅੰਬਰੀਂ ਇਕ ਥਾਲ; ਤਾਰੇ, ਚੰਨ, ਸੂਰਜ ਦੀਵੜੇ
ਹੋ ਰਹੀ ਹੈ ਆਰਤੀ, ਪ੍ਰਤੱਖ ਨੂੰ ਪ੍ਰਮਾਣ ਕੀ
(ਪੰਨਾ-73)

**ਮੋਬਾਇਲ : 96462-20277)**

ਸਫ਼ਾ 3 ਦੀ ਬਾਕੀ

## ਪੰਜਾਬ ਅਤੇ ਪੰਜਾਬੀਅਤ ਦਾ ਇਤਿਹਾਸਕ ਦਸਤਾਵੇਜ਼ ...

ਖੋਜ ਮਜ਼ਮੂਨ ਪੰਜਾਬ ਦੀ ਸਮਾਜਕ, ਸੱਭਿਆਚਾਰਕ ਬਣਤਰ ਇਸ ਬਣਤਰ ਦੇ ਇਤਿਹਾਸਕ ਪਿਛੋਕੜ ਅਤੇ ਇਸ ਦੀ ਅਮੀਰ ਸੱਭਿਆਚਾਰਕ ਵਿਰਾਸਤ ਦੀ ਖੋਜ ਨਾਲ ਸੰਬੰਧਤ ਹਨ।

ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਨੂੰ ਵਿਸ਼ੇਸ਼ ਖਿੱਤਾ ਬਣਾਉਣ ਵਿਚ ਇਸ ਧਰਤੀ ਉਪਰ ਵਹਿੰਦੇ ਦਰਿਆਵਾਂ ਦਾ ਵਿਸ਼ੇਸ਼ ਦਖ਼ਲ ਹੈ। ਸਿੰਧ ਅਤੇ ਯਮਨਾ ਇਸ ਦੀਆਂ ਪੱਛਮੀ ਅਤੇ ਪੂਰਬੀ ਸੀਮਾਵਾਂ ਨਿਸ਼ਚਿਤ ਕਰਦੇ ਹਨ ਅਤੇ ਵਿਚਕਾਰ ਵਗਦੇ ਪੰਜ ਦਰਿਆ ਇਸ ਜ਼ਰਖ਼ੇਜ਼ ਅਤੇ ਸੁਰੀਲੀ ਧਰਤੀ ਨੂੰ ਪੰਚਨੰਦ ਦੇ ਨਾਂਅ ਤਹਿਤ ਇਸ ਧਰਤੀ ਦੇ ਸੱਭਿਆਚਾਰਕ ਅਤੇ ਸੰਸਕ੍ਰਿਤਕ ਮੁਹਾਂਦਰੇ ਨੂੰ ਧੀਮੀ ਚਾਲ ਘੜਦੇ ਰਹਿੰਦੇ ਹਨ। ਦਰਿਆਵਾਂ ਦੇ ਵਹਿਣ ਕਾਰਨ ਬਣਦੇ ਦੁਆਬੇ ਜਿੱਥੇ ਪੰਜਾਬ ਦੀਆਂ ਭਾਸ਼ਾਈ ਵਿਲੱਖਣਤਾਵਾਂ ਅਤੇ ਵਿਭਿੰਨ ਉਪਭਾਸ਼ਾਈ ਵੰਨਗੀਆਂ ਪੈਦਾ ਕਰਦੇ ਹਨ, ਉਥੇ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਨੂੰ ਘੜਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਡਾ. ਜਸਵਿੰਦਰ ਸਿੰਘ ਦੇ ਅਨੁਸਾਰ, 'ਭਿਆਨਕ ਯੁੱਧ ਵੀ ਇਨ੍ਹਾਂ ਦਰਿਆਵਾਂ ਦੇ ਕਿਨਾਰੇ ਵਿਸ਼ੇਸ਼ ਪੱਤਣਾਂ 'ਤੇ ਹੀ ਲੜੇ ਜਾਂਦੇ ਰਹੇ ਹਨ। ਇਨ੍ਹਾਂ ਦਰਿਆਵਾਂ ਦੇ ਕਿਨਾਰੇ ਹੀ ਆਦਿਮ ਕਾਲ ਤੋਂ ਮਨੁੱਖ ਵਸਦਾ/ਉਜੜਦਾ ਰਿਹਾ ਹੈ। ਆਦਿਮ ਸੱਭਿਆਚਾਰ ਵਿਚ ਮਨੁੱਖ ਦੀਆਂ ਮੂਲ ਮਾਨਵੀ ਲੋੜਾਂ ਵਿਚ ਪਾਣੀ ਅਤੇ ਕੁਦਰਤੀ ਭੋਜਨ ਦੋਵੇਂ ਹੀ ਇਨ੍ਹਾਂ ਦਰਿਆਈ ਨਿਆਮਤਾਂ ਕਾਰਨ ਸੌਖਿਆਂ ਹੀ ਪ੍ਰਾਪਤ ਹੋ ਸਕੇ, ਫਲਸਰੂਪ ਮਨੁੱਖ ਪਹਿਲਾਂ ਇਨ੍ਹਾਂ ਕਿਨਾਰੇ ਹੀ ਵੱਸਿਆ। ਇਨ੍ਹਾਂ ਦੇ ਥਰੇ ਵਹਿਣਾਂ/ਰੋਹੜਾਂ, ਕਰੋਪੀਆਂ ਨੇ ਪੰਜਾਬੀ ਸ਼ਖ਼ਸੀਅਤ ਸਿਰਜਣ ਵਿਚ ਚਿਰੰਜੀਵੀ ਅਤੇ ਅਸਾਧਾਰਨ ਯੋਗਦਾਨ ਪਾਇਆ ਹੈ। ਪਾਣੀਆਂ ਤੋਂ ਨਹਿਰਾਂ ਕੱਢਣ ਨਾਲ ਸਿੰਚਾਈ ਅਤੇ ਬੰਨ੍ਹ ਬਣਾ ਕੇ ਬਿਜਲੀ ਨੇ ਖੇਤੀ ਦੀ ਪੈਦਾਵਾਰ ਦੇ ਨਾਲ ਸਮੁੱਚੀ ਆਰਥਿਕ ਸੱਭਿਆਚਾਰਕ ਤਰੱਕੀ ਵਿਚ ਕੇਂਦਰੀ ਰੋਲ ਨਿਭਾਇਆ ਹੈ।'

ਸੱਭਿਆਚਾਰ ਦੇ ਹਵਾਲੇ ਨਾਲ ਇਸ ਪੁਸਤਕ 'ਚੋਂ ਕੇਂਦਰੀ ਸੁਰ ਇਹ ਉੱਭਰਦੀ ਹੈ ਕਿ ਨਾਬਰੀ ਪੰਜਾਬੀ ਸੱਭਿਆਚਾਰ ਦਾ ਵਿਸ਼ੇਸ਼ ਲੱਛਣ ਹੈ। ਪੰਜਾਬੀ ਸੱਭਿਆਚਾਰ ਵਿਚ ਨਾਬਰੀ ਦਾ ਤੱਤ ਵੀ ਇੱਥੋਂ ਦੇ ਦਰਿਆਵਾਂ ਦੇ ਮੂੰਹ-ਜ਼ੋਰ ਵਹਾਅ ਵਿੱਚੋਂ ਹੀ ਆਇਆ ਪ੍ਰਤੀਤ ਹੁੰਦਾ ਹੈ। ਭਾਰਤ ਦੇ ਦੂਸਰੇ ਖਿੱਤਿਆਂ ਦੇ ਮੁਕਾਬਲਤਨ ਪੰਜਾਬ ਕਦੇ ਵੀ ਟਿਕਟਿਕਾ ਅਤੇ ਸ਼ਾਂਤੀ ਵਾਲਾ ਖਿੱਤਾ ਨਹੀਂ ਰਿਹਾ। ਪੱਛਮ ਵਾਲੇ ਪਾਸੇ ਤੋਂ ਆਉਣ ਵਾਲੇ ਹਮਲਾਵਰ ਪੰਜਾਬ ਦੇ ਰਸਤੇ ਹੀ ਭਾਰਤ ਵਿਚ ਪ੍ਰਵੇਸ਼ ਕਰਦੇ ਸਨ। ਇਸੇ ਕਰਕੇ ਹੀ ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਹਾ ਜਾਂਦਾ ਹੈ। ਪੰਜਾਬ ਵਿਚ ਹੁਣ ਕੁਸਾਣ, ਸਿਥੀਅਨ, ਸ਼ੱਕ, ਆਰੀਅਨ, ਯੂਨਾਨੀ, ਤੁਰਕ, ਪਠਾਨ, ਮੁਗਲਾਂ ਨੂੰ ਸਭ ਤੋਂ ਪਹਿਲਾਂ ਪੰਜਾਬ ਦੇ ਬਸ਼ਿੰਦਿਆਂ ਨਾਲ ਆਢਾ ਲੈਣਾ ਪਿਆ ਹੈ। ਇਸ ਲਈ ਪੰਜਾਬ ਪਹਿਲੀ ਰੁਕਾਵਟ ਹੋਣ ਕਰਕੇ ਬਾਗੀ ਅਤੇ ਵਿਰੋਧ ਕਰਨ ਦਾ ਆਦੀ ਸੀ।

ਇਸ ਪੁਸਤਕ ਦੇ ਹਵਾਲੇ ਦਰਸਾਉਂਦੇ ਹਨ ਕਿ ਜ਼ੁਲਮ ਦੇ ਖ਼ਿਲਾਫ ਡਟ ਕੇ ਖੜ੍ਹ ਜਾਣਾ ਪੰਜਾਬੀ ਸੱਭਿਆਚਾਰ ਅਤੇ ਸੁਭਾਅ ਦੀ ਇਕ ਵਿਸ਼ੇਸ਼ ਕਦਰ ਬਣ ਚੁੱਕੀ ਹੈ। ਇਸ ਲਈ ਹੀ ਪੰਜਾਬ ਦਾ ਇਤਿਹਾਸ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਸ਼ਹੀਦੀ ਪੰਜਾਬੀ ਸੱਭਿਆਚਾਰ ਵਿਚ ਵਿਸ਼ੇਸ਼ ਅਤੇ ਉੱਚਾ ਦਰਜਾ ਰੱਖਦੀ ਹੈ।

ਪੰਜਾਬੀ ਸੱਭਿਆਚਾਰ ਵਿਚ ਮੇਲ-ਮਿਲਾਪ, ਮਿਲਣ-ਵਿਛੜਨ, ਖਾਧ-ਖੁਰਾਕ ਅਤੇ ਕਿਰਤ-ਕਮਾਈ ਵਰਗੀਆਂ ਕਦਰਾਂ ਦਾ ਵਿਸ਼ੇਸ਼ ਮਹੱਤਵ ਹੈ। ਪੰਜਾਬ ਦੇ ਦਰਿਆਵਾਂ ਦੇ ਪੱਤਣ ਆਵਾਜਾਈ ਦਾ ਮੁੱਖ ਵਸੀਲਾ/ਮਾਰਗ ਬਣਦੇ ਰਹੇ ਹਨ। ਇਹ ਮੁਹੱਬਤੀ ਮੇਲ਼ ਅਤੇ ਵਿਛੋੜੇ ਦਾ ਸਬੱਬ ਵੀ ਬਣਦੇ ਰਹੇ ਹਨ। ਇਹੀ ਪੱਤਣ ਕਿਰਤ ਕਰਨ, ਲੜਨ, ਹਮਲਾ ਕਰਨ, ਹਮਲਾ ਰੋਕਣ ਦੇ ਅਹਿਮ ਮੌਕਿਆਂ ਦੇ ਸਿਰਜਕ, ਗਵਾਹ ਅਥਵਾ ਸੰਦੇਸ਼ ਵਾਹਕ ਰਹੇ ਹਨ।

ਪੰਜਾਬੀ ਸੱਭਿਆਚਾਰ ਅਤੇ ਲੋਕਧਾਰਾ ਨੂੰ ਘੜਨ ਵਿਚ ਦਰਿਆਵਾਂ ਦੇ ਨਾਲ ਇੱਥੋਂ ਦੇ ਮੌਸਮ ਅਤੇ ਜਲਵਾਯੂ ਦਾ ਵੀ ਵਿਸ਼ੇਸ਼ ਦਖਲ ਹੈ। ਸਪਤ ਸਿੰਧੂ ਦੀ ਧਰਤੀ ਦੇ ਬਸ਼ਿੰਦਿਆਂ ਦੇ ਸੁਚੱਜੇ ਖਾਣ-ਪੀਣ, ਪਹਿਨਣ, ਵਸੇਬੇ ਅਤੇ ਸਰੀਰਕ ਬਣਤਰ ਨੂੰ ਇੱਥੋਂ ਦੀ ਭੂਗੋਲਿਕ ਸਥਿਤੀ ਅਤੇ ਜਲਵਾਯੂ ਦੇ ਨਿਖੜਨਵੇਂ ਪੱਖਾਂ ਤੋਂ ਬਿਨਾਂ ਨਾ ਨਿਖੇੜਿਆ ਜਾ ਸਕਦਾ ਹੈ, ਨਾ ਹੀ ਇਸ ਦੇ ਸਹੀ ਸਰੂਪ ਨੂੰ ਸਥਾਪਤ ਕੀਤਾ ਜਾ ਸਕਦਾ ਹੈ।

ਸਪਤ ਸਿੰਧੂ ਪੰਜਾਬ ਪੁਸਤਕ ਦੇ ਇਸੇ ਭਾਗ ਵਿਚ ਇਕ ਮਹੱਤਵਪੂਰਨ ਖੋਜ ਪੇਪਰ ਸਵ. ਡਾ. ਰਵਿੰਦਰ ਸਿੰਘ ਰਵੀ ਦਾ ਹੈ। ਇਹ ਨਿਬੰਧ ਪੰਜਾਬ ਦੀ ਭਾਰਤੀ ਸੱਭਿਆਚਾਰ ਨੂੰ ਦੇਣ ਦੇ ਮਹੱਤਵਪੂਰਨ ਸੂਤਰਾਂ ਨਾਲ ਜੁੜਿਆ ਹੋਇਆ ਹੈ। ਡਾ. ਰਵੀ ਪੰਜਾਬੀ ਸੱਭਿਆਚਾਰ ਦੀਆਂ ਬੜੀਆਂ ਬਾਰੀਕ, ਸੂਖ਼ਮ ਅਤੇ ਇਤਿਹਾਸਕ ਚੇਤਨਾ ਵਾਲੀਆਂ ਪਰਤਾਂ ਨੂੰ ਉਜਾਗਰ ਕਰਦਾ ਹੈ, ਜਿਨ੍ਹਾਂ ਦਾ ਭਾਰਤੀ ਸਨਾਤਨੀ ਪਰੰਪਰਾ ਦੇ ਪ੍ਰਸੰਗ ਵਿਚ ਦਾਰਸ਼ਨਿਕ ਅਤੇ ਸਿਧਾਂਤਕ ਮਹੱਤਵ ਹੈ। ਅਕਸਰ ਪੰਜਾਬੀ ਸੱਭਿਆਚਾਰ ਨੂੰ ਸਾਂਝਾ ਜਾਂ ਸੰਯੁਕਤ ਸੱਭਿਆਚਾਰ ਇਸ ਕਰਕੇ ਕਹਿ ਲਿਆ ਜਾਂਦਾ ਹੈ, ਕਿਉਂਕਿ ਇਸ ਧਰਤੀ 'ਤੇ ਬਹੁਤ ਸਾਰੀਆਂ ਨਸਲਾਂ, ਕੌਮਾਂ ਜਾਂ ਜਾਤੀਆਂ ਦਾ ਵਸੇਬਾ ਰਿਹਾ ਹੈ, ਪਰ ਡਾ. ਰਵੀ ਤਰਕ ਦੇ ਆਧਾਰ 'ਤੇ ਇਸ ਸਾਂਝੇ ਜਾਂ ਸੰਯੁਕਤ ਸੱਭਿਆਚਾਰ ਦੇ ਸੰਕਲਪ ਨੂੰ ਖਾਰਜ ਕਰਦਾ ਹੈ।

ਡਾ. ਰਵੀ ਨੇ ਆਪਣੇ ਮਜ਼ਮੂਨ ਵਿਚ ਭਾਰਤੀ ਸੱਭਿਅਤਾ ਦਾ ਮੂਲ ਉਦਗਮ ਸਥਲ ਪੰਜਾਬ ਦੀ ਧਰਤੀ ਨੂੰ ਹੀ ਮੰਨਿਆ ਹੈ। ਉਹਨਾਂ ਅਨੁਸਾਰ ਭਾਰਤੀ ਸੱਭਿਅਤਾ ਵਿਚ ਦ੍ਰਾਵਿੜੀ ਅਤੇ ਆਰਿਆਈ ਸੱਭਿਆਚਾਰ ਦੋ ਪ੍ਰਮੁੱਖ ਅਤੇ ਭਾਰੂ ਧਾਰਾਵਾਂ ਹਨ। ਪੰਜਾਬੀ ਸੱਭਿਆਚਾਰ ਅਤੇ ਇਸ ਦੇ ਧਾਰਮਿਕ ਅਵਚੇਤਨੀ ਪ੍ਰੇਰਨਾਕਾਰਾਂ ਦੀ ਪਛਾਣ ਕਰਦਿਆਂ ਡਾ. ਰਵੀ ਨੇ ਇਸ ਨੂੰ ਆਰਿਆਈ ਸੱਭਿਆਚਾਰਕ ਸੁਭਾਅ ਦੇ ਅਤਿ ਨਜ਼ਦੀਕ ਮੰਨਿਆ ਹੈ ਅਤੇ ਭਾਰਤੀ ਸੱਭਿਆਚਾਰ ਨੂੰ ਦ੍ਰਾਵਿੜੀ ਲੋਕ ਚੇਤਨਾ ਦੇ ਨੇੜੇ ਵਿਚਰਦਾ ਸਵੀਕਾਰ ਕੀਤਾ ਹੈ। ਹਾਲਾਂਕਿ ਦ੍ਰਾਵਿੜੀਅਨ ਸੱਭਿਅਤਾ ਦਾ ਮੂਲ ਸਥਾਨ ਵੀ ਪ੍ਰਮੁੱਖ ਰੂਪ ਵਿਚ ਪੰਜਾਬ ਦੀ ਧਰਤੀ ਹੀ ਸੀ।

ਇਸ ਪੁਸਤਕ ਦੇ ਸੰਪਾਦਕਾਂ ਨੇ ਪੰਜਾਬ ਦੀ ਲੋਕਧਾਰਾ, ਇੱਥੋਂ ਦੇ ਰਸਮ-ਰਿਵਾਜ, ਪੁਰਾਣ ਕਥਾਵਾਂ ਅਤੇ ਅਨੁਸ਼ਠਾਨ ਸੰਬੰਧੀ ਤਿੰਨ ਮਹੱਤਵਪੂਰਨ ਨਿਬੰਧ ਸ਼ਾਮਲ ਕੀਤੇ ਹਨ। ਇਹ ਖੋਜ ਪੱਤਰ ਨਾ ਸਿਰਫ਼ ਪੰਜਾਬ ਦੇ ਲੋਕਾਂ ਦੀਆਂ ਰਹੁਰੀਤਾਂ ਅਤੇ ਇਹਨਾਂ ਦੇ ਉਤਪੰਨ ਹੋਣ ਦੇ ਇਤਿਹਾਸਕ ਤੱਥਾਂ ਦੀ ਪਛਾਣ ਕਰਦੇ ਹਨ, ਸਗੋਂ ਸੱਭਿਆਚਾਰਕ ਅਵਚੇਤਨ ਵਿਚ ਕੁਦਰਤ ਨਾਲ ਜੁੜੇ ਹੋਏ ਅਤੇ ਗ਼ੈਰ-ਕੁਦਰਤੀ ਮਹੌਲ ਵਿੱਚੋਂ ਸਿਰਜੇ ਗਏ ਵਹਿਮਾਂ-ਭਰਮਾਂ ਦੇ ਲੋਕਧਾਰਾਈ ਪਿਛੋਕੜ ਦੀ ਵੀ ਪਛਾਣ ਕਰਦੇ ਹਨ। ਮਿੱਥਾਂ ਜਾਂ ਪੁਰਾਣ ਕਥਾਵਾਂ ਉਹ ਆਰਕਾਈਵਜ਼ ਹਨ, ਜਿਨ੍ਹਾਂ ਰਾਹੀਂ ਆਦਿਕਾਲ ਦੇ ਮਨੁੱਖ ਦੀ ਸੋਚ, ਉਸ ਦੇ ਮਨੋਭਾਵ ਅਤੇ ਉਸ ਦੀ ਆਸਥਾ ਨੂੰ ਸਮਝਣ ਦਾ ਪ੍ਰਮਾਣਿਕ ਵਸੀਲਾ ਬਣਦੇ ਹਨ, ਕਿਉਂਕਿ ਇਨ੍ਹਾਂ ਰਾਹੀਂ ਅਸੀਂ ਵਿਸ਼ੇਸ਼ ਸਮਾਜ ਦੇ ਧਾਰਮਿਕ ਮੁੱਲਾਂ ਅਤੇ ਪ੍ਰਤੀਮਾਨਾਂ ਨੂੰ ਸਮਝ ਸਕਦੇ ਹਾਂ, ਜਿਹੜੇ ਉਸ ਜਾਤੀ ਦੀ ਜੀਵਨ-ਸ਼ੈਲੀ ਦਾ ਆਧਾਰ ਬਣੇ। ਇਹ ਗੱਲ ਸੱਚ ਹੈ ਕਿ ਹਰ ਸੱਭਿਆਚਾਰਕ ਰਹੁਰੀਤ, ਚਿਹਨ ਅਤੇ ਵਿਸ਼ਵਾਸ ਪ੍ਰਬੰਧ ਪਿੱਛੇ ਕੋਈ ਨਾ ਕੋਈ ਮਿੱਥ ਹੁੰਦੀ ਹੈ, ਜਿਹੜੀ ਇਸ ਦੇ ਤੱਥ ਦੀ ਵਿਆਖਿਆ ਪਰਾਭੌਤਿਕ ਦ੍ਰਿਸ਼ਟੀ ਤੋਂ ਕਰਦੀ ਹੈ, ਪਰ ਇਸ ਪੁਸਤਕ ਵਿਚ ਸ਼ਾਮਲ ਨਿਬੰਧਾਂ ਦੇ ਕਰਤਿਆਂ ਦੀ ਖ਼ੂਬਸੂਰਤੀ ਇਹ ਹੈ ਕਿ ਇਨ੍ਹਾਂ ਨੇ ਪੰਜਾਬ ਦੀ ਸੱਭਿਆਚਾਰਕ, ਦਾਰਸ਼ਨਿਕ ਵਿਰਾਸਤ ਦੇ ਰਹੱਸਾਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਨਿਰਖਿਆ-ਪਰਖਿਆ ਹੈ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਨੇ 'ਪੁਰਾਣ ਕਥਾਵਾਂ' ਨਿਬੰਧ ਵਿਚ ਪੰਜਾਬ ਦੀ ਧਰਤੀ ਨਾਲ ਜੁੜੀਆਂ ਹੋਈਆਂ ਅਨੇਕਾਂ ਪੁਰਾਣਕ ਕਥਾਵਾਂ ਦਾ ਜ਼ਿਕਰ ਕੀਤਾ ਹੈ, ਪਰ ਉਸ ਨੇ ਕਿਤੇ ਵੀ ਇਨ੍ਹਾਂ ਨੂੰ ਜਾਂ ਇਹਨਾਂ ਦੇ ਪਾਤਰਾਂ ਨੂੰ ਵਾਸਤਵਿਕ, ਯਥਾਰਥਕ ਜਾਂ ਇਤਿਹਾਸਕ ਮਾਨਤਾ ਦੇਣ ਦੀ ਬੌਧਿਕ ਹੁਸ਼ਿਆਰੀ ਨਹੀਂ ਕੀਤੀ ਹੈ।

ਪੰਜਾਬ ਦੀ ਧਰਤੀ ਨੇ ਸਿਰਫ਼ ਯੋਧਿਆਂ, ਸੂਰਬੀਰਾਂ ਅਤੇ ਕੁਰਬਾਨੀਆਂ ਕਰਨ ਵਾਲੇ ਮਹਾਨ ਮਨੁੱਖਾਂ ਦੀ ਸਿਰਜਣਾ ਹੀ ਨਹੀਂ ਕੀਤੀ, ਸਗੋਂ ਕਲਾ-ਕੌਸ਼ਲਤਾ, ਸਾਹਿਤ ਸਿਰਜਣਾ ਅਤੇ ਦਾਰਸ਼ਨਿਕ ਗਹਿਰਾਈਆਂ ਵਾਲੀ ਸੱਭਿਆਚਾਰਕ ਵਿਰਾਸਤ ਵੀ ਪੈਦਾ ਕੀਤੀ ਹੈ। ਇਸ ਧਰਤੀ ਦੀ ਕਲਾਤਮਿਕਤਾ ਸਿਰਫ਼ ਮਨੋਰੰਜਨ ਦੇ ਮਨੋਰਥ ਨਾਲ ਹੀ ਜੁੜੀ ਹੋਈ ਨਹੀਂ ਹੈ, ਸਗੋਂ ਇਸ ਵਿਚ ਪੰਜਾਬੀ ਸੱਭਿਆਚਾਰ ਅਤੇ ਲੋਕਧਾਰਾ ਦੀਆਂ ਸਿਰਜਣਾਵਾਂ ਦੇ ਨਾਲ਼-ਨਾਲ਼ ਇੱਥੋਂ ਦੀ ਭੂਗੋਲਿਕ, ਪ੍ਰਕ੍ਰਿਤਕ, ਇਤਿਹਾਸਕ, ਸਮਾਜਿਕ, ਆਰਥਿਕ, ਰਾਜਨੀਤਕ ਅਤੇ ਲੋਕ ਮਾਨਸ ਦੀਆਂ ਗਹਿਰ-ਗੰਭੀਰ ਡੂੰਘਾਣਾਂ ਦੀ ਤਰਜਮਾਨੀ ਵੀ ਹੋਈ ਹੈ। ਪੰਜਾਬ ਦੀ ਕਲਾ ਪਰੰਪਰਾ ਵਿੱਚੋਂ ਇਸ ਧਰਤੀ ਦੇ ਸਾਂਝੇ ਮੁੱਲਾਂ, ਆਦਰਸ਼ਾਂ, ਰੀਤੀਆਂ ਤੇ ਮਾਨਤਾਵਾਂ ਦੇ ਜ਼ਰੀਏ ਸਮੂਹ ਪੰਜਾਬੀਅਤ ਦੇ ਸੁਭਾਅ ਅਤੇ ਸਰੂਪ ਦੀ ਸ਼ਨਾਖਤ ਵੀ ਕੀਤੀ ਜਾ ਸਕਦੀ ਹੈ। ਇਸ ਪੁਸਤਕ ਦੇ ਚੌਥੇ ਅਤੇ ਸਭ ਤੋਂ ਵੱਡੇ ਭਾਗ ਵਿੱਚੋਂ ਪੰਜਾਬ ਦੀ ਕਲਾ ਅਤੇ ਲੋਕਧਾਰਾਈ ਵੰਨਗੀਆਂ ਨੂੰ ਵਿਸਤ੍ਰਿਤ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਭਾਗ ਵਿਚ ਵੱਖ-ਵੱਖ ਵਿਸ਼ਾ ਮਾਹਰਾਂ ਦੇ ਗਿਆਰਾਂ ਖੋਜ ਪੇਪਰ ਸ਼ਾਮਲ ਹਨ।

ਸਪਤ ਸਿੰਧੂ ਪੰਜਾਬ ਦੇ ਇਸ ਚੌਥੇ ਭਾਗ ਵਿਚ ਪੰਜਾਬ ਦੀਆਂ ਸੂਖ਼ਮ ਕਲਾਵਾਂ, ਗੀਤ-ਸੰਗੀਤ, ਗਹਿਣੇ, ਖੇਡਾਂ, ਪੰਜਾਬ ਦੇ ਵਿਭਿੰਨ ਲੋਕ ਨਾਚਾਂ, ਲੋਕ ਹੁਨਰਾਂ ਜਿਸ ਵਿਚ ਸਿਲਾਈ-ਕਢਾਈ ਨਾਲ ਜੁੜੇ ਹੋਏ ਧੰਦੇ ਲੋਕ ਵਿਰਸੇ ਦੀ ਬਾਤ ਪਾਉਂਦੇ ਹਨ। ਪੰਜਾਬ ਦੇ ਲੋਕਗੀਤਾਂ ਬਾਰੇ ਦਵਿੰਦਰ ਸਤਿਆਰਥੀ, ਪੰਜਾਬ ਦੇ ਮੇਲੇ-ਤਿਉਹਾਰ (ਗੁਰਦਿੱਤ ਸਿੰਘ ਗਿਆਨੀ), ਪੰਜਾਬ ਦੇ ਕੰਧ ਚਿੱਤਰ (ਕੰਵਰਜੀਤ ਸਿੰਘ ਕੰਗ), ਕਾਂਗੜੇ ਦੀ ਚਿੱਤਰ ਕਲਾ (ਮਹਿੰਦਰ ਸਿੰਘ ਰੰਧਾਵਾ), ਪੰਜਾਬ ਦੀਆਂ ਖੇਡਾਂ (ਸੁਜਾਨ ਸਿੰਘ), ਪੰਜਾਬ ਦੇ ਹਾਰ-ਸ਼ਿੰਗਾਰ ਤੇ ਪਹਿਰਾਵਾ (ਗੁਲਜ਼ਾਰ ਸਿੰਘ ਸੰਧੂ), ਪੰਜਾਬ ਦੇ ਗਹਿਣੇ (ਦਲਜੀਤ ਸਿੰਘ), ਢੋਲ ਅਤੇ ਨਾਚ (ਡਾ. ਨਾਹਰ ਸਿੰਘ), ਪੰਜਾਬੀ ਸਿਨੇਮਾ (ਹਰਜੀਤ ਸਿੰਘ ਡਾ.), ਬਾਗ਼ ਤੇ ਫੁਲਕਾਰੀ ਦੀ ਰੂਹ : ਖੱਦਰ (ਡਾ. ਤੇਜਿੰਦਰ ਕੌਰ) ਅਤੇ ਤ੍ਰਿੰਜਣ ਬਾਰੇ (ਰੂਪਸੀ ਗਰਗ) ਦੇ ਨਿਬੰਧ ਸ਼ਾਮਲ ਹਨ। ਇਹ ਸਾਰੇ ਹੀ ਨਿਬੰਧ ਪੰਜਾਬ ਦੀ ਕਲਾਤਮਕ ਵਿਰਾਸਤ ਬਾਰੇ ਵਿਹਾਰਕ ਅਤੇ ਸਿਧਾਂਤਕ ਜਾਣਕਾਰੀ ਦਿੰਦੇ ਹਨ। ਇਹਨਾਂ ਲੇਖਕਾਂ ਦੀ ਪ੍ਰਾਪਤੀ ਇਹ ਹੈ ਕਿ ਇਹ ਪੰਜਾਬ ਦੀ ਕਲਾ ਪਰੰਪਰਾ ਦੇ ਪਿਛੋਕੜ ਵਿਚ ਕਾਰਜਸ਼ੀਲ ਸਮਾਜਿਕ, ਸੱਭਿਆਚਾਰਕ ਅਤੇ ਰਾਜਸੀ ਤੱਥਾਂ ਦੀ ਤਾਂ ਸ਼ਨਾਖਤ ਕਰਦੇ ਹੀ ਹਨ, ਇਸ ਦੇ ਨਾਲ ਹੀ ਇਸ ਕਲਾ ਨੂੰ ਪੈਦਾ ਕਰਨ ਵਿਚ ਪੰਜਾਬ ਦੇ ਦਰਿਆਵਾਂ, ਬੇਲਿਆਂ, ਜੰਗਲਾਂ ਅਤੇ ਪੌਣ-ਪਾਣੀ ਜਿਹੇ ਪ੍ਰੇਰਨਾਕਾਰਾਂ ਦੀ ਨਿਸ਼ਾਨਦੇਹੀ ਵੀ ਕਰਦੇ ਹਨ।

ਇਸ ਪੁਸਤਕ ਦਾ ਪੰਜਵਾਂ ਭਾਗ ਜਿੱਥੇ ਪੰਜਾਬ ਦੀ ਜਨਸੰਖਿਆ ਅਤੇ ਇਸ ਦੀ ਡੈਮੋਗ੍ਰਾਫਿਕ ਪੜ੍ਹਤ ਤਿਆਰ ਕਰਦਾ ਹੈ, ਉਥੇ ਇਸ ਜਨਸੰਖਿਆ ਵਿਚ ਉੱਭਰਦੀ ਕੌਮੀ ਅਤੇ ਰਾਜਸੀ ਚੇਤਨਾ ਦੇ ਨਾਲ-ਨਾਲ ਇਸ ਚੇਤਨਾ ਦੇ ਨਤੀਜੇ ਵਜੋਂ ਇਸ ਖਿੱਤੇ ਵਿੱਚੋਂ ਉੱਭਰਦੀਆਂ ਵੱਖ-ਵੱਖ ਧਾਰਮਿਕ ਅਤੇ ਰਾਜਸੀ ਲਹਿਰਾਂ ਦੇ ਇਤਿਹਾਸਕ ਪਿਛੋਕੜ ਦੀ ਪਛਾਣ ਵੀ ਕੀਤੀ ਗਈ ਹੈ। ਪੰਜਾਬ ਦੀ ਜਨਸੰਖਿਆ ਬਾਰੇ (ਡਾ. ਗੋਪਾਲ ਕ੍ਰਿਸ਼ਨ), ਪਗੜੀ ਸੰਭਾਲ ਜੱਟਾ ਲਹਿਰ ਬਾਰੇ (ਹਰੀਸ਼ ਜੈਨ), ਗਦਰ ਲਹਿਰ ਦਾ ਨਿਰਮਾਣ (ਹਰੀਸ਼ ਕੇ. ਪੁਰੀ), ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿਚ ਪੰਜਾਬ ਦਾ ਯੋਗਦਾਨ ਬਾਰੇ (ਹਰੀਸ਼ ਸੀ. ਸ਼ਰਮਾ) ਦਾ ਨਿਬੰਧ ਸ਼ਾਮਲ ਹੈ। ਹਰੀਸ਼ ਜੈਨ ਦਾ ਖੋਜ ਭਰਪੂਰ ਲੇਖ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਹੜਾ ਪੰਜਾਬ ਵਿਚ ਪੈਦਾ ਹੋਈ ਕਿਸਾਨੀ ਲਹਿਰ ਦੇ ਇਤਿਹਾਸਕ ਰਾਜਸੀ ਅਤੇ ਆਰਥਿਕ ਕਾਰਨਾਂ ਦੀ ਸ਼ਨਾਖਤ ਤਾਂ ਕਰਦਾ ਹੀ ਹੈ, ਸਗੋਂ ਸਰਕਾਰਾਂ ਦੁਆਰਾ ਸਮੇਂ-ਸਮੇਂ ਬਣਾਏ ਐਕਟਾਂ ਅਤੇ ਜ਼ਮੀਨੀ ਸੁਧਾਰ ਦੇ ਨਾਂਅ 'ਤੇ ਸਰਕਾਰਾਂ ਵੱਲੋਂ ਚੱਲੀਆਂ ਗਈਆਂ ਕੂਟਨੀਤਕ ਚਾਲਾਂ ਦੀ ਪਛਾਣ ਵੀ ਕਰਦਾ ਹੈ। ਇਹ ਨਿਬੰਧ ਸਥਾਪਤ ਕਰਦਾ ਹੈ ਕਿ ਬਾਂਕੇ ਦਿਆਲ ਦੁਆਰਾ ਸਿਰਜੇ ਇਸ ਗੀਤ ਵਿਚਲੇ ਸ਼ਸਕਤ ਸੰਦੇਸ਼ ਨੇ ਪੂਰੇ ਪੰਜਾਬ ਅਤੇ ਭਾਰਤ ਦੀ ਕਿਸਾਨੀ ਲਹਿਰ ਵਿਚ ਨਵੀਂ ਰੂਹ ਫੂਕ ਦਿੱਤੀ ਸੀ।

ਹਰੀਸ਼ ਕੇ. ਪੁਰੀ (ਡਾ.) ਦਾ ਨਿਬੰਧ ਗਦਰ ਲਹਿਰ ਦਾ ਇਤਿਹਾਸ ਅਤੇ ਪੰਜਾਬ ਦੁਆਰਾ ਆਜ਼ਾਦੀ ਦੇ ਸੰਘਰਸ਼ ਵਿੱਚ ਪਾਏ ਯੋਗਦਾਨ ਸੰਬੰਧੀ ਹਰੀਸ਼ ਸੀ. ਪੁਰੀ ਦਾ ਇਤਿਹਾਸਕ ਲੇਖ ਵੀ ਇਸ ਪੁਸਤਕ ਵਿਚ ਕਲਾਸਿਕ ਦਰਜਾ ਰੱਖਦੇ ਹਨ। ਡਾ. ਗੁਲਜ਼ਾਰ ਸੰਧੂ ਦਾ ਕਥਨ ਹੈ ਕਿ ਭਾਵੇਂ ਇਸ ਪੋਥੀ ਵਿਚ ਐੱਮ.ਐੱਸ. ਰੰਧਾਵਾ, ਦਵਿੰਦਰ ਸਤਿਆਰਥੀ, ਗੁਰਦਿੱਤ ਸਿੰਘ ਗਿਆਨੀ ਤੇ ਡਾ. ਜੇ.ਐੱਸ. ਗਰੇਵਾਲ ਵਰਗੇ ਮਹਾਂਰਥੀਆਂ ਦੇ ਉੱਤਮ ਲੇਖ ਵੀ ਹਨ, ਪਰ ਪੁਸਤਕ ਦਾ ਮੂਲ ਹਾਸਲ ਪਗੜੀ ਸੰਭਾਲ ਜੱਟਾਂ ਤੇ ਗਦਰ ਲਹਿਰ ਦਾ ਨਿਰਮਾਣ ਲੇਖਾਂ ਵਿਚ ਹੈ।

ਪੁਸਤਕ ਦੇ ਛੇਵੇਂ ਅਤੇ ਆਖਰੀ ਭਾਗ ਵਿਚ ਤਿੰਨ ਮਹੱਤਵਪੂਰਨ ਲੇਖ ਸ਼ਾਮਲ ਕੀਤੇ ਗਏ ਹਨ। ਪੰਜਾਬੀਅਤ : ਵਿਰਾਸਤ ਅਤੇ ਸਮਕਾਲੀ ਸ਼ਨਾਖਤ (ਡਾ. ਜਸਵਿੰਦਰ ਸਿੰਘ), ਪੰਜਾਬੀ ਸਾਹਿਤ ਦਾ ਇਤਿਹਾਸ (ਮੱਧਕਾਲ) ਰਤਨ ਸਿੰਘ ਜੱਗੀ, ਆਧੁਨਿਕ ਪੰਜਾਬੀ ਸਾਹਿਤ (ਡਾ. ਸੁਰਿੰਦਰ ਕੁਮਾਰ ਦਵੇਸ਼ਵਰ) ਦੁਆਰਾ ਲਿਖੇ ਗਏ ਹਨ। ਡਾ. ਜਸਵਿੰਦਰ ਸਿੰਘ ਦਾ ਨਿਬੰਧ ਪੰਜਾਬੀਅਤ ਦੀ ਇਤਿਹਾਸਕ ਵਿਕਾਸ ਰੇਖਾ ਦੇ ਨਾਲ਼-ਨਾਲ਼ ਇਸ ਦੀ ਸਹੀ, ਸੱਚੀ ਤੇ ਸਮੁੱਚੀ ਸ਼ਨਾਖਤ ਲਈ ਇਸ ਦੀ ਭੂਗੋਲਿਕ ਵੱਖਰਤਾ, ਨਿਆਰੇਪਣ, ਇਸ ਦੀ ਅਮੀਰ ਵਿਰਾਸਤ, ਮਾਨਵੀ ਤਸੀਰ, ਪੰਜਾਬੀਆਂ ਦੀ ਜੱਦੋਜਹਿਦ ਦੀਆਂ ਉਹਨਾਂ ਫੈਸਲਾਕੁਨ ਸਥਿਤੀਆਂ, ਤਰਤੀਬਾਂ ਤੇ ਤਰਜੀਹਾਂ ਦੀ ਪਛਾਣ ਕਰਦਾ ਹੈ, ਜਿਹਨਾਂ ਨੇ ਇਸ ਮਾਨਵੀ ਸੱਭਿਆਚਾਰ ਨੂੰ ਸਿਰਜਣ ਅਤੇ ਵਿਸਥਾਰਨ ਵਿਚ ਅਹਿਮ ਰੋਲ ਅਦਾ ਕੀਤਾ ਹੈ। ਇਸੇ ਤਰ੍ਹਾਂ ਡਾ. ਰਤਨ ਸਿੰਘ ਜੱਗੀ ਨੇ ਮੱਧਕਾਲੀ ਦੌਰ ਦੇ ਪੰਜਾਬ ਦੀਆਂ ਸਮਾਜਿਕ, ਰਾਜਸੀ ਅਤੇ ਧਾਰਮਿਕ ਪ੍ਰਸਥਿਤੀਆਂ ਨੂੰ ਇਸ ਵੇਲੇ ਦੇ ਸਾਹਿਤਕ ਪ੍ਰਵਚਨਾਂ ਜ਼ਰੀਏ ਸਮਝਣ ਦਾ ਯਤਨ ਕੀਤਾ ਹੈ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦਾ ਨਿਬੰਧ 'ਆਧੁਨਿਕ ਪੰਜਾਬੀ ਸਾਹਿਤ' 1849 ਤੋਂ ਪਿੱਛੋਂ ਦੇ ਸਮੇਂ ਵਿਚ ਪੰਜਾਬੀ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਨੂੰ ਪੈਦਾ ਕਰਨ ਵਾਲੀਆਂ ਵਿਸ਼ੇਸ਼ ਸਮਾਜਿਕ, ਆਰਥਿਕ ਸਥਿਤੀਆਂ ਅਤੇ ਆਧੁਨਿਕ ਦੌਰ ਵਿਚ ਪੈਦਾ ਹੋਈਆਂ ਸਮਾਜਿਕ, ਰਾਜਸੀ, ਧਾਰਮਿਕ ਲਹਿਰਾਂ ਦੇ ਨਤੀਜੇ ਵਜੋਂ ਪੈਦਾ ਹੋਈ ਸਾਹਿਤਕ ਪ੍ਰਵਚਨਾਂ ਦੀ ਵਿਕਾਸ ਰੇਖਾ ਉਲੀਕਣ ਦਾ ਯਤਨ ਕਰਦਾ ਹੈ।

ਸਪਤ ਸਿੰਧੂ ਪੰਜਾਬ ਪੁਸਤਕ ਦੇ ਸੰਪਾਦਕਾਂ ਲਈ ਪੰਜਾਬ, ਪੰਜਾਬੀਅਤ ਅਤੇ ਇਸ ਖਿੱਤੇ ਦੀ ਪੰਜ ਹਜ਼ਾਰ ਸਾਲ ਪੁਰਾਣੀ ਪਰੰਪਰਾ ਕਿਸੇ ਭਾਵੁਕਤਾ, ਸ਼ਰਧਾ ਜਾਂ ਰੁਮਾਂਚਕਤਾ ਦਾ ਮਸਲਾ ਨਹੀਂ, ਸਗੋਂ ਇਸ ਦੇ ਜੁਗੋ-ਜੁਗ ਨਿਰੰਤਰ ਵਹਿੰਦੇ ਦਰਿਆਵਾਂ, ਨਦੀਆਂ, ਪਹਾੜਾਂ ਅਤੇ ਮੈਦਾਨਾਂ ਵਾਲੀ ਜ਼ਰਖੇਜ਼ ਭੂਮੀ ਵਿਚ ਵਸਦੀ ਕਿਰਤੀ ਲੋਕਾਈ ਦੇ ਸੁਪਨਿਆਂ, ਆਸਾਂ, ਉਮੰਗਾਂ, ਸੰਘਰਸ਼ਾਂ ਅਤੇ ਅੰਤਰੀਵੀ ਮਨ ਦੀਆਂ ਤਰੰਗਾਂ ਨੂੰ ਤਰਕਪੂਰਨ ਢੰਗ ਨਾਲ ਫੜਨ ਦਾ ਨਿਵੇਕਲਾ ਯਤਨ ਹੈ। ਇਹ ਪੁਸਤਕ ਜਿੱਥੇ ਇਸ ਸੁਰੀਲੀ ਧਰਤੀ ਦੇ ਇਤਿਹਾਸਕ ਭੂਗੋਲ ਦੀ ਹਜ਼ਾਰਾਂ ਸਾਲ ਪੁਰਾਣੀ ਪਰੰਪਰਾ ਦੀ ਸ਼ਨਾਖ਼ਤ ਕਰਦੀ ਹੈ, ਉਥੇ ਇਸ ਦੇ ਸੱਭਿਆਚਾਰ, ਲੋਕਧਾਰਾ, ਕਲਾ ਪਰੰਪਰਾ, ਜਨਸੰਖਿਆ, ਵਿਭਿੰਨ ਧਾਰਮਿਕ, ਸਮਾਜਿਕ, ਰਾਜਸੀ ਲਹਿਰਾਂ ਅਤੇ ਇਸ ਧਰਤੀ ਦੀ ਦਾਰਸ਼ਨਿਕ ਪਰੰਪਰਾ ਨੂੰ ਤੱਥਗੱਤ ਰੂਪ ਵਿਚ ਪੇਸ਼ ਕਰਦੀ ਹੈ। ਕੁੱਲ ਮਿਲਾ ਕੇ ਸਪਤਸਿੰਧੂ ਪੰਜਾਬ ਇਕ ਪੜ੍ਹਨਯੋਗ, ਗੌਲਣਯੋਗ ਅਤੇ ਸਾਂਭਣਯੋਗ ਪੁਸਤਕ ਹੈ। ਇਹ ਪੰਜਾਬ ਅਤੇ ਪੰਜਾਬੀਅਤ ਬਾਰੇ ਸਮੱਗਰ ਸਮਝ ਪੈਦਾ ਕਰਨ ਵਾਲਾ ਮੁੱਲਵਾਨ ਖਜ਼ਾਨਾ ਅਤੇ ਇਤਿਹਾਸਕ ਦਸਤਾਵੇਜ਼ ਹੋਣ ਦਾ ਮਾਣ ਰੱਖਦੀ ਹੈ।

16-April-Sunday.qxd 4/15/2023 9:19 PM Page 2



## ਰੋਹੀ ਦਾ ਲਾਲ-2

# ਹਰਦੇਵ ਅਰਸ਼ੀ ਦੀਆਂ ਪਾਰਟੀ ਨਾਲ ਜੁੜੀਆਂ ਯਾਦਾਂ

**ਜਸਪਾਲ ਮਾਨਖੇੜਾ**



ਹਰਦੇਵ ਅਰਸ਼ੀ ਪਾਰਟੀ ਨਾਲ ਜੁੜੀਆਂ ਤਲਖ਼ ਹਕੀਕਤਾਂ ਦੇ ਨਾਲ ਇੱਥੋਂ ਮਿਲੀਆਂ ਪ੍ਰਾਪਤੀਆਂ 'ਤੇ ਵੀ ਮਾਣ ਕਰਦੇ ਨੇ। ਪਾਰਟੀ ਨੇ ਉਸ ਨੂੰ ਜੋ ਦਿੱਤਾ, ਜਿੰਨਾ ਮਾਣ-ਸਨਮਾਨ ਦਿਵਾਇਆ, ਫ਼ਖ਼ਰ ਨਾਲ ਬਿਆਨ ਕਰਦੇ ਹਨ। ਆਪਣੇ ਵੱਲੋਂ ਕੀਤੇ ਕੰਮਾਂ ਅਤੇ ਸਖ਼ਤ ਮਿਹਨਤ ਉੱਪਰ ਗਰਵ ਮਹਿਸੂਸ ਕਰਦੇ ਹਨ। ਉੱਥੇ ਨਾਲ ਦੀ ਨਾਲ ਜਾਣੇ-ਅਣਜਾਣੇ ਕੀਤੀਆਂ ਗ਼ਲਤੀਆਂ ਅਤੇ ਭੁੱਲਾਂ ਦੱਸਣ ਤੋਂ ਵੀ ਨਹੀਂ ਹਿਚਕਚਾਉਂਦੇ। ਉਹ ਦੱਸਦੇ ਹੁੰਦੇ ਨੇ, "ਪਾਰਟੀ ਵਿੱਚ ਆ ਕੇ ਮੈਂ ਗ਼ਲਤੀਆਂ ਵੀ ਕੀਤੀਆਂ। ਇੱਕ ਤਾਂ ਆਹ ਸੀ..."

ਗੱਲ 1964 ਦੀ ਐ। ਹਾਕਮ ਸਿੰਘ ਸਮਾਉਂ ਦੇ ਪਿਤਾ ਜੀ ਬਚਨ ਸਿੰਘ ਬੜੇ ਸੰਜੀਦਾ ਕਾਮਰੇਡ ਸਨ। ਹਾਕਮ ਸਿੰਘ ਸਮਾਉਂ ਬਾਰੇ ਬੜੇ ਸਤਿਕਾਰ ਵਾਲੇ ਭਰਾਤਰੀ ਭਾਵ ਨਾਲ ਜ਼ਿਕਰ ਕੀਤਾ ਸੀ ਕਾ. ਅਰਸ਼ੀ ਨੇ...।

"ਹਾਕਮ ਸਿੰਘ ਸਮਾਉਂ ਪੰਜਾਬ ਦੇ ਵੱਡੇ ਕੱਦ ਦੇ ਨਕਸਲੀ ਆਗੂ ਸਨ। ਹਾਕਮ ਕਾਲਜ ਦੇ ਦਿਨਾਂ ਵਿੱਚ ਹੀ ਪਾਰਟੀ ਦੇ ਸੰਪਰਕ ਵਿੱਚ ਆ ਗਿਆ ਸੀ। ਕਾਫ਼ੀ ਐਕਟਿਵ ਸੀ। (ਪਹਿਲੇ ਦਿਨੋਂ ਹੀ ਬੜਾ ਐਡਵੈਂਚਰਿਸਟ ਸੀ।) ਥੋੜ੍ਹਾ ਜਿਹਾ ਸਮਾਂ ਨਵਾਂ ਜ਼ਮਾਨਾ ਵਿੱਚ ਵੀ ਕੰਮ ਕੀਤਾ। ਜਦੋਂ ਸੀ.ਪੀ.ਐਮ. ਬਣੀ ਤਾਂ ਉਹ ਸੀ.ਪੀ.ਐਮ. ਵਿੱਚ ਚਲਾ ਗਿਆ। ਸੀ.ਪੀ.ਐਮ. ਵਿੱਚੋਂ ਜਦੋਂ ਨੈਕਸਲਾਈਟ ਵੱਖ ਹੋਏ, ਤਾਂ ਹਾਕਮ ਨਕਸਲੀਆਂ ਨਾਲ ਆ ਗਿਆ। ਲੰਮਾ ਸਮਾਂ ਵਾਰੰਟਿਡ ਰਿਹਾ। ਐਮਰਜੰਸੀ ਤੋਂ ਬਾਅਦ ਜਦੋਂ ਜਨਤਾ ਪਾਰਟੀ ਦੀ ਸਰਕਾਰ ਬਣੀ ਤਾਂ ਬਹੁਤ ਸਾਰੇ ਸਿਆਸੀ ਕੈਦੀਆਂ ਦੀਆਂ ਸਜ਼ਾਵਾਂ ਮਾਫ਼ ਕਰਕੇ ਰਿਹਾਅ ਕੀਤਾ ਗਿਆ। ਹਾਕਮ ਸਮਾਉਂ ਨੂੰ ਵੀ ਰਿਹਾਈ ਮਿਲ ਗਈ ਸੀ।

"ਹਾਕਮ ਸਿੰਘ ਸਮਾਉਂ ਦੇ ਪਿਤਾ ਜੀ ਬਚਨ ਸਿਉਂ ਨੇ ਇੱਕ ਦਿਨ ਦਫ਼ਤਰ ਵਿੱਚ ਆ ਕੇ ਕਾਮਰੇਡ ਬੂਟਾ ਸਿਉਂ ਨੂੰ ਕਿਹਾ ਸੀ, 'ਬੂਟਾ ਸਿਆਂ, ਸਾਡੇ ਪਿੰਡ ਸਮਾਵਾਂ ਦੇ ਲੋਕ ਬੜੇ ਉਤਾਵਲੇ ਨੇ ਕਿ ਇੱਥੇ ਜਲਸਾ ਤੇ ਡਰਾਮਾ ਕਰਾਇਆ ਜਾਵੇ। ਕੱਲ੍ਹ ਨੂੰ ਹੀ ਕਰ ਦਿਓ।'

"ਮੁੰਡੇ ਤਾਂ ਅਜੇ ਪੂਰੇ ਨਹੀਂ ਡਰਾਮੇ ਵਾਲੇ। ਫੇਰ ਵੀ ਜੇ ਤੁਸੀਂ ਕਹਿੰਨੇ ਓਂ ਤਾਂ ਕੱਲ੍ਹ ਦਾ ਹੀ ਰੱਖ ਲੈਨੇ ਆਂ। ਮੁੰਡੇ ਸੱਦ ਲਵਾਂਗੇ। ਤੁਸੀਂ ਸਪੀਕਰ ਵਗੈਰਾ ਦੀ ਤਿਆਰੀ ਕਰ ਲਵੋ। ਆਪਾਂ ਕੱਲ੍ਹ ਨੂੰ ਹੀ ਜਲਸਾ ਤੇ ਡਰਾਮਾ ਕਰਾਂਗੇ।"

ਇੱਕ-ਦੋ ਮੁੰਡੇ ਨੇੜਲੇ ਪਿੰਡਾਂ ਦੇ ਸਨ। ਉਨ੍ਹਾਂ ਨੂੰ ਸੁਨੇਹੇ ਭੇਜ ਦਿੱਤੇ। ਇੱਕ ਡਰਾਮਾ ਸਕੁਆਡ ਦਾ ਸੀਨੀਅਰ ਸਾਥੀ ਸੀ, ਚੰਦ ਸਿੰਘ ਦਿਆਲਪੁਰਾ। ਉਹ ਸੀਨੀਅਰ ਪਾਰਟੀ ਕਾਮਰੇਡ ਸੀ। ਲੋੜ ਵੇਲੇ ਡਰਾਮੇ ਵਿੱਚ ਵੀ ਕੰਮ ਕਰ ਲੈਂਦਾ ਸੀ। ਦਿਆਲਪੁਰਾ ਬਰੇਟਾ ਮੰਡੀ ਤੋਂ ਚਾਰ ਕਿਲੋਮੀਟਰ ਹੈ। ਹਰਦੇਵ ਨੂੰ ਮਾਨਸਾ ਤੋਂ ਦਸ ਵਾਲੀ ਗੱਡੀ ਚੜ੍ਹਾ ਦਿੱਤਾ... 'ਜਾਹ ਜਾ ਕੇ ਚੰਦ ਸਿੰਘ ਨੂੰ ਲੈ ਕੇ ਆ। ਬਰੇਟਿਉਂ ਜੋਗਿੰਦਰ ਸਿੰਘ ਚਾਨੀ ਦੀ ਸਾਈਕਲਾਂ ਦੀ ਦੁਕਾਨ ਤੋਂ ਸਾਈਕਲ ਲੈ ਲਈਂ ਤੇ ਦਿਆਲਪੁਰਿਓਂ ਚੰਦ ਸਿੰਘ ਨੂੰ ਚੜ੍ਹਾ ਲਿਆਵੀਂ।'

ਜੋਗਿੰਦਰ ਸਿੰਘ ਚਾਨੀ ਪਾਰਟੀ ਦੇ ਨੇੜੇ ਸੀ। ਉਹ ਸੀਨੀਅਰ ਕਾਮਰੇਡ ਹਰਨਾਮ ਸਿੰਘ ਕਿਰਤੀ ਦਾ ਪੁੱਤਰ ਸੀ। ਹਰਦੇਵ ਨੇ ਉਸ ਤੋਂ ਸਾਇਕਲ ਲੈ ਕੇ ਅੱਗੇ ਜਾਣਾ ਸੀ, ਪਰ ਜਦ ਹਰਦੇਵ ਬਰੇਟੇ ਪੁੱਜਿਆ ਤਾਂ ਉੱਥੋਂ ਪਤਾ ਲੱਗਿਆ, "ਰਸਤੇ ਤਾਂ ਸਾਰੇ ਬੰਦ ਐ। ਹੜ੍ਹਾਂ ਵਰਗੀ ਸਥਿਤੀ ਬਣੀ ਹੋਈ ਐ। ਰਸਤਿਆਂ ਵਿੱਚ ਪਾਣੀ ਭਰਿਆ ਹੋਇਐ। ਕਿਸੇ ਵੀ ਤਰ੍ਹਾਂ ਉੱਥੇ ਨਹੀਂ ਜਾਇਆ ਜਾ ਸਕਦਾ। ਰੇਲਵੇ ਲਾਈਨ ਉੱਪਰ ਦੀ ਜਾ ਕੇ ਵੀ ਵਾਪਸ ਟਰੇਨ ਨ੍ਹੀਂ ਫੜੀ ਜਾਣੀ।"

ਓਸ ਸਥਿਤੀ ਵਿੱਚ ਹਰਦੇਵ ਵਾਪਸ ਮਾਨਸਾ ਆ ਗਿਆ। ਆ ਕੇ ਕਹਿ ਦਿੱਤਾ, "ਮੈਂ ਤਾਂ ਗਿਆ ਸੀ, ਪਰ ਉਹ ਘਰ ਨਹੀਂ ਮਿਲੇ। ਕਿਤੇ ਬਾਹਰ ਗਏ ਹੋਏ ਸੀ।"

ਸਮਾਉਂ ਤਾਂ ਤਿੰਨ ਜਣਿਆਂ ਨੇ ਉਪੇਰੇ ਕਰਕੇ ਰਾਤ ਨੂੰ ਡੰਗ ਸਾਰ ਦਿੱਤਾ। ਅਗਲੇ ਦਿਨ ਸੁਬ੍ਹਾ ਹੀ ਚੰਦ ਸਿੰਘ ਦਫ਼ਤਰ ਆ ਗਿਆ। ਕਾ. ਬੂਟਾ ਸਿੰਘ ਨੇ ਉਸ ਨੂੰ ਪੁੱਛ ਲਿਆ, "ਕੱਲ੍ਹ ਤੂੰ ਕਿੱਥੇ ਸੀ? ਹਰਦੇਵ ਤੈਨੂੰ ਲੈਣ ਗਿਆ ਸੀ। ਤੂੰ ਘਰੇ ਨ੍ਹੀਂ ਮਿਲਿਆ।"

"ਮੈਂ ਤਾਂ ਸਾਰਾ ਦਿਨ ਘਰੇ ਰਿਹਾਂ। ਮੈਂ ਤਾਂ ਕਿਤੇ ਗਿਆ ਈ ਨ੍ਹੀਂ। ਨਾ ਏਹ ਆਇਆ, ਘਰੇ।"

ਬਸ ਉਹਦੇ ਕਹਿਣ ਦੀ ਦੇਰ ਸੀ, ਹਰਦੇਵ ਦੀ ਪੂਰੀ ਸੇਵਾ ਸੰਪਤੀ ਹੋਈ। ਕਾਫ਼ੀ ਸਖ਼ਤ ਸ਼ਬਦਾਂ ਵਿੱਚ ਤਾੜਨਾ ਹੋਈ।

"ਤੂੰ ਆਪ ਹੀ ਦੱਸ ਕਿ ਤੂੰ ਇਸ ਪਾਰਟੀ ਵਿੱਚ ਰੱਖਣ ਦੇ ਕਾਬਿਲ ਹੈਂ? ਜਿਹੜਾ ਪਾਰਟੀ ਵਿੱਚ ਆ ਕੇ ਵੀ ਝੂਠ ਬੋਲਦੈ! ਜੇ ਤੂੰ ਛੋਟੇ ਜਿਹੇ ਪਾਣੀ ਤੋਂ ਹੀ ਘਬਰਾ ਗਿਆ, ਤਾਂ ਕੱਲ੍ਹ ਨੂੰ ਵੱਡੀ ਕੁਰਬਾਨੀ ਕਿਸ ਤਰ੍ਹਾਂ ਹੋਵੇਗੀ? ਤੈਨੂੰ ਇਮਾਨਦਾਰੀ ਨਾਲ ਆ ਕੇ ਸੱਚ ਦੱਸਣਾ ਚਾਹੀਦਾ ਸੀ। ਪਾਰਟੀ ਵਿੱਚ ਝੂਠ ਬੋਲਣਾ ਵੱਡਾ ਗੁਨਾਹ ਐ। ਕਦੇ ਵੀ ਚੰਗਾ ਕਾਮਰੇਡ ਝੂਠ ਨਹੀਂ ਬੋਲਦਾ।"

ਖਹਿੜਾ ਮਾਫ਼ੀ ਮੰਗ ਕੇ ਹੀ ਛੁੱਟਣਾ ਸੀ। ਹਰਦੇਵ ਨੂੰ ਮਾਫ਼ੀ ਮੰਗਣੀ ਪਈ, ਪਰ ਉਸ ਨੇ ਜ਼ਿੰਦਗੀ ਵਿੱਚ ਕੰਮ ਆਉਣ ਵਾਲਾ ਸੱਚ ਸਿੱਖ ਲਿਆ ਸੀ।

***

ਕਿੱਸਾ ਇਹ ਵੀ ਉਨ੍ਹਾਂ ਦਿਨਾਂ ਦਾ ਹੀ ਹੈ। ਸਾਲ ਛੇ ਮਹੀਨਿਆਂ ਦੇ ਫ਼ਰਕ ਨਾਲ ਦਾ ਸਮਾਂ ਹੋਵੇਗਾ। ਉਹ ਦਿਨ ਸਨ, ਜਦੋਂ ਕਾ. ਤੇਜਾ ਸਿੰਘ ਸੁਤੰਤਰ ਦੇ ਵਾਰੰਟ ਮਨਸੂਖ ਹੋਏ ਸਨ। ਉਨ੍ਹਾਂ ਦੇ ਸੁਆਗਤ ਵਿੱਚ ਸਾਲ ਡੇਢ ਸਾਲ ਲਗਾਤਾਰ ਵੱਡੀਆਂ ਕਾਨਫ਼ਰੰਸਾਂ ਦੀ ਲੜੀ ਜਾਰੀ ਰਹੀ। ਲਾਲ ਕਮਿਊਨਿਸਟ ਲਹਿਰ ਦਾ ਕੇਂਦਰ ਰਹੇ ਮਾਨਸਾ ਦੇ ਪਿੰਡ ਛੋਟੇ ਖਿਆਲੇ ਵਿੱਚ ਕਾਨਫ਼ਰੰਸ ਰੱਖੀ ਗਈ ਸੀ। ਕਾ. ਸੁਤੰਤਰ ਜੀ ਉਚੇਚੇ ਤੌਰ 'ਤੇ ਉਸ ਕਾਨਫ਼ਰੰਸ ਨੂੰ ਸੰਬੋਧਨ ਕਰਨ ਆ ਰਹੇ ਸਨ। ਖਿਆਲੇ ਦੇ ਤਿੰਨ ਹਿੱਸੇ ਐ। ਇੱਕ ਖਿਆਲਾ ਕਲਾਂ ਐ। ਇੱਕ ਖਿਆਲਾ ਖੁਰਦ ਹੈ, ਜਿਸ ਨੂੰ ਨਯਾ ਗਰਾਉਂ ਕਹਿੰਦੇ ਐ। ਇੱਕ ਮਲਕਪੁਰ ਖਿਆਲਾ ਐ। ਤਿੰਨ ਪੰਚਾਇਤਾਂ ਹਨ, ਪਰ ਤਿੰਨਾਂ ਨੂੰ ਕਹਿੰਦੇ ਖਿਆਲਾ ਈ ਨੇ। ਛੋਟੇ ਖਿਆਲੇ ਦੀ ਧਰਮਸ਼ਾਲਾ ਵਿੱਚ ਇਹ ਕਾਨਫ਼ਰੰਸ ਹੋਣੀ ਸੀ। ਕਾਫ਼ੀ ਟੈਂਟ ਸ਼ਾਮਿਆਨੇ ਲਾਏ ਹੋਏ ਸਨ। ਸਟੇਜ ਸਜਿਆ ਹੋਇਆ ਸੀ। ਲੰਗਰ ਪੱਕ ਰਿਹਾ ਸੀ।

ਕਾ. ਭਾਗ ਸਿੰਘ ਬੜੀ ਕੁਰਬਾਨੀ ਤੇ ਤਿਆਗ ਵਾਲੇ ਕਾਮਰੇਡ ਸਨ। ਆਵਾਜ਼ ਉਨ੍ਹਾਂ ਦੀ ਘੱਗੀ ਸੀ ਤੇ ਜ਼ੁਬਾਨ ਕੱਬੀ ਸੀ। ਉਨ੍ਹਾਂ ਬਾਲਕੇ ਹਰਦੇਵ ਨੂੰ ਰੋਟੀਆਂ ਰਾੜ੍ਹਨ ਲਾ ਦਿੱਤਾ। ਸਾਢੇ ਦਸ ਵਜੇ ਤੋਂ ਲੈ ਕੇ ਸਾਢੇ ਤਿੰਨ-ਚਾਰ ਵਜੇ ਤੱਕ ਉਹ ਰੋਟੀਆਂ ਰਾੜ੍ਹੀ ਗਿਆ। ਤਿੱਖੜ ਦੁਪਹਿਰਾ ਸਿਰ ਤੋਂ ਦੀ ਲੰਘਿਆ। ਉੱਪਰੋਂ ਸੂਰਜ ਦੀ ਗਰਮੀ, ਨੇੜੇ ਖਲਪਾੜਾਂ ਦੀ ਅੱਗ ਦਾ ਸੇਕ। ਤਪਦੀ ਤਵੀ ਦੀ ਤਪਸ਼। ਪਸੀਨਾ ਪਾਣੀ ਵਾਂਗ ਨੁੱਚੜਦਾ ਰਿਹਾ। ਉਸ ਜਵਾਕ ਨੇ ਪਾਣੀ ਤਾਂ ਭਾਵੇਂ ਪੀ ਲਿਆ ਹੋਵੇ, ਪਰ ਰੋਟੀ... ਰੋਟੀ ਕਿਸੇ ਨਾ ਪੁੱਛੀ। ਨਾ ਉਹ ਆਪ ਉੱਠਿਆ। ਛੋਟਾ ਜਿਹਾ ਜਵਾਕ, ਤੜਕੇ ਦਾ ਬੈਠਾ, ਬਿਨਾਂ ਰੋਟੀ ਖਾਧੇ, ਪੱਕਦੀਆਂ ਰੋਟੀਆਂ ਰਾੜ੍ਹੀ ਗਿਆ।



ਕਾਮਰੇਡ ਤੇਜਾ ਸਿੰਘ ਸੁਤੰਤਰ

ਤਿੰਨ-ਚਾਰ ਰੋਟੀਆਂ ਪੱਕਣੋਂ ਰਹਿ ਗਈਆਂ ਸਨ। ਉੱਧਰ ਸਟੇਜ ਸ਼ੁਰੂ ਹੋ ਗਈ ਸੀ। ਹਰਦੇਵ ਨੂੰ ਸਟੇਜ 'ਤੇ ਜਾਣ ਦੀ ਵੀ ਕਾਹਲੀ ਸੀ। ਉੱਥੇ ਜਾ ਕੇ ਗੀਤ ਬੋਲਣ ਦੀ। ਉਹ ਰੋਟੀਆਂ ਰਾੜ੍ਹਨੀਆਂ ਛੱਡ ਉੱਠ ਖੜ੍ਹਾ। ਕਮੀਜ਼ ਦੀ ਝੱਲ ਮਾਰ ਕੇ ਮੁੜ੍ਹਕਾ ਸੁਕਾ ਰਿਹਾ ਸੀ ਕਿ ਕਾ. ਭਾਗ ਸਿੰਘ ਦੀ ਨਿਗਾਹ ਹਰਦੇਵ 'ਤੇ ਪੈ ਗਈ। ਉਹ ਥਥਲੀ ਆਵਾਜ਼ 'ਚ ਕੜਕਿਆ, "ਤੂੰ ਵਿੱਚੋਂ ਹਤ ਗਿਆ। ਤੂੰ ਕੋਮਨਿਸਤ ਨਹੀਂ ਬਨ ਸਕਦਾ। ਤੂੰ ਕਮਜ਼ੋਰੀ ਵਖਾਈ ਐ। ਕੋਮਨਿਸਤ ਬਣਨਾ ਬਲਾ ਔਖੈ! ਤੇਲੇ ਵਲਗੇ ਨਹੀਂ ਕੋਮਨਿਸਤ ਬਨ ਸਕਦੇ। ਵਿੱਚੋਂ ਕਿਉਂ ਉਥ ਗਿਆ ਤੂੰ ਓਏ!"

ਉਸ ਤੋਂ ਡਰਦਾ ਹਰਦੇਵ ਫਿਰ ਰੋਟੀਆਂ ਰਾੜ੍ਹਨ ਬੈਠ ਗਿਆ।

***

ਭਾਵੇਂ ਘਰਦਿਆਂ ਦੀ ਸਖ਼ਤੀ ਹਰਦੇਵ ਉੱਪਰ ਉਸ ਤਰ੍ਹਾਂ ਪਹਿਲਾਂ ਵਾਂਗ ਨਹੀਂ ਸੀ ਰਹੀ, ਪਰ ਫਿਰ ਵੀ ਇੱਕ ਤਣਾਅ, ਖਿਚਾਅ ਸੰਬੰਧਾਂ ਵਿੱਚ ਕਾਇਮ ਸੀ। ਇੱਕ ਵਾਰ ਉਸ ਦੇ ਪਿਤਾ ਜੀ ਆ ਕੇ ਕਹਿੰਦੇ, "ਹੁਣ ਏਹਨੂੰ ਛੱਡ ਦਿਓ। ਸਾਡੇ ਕੋਲ ਏਹੀ ਵੱਡੈ, ਜੇ ਏਹੀ ਸੋਡੇ ਵਿੱਚ ਰਲ਼ ਗਿਆ ਤਾਂ ਸਾਡੇ ਪਰਵਾਰ ਦਾ ਬੜਾ ਮੁਸ਼ਕਲ ਹੋ ਜੂ।"

ਜਦੋਂ ਪਹਿਲਾਂ ਘਰ ਦੇ ਹਰਦੇਵ ਨੂੰ 'ਫੜ ਕੇ' ਲੈ ਜਾਂਦੇ, ਕੁੱਟਮਾਰ ਕਰਦੇ ਤਾਂ ਉਸ ਦੇ ਪਿਤਾ ਜੀ ਅਕਸਰ ਆਖਦੇ ਹੁੰਦੇ ਸਨ, "ਆਹ ਕਾਮਰੇਡਾਂ ਨਾਲ ਜਨਾਨੇ ਕੱਪੜੇ ਪਾ ਕੇ ਟੱਬਰ ਦੀ ਬਦਨਾਮੀ ਕਰਾਉਨੈਂ। ਇਹ ਸ਼ਰਮ ਆਲ਼ੀ ਗੱਲ ਐ। ਜੇ ਗਾਉਣ-ਵਜਾਉਣ ਦਾ ਸ਼ੌਕ ਐ ਤਾਂ ਪਾਠੀ ਬਣਜਾ, ਕੀਰਤਨ ਕਰਨ ਲੱਗ ਜਾ। ਕਵੀਸ਼ਰ ਬਣ ਜਾ। ਲੋਕ ਕਿੰਨਾ ਸਤਿਕਾਰ ਨਾਲ ਵੇਖਦੇ ਐ।"

ਦਾਤੇਵਾਸ ਪਿੰਡ ਦੇ ਇੱਕ ਸੰਤ ਮੋਹਨ ਸਿੰਘ ਹੁੰਦੇ ਸੀ, ਜਿਹੜੇ ਬਹੁਤ ਵਧੀਆ ਕੀਰਤਨੀਏ ਸਨ। ਉਹ ਰਹਿੰਦੇ ਰਾਜਸਥਾਨ 'ਚ ਸਨ, ਪਰ ਦਾਤੇਵਾਸ ਪਿੰਡ ਵਿੱਚ ਉਨ੍ਹਾਂ ਦਾ ਬੜਾ ਸਤਿਕਾਰ ਸੀ। ਹਰ ਅਖੰਡ ਪਾਠ ਵਿੱਚ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਬੁਲਾਇਆ ਜਾਂਦਾ। ਸਾਰਾ ਪਿੰਡ ਬੜਾ ਉਤਾਵਲਾ ਹੋ ਕੇ ਉਨ੍ਹਾਂ ਨੂੰ ਸੁਣਦਾ ਸੀ। ਹਰਦੇਵ ਨੂੰ ਉਨ੍ਹਾਂ ਵਰਗਾ ਬਣਨ ਲਈ ਕਿਹਾ ਜਾਂਦਾ।

ਫਿਰ ਪਾਰਟੀ ਨੇ ਮਹਿਸੂਸ ਕਰਕੇ ਹਰਦੇਵ ਨੂੰ ਪੜ੍ਹਨ ਲਾ ਦਿੱਤਾ। ਜਦੋਂ ਪਾਰਟੀ ਦੀ ਕੋਈ ਸਰਗਰਮੀ ਹੋਵੇ, ਉਦੋਂ ਉਹਦੇ ਵਿੱਚ ਆ ਜਾਇਆ ਕਰੇ। ਬਾਕੀ ਪੜ੍ਹੀ ਚੱਲੇ। ਇਹ 1965-66 ਦੀ ਗੱਲ ਐ। ਮਾਨਸਾ ਪਾਰਟੀ ਦਫ਼ਤਰ ਦੇ ਨਾਲ ਇੱਕ ਮਾਸਟਰ ਰਣਜੀਤ ਸਿੰਘ ਰਾਏਪੁਰ ਦਾ ਪ੍ਰਾਈਵੇਟ ਸਕੂਲ ਸੀ। ਉਨ੍ਹਾਂ ਨੇ ਵਿਸ਼ਵਾਸ ਦਿਵਾਇਆ, "ਲੜਕਾ ਹੁਸ਼ਿਆਰ ਐ, ਸਮਝਦਾਰ ਐ। ਏਹਦਾ ਸਿੱਧਾ ਪੰਜਵੀਂ ਦਾ ਇਮਤਿਹਾਨ ਦਿਵਾ ਦਿੰਨੇ ਆਂ। ਬਾਕੀ ਜਮਾਤਾਂ ਕਰਨ ਦੀ ਲੋੜ ਨਈਂ।"

ਉਨ੍ਹਾਂ ਉਸੇ ਤਰ੍ਹਾਂ ਕੀਤਾ। ਖਾਲਸਾ ਸਕੂਲ ਵਿੱਚ ਹਰਦੇਵ ਦਾ ਪੰਜਵੀਂ ਦਾ ਇਮਤਿਹਾਨ ਦਿਵਾਇਆ ਗਿਆ। ਉਹ ਉਸ ਨੇ ਚੰਗੇ ਨੰਬਰਾਂ ਵਿੱਚ ਪਾਸ ਕਰ ਲਿਆ। ਬਦਕਿਸਮਤੀ ਨਾਲ ਉਸ ਰਣਜੀਤ ਸਿੰਘ ਨੂੰ ਅਧਰੰਗ ਹੋ ਗਿਆ ਤੇ ਉਹ ਅਕਾਲ ਚਲਾਣਾ ਕਰ ਗਏ। ਮਾਨਸਾ ਗਊਸ਼ਾਲਾ ਕੋਲ ਨੌਰਮਲ ਪਬਲਿਕ ਸਕੂਲ ਸੀ, ਜਿਸ ਦੇ ਮਾਲਕ ਮਾਸਟਰ ਲਛਮਣ ਜੀ ਸਨ। ਲੋਕਾਂ ਵਿੱਚ ਪ੍ਰਚੱਲਤ ਨਾਂਅ ਮਾਸਟਰ ਲੱਛੂ ਸੀ। ਉਹ ਮਿਡਲ ਤੱਕ ਦਾ ਪ੍ਰਾਈਵੇਟ ਸਕੂਲ ਸੀ। ਉਨ੍ਹਾਂ ਨਾਲ ਗੱਲ ਕੀਤੀ ਤਾਂ ਉਹ ਕਹਿੰਦੇ, "ਅਸੀਂ ਰੋਜ਼ ਵੇਖਦੇ ਹਾਂ, ਸੋਡਾ ਇਹ ਜਵਾਕ ਜਿਆ ਹੈ ਹਿੰਮਤੀ, ਬੜਾ ਮਿਹਨਤੀ ਐ। ਕਦੇ ਰਿਕਸ਼ੇ 'ਤੇ ਮੁਨਾਦੀ ਕਰਦਾ ਫਿਰਦਾ ਹੁੰਦੈ। ਕਦੇ ਅਖ਼ਬਾਰ ਵੰਡਦਾ ਫਿਰਦੈ। ਇਹ ਕਦੇ ਟਿਕਦਾ ਈ ਨਹੀਂ। ਏਹੋ ਜਿਹੇ ਬੱਚੇ ਨੂੰ ਪੜ੍ਹਾ ਕੇ ਸਾਨੂੰ ਖ਼ੁਸ਼ੀ ਹੋਣੀ ਐ। ਲਗਦਾ ਏਹ ਹੁਸ਼ਿਆਰ ਐ। ਆਪਾਂ ਏਹਨੂੰ ਛੇਵੀਂ, ਸੱਤਵੀਂ, ਅੱਠਵੀਂ ਇਕੱਠੀ ਕਰਾ ਦਿੰਨੇ ਆਂ।"

ਹਰਦੇਵ ਨੇ ਉਸ ਸਕੂਲ ਵਿੱਚ ਪੜ੍ਹਨਾ ਸ਼ੁਰੂ ਕਰ ਦਿੱਤਾ। ਉਦੋਂ ਕਿਤੇ ਪ੍ਰਾਈਵੇਟ ਸਕੂਲ ਦਾ ਕੋਈ ਫ਼ੰਕਸ਼ਨ ਹੋਇਆ। ਉਹਦੇ ਵਿੱਚ ਗੀਤ-ਸੰਗੀਤ, ਖੇਡਾਂ ਅਤੇ ਇਸੇ ਤਰ੍ਹਾਂ ਦੀਆਂ ਹੋਰ ਗਤੀਵਿਧੀਆਂ ਹੋਈਆਂ। ਹਰਦੇਵ ਕੋਲ ਗਾਉਣ ਦਾ, ਐਕਟਿੰਗ ਦਾ ਤਜਰਬਾ ਤਾਂ ਹੈ ਹੀ ਸੀ। ਉਸ ਨੇ ਤੂੰਬੀ 'ਤੇ ਗੀਤ ਸੁਣਾਇਆ। ਨੌਰਮਲ ਸਕੂਲ ਪਹਿਲੇ ਨੰਬਰ 'ਤੇ ਆਇਆ। ਉਸ ਦੀ ਬੱਲੇ-ਬੱਲੇ ਹੋ ਗਈ। ਸਕੂਲ ਪ੍ਰਬੰਧਕ ਹਰਦੇਵ ਦਾ ਜ਼ਿਆਦਾ ਧਿਆਨ ਰੱਖਣ ਲੱਗੇ। ਪੜ੍ਹਾਉਣ 'ਚ ਹੋਰ ਵੱਧ ਦਿਲਚਸਪੀ ਲੈਣ ਲੱਗੇ।

"ਜਦੋਂ ਵੀ ਤੈਨੂੰ ਪਾਰਟੀ ਵਾਲੇ ਬੁਲਾਉਣ, ਪਾਰਟੀ ਦੇ ਕੰਮ ਵਿੱਚ ਤੈਨੂੰ ਜਾਣਾ ਪਵੇ, ਤੂੰ ਨਿਰਸੰਕੋਚ ਜਾਹ। ਪਰ ਜਿੰਨਾ ਤੈਨੂੰ ਸਕੂਲ ਤੋਂ ਕੰਮ ਮਿਲੇ, ਉਹ ਜ਼ਰੂਰ ਕਰਨੈ। ਪੜ੍ਹਾਈ ਵਿੱਚ ਪੂਰੀ ਦਿਲਚਸਪੀ ਰੱਖਣੀ ਐ, ਕੋਈ ਲਾਪਰਵਾਹੀ ਨਹੀਂ ਵਰਤਣੀ।"

ਅੱਠਵੀਂ ਦੇ ਇਮਤਿਹਾਨ ਦੀ ਪੂਰੀ ਤਿਆਰੀ ਸੀ ਕਿ 1967 ਦੀ ਵਿਧਾਨ ਸਭਾ ਚੋਣ ਆ ਗਈ। ਚੋਣਾਂ ਵਿੱਚ ਸੀ.ਪੀ.ਆਈ. ਦਾ ਅਕਾਲੀਆਂ ਨਾਲ ਸਮਝੌਤਾ ਸੀ। ਮਾਨਸਾ ਤੋਂ ਪਾਰਟੀ ਦੇ ਉਮੀਦਵਾਰ ਕਾ. ਜੰਗੀਰ ਸਿੰਘ ਜੋਗਾ ਸਨ। ਹਰਦੇਵ ਦੀ ਡਿਊਟੀ ਪੱਕੇ ਤੌਰ 'ਤੇ ਉਨ੍ਹਾਂ ਦੀ ਇਲੈਕਸ਼ਨ ਵਿੱਚ ਲਾ ਦਿੱਤੀ। "ਤੂੰ ਪ੍ਰਚਾਰ ਲਈ ਉਨ੍ਹਾਂ ਦੀ ਜੀਪ ਵਿੱਚ ਈ ਰਹਿਣੈ।"

ਚੋਣਾਂ ਵਿੱਚ ਸੈਂਟਰਲ ਪਾਰਟੀ ਵੱਲੋਂ ਗਲ਼ ਵਿੱਚ ਪਾ ਕੇ ਬੋਲਣ ਵਾਲੇ ਸਪੀਕਰ ਖ਼ਰੀਦ ਕੇ ਦਿੱਤੇ ਗਏ ਸਨ। ਉਹ ਬੈਟਰੀ 'ਤੇ ਸੈੱਲ ਪਾ ਕੇ ਚੱਲਦੇ ਸਨ। ਹਰਦੇਵ ਦੀ ਡਿਊਟੀ ਉਸ ਸਪੀਕਰ 'ਤੇ ਲੱਗੀ। ਉਨ੍ਹਾਂ ਨੇ ਇੱਕ ਜੁਗਾੜ ਫਿੱਟ ਕਰ ਲਿਆ। ਡਰਾਈਵਰ ਨੇ ਸਪੀਕਰ ਦੀਆਂ ਤਾਰਾਂ ਜੀਪ ਦੀ ਬੈਟਰੀ ਨਾਲ ਜੋੜ ਦਿੱਤੀਆਂ। ਇੱਕ ਗਰਾਮੋਫ਼ੋਨ ਮਸ਼ੀਨ ਵੀ ਜੀਪ ਵਿੱਚ ਰੱਖ ਲਈ। ਪੂਰਾ ਢਾਂਚਾ ਤਿਆਰ ਕਰ ਲਿਆ। ਜਿਹੜੇ ਵੀ ਪਿੰਡ ਜਾਣਾ, ਪਿੰਡ ਦੀ ਸੱਥ ਵਿੱਚ ਜਾਣ ਸਾਰ ਰਿਕਾਰਡ ਲਾ ਦੇਣਾ। ਹਰਦੇਵ ਨੇ ਇੱਕ ਦੋ ਗੀਤ ਬੋਲਣੇ। ਜਦੋਂ ਇਕੱਠ ਹੋ ਜਾਂਦਾ ਕਾ. ਜੋਗਾ ਜੀ ਦਾ ਭਾਸ਼ਨ ਤੇ ਫਿਰ ਅਗਲੇ ਪਿੰਡ ਨੂੰ ਵਹੀਰਾਂ...। ਇਸ ਤਰ੍ਹਾਂ ਚੱਲ ਸੋ ਚੱਲ। ਕਾ. ਹਰਦੇਵ ਅਰਸ਼ੀ ਦੀ ਪੜ੍ਹਾਈ ਵਿੱਚੇ ਰਹਿ ਗਈ, ਜੋ ਉਨ੍ਹਾਂ ਅੱਗੇ ਜਾ ਕੇ ਵੱਡੀ ਉਮਰ 'ਚ ਕੀਤੀ, ਜਿਸ ਦਾ ਜ਼ਿਕਰ ਆਪਾਂ ਅਗਲੇ ਪੰਨਿਆਂ 'ਤੇ ਕਰਾਂਗੇ।

***

ਅਰਸ਼ੀ ਜੀ ਵੀ ਦੱਸਦੇ ਹੁੰਦੇ ਹਨ, ਹੋਰਾਂ ਕਾਮਰੇਡਾਂ ਤੋਂ ਵੀ ਸੁਣਿਐ, ਉਂਜ ਵੀ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਹੈ ਕਿ 'ਗੁਰਦੁਆਰੇ ਵੀ ਕਮਿਊਨਿਸਟ ਲਹਿਰਾਂ ਦੇ ਕੇਂਦਰ ਰਹੇ।'



ਇਹ ਗੱਲ ਆਪਣੇ-ਆਪ ਵਿੱਚ ਬਹੁਤ ਵਿਲੱਖਣ ਹੈ ਕਿ ਗੁਰੂ ਘਰਾਂ ਵਿੱਚ ਰੂਪੋਸ਼ ਇਨਕਲਾਬੀ ਸਾਥੀ ਆ ਕੇ ਠਾਹਰ ਕਰਦੇ ਰਹੇ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਬਾਜੇਵਾਲਾ ਦੇ ਗੁਰੂਘਰ ਦੀ ਇੱਕ ਮਿਸਾਲ ਹੀ ਕਾਫ਼ੀ ਹੈ। ਉਂਜ ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਸਾਡੇ ਅਤੀਤ ਅਤੇ ਇਤਿਹਾਸ ਦਾ ਹਿੱਸਾ ਹਨ। ਦੇਸ਼ ਦੀ ਆਜ਼ਾਦੀ, ਮੁਜ਼ਾਰਾ ਲਹਿਰ ਅਤੇ ਹੋਰ ਲਹਿਰਾਂ ਵਿੱਚ ਵਾਰੰਟਿਡ ਤੇ ਪੁਲਸ ਨੂੰ ਲੋੜੀਂਦੇ ਕਾਮਰੇਡਾਂ 'ਤੇ ਪੁਲਸ ਤਸ਼ੱਦਦ ਵੀ ਬਹੁਤ ਹੁੰਦਾ ਸੀ। ਉਨ੍ਹਾਂ ਨੂੰ ਲੁਕ-ਛਿਪ ਕੇ ਲਹਿਰਾਂ 'ਚ ਕੰਮ ਕਰਨਾ ਪੈਂਦਾ ਸੀ।

ਕਾਲੇ ਪਾਣੀਆਂ ਤੋਂ ਵਾਪਸ ਆ ਕੇ ਕਾ. ਬੂਟਾ ਸਿੰਘ (ਮਾਨਸਾ) ਛੋਟੀ ਉਮਰੇ ਕਿਸੇ ਤਰ੍ਹਾਂ ਆਪਣੇ ਘਰਦਿਆਂ ਤੋਂ ਵੱਖ ਹੋ ਗਿਆ। ਕਿਧਰੇ ਤੁਰਦਾ-ਫਿਰਦਾ ਉਹ ਬਾਜੇਵਾਲਾ ਦੇ ਗੁਰਦੁਆਰੇ ਵਿੱਚ ਆ ਗਿਆ। ਬਾਜੇਵਾਲਾ ਪਿੰਡ ਮੁਜ਼ਾਰਿਆਂ ਦਾ ਪਿੰਡ ਸੀ। ਇੱਥੇ ਵਟਾਈ ਪ੍ਰਥਾ ਸੀ। ਜ਼ਮੀਨ ਦੇ ਮਾਲਕ ਜਗੀਰਦਾਰ ਸਨ। ਉੱਥੋਂ ਦੇ ਗੁਰਦੁਆਰੇ ਦਾ ਪ੍ਰਬੰਧ ਮੁਜ਼ਾਰਿਆਂ ਦੇ ਹੱਥਾਂ ਵਿੱਚ ਸੀ ਅਤੇ ਬਹੁਤ ਸਾਰੇ ਮੁਜ਼ਾਰੇ ਮੁਜ਼ਾਰਾ ਲਹਿਰ ਦੇ ਸਮਰਥਕ ਸਨ। ਇੱਥੇ ਆ ਕੇ ਟਿਕੇ ਬੂਟਾ ਸਿੰਘ ਨੇ ਪਾਠ ਕਰਨਾ ਸਿੱਖ ਲਿਆ। ਉਸ ਨੂੰ ਪਾਰਟੀ ਦੀ ਸੋਝੀ ਵੀ ਆਉਂਦੀ ਗਈ।

ਉਸ ਵੇਲੇ ਦੇ ਵਾਰੰਟਿਡ ਸਾਥੀਆਂ ਦੀ ਠਾਹਰ ਬਾਜੇਵਾਲੇ ਦਾ ਗੁਰੂਘਰ ਸੀ। ਉਹ ਉੱਥੇ ਆ ਕੇ ਪਨਾਹ ਲੈਂਦੇ। ਇੱਕ ਵੱਡੇ ਕੱਚੇ ਕਮਰੇ ਵਿੱਚ, ਜਿੱਥੇ ਕੜਾਹੇ-ਕੜਾਹੀਆਂ ਧਰੇ ਹੁੰਦੇ। ਹੋਰ ਫਾਲਤੂ ਸਾਮਾਨ ਪਿਆ ਹੁੰਦਾ। ਬੂਟਾ ਸਿੰਘ ਉਸ ਵਿੱਚ ਸਾਥੀਆਂ ਨੂੰ ਬੰਦ ਕਰਕੇ ਚਾਬੀ ਆਪਣੇ ਨਾਲ ਲੈ ਜਾਂਦਾ ਤੇ ਕਿਸੇ ਨਾ ਕਿਸੇ ਦੇ ਘਰੇ ਪਾਠ ਕਰਨ ਤੁਰ ਜਾਂਦਾ। ਸ਼ਾਮ ਨੂੰ ਦਿਨ ਛਿਪੇ ਕਾਮਰੇਡ ਸਾਥੀਆਂ ਨੂੰ ਬਾਹਰ ਕੱਢ ਕੇ, ਖਾਣ-ਪੀਣ, ਜੰਗਲ ਪਾਣੀ ਜਾ ਕੇ ਰਾਤ ਨੂੰ ਗਰਮੀ ਵਿੱਚ ਉਸੇ ਕਮਰੇ ਵਿੱਚ ਬੰਦ ਕਰ ਦਿੰਦੇ।

ਇਹ ਵੱਖਰੀ ਗੱਲ ਹੈ ਅਤੇ ਫ਼ਿਕਰ ਵਾਲੀ ਹੈ ਕਿ ਸਾਡੇ ਕਈ ਕੱਚਘਰੜ ਅਤੇ ਕੱਟੜ ਕਿਸਮ ਦੇ ਆਗੂਆਂ ਕਾਰਨ ਕਮਿਊਨਿਸਟਾਂ ਨੇ ਗੁਰੂਘਰਾਂ ਤੋਂ ਦੂਰੀ ਬਣਾ ਲਈ, ਜਿਸ ਦਾ ਲਹਿਰ ਨੂੰ ਨੁਕਸਾਨ ਵੀ ਹੋਇਆ। ਦੋ ਮਾਨਵ ਪੱਖੀ ਧਾਰਾਵਾਂ, ਵਿਚਾਰਧਾਰਾਵਾਂ ਵੀ, ਵਿੱਚ ਦੂਰੀਆਂ ਬਣਾਉਣ ਵਿੱਚ ਪੰਜਾਬ ਅੰਦਰ ਸੋਚ-ਸਮਝ ਕੇ ਫੈਲਾਏ ਅੱਤਵਾਦ ਦਾ ਵੀ ਹੱਥ ਸੀ।

***

ਪੰਜਾਬ ਵਿੱਚ ਕਮਿਊਨਿਸਟ ਪਾਰਟੀਆਂ ਦੇ ਦਫ਼ਤਰ ਬਣਨ ਦਾ ਵੀ ਇੱਕ ਇਤਿਹਾਸ ਹੈ। ਉਹ ਪਾਰਟੀ ਜੋ ਕਦੇ ਹਕੂਮਤ ਵਿੱਚ ਨਹੀਂ ਰਹੀ, ਉਸ ਨੇ ਕਿਵੇਂ ਤਹਿਸੀਲ ਪੱਧਰ ਤੱਕ ਆਪਣੀ ਮਾਲਕੀ ਵਾਲੇ ਦਫ਼ਤਰ ਬਣਾ ਲਏ। ਮਾਨਸਾ ਵਿਖੇ ਪਾਰਟੀ ਦਫ਼ਤਰ ਬਣਨ ਦਾ ਬਿਰਤਾਂਤ ਕੁਝ ਇਉਂ ਹੈ। ਲਵੋ ਪੜ੍ਹੋ।

"... ਜੋ ਪਾਰਟੀ ਦਫ਼ਤਰ, ਜਿਸ ਜਗ੍ਹਾ ਉੱਪਰ ਹੁਣ ਹੈ, ਇਸ ਦਾ ਨੀਂਹ ਪੱਥਰ 1964 ਵਿੱਚ ਰੱਖਿਆ ਗਿਆ ਸੀ। ਉਸ ਸਮੇਂ ਇਸ ਜਗ੍ਹਾ ਉੱਪਰ ਬਹੁਤ ਵੱਡੀ ਰੈਲੀ ਕੀਤੀ ਗਈ ਸੀ, ਜਿਸ ਵਿੱਚ ਪੰਜਾਬ ਦੇ ਵੱਡੇ ਆਗੂ ਕਾ. ਤੇਜਾ ਸਿੰਘ ਸੁਤੰਤਰ ਅਤੇ ਕਾ. ਅਵਤਾਰ ਸਿੰਘ ਮਲਹੋਤਰਾ ਸ਼ਾਮਲ ਹੋਏ ਸਨ। ਉਨ੍ਹਾਂ ਨੇ ਹੀ ਇਸ ਦਫ਼ਤਰ ਦੀ ਆਧਾਰਸ਼ਿਲਾ ਰੱਖੀ ਸੀ।

"ਪਾਰਟੀ ਪ੍ਰਤੀ ਸਮਰਪਿਤ ਭਾਵਨਾ ਵਾਲੇ ਵਿਅਕਤੀ ਮਹੰਤ ਪਰਾਗ ਦਾਸ ਜੀ, ਜੋ ਵੈਦ ਵੀ ਸਨ, ਉਨ੍ਹਾਂ ਪਾਰਟੀ ਦੇ ਪੁਰਾਣੇ ਦਫ਼ਤਰ ਦੇ ਨੇੜੇ ਦੋ-ਢਾਈ ਵਿਸਵੇ ਜਗ੍ਹਾ ਪਾਰਟੀ ਨੂੰ ਦਫ਼ਤਰ ਬਣਾਉਣ ਲਈ ਦੇ ਦਿੱਤੀ ਸੀ, ਪਰ ਉਹ ਜਗ੍ਹਾ ਘੱਟ ਵੀ ਸੀ ਅਤੇ ਢੁਕਵੀਂ ਵੀ ਨਹੀਂ ਸੀ। ਪਾਰਟੀ ਨੇ ਉਹ ਪਲਾਟ ਇੱਕ ਹਜ਼ਾਰ ਰੁਪਏ ਵਿੱਚ ਵੇਚ ਦਿੱਤਾ। ਹੁਣ ਵਾਲੀ ਦਫ਼ਤਰ ਦੀ ਥਾਂ ਬੰਸੀ ਲਾਲ ਦੀ ਸੀ, ਜੋ ਮੰਡੀ ਵਿੱਚ ਬੰਸੀ ਡਾਕੂ ਦੇ ਨਾਂਅ ਨਾਲ ਮਸ਼ਹੂਰ ਸੀ। ਉਸ ਤੋਂ ਮਿੰਨਤ-ਤਰਲਾ ਕਰਕੇ ਪਿਆਰ ਨਾਲ ਥੋੜ੍ਹੇ ਪੈਸਿਆਂ ਵਿੱਚ ਇਹ ਜਗ੍ਹਾ ਲੈ ਲਈ। ਦੋ-ਢਾਈ ਵਿਸਵੇ ਰਸਤਾ ਬਣਾਉਣ ਲਈ ਪਾਰਟੀ ਦੇ ਕਬਜ਼ੇ ਵਿੱਚ ਆ ਗਈ। ਜਿਸ ਬਾਰੇ ਬਾਅਦ ਵਿੱਚ ਉਹ ਪੈਸੇ ਤਾਂ ਮੰਗਦਾ ਰਿਹਾ, ਪਰ 'ਜਦੋਂ ਹੋਣਗੇ, ਦੇ ਦਿਆਂਗੇ' ਕਹਿ ਕੇ ਮੌਕਾ ਲੰਘ ਗਿਆ।

"ਉਦੋਂ ਉਸਾਰਿਆ ਦਫ਼ਤਰ ਪਾਰਟੀ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਪੰਜ-ਦਸ ਸਾਲ ਪਹਿਲਾਂ ਢਾਹ ਕੇ ਹੀ ਹੁਣ ਵਾਲਾ ਦਫ਼ਤਰ ਬਣਾਇਆ ਹੈ। ਉਸ ਵੇਲੇ ਦਫ਼ਤਰ ਦੀ ਉਸਾਰੀ ਕਾ. ਹਰਨਾਮ ਸਿੰਘ ਕਿਰਤੀ ਨੇ ਸੇਵਾ-ਭਾਵਨਾ ਨਾਲ ਕੀਤੀ ਸੀ। ਜੋ ਆਪ ਵੀ ਬਹੁਤ ਸੇਵਾ-ਭਾਵਨਾ ਵਾਲੇ ਸੀਨੀਅਰ ਕਾਮਰੇਡ ਸਨ। ਦਫ਼ਤਰ ਸ਼ੁਰੂ ਹੋਣ ਤੋਂ ਲੈ ਕੇ ਬਣਨ ਤੱਕ ਉੱਥੇ ਮੈਂ ਡਟ ਕੇ ਕੰਮ ਕੀਤਾ। ਇੱਟਾਂ ਫੜਾਉਣ, ਗਾਰਾ ਢੋਣ, ਕੰਧਾਂ ਕੱਢਣ, ਛੱਤ ਪਾਉਣ ਤੱਕ, ਫਿਰ ਪਲੱਸਤਰ ਕਰਨ, ਫ਼ਰਸ਼ ਲਾਉਣ, ਜੋੜੀਆਂ ਲਾਉਣ ਤੱਕ ਮੈਂ ਜੀ-ਜਾਨ ਤੇ ਤਨ-ਮਨ ਨਾਲ ਸੇਵਾ ਕੀਤੀ।"

ਦਫ਼ਤਰ ਬਣ ਗਿਆ। ਤਿੰਨ-ਚਾਰ ਜਣੇ ਦਫ਼ਤਰ ਵਿੱਚ ਰਹਿਣ ਲੱਗੇ, ਜਿਨ੍ਹਾਂ ਵਿੱਚੋਂ ਕਾ. ਹਰਦੇਵ ਅਰਸ਼ੀ ਵੀ ਇੱਕ ਸਨ। ਰੋਟੀ-ਟੁੱਕ ਦਾ ਕੋਈ ਪ੍ਰਬੰਧ ਨਹੀਂ ਸੀ। ਉਹ ਰੋਟੀ-ਟੁੱਕ ਦਾ ਜੁਗਾੜ ਕਿਵੇਂ ਕਰਦੇ? ਗੱਲ ਆਪਾਂ ਕਾ. ਅਰਸ਼ੀ ਦੇ ਸ਼ਬਦਾਂ ਵਿੱਚ ਹੀ ਪੇਸ਼ ਕਰਦੇ ਹਾਂ :

"ਪਾਰਟੀ ਵਿੱਚ ਆ ਕੇ ਮੇਰਾ ਰੋਟੀ ਦਾ ਪ੍ਰਬੰਧ ਲੰਗੇ ਡੰਗ ਹੀ ਰਿਹਾ ਹੈ। ਉਦੋਂ ਇੱਕ ਗੱਲ ਬਹੁਤ ਵਧੀਆ ਸੀ ਕਿ ਉਨ੍ਹਾਂ ਦਿਨਾਂ ਵਿੱਚ ਗੁਰੂਘਰਾਂ ਅੰਦਰ ਪਾਰਟੀ ਦਾ ਬੜਾ ਪੈਰ ਧਰਾ ਹੁੰਦਾ ਸੀ। ਮਾਨਸਾ ਦੇ ਸੱਜੇ ਖੱਬੇ ਦੋ ਗੁਰੂਘਰ ਸਨ। ਇੱਕ ਸਰਦੂਲਗੜ੍ਹ ਰੋਡ 'ਤੇ ਦੂਲੋਵਾਲ, ਦੂਜਾ ਬੱਪੀਆਣਾ। ਦੋਵੇਂ ਪਿੰਡ ਕਮਿਊਨਿਸਟਾਂ ਦੇ ਗੜ੍ਹ ਸਨ। ਦੋਵਾਂ ਪਿੰਡਾਂ ਵਿੱਚ ਹਰ ਸਾਲ ਬਾਕਾਇਦਾ ਸਾਂਝੀ ਧਰਮਸ਼ਾਲਾ ਉੱਪਰ ਪਾਰਟੀ ਦਾ ਝੰਡਾ ਝੁਲਾਇਆ ਜਾਂਦਾ ਸੀ। ਸਾਰਾ ਸਾਲ ਝੰਡਾ ਝੁਲਦਾ ਰਹਿੰਦਾ। ਦੋਵੇਂ ਗੁਰੂਘਰਾਂ ਦੀ ਪ੍ਰਬੰਧਕ ਕਮੇਟੀ ਕਮਿਊਨਿਸਟਾਂ ਦੀ ਸੀ। ਦੋਵਾਂ ਗੁਰਦੁਆਰਿਆਂ ਦੇ ਗਰੰਥੀ ਪਾਰਟੀ ਦੇ ਸੀਨੀਅਰ ਸਾਥੀ ਸਨ। ਦੂਲੋਵਾਲ ਦੇ ਗਰੰਥੀ ਸੰਤ ਅਜੀਤ ਸਿੰਘ ਜ਼ਿਲ੍ਹਾ ਐਗਜ਼ੈਕਟਿਵ ਦੇ ਮੈਂਬਰ ਵੀ ਰਹੇ ਹਨ। ਬੱਪੀਆਣੇ ਦੇ ਮਹੰਤ ਜਰਨੈਲ ਸਿੰਘ ਜ਼ਿਲ੍ਹਾ ਕੌਂਸਲ ਦੇ ਮੈਂਬਰ ਰਹੇ। ਸਿਆਸੀ ਤੌਰ 'ਤੇ ਬੜੇ ਸੂਝਵਾਨ ਸਨ। ਦੋਵੇਂ ਮਹੰਤਾਂ ਨੂੰ ਦਫ਼ਤਰ ਵਿੱਚ ਰੋਟੀ ਦਾ ਪ੍ਰਬੰਧ ਨਾ ਹੋਣ ਦਾ ਪਤਾ ਲੱਗਿਆ ਤਾਂ ਉਨ੍ਹਾਂ ਪ੍ਰਬੰਧ ਇਉਂ ਕੀਤਾ...

"'...ਤੂੰ ਦਿਨ ਛਿਪੇ ਜੇ ਗੁਰਦੁਆਰੇ ਗੇੜਾ ਮਾਰ ਲਿਆ ਕਰ। ਇਹ ਪ੍ਰਬੰਧ ਵੀ ਹੋ ਜੂ।'

"ਉਦੋਂ ਕਿਤੇ ਪੱਕੀ ਸੜਕ ਨਹੀਂ ਸੀ। ਨਹਿਰ ਦੇ ਨਾਲ-ਨਾਲ ਚਾਰ-ਪੰਜ ਕਿਲੋਮੀਟਰ ਬੱਪੀਆਣਾ ਪਿੰਡ ਸੀ। ਮੈਂ ਇੱਕ ਦਿਨ ਸਾਈਕਲ ਚੁੱਕਣਾ ਤੇ ਬੱਪੀਆਣੇ ਜਾਣਾ। ਰੋਟੀ ਖਾਣੀ। ਮਹੰਤ ਜਰਨੈਲ ਸਿਉਂ ਨੇ ਕੁਝ ਕਿੱਲੋ ਆਟਾ, ਵੀਹ-ਪੱਚੀ ਕਿੱਲੋ ਲੱਕੜ, ਗੁੜ, ਚਾਹ, ਦਾਲ, ਸਾਬਣ, ਇੱਕ ਅੱਧੀ ਪੱਗ ਜਾਂ ਕੋਈ ਕੱਪੜਾ ਵਗੈਰਾ ਸਾਈਕਲ 'ਤੇ ਬੰਨ੍ਹ ਦੇਣਾ। ਗੁਰਦੁਆਰੇ ਦੇ ਪਿਛਲੇ ਪਾਸੇ ਦੀ ਮੈਂ ਸਾਈਕਲ 'ਤੇ ਸਾਮਾਨ ਲੱਦ ਕੇ ਮਾਨਸਾ ਆ ਜਾਂਦਾ ਹੁੰਦਾ ਸੀ। ਉਸ ਨਾਲ ਸਾਡਾ ਚਾਰ-ਪੰਜ ਦਿਨਾਂ ਦਾ ਗੁਜ਼ਾਰਾ ਹੋ ਜਾਂਦਾ। ਚਾਰ-ਪੰਜਾਂ ਦਿਨਾਂ ਬਾਅਦ ਦੂਲੋਵਾਲ ਜਾਣਾ। ਇਸ ਤਰ੍ਹਾਂ ਸਾਲ ਭਰ ਚੱਲਦਾ ਰਿਹਾ।

"ਕਾਮਰੇਡ ਹਰਦੇਵ ਸਿੰਘ ਮਾਨਸਾ ਦੇ ਪੁਰਾਣੇ ਲਾਲ ਪਾਰਟੀ ਵੇਲੇ ਦੇ ਕਾਮਰੇਡ ਸਨ। ਉਨ੍ਹਾਂ ਨੇ ਹੀ ਬੂਟਾ ਸਿੰਘ ਨੂੰ ਧਰਮ ਭਰਾ ਬਣਾ ਕੇ ਪਾਲ਼ਿਆ ਤੇ ਪਾਰਟੀ ਵਿੱਚ ਪ੍ਰਵਾਨ ਚੜ੍ਹਾਇਆ ਸੀ। ਬੂਟਾ ਸਿੰਘ ਦਾ ਵਿਆਹ ਹੋਣ ਤੱਕ ਉਸ ਦਾ ਰੈਣ-ਬਸੇਰਾ ਤੇ ਰੋਟੀ-ਪਾਣੀ ਓਥੇ ਹੀ ਹੁੰਦਾ ਸੀ। ਹਰਦੇਵ ਸਿੰਘ ਕੋਲ ਮਾਨਸਾ ਸ਼ਹਿਰ ਦੀ ਕਈ ਏਕੜ ਜ਼ਮੀਨ ਸੀ। ਕੁਝ 'ਤੇ ਆਪ ਵੀ ਖੇਤੀ ਕਰਦੇ ਸਨ। ਇੱਕ ਦਿਨ ਬੂਟਾ ਸਿੰਘ ਨੇ ਮੈਨੂੰ ਕਿਹਾ ਕਿ ਤੂੰ ਵੀ ਰੋਟੀ ਉੱਥੇ ਹੀ ਖਾ ਲਿਆ ਕਰ, ਮਾੜੇ-ਮੋਟੇ ਕੰਮ ਵਿੱਚ ਮਦਦ ਕਰ ਦਿਆ ਕਰ। ਮੇਰੀ ਰੋਟੀ ਦਾ ਪੱਕਾ ਪ੍ਰਬੰਧ ਹੋ ਗਿਆ। ਮੈਂ ਖੇਤੀ ਧੰਦੇ ਤੇ ਘਰ ਦੇ ਪਸ਼ੂ ਵਗੈਰਾ ਸਾਂਭਣ ਵਿੱਚ ਹੱਥ ਵਟਾਉਣ ਲੱਗ ਪਿਆ। ਮੇਰਾ ਸੁਭਾਅ (ਆਦਤ) ਪਹਿਲੇ ਦਿਨੋਂ ਹੀ ਸੰਗਾਊ ਰਿਹਾ ਹੈ। ਮੈਂ ਸੰਗਦਾ ਹੋਇਆ ਸੁਭਾ-ਸ਼ਾਮ ਕੇਵਲ ਦੋ ਰੋਟੀਆਂ ਖਾਂਦਾ, ਭੁੱਖ ਭਾਵੇਂ ਵੱਧ ਹੁੰਦੀ।"

ਇਉਂ ਸਮਾਂ ਆਪਣੀ ਚਾਲ ਚੱਲਦਾ ਰਿਹਾ ਤੇ ਕਾ. ਅਰਸ਼ੀ ਰੇਲ ਦੇ ਪਹੀਏ ਵਾਂਗ ਘੁੰਮਦਾ ਰਿਹਾ, ਘਸਦਾ ਰਿਹਾ। ਪਿੜਾਂ ਵਿੱਚ ਪਕਾਏ ਰੋਟ ਵਾਂਗ ਰੜ੍ਹਦਾ ਰਿਹਾ।

## ਬਾਲ ਕੋਨਾ

### ਰਾਜੇ ਨੇ ਹੁਕਮ ਦਿੱਤਾ

ਰਾਜੇ ਨੇ ਹੁਕਮ ਦਿੱਤਾ : ਬੋਲਣਾ ਬੰਦ
ਕਿਉਂਕਿ ਲੋਕ ਬੋਲਦੇ ਨੇ ਤਾਂ ਰਾਜੇ ਖਿਲਾਫ ਬੋਲਦੇ ਹਨ
ਰਾਜੇ ਨੇ ਹੁਕਮ ਦਿੱਤਾ : ਲਿਖਣਾ ਬੰਦ
ਕਿਉਂਕਿ ਲੋਕ ਲਿਖਦੇ ਨੇ ਤਾਂ ਰਾਜੇ ਖਿਲਾਫ ਲਿਖਦੇ ਹਨ
ਰਾਜੇ ਨੇ ਹੁਕਮ ਦਿੱਤਾ : ਚੱਲਣਾ ਬੰਦ
ਕਿਉਂਕਿ ਲੋਕ ਚੱਲਦੇ ਨੇ ਤਾਂ ਰਾਜੇ ਖਿਲਾਫ ਚੱਲਦੇ ਹਨ
ਰਾਜੇ ਨੇ ਹੁਕਮ ਦਿੱਤਾ : ਹੱਸਣਾ ਬੰਦ
ਕਿਉਂਕਿ ਲੋਕ ਹੱਸਦੇ ਨੇ ਤਾਂ ਰਾਜੇ ਖਿਲਾਫ ਹੱਸਦੇ ਹਨ
ਰਾਜੇ ਨੇ ਹੁਕਮ ਦਿੱਤਾ : ਹੋਣਾ ਬੰਦ
ਕਿਉਂਕਿ ਲੋਕ ਹੁੰਦੇ ਨੇ ਤਾਂ ਰਾਜੇ ਖਿਲਾਫ ਹੁੰਦੇ ਹਨ
ਇਸ ਤਰ੍ਹਾਂ ਰਾਜੇ ਦੇ ਹੁਕਮਾਂ ਨੇ ਲੋਕਾਂ ਨੂੰ
ਛੋਟੀਆਂ-ਛੋਟੀਆਂ ਕਿਰਿਆਵਾਂ ਦਾ ਮਹੱਤਵ ਦੱਸਿਆ।

**- ਦੇਵੀ ਪ੍ਰਸਾਦ ਮਿਸ਼ਰ,**
**ਅਨੁਵਾਦ : ਲਖਵੀਰ ਸਿੰਘ**



ਸੁਰੇਸ਼ ਗੁਪਤਾ, ਸੱਤਵੀਂ, ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ, ਹੁਸ਼ਿਆਰਪੁਰ



ਭੁਪਿੰਦਰ ਸਿੰਘ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ ਗੰਭੀਰਪੁਰ ਲੋਅਰ



ਹਰਨੀਤ ਕੌਰ, ਚੌਥੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ



ਹਰਸਿਮਰਤ ਕੌਰ, ਛੇਵੀਂ, ਸਹਿਬਜ਼ਾਦਾ ਅਜੀਤ ਸਿੰਘ ਅਕੈਡਮੀ, ਰੂਪਨਗਰ